ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

**(Established by Act No. 19 of 2019 of the Legislature of State of Punjab)**

## The Motto of the University
## (SEWA)

SKILL ENHANCEMENT EMPLOYABILITY WISDOM ACCESSIBILITY




# M.A (PUNJABI)
# SEMESTER-II
## (PBIM21108T)
## ਅੱਠਵਾਂ ਪਰਚਾ: ਪੰਜਾਬੀ ਆਲੋਚਨਾ

**ADDRESS: C/28, The Lower Mall, Patiala-147001**
**WEBSITE: www.psou.ac.in**

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

## JAGAT GURU NANAK DEV

## PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**



**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**DR. DHARMINDER SINGH**

**ASSISTANT PROFESSOR IN PUNJABI**

**JAGAT GURU NANAK DEV**

**PUNJAB STATE OPEN UNIVERSITY PATIALA**

**(Established by Act No.19 of 2019 of Legislature of the State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra

Dean Academic Affairs

**M.A (PUNJABI)**
**(ਸਮੈਸਟਰ- ਦੂਸਰਾ)**

# ਅੱਠਵਾਂ ਪਰਚਾ: ਪੰਜਾਬੀ ਆਲੋਚਨਾ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਪੰਜਾਬੀ ਆਲੋਚਨਾ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਪੰਜਾਬੀ ਆਲੋਚਨਾ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਪੰਜਾਬੀ ਆਲੋਚਨਾ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of thequestion paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਪੰਜਾਬੀ ਆਲੋਚਨਾ : ਆਰੰਭ ਅਤੇ ਵਿਕਾਸ -ਆਰੰਭਕ ਆਲੋਚਨਾ

**ੳ.**1 ਮਾਰਕਸਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ
**ੳ.**2 ਰੂਪਵਾਦੀ **ਅਤੇ** ਸੰਰਚਨਾਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ

**ਭਾਗ ਅ–** ਸੰਤ ਸਿੰਘ ਸੇਖੋਂ : ਸਾਹਿਤਿਆਰਥ
ਸਾਹਿਤਿਆਰਥ -ਵਿਚਾਰਧਾਰਾਈ ਅਧਿਐਨ
ਸਾਹਿਤਿਆਰਥ -ਅਧਿਐਨ ਦ੍ਰਿਸ਼ਟੀ

**ਅ.**1 ਹਰਿਭਜਨ ਸਿੰਘ : ਮੁਲ ਤੇ ਮੁਲੰਕਣ

ਮੁਲ ਤੇ ਮੁਲੰਕਣ -ਵਿਚਾਰਧਾਰਾਈ ਅਧਿਐਨ
ਮੁਲ ਤੇ ਮੁਲੰਕਣ - ਅਧਿਐਨ ਦ੍ਰਿਸ਼ਟੀ

**ਅ.**2 ਨਜਮ ਹੁਸੈਨ ਸੱਯਦ : ਸੇਧਾਂ

ਸੇਧਾਂ -ਵਿਚਾਰਧਾਰਾਈ ਅਧਿਐਨ
ਸੇਧਾਂ -ਅਧਿਐਨ ਦ੍ਰਿਸ਼ਟੀ
**ਭਾਗ–ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ
1. ਭਾਗ ੳ.1 ਵਿੱਚੋਂ ਪੰਜਾਬੀ ਆਲੋਚਨਾ : ਆਰੰਭ ਅਤੇ ਵਿਕਾਸ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਮਾਰਕਸਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ ਦੀ ਵਿਆਖਿਆ।
3. ਭਾਗ ੳ.2 ਰੂਪਵਾਦੀ **ਅਤੇ** ਸੰਰਚਨਾਵਾਦੀ ਆਲੋਚਨਾ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਰੂਪਵਾਦੀ **ਅਤੇ** ਸੰਰਚਨਾਵਾਦੀ ਆਲੋਚਨਾ ਦੇ ਵਿਕਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ ਅਤੇ ਨਜਮ ਹੁਸੈਨ ਸੱ੍ਯਦ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ ਅਤੇ ਨਜਮ ਹੁਸੈਨ ਸੱ੍ਯਦ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ
ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ ਅਤੇ ਨਜਮ ਹੁਸੈਨ ਸੱ੍ਯਦ ਅਧਿਐਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ ’ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

**ਖੋਜ-ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਹਰਿਭਜਨ ਸਿੰਘ ਭਾਟੀਆ | 2000 | ਪੰਜਾਬੀ ਆਲੋਚਨਾ : ਆਰੰਭ ਅਤੇ ਵਿਕਾਸ | ਗੁ.ਨਾ.ਦੇ. ਯੂਨੀਵਰਸਿਟੀ |
| ਹਰਿਭਜਨ ਸਿੰਘ ਭਾਟੀਆ | 2000 | ਪੰਜਾਬੀ ਆਲੋਚਨਾ ਦਾ ਇਤਿਹਾਸ | ਪੰਜਾਬੀ ਅਕਾਦਮੀ, ਦਿੱਲੀ |
| ਸੁਰਜੀਤ ਸਿੰਘ ਭੱਟੀ | 2014 | ਮਾਰਕਸਵਾਦੀ ਆਲੋਚਨਾ | ਚੇਤਨਾ ਪ੍ਰਕਾਸ਼ਨ, ਲੁਧਿਆਣਾ |

**ਸੰਬੰਧਿਤ ਪੁਸਤਕਾਂ**

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਹਰਿਭਜਨ ਸਿੰਘ | 1950 | ਮੁਲ ਤੇ ਮੁਲੰਕਣ | ਗੁ.ਨਾ.ਦੇ. ਯੂਨੀਵਰਸਿਟੀ |
| ਸੰਤ ਸਿੰਘ ਸੇਖੋ | 1966 | ਸਾਹਿਤਿਆਰਥ | ਲਾਹੌਰ ਬੁੱਕ ਸ਼ਾਪ, ਲੁਧਿਆਣਾ |

# M.A (PUNJABI)
# (PBIM21108T)
# ਅੱਠਵਾਂ ਪਰਚਾ: ਪੰਜਾਬੀ ਆਲੋਚਨਾ
# SEMESTER-II

## SECTION A

## Table of Contents


| Sr. No. | UNIT NAME | Page No. |
|---|---|---|
| Unit 1 | ਪੰਜਾਬੀ ਆਲੋਚਨਾ ਦਾ ਆਰੰਭ ਅਤੇ ਵਿਕਾਸ | 8 |
| Unit 2 | ਮਾਰਕਸਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ<br>ਰੂਪਵਾਦੀ ਅਤੇ ਸੰਰਚਨਾਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ | 27 |
| Unit 3 | ਸੰਤ ਸਿੰਘ ਸੇਖੋਂ : ਸਾਹਿਤਿਆਰਥ | 58 |
| Unit 4 | ਸਾਹਿਤਿਆਰਥ –ਵਿਚਾਰਧਾਰਾਈ ਅਧਿਐਨ | 65 |
| Unit 5 | ਸਾਹਿਤਿਆਰਥ –ਅਧਿਐਨ ਦ੍ਰਿਸ਼ਟੀ | 71 |


SECTION B


| | | |
|---|---|---|
| Unit 6 | ਹਰਿਭਜਨ ਸਿੰਘ : ਮੁਲ ਤੇ ਮੁਲੰਕਣ | 96 |
| Unit 7 | ਮੁਲ ਤੇ ਮੁਲੰਕਣ –ਵਿਚਾਰਧਾਰਾਈ ਅਧਿਐਨ | 102 |
| Unit 8 | ਮੁਲ ਤੇ ਮੁਲੰਕਣ – ਅਧਿਐਨ ਦ੍ਰਿਸ਼ਟੀ | 112 |
| Unit 9 | ਨਜਮ ਹੁਸੈਨ ਸੱਯਦ : ਸੇਧਾਂ | 131 |
| Unit 10 | ਸੇਧਾਂ –ਵਿਚਾਰਧਾਰਾਈ ਅਧਿਐਨ<br>ਸੇਧਾਂ –ਅਧਿਐਨ ਦ੍ਰਿਸ਼ਟੀ | 135 |

# ਪੰਜਾਬੀ ਆਲੋਚਨਾ ਦਾ ਆਰੰਭ ਅਤੇ ਵਿਕਾਸ

ਆਲੋਚਨਾ ਸ਼ਬਦ ਦੀ ਉਤਪੱਤੀ 'ਲੋਚ'ਧਾਤੂ ਤੋਂ ਹੋਈ ਹੈ। 'ਲੋਚ'ਦਾ ਅਰਥ ਵੇਖਣਾ ਹੈ ਤੇ ਆਲੋਚਨਾ ਦਾ ਅਰਥ ਕਿਸੇ ਵਸਤੂ ਜਾਂ ਰਚਨਾ ਉੱਪਰ ਸਰਵਪੱਖੀ ਝਾਤ ਮਾਰਨਾ ਅਤੇ ਉਸ ਦੀ ਵਿਆਖਿਆ ਜਾਂ ਮੁਲਾਂਕਣ ਕਰਨਾ ਹੈ। ਆਲੋਚਨਾ ਕਰਨ ਵਾਲਾ ਆਲੋਚਕ ਕਿਸੇ ਸਾਹਿੱਤ-ਰਚਨਾ ਦੀ ਪਰਖ ਤੇ ਪੜਚੋਲ ਕਰਦਾ ਹੈ। ਆਲੋਚਕ ਇੱਕ ਤਰ੍ਹਾਂ ਨਾਲ ਪਾਠਕ ਤੇ ਲੇਖਕ ਜਾਂ ਕਲਾਕਾਰ ਦੇ ਵਿਚਕਾਰ ਇੱਕ ਪੁਲ ਦੀ ਤਰ੍ਹਾਂ ਹੈ। ਆਲੋਚਕ ਦੁਆਰਾ ਪਾਠਕ ਨੂੰ ਕਿਸੇ ਸਾਹਿਤ ਰਚਨਾ ਜਾਂ ਕਲਾ ਕਿਰਤ ਦੇ ਉੱਤਮ ਜਾਂ ਨਿਖਿਧ ਹੋਣ ਦਾ ਪਤਾ ਲਗਦਾ ਹੈ। ਆਲੋਚਨਾ ਨੂੰ ਸਮਾਲੋਚਨਾ ਸਮੀਖਿਆ, ਪਰਖ ਅਤੇ ਪੜਚੋਲ ਵੀ ਆਖਦੇ ਹਨ। ਉਰਦੂ ਵਾਲੇ ਇਸ ਨੂੰ ਤਨਕੀਦ ਕਹਿੰਦੇ ਹਨ। ਜੇਕਰ ਅਸੀਂ ਆਲੋਚਨਾ ਸ਼ਬਦ ਦੇ ਸੰਕਲਪ ਨੂੰ ਮੱਧਕਾਲੀ ਸਾਹਿਤ ਉੱਪਰ ਉਪਯੋਗ ਕਰਕੇ ਵੇਖਦੇ ਹਾਂ ਤਾਂ ਇਸ ਨਾਲ ਮੱਧਕਾਲੀ ਸਾਹਿਤ ਆਲੋਚਨਾ ਦੇ ਸਿਧਾਂਤਾਂ ਉੱਪਰ ਸਹੀ ਨਹੀਂ ਜਾਪਦਾ। ਇਸ ਲਈ ਅਸੀਂ ਪੰਜਾਬੀ ਸਾਹਿਤ ਆਲੋਚਨਾ ਨੂੰ ਮੱਧਕਾਲ ਵਿੱਚ ਸ਼ੁਰੂ ਹੋਈ ਨਹੀਂ ਮੰਨ ਸਕਦੇ ਪਰ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬੀ ਸਾਹਿਤ ਆਲੋਚਨਾ ਦੇ ਬੀਜ ਮੱਧਕਾਲ ਵਿੱਚ ਮੌਜੂਦ ਹਨ। ਮੱਧਕਾਲੀ ਬੀਜ ਰੂਪ ਵਿੱਚ ਆਲੋਚਨਾ ਬਾਰੇ ਪ੍ਰਾਪਤ ਜਨਮਸਾਖੀਆਂ, ਟੀਕੇ, ਗੋਸ਼ਟਾਂ ਆਦਿ ਬਾਰੇ ਹਰਿਭਜਨ ਸਿੰਘ ਭਾਟੀਆ ਲਿਖਦਾ ਹੈ: **"ਭੇਤ ਜਾਂ ਰਹੱਸ ਦਾ ਰੂਪ ਹੀ ਆਲੋਚਨਾ ਦਾ ਪ੍ਰਥਮ ਉਪਰਾਲਾ ਹੈ।"**

ਇਸ ਤਰ੍ਹਾਂ ਪੰਜਾਬੀ ਸਾਹਿਤ ਆਲੋਚਨਾ ਦੀ ਸ਼ੁਰੂਆਤ ਸਹੀ ਅਰਥਾਂ ਵਿੱਚ ਅਸੀਂ 20ਵੀਂ ਸਦੀ ਤੋਂ ਮੰਨ ਸਕਦੇ ਹਾਂ। ਇਸ ਸੰਦਰਭ ਵਿੱਚ ਸੰਤ ਸਿੰਘ ਸੇਖੋਂ ਦੀ ਧਾਰਨਾ ਵੇਖੀ ਜਾ ਸਕਦੀ ਹੈ: **"ਵੀਹਵੀਂ ਸਦੀ ਤੋਂ ਪਹਿਲਾਂ ਪੰਜਾਬੀ ਸਾਹਿਤ ਆਲੋਚਨਾ ਵਿੱਚ ਕੋਈ ਪਿਰਤ ਨਹੀਂ ਸੀ। ਇਹ ਨਹੀਂ ਕਿ ਪੰਜਾਬੀ ਵਿੱਚ ਪਦ ਜਾਂ ਗਦ ਲਿਖਣ ਵਾਲੇ ਸਾਹਿਤਕ ਚੇਤਨਾ ਤੋਂ ਕੋਰੇ ਸਨ, ਪਰ ਜਿਹੜੇ ਵੀ ਪ੍ਰਮਾਣ ਉਨ੍ਹਾਂ ਦੀ ਚੇਤਨਾ ਵਿੱਚ ਸਨ ਉਹ ਸੰਸਕ੍ਰਿਤ ਜਾਂ ਫਾਰਸੀ ਸਾਹਿਤ ਵਿੱਚੋਂ ਸੁੱਤੇ ਸਿੱਧ ਤੇ ਵਿਵਹਾਰਕ ਰੂਪ ਵਿੱਚ ਲਏ ਹੋਏ ਸਨ।"**

ਵੀਹਵੀਂ ਸਦੀ ਦੇ ਸ਼ੁਰੂਆਤੀ ਸਮੇਂ ਦੌਰਾਨ ਸਾਹਿਤਕ ਚਿੰਤਕਾਂ ਨੇ ਪੰਜਾਬੀ ਸਾਹਿਤ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ ਅਤੇ ਨਾਲੋ-ਨਾਲ ਸਾਹਿਤ ਰੂਪਾਂ ਸੰਬੰਧੀ ਪਰਿਭਾਸ਼ਾਵਾਂ ਉਲੀਕਣ ਦਾ ਵੀ ਯਤਨ ਕੀਤਾ। ਇਨ੍ਹਾਂ ਵਿੱਚ ਪ੍ਰਮੁੱਖ ਆਲੋਚਕ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗੋਪਾਲ ਸਿੰਘ ਦਰਦੀ ਆਦਿ ਹਨ। ਪੰਜਾਬੀ ਆਲੋਚਨਾ ਦੇ ਆਰੰਭ ਅਤੇ ਕ੍ਰਮਵਾਰ ਇਤਿਹਾਸ ਨੂੰ ਜਾਨਣ ਲਈ ਅਸੀਂ ਇਸ ਨੂੰ ਚਾਰ ਭਾਗਾਂ ਵਿੱਚ ਵੰਡ ਸਕਦੇ ਹਾਂ।

- ਮੱਧਕਾਲ ਵਿੱਚ ਪੰਜਾਬੀ ਆਲੋਚਨਾ ਦੇ ਅੰਸ਼।
- ਆਧੁਨਿਕ ਪੰਜਾਬੀ ਆਲੋਚਨਾ ਦਾ ਪਹਿਲਾ ਪੜਾਅ) 1913-1956)
- ਦੂਜਾ ਪੜਾਅ ) 1957-1970)
- ਤੀਸਰਾ ਪੜਾਅ ) 1971 ਤੋਂ ਸਮਕਾਲ ਤੱਕ

**ਮੱਧਕਾਲ ਵਿੱਚ ਪੰਜਾਬੀ ਆਲੋਚਨਾ ਦੇ ਅੰਸ਼**

ਕੋਈ ਵੀ ਸਾਹਿਤ ਸਿਧਾਂਤ ਕਿਸੇ ਖਿਲਾਰੇ ਵਿੱਚੋਂ ਪੈਦਾ ਨਹੀਂ ਹੁੰਦਾ ਸਗੋਂ ਇੱਕ ਇਤਿਹਾਸਕ ਪ੍ਰਕਿਰਿਆ ਵਿੱਚੋਂ ਵਿਕਾਸ ਕਰਦਾ ਹੈ। ਮੱਧਕਾਲ ਵਿੱਚੋਂ ਪ੍ਰਾਪਤ ਹੋਣ ਵਾਲੇ ਟੀਕੇ, ਜਨਮਸਾਖੀਆਂ ਅਤੇ ਗੋਸ਼ਟਾਂ ਆਦਿ ਤੋਂ ਸਾਨੂੰ ਸਾਹਿਤਕਾਰਾਂ ਸੰਬੰਧੀ ਵਿਖਿਆਨ ਮਿਲਦੇ ਹਨ। ਮਿਸਾਲ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਦੇ 112 ਸ਼ਲੋਕ ਸ਼ਾਮਿਲ ਕੀਤੇ ਗਏ ਹਨ ਅਤੇ ਇਨ੍ਹਾਂ ਸ਼ਲੋਕਾਂ ਸੰਬੰਧੀ ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਆਪਣੇ 18 ਸ਼ਲੋਕਾਂ ਰਾਹੀਂ ਬਾਬਾ ਫਰੀਦ ਦੇ ਸ਼ਲੋਕਾਂ ਉੱਪਰ ਟਿੱਪਣੀ ਕੀਤੀ ਹੈ। ਇਸ ਤੋਂ ਬਿਨ੍ਹਾਂ ਵੀ ਕਿੱਸਾ ਕਾਵਿ, ਵਾਰ ਕਾਵਿ ਰੂਪ ਅਤੇ ਮੱਧਕਾਲੀ ਵਾਰਤਕ ਦੇ ਵਿੱਚ ਵੀ ਪੰਜਾਬੀ ਆਲੋਚਨਾ ਦੇ ਅੰਸ਼ ਮਿਲਦੇ ਹਨ। ਮਿਸਾਲ ਲਈ ਅਸੀਂ

ਅਹਿਮਦਯਾਰ ਦੁਆਰਾ ਰਚਿਤ ਕਿੱਸਾ ਯੂਸਫ਼ ਜ਼ੁਲੈਖਾਂ ਵਿੱਚੋਂ ਸਤਰ੍ਹਾਂ ਦੇਖ ਸਕਦੇ ਹਾਂ ਜਿੰਨ੍ਹਾਂ ਵਿੱਚ ਉਹ 'ਹਾਫ਼ਿਜ਼ ਬਰਖ਼ੁਰਦਾਰ' ਦੀ ਪ੍ਰਸ਼ੰਸ਼ਾ ਕਰਦਾ ਹੈ। 'ਸੁਥਰਾ ਸ਼ਾਇਰ ਨ 'ਹਾਫ਼ਿਜ਼' ਜੇਹਾ, ਤੋਲ ਪੂਰਾ ਉਸ ਹੱਟੀ, ਪਰ ਅਗਲਿਆਂ ਪਿਛਲਿਆਂ ਸ਼ਾਇਰਾਂ ਦੀ, ਮੈਂ ਇਸ ਵੇਲੇ ਕਸਵੱਟੀ। (ਅਹਿਮਦਯਾਰ, ਕਿੱਸਾ ਯੂਸਫ਼ ਜ਼ਲੈਖਾਂ) ਕੁਝ ਪੰਜਾਬੀ ਵਿਦਵਾਨ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੂੰ ਪ੍ਰਥਮ ਆਲੋਚਕ ਮੰਨਦੇ ਹਨ। ਉਨ੍ਹਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਗਏ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਦਾ ਕੰਮ ਵੀ ਆਲੋਚਨਾ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਪਰ ਇਹ ਸਾਰੀ ਗੱਲ ਨਿਰਵਿਵਾਦ ਹੈ ਕਿਉਂਕਿ ਮੱਧਕਾਲ ਵਿੱਚ ਪੰਜਾਬੀ ਆਲੋਚਨਾ ਦੇ ਅੰਸ਼ ਮਿਲਦੇ ਹਨ ਅਤੇ ਇਹ ਪੰਜਾਬੀ ਆਲੋਚਨਾ ਦਾ ਸ਼ੁਰੂਆਤੀ ਪੜਾਅ ਹੈ।

**ਆਧੁਨਿਕ ਪੰਜਾਬੀ ਆਲੋਚਨਾ ਪਹਿਲਾ ਪੜਾਅ 1913-1956**

ਪੰਜਾਬੀ ਸਾਹਿਤ ਆਲੋਚਨਾ ਦੇ ਇਸ ਪੜਾਅ ਵਿੱਚ ਸਾਹਿਤ ਚਿੰਤਨ ਨਵੇਂ ਸਾਹਿਤ ਰੂਪਾਂ ਦੀ ਪਰਿਭਾਸ਼ਾ ਉਲੀਕਣ ਅਤੇ ਮੱਧਕਾਲੀ ਸਾਹਿਤ ਨੂੰ ਸੰਭਾਲਨ ਦੀ ਜਰੂਰਤ ਵਿੱਚੋਂ ਪੈਦਾ ਹੁੰਦਾ ਹੈ। ਬ੍ਰਿਟਿਸ਼ ਸਾਮਰਾਜ ਦੇ ਆਉਣ ਨਾਲ ਪੰਜਾਬੀ ਸਾਹਿਤ ਰੂਪਾਂ ਵਿੱਚ ਵੀ ਪਰਿਵਰਤਨ ਆਉਂਦੇ ਹਨ। ਨਵੇਂ ਸਾਹਿਤ ਰੂਪ ਜਿਵੇਂ ਨਾਵਲ, ਕਹਾਣੀ, ਨਾਟਕ, ਖੁੱਲ੍ਹੀ ਕਵਿਤਾ ਆਦਿ ਪੰਜਾਬੀ ਸਾਹਿਤ ਵਿੱਚ ਆਉਂਦੇ ਹਨ। ਜਿਨ੍ਹਾਂ ਦੀ ਪਰਿਭਾਸ਼ਾ ਅਤੇ ਤੱਤਾਂ ਬਾਰੇ ਸਾਹਿਤ ਚੇਤਨਾ ਸ਼ੁਰੂ ਹੁੰਦੀ ਹੈ। ਇਸ ਪੜਾਅ ਦੇ ਪ੍ਰਮੁੱਖ ਆਲੋਚਕ ਇਸ ਤਰ੍ਹਾਂ ਹਨ:

ਮੌਲਾ ਬਖ਼ਸ਼ ਕੁਸ਼ਤਾ (1876-1955 ਈ.) (ਚਸ਼ਮਾਂ-ਏ-ਹਯਾਤ (1913), ਪੰਜਾਬ ਦੇ ਹੀਰੇ (1932), ਪੰਜਾਬੀ ਸ਼ਾਇਰਾਂ ਦਾ ਤਜ਼ਕਰਾ (1960)

ਬਾਵਾ ਬੁੱਧ ਸਿੰਘ (1878-1931) (ਹੰਸ ਚੋਗ (1913), ਕੋਇਲ ਕੂ (1915), ਬੰਬੀਹਾ ਬੋਲ (1925)

ਪ੍ਰੋ. ਪੂਰਨ ਸਿੰਘ (1881-1931) (ਖੁੱਲ੍ਹੇ ਲੇਖ (1929)

ਪ੍ਰਿੰਸੀਪਲ ਤੇਜਾ ਸਿੰਘ (1894-1958) (ਸਾਹਿਤ ਦਰਸ਼ਨ (1951), ਪੰਜਾਬੀ ਕਿਵੇਂ ਲਿਖੀਏ (1957)

ਡਾ. ਮੋਹਨ ਸਿੰਘ ਦੀਵਾਨਾ (1899-1984) (ਪੰਜਾਬੀ ਭਾਖਾ ਤੇ ਛੰਦਾਬੰਧੀ (1937), ਬੁੱਲ੍ਹੇ ਸ਼ਾਹ (1939), ਆਧੁਨਿਕ ਪੰਜਾਬੀ, ਕਵਿਤਾ (1941), ਸੂਫੀਆਂ ਦਾ ਕਲਾਮ (1941), ਪੰਜਾਬੀ ਅਦਬ ਦੀ ਮੁਖਤਸਰ ਤਾਰੀਖ (1948), ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ (1958), A History of Punjab Literature, An Introduction to Punjabi Literature.

ਬਨਾ ਹ ਸਾਰੀ ਦੀ ਸਾਰੀ ਆਲੋਚਨਾ ਇਕਹਿਰੇ ਪੱਧਰ ਉੱਪਰ ਵਿਚਰਦੀ ਹੈ। ਇਸ ਕਾਲ ਦੇ ਆਲੋਚਕਾਂ ਨੇ ਮੱਧਕਾਲੀ ਪੰਜਾਬੀ ਸਾਹਿਤ ਨੂੰ ਸੰਭਾਲਨ ਤੇ ਜ਼ੋਰ ਦਿੱਤਾ। ਬ੍ਰਿਟਿਸ਼ ਸਾਮਰਾਜ ਦੇ ਪੰਜਾਬੀ ਸਾਹਿਤ ਉੱਪਰ ਹੋਏ ਹਮਲੇ ਤੋਂ ਨਿਜ਼ਾਤ ਪਾਉਣ ਲਈ ਪ੍ਰਸੰਸਾਵਾਦੀ ਆਲੋਚਨਾ ਰਾਹੀਂ ਨੌਜਵਾਨ ਲੇਖਕਾਂ ਨੂੰ ਪ੍ਰੇਰਿਆ ਗਿਆ।

ਪੰਜਾਬੀ ਸਾਹਿਤ ਆਲੋਚਨਾਂ ਦੇ ਇਸ ਪੜਾਅ ਨੂੰ ਅਸੀਂ ਆਧੁਨਿਕ ਕਾਲ ਦੇ ਪਹਿਲੇ ਪੜਾਅ ਵਿੱਚ ਰੱਖਦੇ ਹਾਂ। ਇਸ ਵਿੱਚ ਆਲੋਚਕਾਂ ਦੁਆਰਾ ਸਾਹਿਤਕ ਕਿਰਤਾਂ ਬਾਰੇ ਰਹੱਸਵਾਦੀ, ਪ੍ਰਸੰਸਾਵਾਦੀ ਅਤੇ ਪ੍ਰਭਾਵਵਾਦੀ, ਆਲੋਚਨਾ ਕੀਤੀ ਗਈ ਮਿਲਦੀ ਹੈ।

**ਦੂਜਾ ਪੜਾਅ -1957-1970**

ਪੰਜਾਬੀ ਚਿੰਤਨ ਦਾ ਇਹ ਅਗਲਾ ਪੜਾਅ ਆਲੋਚਨਾ ਦੇ ਪੱਖ ਤੋਂ ਕਾਫ਼ੀ ਮਹੱਤਵਪੂਰਨ ਹੈ। ਇਹ ਪੜਾਅ ਜਿੱਥੇ ਪੂਰਵ ਆਲੋਚਨਾ ਨਾਲ ਨਿਰੰਤਰਤਾ ਦਾ ਰਿਸ਼ਤਾ ਰੱਖਦਾ ਹੈ। ਉੱਥੇ ਹੀ ਆਪਣੀ ਵਿਲੱਖਣ ਪਹਿਚਾਣ ਵੀ ਰੱਖਦਾ ਹੈ। ਦਰਅਸਲ ਪੰਜਾਬੀ ਸਾਹਿਤ ਦੀ ਸਿਧਾਂਤਕ ਆਲੋਚਨਾ ਇਸ ਪੜਾਅ ਦੇ ਸਮੇਂ ਤੋਂ ਹੀ ਸ਼ੁਰੂ ਹੁੰਦੀ ਹੈ ਜਿਸ ਵਿੱਚ ਸੰਤ ਸਿੰਘ ਸੇਖੋਂ ਦੀ ਸਾਹਿਤਿਆਰਥ ਇੱਕ ਮੀਲ ਪੱਥਰ ਸਾਬਿਤ ਹੁੰਦੀ ਹੈ। ਇਸ ਪੁਸਤਕ ਵਿੱਚ ਕਾਵਿ ਦੇ ਵੱਖ-ਵੱਖ ਤੱਤਾਂ ਬਾਰੇ ਸੰਤ ਸਿੰਘ ਸੇਖੋਂ ਨੇ ਆਪਣੇ ਸਿਧਾਂਤਕ ਵਿਚਾਰ ਪ੍ਰਗਟਾਏ

ਹਨ। ਇਸ ਪੜਾਅ ਦੀ ਆਲੋਚਨਾਂ ਦੀ ਮੁੱਖ ਵਿਚਾਰਧਾਰਾ ਪ੍ਰਗਤੀਵਾਦੀ ਤੇ ਮਾਰਕਸਵਾਦੀ ਹੈ। ਵਿਸ਼ਵ ਪੱਧਰ ਉੱਪਰ ਹੋਏ ਰੂਸੀ ਇਨਕਲਾਬ ਦੇ ਪ੍ਰਭਾਵ ਪੰਜਾਬੀ ਸਾਹਿਤ ਚਿੰਤਨ ਵਿੱਚ ਵੀ ਵੇਖੇ ਜਾ ਸਕਦੇ ਹਨ। ਆਲੋਚਨਾ ਦੇ ਇਸ ਪੜਾਅ ਵਿੱਚ ਸਾਨੂੰ ਇੱਕੋ ਆਲੋਚਨਾ ਪ੍ਰਣਾਲੀ ਦੇ ਆਲੋਚਕਾਂ ਆਲੋਚਕਾਂ ਦਾ ਦੋਹਰਾ ਕਿਰਦਾਰ ਦੇਖਣ ਨੂੰ ਮਿਲਦਾ ਹੈ। ਭਾਵ ਇੱਕੋ ਵਿਚਾਰਧਾਰਾ ਨਾਲ ਸੰਬੰਧਿਤ ਦੋ ਆਲੋਚਕ ਸਾਹਿਤਕ ਕਿਰਤਾਂ ਸੰਬੰਧੀ ਵੱਖ ਵੱਖ ਵਿਆਖਿਆ ਕਰਦੇ ਹਨ। ਸੰਤ ਸਿੰਘ ਸੇਖੋਂ(1908-1997), ਪ੍ਰੋ. ਕਿਸ਼ਨ ਸਿੰਘ (1911-1993), ਡਾ. ਅਤਰ ਸਿੰਘ(1932-1994) ਇਸ ਆਲੋਚਨਾ ਪੜਾਅ ਦੇ ਪ੍ਰਮੁੱਖ ਆਲੋਚਕ ਹਨ| ਸੰਖੇਪ ਵਿੱਚ ਪੰਜਾਬੀ ਸਾਹਿਤ ਚਿੰਤਨ ਦੇ ਇਸ ਪੜਾਅ ਉੱਪਰ ਪੰਜਾਬੀ ਚਿੰਤਨ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਹੁੰਦਾ ਹੈ। ਪ੍ਰਗਤੀਵਾਦੀ ਅਤੇ ਮਾਰਕਸਵਾਦੀ ਫਲਸਫ਼ਾ ਇਸ ਪੜਾਅ ਦੇ ਚਿੰਤਨ ਵਿੱਚ ਆ ਟਿੱਕਦੇ ਹਨ। ਪੰਜਾਬੀ ਸਾਹਿਤ ਨੂੰ ਇੱਕ ਇਕਾਈ ਵਜੋਂ ਗ੍ਰਹਿਣ ਕਰਕੇ ਇਸਦੇ ਮੁਲਾਂਕਣ ਦਾ ਕਾਰਜ ਜਾਰੀ ਹੁੰਦਾ ਹੈ। ਇਹ ਦੌਰ ਪ੍ਰਗਤੀਵਾਦੀ ਆਲੋਚਨਾ ਨਾਲ ਸੰਵਾਦ ਕਰਕੇ ਪ੍ਰਯੋਗਵਾਦੀ/ਆਧੁਨਿਕਤਾਵਾਦੀ/ਨਵੀਂ ਆਲੋਚਨਾ ਆਪਣੇ ਪਹਿਚਾਣ ਚਿੰਨ੍ਹ ਸਥਾਪਿਤ ਕਰਦੀ ਅਤੇ ਸੀਮਾਵਾਂ ਨੂੰ ਸਿਰਜਦੀ ਹੈ। ਇਸ ਪੜਾਅ ਉੱਪਰ ਪਾਠਾਂ ਦੇ ਮਹੀਨ ਅਧਿਐਨ ਦੀ ਨੀਂਹ ਵੀ ਰੱਖੀ ਜਾਂਦੀ ਹੈ।

**ਤੀਸਰਾ ਪੜਾਅ 1971 ਤੋਂ ਸਮਕਾਲ ਤੱਕ**

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਵਿੱਚ ਪੱਛਮੀ ਮੁਲਕਾਂ ਵਿੱਚ ਸਾਹਿਤ ਚਿੰਤਨ ਦੀਆਂ ਪਾਠਗਤ ਅਧਿਐਨ ਆਲੋਚਨਾ ਪ੍ਰਣਾਲੀਆਂ ਸ਼ੁਰੂ ਹੁੰਦੀਆਂ ਹਨ ਜਿਸ ਵਿੱਚ ਰੂਸੀ ਰੂਪਵਾਦੀ ਅਤੇ ਸੰਰਚਨਾਵਾਦੀ ਆਲੋਚਨਾ ਸ਼ੁਰੂ ਹੁੰਦੀ ਹੈ। ਵਿਸ਼ਵਵਿਆਪੀ ਸੰਕਲਪ ਕਾਰਨ ਜਲਦੀ ਹੀ ਇਹ ਆਲੋਚਨਾ ਪੰਜਾਬੀ ਸਾਹਿਤ ਚਿੰਤਨ ਵਿੱਚ ਪ੍ਰਵੇਸ਼ ਕਰਦੀ ਹੈ, ਜਿਸ ਦਾ ਮੁੱਢ ਪ੍ਰਸਿੱਧ ਪੰਜਾਬੀ ਰੂਪਵਾਦੀ ਆਲੋਚਕ ਡਾ. ਹਰਿਭਜਨ ਸਿੰਘ ਦੀ ਕਿਤਾਬ **ਅਧਿਐਨ ਤੇ ਅਧਿਆਪਨ**(1970) ਬੰਨਦੀ ਹੈ। ਇਸ ਆਲੋਚਨਾ ਵਿੱਚ ਨਵੇਂ ਸੰਕਲਪ ਜਿਵੇਂ **ਅਜਨਬੀਕਰਨ**, **ਅਸਤਿਤਵ**, **ਲੇਖਕ ਦੀ ਮੌਤ**, **ਪਾਠਗਤ ਅਰਥ**, **ਰਚਨਾ ਦੀ ਭਾਸ਼ਾ ਸੰਬੰਧੀ ਚਿੰਤਨ**, **ਲੈਂਗ ਤੇ ਪੈਰੋਲ** ਆਉਂਦੇ ਹਨ ਜਿਸ ਨਾਲ ਆਲੋਚਨਾ ਦਾ ਮੰਤਵ ਬਾਹਰਮੁਖੀ ਜਗਤ ਦੀ ਬਜਾਏ ਪਾਠ ਉੱਪਰ ਕੇਂਦਰਿਤ ਹੋ ਜਾਂਦਾ ਹੈ। ਰੂਸੀ ਰੂਪਵਾਦ, ਅਮਰੀਕੀ ਨਵ ਆਲੋਚਨਾ ਤੋਂ ਇਲਾਵਾ ਫਰਾਂਸੀਸੀ ਸੰਰਚਨਾਵਾਦ, ਥੀਮ ਵਿਗਿਆਨ ਅਤੇ ਸ਼ੈਲੀ ਸ਼ਾਸਤਰ ਦੇ ਕੁਝ ਸੰਕਲਪ ਇਸ ਪੜਾਅ ਦੀ ਆਲੋਚਨਾ ਵਿੱਚ ਮਿਲਦੇ ਹਨ। ਇਸ ਦੌਰ ਵਿੱਚ ਆਲੋਚਨਾ ਆਪਣੇ ਪੂਰਵ ਨਾਲ ਨਿਰੰਤਰਤਾ ਦਾ ਰਿਸ਼ਤਾ ਵੀ ਰੱਖਦੀ ਹੈ ਅਤੇ ਨਵੀਂ ਚੇਤਨਾ ਵੀ ਇਸ ਸਮੇਂ ਸਾਡੇ ਵਿਚਕਾਰ ਆਉਂਦੀ ਹੈ। ਦੂਜੇ ਪੜਾਅ ਦੀ ਮਾਰਕਸਵਾਦੀ ਆਲੋਚਨਾ, ਉਤਰ ਮਾਰਕਸਵਾਦੀ ਆਲੋਚਨਾ ਵਿੱਚ ਸੋਧ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਹੀ ਹੋਰ ਪੂਰਵ ਆਲੋਚਨਾ ਸੋਧ ਹੋ ਇਸ ਵਿੱਚ ਸ਼ਾਮਿਲ ਹੋ ਜਾਂਦੀ ਹੈ। ਡਾ. ਹਰਿਭਜਨ ਸਿੰਘ (1920-2002), ਤਰਲੋਕ ਸਿੰਘ ਕੰਵਰ(1931-1994), ਡਾ. ਗੁਰਸ਼ਰਨ ਸਿੰਘ ਅਰਸ਼ੀ, ਟੀ ਆਰ ਵਿਨੋਦ(1935), ਡਾ. ਰਵਿੰਦਰ ਸਿੰਘ ਰਵੀ, ਗੁਰਬਖ਼ਸ਼ ਸਿੰਘ ਫ਼ਰੈਂਕ(1935), ਡਾ. ਕੇਸਰ ਸਿੰਘ (1940), ਡਾ. ਜੋਗਿੰਦਰ ਸਿੰਘ ਰਾਹੀ(1937) ਇਸ ਪੜਾਅ ਦੇ ਪ੍ਰਮੁੱਖ ਆਲੋਚਕ ਹਨ|

ਇਨ੍ਹਾਂ ਤੋਂ ਬਿਨਾਂ ਇਸ ਪੜਾਅ ਵਿੱਚ ਰਘਬੀਰ ਸਿੰਘ ਸਿਰਜਣਾ, ਕਰਨਜੀਤ ਸਿੰਘ, ਡਾ. ਸੁਰਜੀਤ ਸਿੰਘ ਭੱਟੀ, ਡਾ. ਸੁਰਜੀਤ ਸਿੰਘ, ਕੁਲਬੀਰ ਸਿੰਘ ਕਾਂਗ ਮੁੱਖ ਆਲੋਚਕ ਹਨ। ਇਸ ਆਲੋਚਨਾ ਪ੍ਰਣਾਲੀ ਨੂੰ ਇਕਹਰੀ ਬਣਤਰ ਵਿੱਚ ਬੰਨਣਾ ਕਾਫੀ ਮੁਸ਼ਕਿਲ ਕਾਰਜ ਹੈ। ਇਸ ਦੌਰ ਦੀ ਆਲੋਚਨਾ ਵਿਸ਼ਵ ਪੱਧਰ ਉੱਪਰ ਉਤਪੰਨ ਹੋ ਰਹੀਆਂ ਨਵੀਆਂ ਸਾਹਿਤਕ ਚਿੰਤਨ ਪ੍ਰਣਾਲੀਆਂ ਨੂੰ ਅਪਣਾਉਂਦੀ ਹੈ ਅਤੇ ਪੂਰਣ ਆਲੋਚਨਾ ਦੀ ਨਿਖੇਧ ਕਰਕੇ ਅੱਗੇ ਸੁਧਾਰ ਕਰਦੀ ਹੈ।

ਪੰਜਾਬੀ ਸਾਹਿਤ-ਚਿੰਤਨ ਦੇ ਖੇਤਰ ਵਿਚ ਮੈਟਾ-ਆਲੋਚਨਾ ਇੱਕ ਅਹਿਮ ਸਮੀਖਿਅਕ ਵਰਤਾਰਾ ਹੈ। ਮੈਟਾ-ਆਲੋਚਨਾ, ਆਲੋਚਨਾ ਦਾ ਇੱਕ ਅਗਲੇਰਾ ਪੜਾਅ ਹੈ, ਜਿਸ ਨੂੰ ਬੜੇ ਹੀ ਬਰੀਕੀ ਨਾਲ ਸਮਝਣਾ ਪਵੇਗਾ ਤਾਂ ਹੀ ਅਸੀਂ ਮੈਟਾ ਸ਼ਬਦ ਦੇ ਸ਼ੁੱਧ ਜਾਂ ਸਹੀ ਅਰਥਾਂ ਦੀ ਪਹਿਚਾਣ ਕਰ ਸਕਾਂਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮੀ ਚਿੰਤਨ ਵਿਚ ਮੈਟਾ-ਅਧਿਅਨ ਦੇ ਖੇਤਰ ਵਿਚ ਕਾਫੀ ਕਾਰਜ ਹੋਇਆ ਹੈ ਪਰ ਪੰਜਾਬੀ ਅਤੇ ਹਿੰਦੀ ਵਿਚ ਮੈਟਾ-ਅਧਿਅਨ ਦੇ ਖੇਤਰ ਵਿਚ ਬਹੁਤ ਘੱਟ ਕਾਰਜ ਹੋਇਆ ਨਜ਼ਰ ਆਉਂਦਾ ਹੈ। ਸ਼ਾਇਦ ਇਹ ਹੀ ਇੱਕ ਕਾਰਨ ਹੈ ਕਿ ਅੱਜ ਤੱਕ ਮੈਟਾ-ਅਧਿਐਨ ਦੀ ਠੋਸ ਪਰਿਭਾਸ਼ਾ ਸਾਡੇ ਸਾਹਮਣੇ ਨਹੀਂ ਆਈ, ਨਾ ਹੀ ਮੈਟਾ-ਅਧਿਐਨ ਦੇ ਸਹੀ ਅਰਥਾਂ ਨੂੰ ਕਿਸੇ

ਖ਼ਾਸ ਘੇਰੇ ਵਿਚ ਲਿਆਂਦਾ ਗਿਆ ਹੈ। ਇਸੇ ਲਈ 'ਮੈਟਾ' ਸ਼ਬਦ ਲਈ ਪੰਜਾਬੀ ਵਿਦਵਾਨਾਂ ਨੇ ਆਪਣੀ ਸੂਝ ਸਮਝ ਤੇ ਦ੍ਰਿਸ਼ਟੀ ਦੇ ਆਧਾਰ 'ਤੇ ਮੈਟਾ-ਅਧਿਐਨ ਲਈ ਵੱਖ-ਵੱਖ ਨਾਂਵ ਸੁਸ਼ੋਭਿਤ ਕੀਤੇ ਹਨ।

ਮੈਟਾ-ਆਲੋਚਨਾ ਦੇ ਸਿਧਾਂਤ ਨੂੰ ਸਮਝਣ ਤੋਂ ਪਹਿਲਾ 'ਮੈਟਾ' ਸ਼ਬਦ ਦੇ ਸਮਾਨਅਰਥੀ ਸ਼ਬਦਾਂ ਦੀ ਨਿਰਖ-ਪਰਖ ਕਰਨੀ ਅਤਿ ਜ਼ਰੂਰੀ ਹੈ ਕਿਉਂਕਿ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਮੈਟਾ-ਅਧਿਐਨ ਦੇ ਨਾਮਕਰਨ ਦਾ ਮਸਲਾ ਬੜਾ ਗੰਭੀਰ ਤੇ ਪੇਚੀਦਾ ਬਣਦਾ ਜਾ ਰਿਹਾ ਹੈ। ਪੰਜਾਬੀ ਚਿੰਤਨ ਦੇ ਖੇਤਰ ਵਿਚ ਮੈਟਾ-ਅਧਿਐਨ ਲਈ ਪੁਨਰ-ਮੁਲਾਂਕਣ, ਪਰਾ-ਸਮੀਖਿਆ, ਪ੍ਰਤਿਆਲੋਚਨਾ, ਮੁੜ-ਆਲੋਚਨਾ, ਉੱਤਰ-ਆਲੋਚਨਾ ਆਦਿ ਸਮਾਨਅਰਥੀ ਸ਼ਬਦ ਮਿਲਦੇ ਹਨ। ਇਨ੍ਹਾਂ ਵੱਖ-ਵੱਖ ਨਾਂਵਾਂ ਪ੍ਰਤੀ ਵੱਖ-ਵੱਖ ਵਿਦਵਾਨਾਂ ਦੇ ਆਪੋ-ਆਪਣੇ ਮਤ ਹਨ।

ਸੁਰਜੀਤ ਸਿੰਘ ਭੱਟੀ ਦੀ ਪੁਸਤਕ ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਅਮੁਖ ਵਿਚ ਡਾ. ਪ੍ਰੇਮ ਪ੍ਰਕਾਸ਼ ਦਾ ਕਥਨ ਹੈ ਕਿ ਮਾਰਕਸਵਾਦੀ ਪੰਜਾਬੀ ਆਲੋਚਨਾ "...ਪੁਸਤਕ ਦਾ ਵਸਤੂ-ਪ੍ਰਬੰਧ ਆਲੋਚਨਾ ਦੀ ਪ੍ਰਤਿ ਆਲੋਚਨਾ ਹੈ। ਪਹਿਲਾਂ ਤਾਂ ਆਲੋਚਨਾ ਹੀ ਇਕ ਅਜਿਹਾ ਬੌਧਿਕ ਅਨੁਸ਼ਾਸਨ ਹੈ ਜੋ ਸਿਰਜਨ ਦੀ ਭਾਵ-ਸੰਵੇਦਨਾ ਤੇ ਕਲਾ-ਜੁਗਤਾਂ ਨੂੰ ਮਰਯਾਦਿਤ ਤੇ ਨੇਮਬੱਧ ਰੂਪ ਵਿਚ ਪੇਸ਼ ਕਰਨ ਲਈ ਵਚਨਬੱਧ ਹੈ। ਆਲੋਚਨਾ ਆਪਣੇ-ਆਪ ਵਿਚ ਪਹਿਲਾਂ ਹੀ ਕਠਿਨ ਕਾਰਜ ਹੈ, ਫਿਰ ਪ੍ਰਤਿਆਲੋਚਨਾ ਤਾਂ ਉਸ ਤੋਂ ਵੀ ਵਧੇਰੇ ਦੁਸ਼ਵਾਰ ਤੇ ਬਿਖਮ ਚਿੰਤਨ ਵਿਧੀ ਹੈ।"[i]

ਡਾ. ਪ੍ਰੇਮ ਪ੍ਰਕਾਸ਼ ਮੈਟਾ-ਆਲੋਚਨਾ ਦੀ ਜਗ੍ਹਾ ਤੇ ਪ੍ਰਤਿ-ਆਲੋਚਨਾ ਪਦ ਦੀ ਵਰਤੋਂ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪ੍ਰਤਿ-ਆਲੋਚਨਾ ਨੂੰ ਗਹਿਨ ਅਧਿਐਨ ਦੁਆਰਾ ਸਾਕਾਰ ਕੀਤਾ ਜਾ ਸਕਦਾ ਹੈ। ਪ੍ਰਤਿਆਲੋਚਨਾ ਇੱਕ ਬਹੁਪਾਸਾਰੀ ਪ੍ਰਕ੍ਰਿਆ ਹੈ। "ਆਲੋਚਕ ਨੂੰ ਪ੍ਰਤਿਆਲੋਚਕ ਨਾਲੋਂ ਕਈ ਵੱਧ ਸਹੂਲਤਾਂ ਹਨ। ਆਲੋਚਕ, ਸਿਰਜਨਾ ਦੇ ਕਿਸੇ ਵੀ ਰਚੈਤਾ ਨਾਲ ਸਿੱਧਾ ਸੰਵਾਦ ਸਥਾਪਿਤ ਕਰਨ ਦੇ ਸਮਰੱਥ ਹੁੰਦਾ ਹੈ ਅਤੇ ਉਸ ਰਚੈਤਾ ਦੀਆਂ ਰਚਨਾਤਮਕ ਰੂੜ੍ਹੀਆਂ ਦਾ ਨਿਰਵਿਚੋਲਾ ਮੁਲੰਕਣ ਕਰਨ ਲਈ ਸੁਤੰਤਰ ਰਹਿੰਦਾ ਹੈ ਪਰੰਤੂ ਪ੍ਰਤਿਆਲੋਚਕ ਨੂੰ ਵਿਭਿੰਨ ਪੱਧਰਾਂ ਉੱਤੇ ਵਿਚਰ ਕੇ ਦੂਹਰਾ-ਤੀਹਰਾ ਸੰਵਾਦ ਰਚਾਉਣਾ ਪੈਂਦਾ ਹੈ। ਇਕ ਪਾਸੇ ਪ੍ਰਤਿਆਲੋਚਕ ਦਾ ਕੇਂਦਰ-ਬਿੰਦੂ ਆਲੋਚਕ ਦੁਆਰਾ ਆਲੋਚਿਤ ਕੀਤੀ ਸਮੁੱਚੀ ਆਲੋਚਨਾ-ਸਾਮਗ੍ਰੀ ਦਾ ਅਧਿਐਨ ਹੁੰਦਾ ਹੈ ਅਤੇ ਦੂਜੇ ਪਾਸੇ ਆਲੋਚਨਾ ਅਧੀਨ ਸਾਹਿਤ-ਦ੍ਰਿਸ਼ਟੀ ਦੀ ਪ੍ਰਾਸੰਗਿਕਤਾ ਤੇ ਸਾਰਥਕਤਾ ਦੀ ਨਿਰਖ-ਪਰਖ ਕਰਨੀ ਹੁੰਦੀ ਹੈ। ਇਸ ਤਰ੍ਹਾਂ ਪ੍ਰਤਿਆਲੋਚਨਾ ਦੇ ਅਨੁਸ਼ਾਸਨ ਵਿਚ ਮਾਧਿਅਮ ਤੇ ਉਦੇਸ਼ ਦਾ ਦੂਹਰਾ ਪ੍ਰਬੰਧ ਸਿਰਜਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਪਰਿਪੇਖ ਵਿਚ ਪ੍ਰਤਿਆਲੋਚਨਾ ਇਕ ਬਹੁਪਾਸਾਰੀ ਪ੍ਰਕਿਰਿਆ ਹੈ ਜੋ ਵਿਵਿਧ ਬਣਤਰਾਂ ਤੇ ਪਾਸਾਰਾਂ ਨੂੰ ਇਕ ਵਿਗਿਆਨਿਕ ਤੇ ਨੇਮ ਪੂਰਵਕ ਰੀਤ ਨਾਲ ਉਸਾਰਨ ਲਈ ਯਤਨਸ਼ੀਲ ਹੁੰਦੀ ਹੈ।

ਡਾ. ਪ੍ਰੇਮ ਪ੍ਰਕਾਸ਼ ਦਾ ਇਹ ਕਥਨ ਬਿਲਕੁਲ ਦਰੁਸਤ ਹੈ ਕਿ ਪ੍ਰਤਿਆਲੋਚਨਾ ਲਈ ਪ੍ਰਤਿ ਆਲੋਚਕ ਨੂੰ ਦੋਹਰਾ-ਤੀਹਰਾ ਸੰਵਾਦ ਰਚਾਉਣਾ ਪੈਂਦਾ ਹੈ ਕਿਉਂਕਿ ਪ੍ਰਤਿਆਲੋਚਨਾ ਦਾ ਸੁਭਾਅ ਅਧਿਐਨ ਵਸਤੂ ਦੀ ਹਰੇਕ ਪੱਖ ਤੋਂ ਨਿਰਖ ਪਰਖ ਕਰਨੀ ਹੁੰਦੀ ਹੈ। ਜਿਸ ਵਿਚ ਅਲੋਚਨਾ ਨੂੰ ਚੰਗਾ ਜਾਂ ਮਾੜਾ ਨਹੀਂ ਬਲਕਿ ਆਲੋਚਕ ਦੀ ਮਾਨਸਿਕਤਾ, ਦ੍ਰਿਸ਼ਟੀ, ਸੋਚ, ਸਮਝ ਆਦਿ ਦੀ ਨਿਸ਼ਾਨਦੇਹੀ ਵੀ ਆਲੋਚਨਾ ਪਾਠਾਂ ਵਿਚੋਂ ਕੀਤੀ ਜਾਂਦੀ ਹੈ।

**ਪੰਜਾਬੀ ਆਲੋਚਨਾ : ਇਤਿਹਾਸਕ ਵਿਕਾਸ**

ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ ਇੰਨ੍ਹਾ ਪੁਰਾਣਾ ਨਹੀਂ ਹੈ ਕਿ ਅਸੀਂ ਇਸਦੇ ਨਕਸ਼ਾਂ ਦੇ ਉਦੈ ਕਾਲ ਨੂੰ ਪਹਿਚਾਣ ਜਾਂ ਜਾਣ ਨਾ ਸਕੀਏ ਬੇਸ਼ੱਕ ਆਲੋਚਨਾ ਦਾ ਇਤਿਹਾਸ ਲਗਭਗ ਇਕ ਸਦੀ ਦੇ ਕਾਲ ਨੂੰ ਆਪਣੇ ਘੇਰੇ ਵਿਚ ਸਮੇਟਦਾ ਹੈ ਕੁਝ ਵਿਦਵਾਨ ਭਾਵੁਕ ਹੋ ਕੇ ਪੰਜਾਬੀ ਆਲੋਚਨਾ ਦੇ ਇਤਿਹਾਸ ਨੂੰ ਮੱਧਕਾਲ ਵਿਚ ਵੀ ਲੈ ਜਾਂਦੇ ਹਨ। ਡਾ. ਹਰਨਾਮ ਸਿੰਘ ਸ਼ਾਨ ਨੇ ਇਸੇ ਭਾਵੁਕ ਬਿਰਤੀ ਅਧੀਨ ਪੰਜਾਬੀ ਆਲੋਚਨਾ ਦਾ ਆਰੰਭ ਗੁਰੂ ਨਾਨਕ ਤੋਂ ਕੀਤਾ ਹੈ।[ii] ਰਾਜਿੰਦਰ ਸਿੰਘ ਸੇਖੋਂ ਆਪਣੀ ਪੁਸਤਕ ਆਲੋਚਨਾ ਅਤੇ ਪੰਜਾਬੀ ਆਲੋਚਨਾ ਵਿਚ (220 ਪੰਨੇ ਤੇ) ਵੱਖ ਵੱਖ ਵਿਦਵਾਨਾਂ ਦੇ ਮੱਤਾਂ ਦਾ ਸਪੱਸ਼ਟੀਕਰਨ ਕਰਦਾ ਹੈ। ਵੱਖ-ਵੱਖ ਵਿਦਵਾਨਾਂ ਦੇ

ਆਲੋਚਨਾ ਦੇ ਉਦੈ ਕਾਲ ਬਾਰੇ ਆਪਣੀ-ਆਪਣੀ ਰਾਏ ਤੇ ਦਲੀਲ ਹੈ। ਜਿਵੇਂ ਹਰਨਾਮ ਸਿੰਘ ਸ਼ਾਨ ਨੇ ਗੁਰੂ ਨਾਨਕ ਦੇਵ ਜੀ ਤੋਂ ਪੰਜਾਬੀ ਆਲੋਚਨਾ ਦੀ ਸ਼ੁਰੂਆਤ ਮੰਨੀ ਹੈ ਉਸੇ ਤਰਾਂ ਕਈ ਵਿਦਵਾਨ ਪੰਜਾਬੀ ਕਿੱਸਾਕਾਰਾਂ ਤੋਂ ਪੰਜਾਬੀ ਆਲੋਚਨਾ ਦੀ ਸ਼ੁਰੂਆਤ ਮੰਨਦੇ ਹਨ ਉਨ੍ਹਾਂ ਦਾ ਮਤ ਹੈ ਕਿ ਪੰਜਾਬੀ ਕਿੱਸਾਕਾਰਾਂ ਨੇ ਆਪਣੇ ਸਮਕਾਲੀ ਅਤੇ ਪੂਰਵਕਾਲੀ ਕਿੱਸਾਕਾਰਾਂ ਦੀ ਕਿੱਸਾ ਕਲਾ ਬਾਰੇ ਕੁਝ ਪ੍ਰਸ਼ੰਸਾਤਮਕ ਟਿੱਪਣੀਆਂ ਕੀਤੀਆਂ ਹਨ। ਕਈ ਵਿਦਵਾਨ ਪੰਜਾਬੀ ਆਲੋਚਨਾ ਦਾ ਮੁੱਢ ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਮੰਨਦੇ ਹਨ। ਜੀਤ ਸਿੰਘ ਸ਼ੀਤਲ, ਪ੍ਰੇਮ ਪ੍ਰਕਾਸ਼, ਗੁਰਚਰਨ ਸਿੰਘ, ਰਵਿੰਦਰ ਸਿੰਘ ਰਵੀ ਆਦਿ ਵਿਦਵਾਨ ਪੰਜਾਬੀ ਆਲੋਚਨਾ ਦਾ ਆਰੰਭ ਮੱਧਕਾਲੀ ਸਾਹਿਤ ਉੱਪਰ ਹੋਈਆਂ ਟਿੱਪਣੀਆਂ ਤੋਂ ਮੰਨਦੇ ਹਨ ਅਤੇ ਹਰਿਭਜਨ ਸਿੰਘ ਭਾਟੀਆ, ਤੇਜਵੰਤ ਸਿੰਘ ਗਿੱਲ, ਸੰਤ ਸਿੰਘ ਸੇਖੋਂ, ਆਦਿ ਵਿਦਵਾਨ ਪੰਜਾਬੀ ਆਲੋਚਨਾ ਦੀ ਸ਼ੁਰੂਆਤ ਆਧੁਨਿਕ ਕਾਲ ਵਿਚ ਮੰਨਦੇ ਹਨ। ਸੋ ਇਸ ਤਰ੍ਹਾਂ ਪੰਜਾਬੀ ਸਾਹਿਤ ਆਲੋਚਨਾ ਦੇ ਜਨਮ ਸੰਬੰਧੀ ਵੱਖ-ਵੱਖ ਆਲੋਚਕਾਂ ਦੇ ਆਪਸੀ ਮੱਤਭੇਦ ਹਨ। ਹਰਿਭਜਨ ਸਿੰਘ ਭਾਟੀਆ ਦਾ ਮਤ ਹੈ ਕਿ ਪੰਜਾਬੀ ਆਲੋਚਨਾ ਦੇ ਉਦੈ ਕਾਲ ਨੂੰ ਕਿਸੇ ਇੱਕ ਸਾਹਿਤਕਾਰ ਜਾਂ ਆਲੋਚਕ ਨੂੰ ਅਧਾਰ ਮੰਨ ਕੇ ਨਹੀਂ ਮਿੱਥ ਸਕਦੇ। ਪੰਜਾਬੀ ਆਲੋਚਨਾ ਦੀ ਵਾਸਤਵਿਕਤਾ ਦੇ ਤੌਰ 'ਤੇ ਆਰੰਭ ਬਾਵਾ ਬੁੱਧ ਸਿੰਘ ਦੀਆਂ ਤਿੰਨ ਪੁਸਤਕਾਂ ਹੰਸ ਚੋਗ, ਬੰਬੀਹਾ ਬੋਲ ਅਤੇ ਕੋਇਲ ਕੂ ਨਾਲ ਹੁੰਦਾ ਹੈ।

ਰਾਜਿੰਦਰ ਸਿੰਘ ਸੇਖੋਂ ਪੰਜਾਬੀ ਆਲੋਚਨਾ ਦੇ ਇਤਿਹਾਸਕ ਪਰਿਪੇਖ ਨੂੰ ਸਿਰਜਣ ਲਈ ਪੰਜਾਬੀ ਆਲੋਚਨਾ ਦੇ ਇਤਿਹਾਸ ਨੂੰ ਚਾਰ ਪੜਾਵਾਂ ਵਿਚ ਵੰਡਦਾ ਹੈ, ਜਿਸ ਦਾ ਜ਼ਿਕਰ ਇਸ ਪ੍ਰਕਾਰ ਹੈ ;

- ਪੂਰਵ ਸੇਖੋਂ ਆਲੋਚਨਾ
- ਸੇਖੋਂ ਪਰੰਪਰਾ ਦੀ ਆਲੋਚਨਾ
- ਉਤਰ ਸੇਖੋਂ ਪਰੰਪਰਾ ਦੀ ਆਲੋਚਨਾ
- ਸਮਕਾਲੀ ਜਾਂ ਨਵੀਨ ਪਰੰਪਰਾ ਦੀ ਆਲੋਚਨਾ।

**ਪੂਰਵ ਸੇਖੋਂ ਆਲੋਚਨਾ**

ਸੰਤ ਸਿੰਘ ਸੇਖੋਂ ਤੋਂ ਪਹਿਲਾਂ ਦੀ ਆਲੋਚਨਾ ਨੂੰ ਪੂਰਵ ਸੇਖੋਂ ਆਲੋਚਨਾ ਸਿਰਲੇਖ ਹੇਠ ਰੱਖਿਆ ਗਿਆ ਹੈ। ਇਸ ਸਿਰਲੇਖ ਹੇਠ ਬਾਵਾ ਬੁੱਧ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰਿੰ. ਤੇਜਾ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗੋਪਾਲ ਸਿੰਘ ਦਰਦੀ ਆਦਿ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਹੈ, ਜਿਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਹੈ ;

**i. ਬਾਵਾ ਬੁੱਧ ਸਿੰਘ**

ਬਾਵਾ ਬੁੱਧ ਸਿੰਘ ਪੰਜਾਬੀ ਦਾ ਪਹਿਲਾ ਇਤਿਹਾਸਕਾਰ ਅਤੇ ਆਲੋਚਕ ਹੈ। ਜਿਸ ਨੇ ਸਭ ਤੋਂ ਪਹਿਲਾਂ ਇਤਿਹਾਸਕਾਰੀ ਦੇ ਖੇਤਰ ਵਿਚ ਪਹਿਲ ਕਦਮੀ ਕੀਤੀ। ਉਸ ਨੇ ਸੁਚੇਤ ਪੱਧਰ 'ਤੇ ਖਿਲਰੇ ਹੋਏ ਪੰਜਾਬੀ ਸਾਹਿਤ ਨੂੰ ਇਕੱਤਰ ਕੀਤਾ ਅਤੇ ਉਸ ਨੂੰ ਕਾਲ-ਕ੍ਰਮ ਅਨੁਸਾਰ ਕ੍ਰਮ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਉਨ੍ਹਾਂ ਦੀ ਇਹ ਪੇਸ਼ਕਾਰੀ ਆਲੋਚਨਾਤਮਕ ਦ੍ਰਿਸ਼ਟੀ ਵਿਚੋਂ ਉਪਜੀ ਹੋਈ ਹੈ। ਬਾਵਾ ਬੁੱਧ ਸਿੰਘ ਨੇ ਤਿੰਨ ਪੁਸਤਕਾਂ ਲਿਖੀਆਂ ਜਿਨ੍ਹਾਂ ਦਾ ਜ਼ਿਕਰ ਇਸ ਪ੍ਰਕਾਰ ਹੈ ;

1. ਹੰਸ ਚੋਗ (1914)
2. ਕੋਇਲ ਕੂ (1916)
3. ਬੰਬੀਹਾ ਬੋਲ (1923)

- **ਹੰਸ ਚੋਗ**

ਹੰਸ ਚੋਗ ਪੁਸਤਕ ਬਾਵਾ ਬੁੱਧ ਸਿੰਘ ਵਲੋਂ ਪਹਿਲੀ ਇਤਿਹਾਸਕਾਰੀ ਨਾਲ ਸੰਬੰਧਿਤ ਪੁਸਤਕ ਹੈ, ਜੋ 1913 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਬਾਵਾ ਬੁੱਧ ਸਿੰਘ ਨੇ ਪੰਜਾਬੀ ਸਾਹਿਤ ਦੀ ਕਾਲ ਵੰਡ ਕਰਨ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀਆਂ ਚੋਣਵੀਆਂ ਵੰਨਗੀਆਂ ਦਾ ਬਿਉਰਾ ਵੀ ਪੇਸ਼ ਕੀਤਾ ਹੈ।

**ਕੋਇਲ ਕੂ**

ਪੁਸਤਕ ਬਾਵਾ ਬੁੱਧ ਸਿੰਘ ਦੀ ਦੂਸਰੀ ਇਤਿਹਾਸਕਰੀ ਨਾਲ ਸੰਬੰਧਿਤ ਪੁਸਤਕ ਹੈ, ਜਿਸ ਵਿਚ ਬਾਵਾ ਬੁੱਧ ਸਿੰਘ ਨੇ ਆਪਣੇ ਸਮਕਾਲੀ ਕਵੀਆਂ ਦੀਆਂ ਰਚਨਾਵਾਂ ਦਾ ਅਧਿਐਨ ਕੀਤਾ, ਇਨ੍ਹਾਂ ਕਵੀਆਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਮੁਲਤਾਨੀ ਭਾਸ਼ਾ ਦਾ ਪ੍ਰਭਾਵ ਵਧੇਰੇ ਕਬੂਲਿਆ ਸੀ। ਇਸ ਕਰਕੇ ਬਾਵਾ ਬੁੱਧ ਸਿੰਘ ਨੇ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਨੂੰ 'ਮੁਲਤਾਨੀ ਵੰਡ' ਸਿਰਲੇਖ ਅਧੀਨ ਪ੍ਰਸਤੁਤ ਕੀਤਾ ਹੈ।

- **ਬੰਬੀਹਾ ਬੋਲ**

ਬੰਬੀਹਾ ਬੋਲ ਪੁਸਤਕ ਬਾਵਾ ਬੁੱਧ ਸਿੰਘ ਦੀ ਤੀਸਰੀ ਇਤਿਹਾਸਕਾਰੀ ਨਾਲ ਸੰਬੰਧਿਤ ਪੁਸਤਕ ਹੈ, ਜਿਸ ਦੀ ਪ੍ਰਕਾਸ਼ਨਾ 1923 ਈ. ਵਿਚ ਹੋਈ। ਇਹ ਪੁਸਤਕ ਮੱਧਕਾਲੀ ਕਵਿਤਾ ਨੂੰ ਮੁਗ਼ਲਈ ਵੰਡ, ਖ਼ਾਲਸਾਈ ਵੰਡ ਅਤੇ ਸਿੱਖ ਸ਼੍ਰੇਣੀ ਦੀ ਕਵਿਤਾ ਸਿਰਲੇਖ ਹੇਠ ਵੰਡ ਕਰਦੀ ਹੈ।

**ii. ਪ੍ਰੋ. ਪੂਰਨ ਸਿੰਘ**

ਪ੍ਰੋ. ਪੂਰਨ ਸਿੰਘ ਪੰਜਾਬੀ ਦਾ ਪਹਿਲਾ ਅਜਿਹਾ ਕਵੀ ਹੈ ਜਿਸ ਨੇ ਕਵਿਤਾ ਦੇ ਨੇਮ ਵਿਧਾਨ ਵਿਚ ਬਦਲਾਅ ਲਿਆਂਦਾ। ਉਸ ਨੇ ਕਵਿਤਾ ਵਿਚਲੇ ਵਿਸ਼ੇਸ਼ ਗੁਣ ਛੰਦ ਬੱਧਤਾ ਤੋਂ ਬਿਨ੍ਹਾਂ ਕਾਵਿ-ਸਿਰਜਣਾ ਕੀਤੀ ਹੈ। ਕਵਿਤਾ ਤੋਂ ਇਲਾਵਾ ਉਸਨੇ ਵਾਰਤਕ ਸਾਹਿਤ ਵਿਚ ਵੀ ਆਪਣਾ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਲਈ ਉਸ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਨੂੰ ਆਧਾਰ ਬਣਾਇਆ ਹੈ। ਉਸ ਨੇ ਅੰਗਰੇਜ਼ੀ ਵਿੱਚ ਲਗਭਗ ਢਾਈ ਦਰਜਨਾਂ ਪੁਸਤਕਾਂ, ਹਿੰਦੀ ਦੇ ਕੁੱਝ ਨਿਬੰਧਾਂ ਅਤੇ ਪੰਜਾਬੀ ਵਾਰਤਕ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ। ਇਸ ਤੋਂ ਇਲਾਵਾ ਉਨ੍ਹਾਂ ਦੀ ਪੰਜਾਬੀ ਭਾਸ਼ਾ ਵਿੱਚ 'ਖੁਲ੍ਹੇ ਮੈਦਾਨ', 'ਖੁਲ੍ਹੇ ਘੁੰਡ' ਅਤੇ ਖੁਲ੍ਹੇ ਅਸਮਾਨੀ ਰੰਗ (ਮੌਤ ਉਪਰੰਤ ਪ੍ਰਕਾਸ਼ਿਤ) ਕਾਵਿ ਰਚਨਾਵਾਂ ਸਿਰਜੀਆਂ ਹਨ। ਪ੍ਰੋ. ਪੂਰਨ ਸਿੰਘ ਨੇ ਸਿਰਫ਼ ਗਿਣਾਤਮਕ ਪੱਖ ਤੋਂ ਹੀ ਸਾਹਿਤ ਸਿਰਜਣਾ ਵਿਚ ਯੋਗਦਾਨ ਨਹੀਂ ਪਾਇਆ ਬਲਕਿ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਪੰਜਾਬੀ ਸਾਹਿਤ ਦੀ ਗੁਣਵਤਾ ਨੂੰ ਵੀ ਵਧਾਉਂਦੀਆਂ ਹਨ।

**iii. ਪ੍ਰਿੰ. ਤੇਜਾ ਸਿੰਘ**

ਪ੍ਰਿੰ. ਤੇਜਾ ਸਿੰਘ ਦਾ ਨਾਮ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਕਿਸੇ ਵਿਸ਼ੇਸ਼ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਹਨਾਂ ਦੀ ਬਹੁਤੀ ਆਲੋਚਨਾ ਦਾ ਸਮਾਂ 1947 ਤੋਂ ਪਹਿਲਾਂ ਦਾ ਹੈ। ਉਹਨਾਂ ਨੇ ਆਪਣੀਆਂ ਮਹੱਤਵਪੂਰਣ ਪੁਸਤਕਾਂ ਦੇ ਜ਼ਰੀਏ ਇਸ ਦੌਰ ਵਿੱਚ ਆਪਣਾ ਵਿਲੱਖਣ ਨਾਮ ਸਥਾਪਿਤ ਕੀਤਾ ਹੈ। ਉਹਨਾਂ ਦੀਆ ਪੁਸਤਕਾਂ 'ਸਾਹਿਤ ਦਰਸ਼ਨ' ਅਤੇ 'ਪੰਜਾਬੀ ਕਿਵੇਂ ਲਿਖੀਏ' ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਕਾਸ਼ਿਤ ਹੋਈਆਂ ਹਨ। ਪ੍ਰਿੰ. ਤੇਜਾ ਸਿੰਘ ਨੇ ਆਪਣੀ ਦੂਸਰੀ ਰਚਨਾ ਵਿਚ ਪੰਜਾਬੀ ਦੇ ਆਧੁਨਿਕ ਤੇ ਟਕਸਾਲੀ ਰੂਪ ਉੱਪਰ ਜੋਰ ਦਿੱਤਾ ਹੈ।

### iv. ਡਾ. ਮੋਹਨ ਸਿੰਘ ਦੀਵਾਨਾ

ਡਾ. ਮੋਹਨ ਸਿੰਘ ਬਹੁ ਵਿਧਾਵੀ ਤੇ ਬਹੁ-ਚਰਚਿਤ ਸਾਹਿਤਕਾਰ ਹੈ, ਜਿਨ੍ਹਾਂ ਨੇ ਬਹੁਤ ਸਾਰੀਆਂ ਵਿਧਾਵਾਂ ਵਿਚ ਆਪਣੀ ਕਾਰਗੁਜ਼ਾਰੀ ਕੀਤੀ ਹੈ। ਉਨ੍ਹਾਂ ਨੇ ਸਾਹਿਤ ਖੋਜ, ਸੰਪਾਦਨਾ , ਸਾਹਿਤ ਦੀ ਇਤਿਹਾਸਕਾਰੀ ਤੇ ਸਿਧਾਂਤਕ ਆਲੋਚਨਾ ਆਦਿ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਉਹਨਾਂ ਦੀ ਆਲੋਚਨਾਂ ਨਿਰੋਲ ਰੂਪ ਵਿਚ ਪ੍ਰਭਾਵਵਾਦੀ ਪ੍ਰਤੀਤ ਹੁੰਦੀ ਹੈ। ਡਾ. ਮੋਹਨ ਸਿੰਘ ਨਾਲ ਪੰਜਾਬੀ ਆਲੋਚਨਾ ਅਤੇ ਸਾਹਿਤ ਦੀ ਇਤਿਹਾਸਕਾਰੀ ਵਿੱਚ ਵਿਗਿਆਨਕ ਵਿਧੀਆਂ ਦਾ ਪ੍ਰਯੋਗ ਵੇਖਣ ਨੂੰ ਮਿਲਦਾ ਹੈ।

### v. ਗੋਪਾਲ ਸਿੰਘ ਦਰਦੀ

ਗੋਪਾਲ ਸਿੰਘ ਦਰਦੀ ਇੱਕ ਹੋਰ ਪੂਰਵ ਸੇਖੋਂ ਕਾਲ ਅਧੀਨ ਆਉਣ ਵਾਲਾ ਪੰਜਾਬੀ ਆਲੋਚਕ ਹੈ, ਜੋ ਕੇਵਲ ਪਰੰਪਰਾਵਾਦੀ ਆਲੋਚਕ ਹੀ ਨਹੀਂ ਸੀ ਬਲਕਿ ਉਹ ਰੋਮਾਂਟਿਕ, ਆਦਰਸ਼ਵਾਦ ਤੇ ਪ੍ਰਗਤੀਵਾਦ ਦਾ ਸੁੰਦਰ ਸੁਮੇਲ ਸੀ। ਉਹਨਾਂ ਦੀ ਮਹੱਤਵਪੂਰਣ ਰਚਨਾ 'ਰੋਮਾਂਟਿਕ ਪੰਜਾਬੀ ਕਵੀ' ਅਤੇ 'ਸਾਹਿਤ ਦੀ ਪਰਖ' ਨੇ ਉਹਨਾਂ ਦੇ ਆਲੋਚਨਾਂ ਦੇ ਖੇਤਰ ਵਿਚ ਕੀਤੇ ਕੰਮ ਸੰਬੰਧੀ ਗਿਆਨ ਕਰਵਾਇਆ। ਇਸ ਤੋਂ ਇਲਾਵਾ ਉਸ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ', 'ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ' ਅਤੇ 'ਆਧੁਨਿਕ ਪੰਜਾਬੀ ਸਾਹਿਤ ਦੇ ਝੁਕਾਅ' ਆਦਿ ਪੁਸਤਕਾਂ ਲਿਖੀਆਂ ਹਨ।

### ਸੇਖੋਂ ਪਰੰਪਰਾ ਦੀ ਆਲੋਚਨਾ

ਸੇਖੋਂ ਪਰੰਪਰਾ ਦੀ ਆਲੋਚਨਾ ਸਿਰਲੇਖ ਹੇਠ ਸੇਖੋਂ ਕਾਲ ਦੇ ਚਿੰਤਕਾਂ ਦੀ ਆਲੋਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਨਜਮ ਹੁਸੈਨ ਸੱਯਦ ਅਤੇ ਡਾ. ਅਤਰ ਸਿੰਘ ਨੂੰ ਜ਼ਿਕਰ ਕੀਤਾ ਜਾ ਸਕਦਾ ਹੈ।

### I. ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਆਲੋਚਕ ਹੈ। ਉਸ ਨੂੰ ਆਧੁਨਿਕ ਪੰਜਾਬੀ ਆਲੋਚਨਾ ਦਾ ਮੋਢੀ ਮੰਨਿਆ ਜਾਂਦਾ ਹੈ। ਸੇਖੋਂ ਨੇ ਲੇਖਨ ਦੀ ਸ਼ੁਰੂਆਤ ਅੰਗਰੇਜ਼ੀ ਭਾਸ਼ਾ ਤੋਂ ਕੀਤੀ ਪਰ ਪ੍ਰਿੰ. ਤੇਜਾ ਸਿੰਘ ਦੀ ਪ੍ਰੇਰਨਾ ਹੇਠ ਉਸ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਸਾਹਿਤਕ ਸਫ਼ਰ ਦੌਰਾਨ ਸਾਹਿਤ ਦੇ ਅਨੇਕਾਂ ਵਿਧਾਵਾਂ ਵਿਚ ਸਾਹਿਤਕ ਰਚਨਾਵਾਂ ਸਿਰਜੀਆਂ ਹਨ, ਜਿਨ੍ਹਾਂ ਵਿਚ ਨਾਟਕ, ਇਕਾਂਗੀ, ਕਹਾਣੀਆਂ, ਨਾਵਲ, ਕਵਿਤਾ, ਨਿਬੰਧ, ਆਲੋਚਨਾ, ਸਵੈ-ਜੀਵਨੀ ਅਤੇ ਅਨੁਵਾਦ ਆਦਿ ਸ਼ਾਮਿਲ ਹਨ। 'ਪਹਿਲੀ ਵਾਰੀ ਉਸ ਨੇ ਪੰਜਾਬੀ ਆਲੋਚਨਾ ਨੂੰ ਰੌਮਾਂਟਿਕ ਅਤੇ ਭਾਵੁਕ ਪ੍ਰਤੀਕਰਮਾਂ ਵਿਚੋਂ ਕੱਢ ਕੇ ਦਾਰਸ਼ਨਿਕ ਅਧਾਰ ਦਿੱਤੇ। ਉਸ ਨੇ ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਭਾਰਤੀ ਕਾਵਿ-ਸ਼ਾਸਤਰ ਨੂੰ ਆਧਾਰ ਬਣਾ ਕੇ ਮੱਧਕਾਲੀ ਅਤੇ ਆਧੁਨਿਕ ਸਾਹਿਤ ਬਾਰੇ ਮੌਲਿਕ ਸਥਾਪਨਾਵਾਂ ਪੇਸ਼ ਕੀਤੀਆਂ।" ਸੇਖੋਂ ਨੇ ਕਿੱਸਾ-ਕਾਵਿ, ਗੁਰਮਤਿ-ਕਾਵਿ, ਸੂਫ਼ੀ-ਕਾਵਿ, ਬੀਰ-ਕਾਵਿ ਅਤੇ ਲੋਕ-ਕਾਵਿ ਆਦਿ ਮੱਧਕਾਲੀ ਸਾਹਿਤ ਵਿਚੋਂ ਮੌਲਿਕ ਸਿਧਾਂਤ ਪੇਸ਼ ਕੀਤੇ। ਸੇਖੋਂ ਨੇ ਕੇਵਲ ਮੱਧਕਾਲੀ ਸਾਹਿਤ ਵੱਲ ਰੁਝਾਨ ਨਹੀਂ ਬਣਾਇਆ ਬਲਕਿ ਉਸ ਨੇ ਆਧੁਨਿਕ ਸਾਹਿਤ ਅਧਿਐਨ ਪ੍ਰਣਾਲੀਆਂ ਨਾਲ ਵੀ ਸੰਵਾਦ ਰਚਾਇਆ। ਸੇਖੋਂ ਨੇ ਸਾਹਿਤਿਆਰਥ, ਪੰਜਾਬੀ ਕਾਵਿ ਸ਼੍ਰੋਮਣੀ, ਭਾਈ ਵੀਰ ਸਿੰਘ ਅਤੇ ਉਨ੍ਹਾਂ ਦਾ ਯੁੱਗ, 'ਹੀਰ ਵਾਰਿਸ ਸ਼ਾਹ (ਸੰਪਾਦਿਤ) ਪੰਜਾਬੀ ਸਾਹਿਤ ਦਾ ਇਤਿਹਾਸ, ਪ੍ਰਸਿੱਧ ਪੰਜਾਬੀ ਕਵੀ, ਭਾਈ ਗੁਰਦਾਸ ਅਤੇ ਸਮੀਖਿਆ ਪ੍ਰਣਾਲੀਆਂ ਆਦਿ ਪੁਸਤਕਾਂ ਦੀ ਰਚਨਾ ਕੀਤੀ ਹੈ।

## II. ਪ੍ਰੋ. ਕਿਸ਼ਨ ਸਿੰਘ

ਪ੍ਰੋ. ਕਿਸ਼ਨ ਸਿੰਘ ਪੰਜਾਬੀ ਮਾਰਕਸਵਾਦੀ ਅਲੋਚਨਾ ਪ੍ਰਣਾਲੀ ਨੂੰ ਅੱਗੇ ਲਿਜਾਣ ਵਾਲਾ ਚਿੰਤਕ ਹੈ। ਜਿਸ ਨੇ ਸੰਤ ਸਿੰਘ ਸੇਖੋਂ ਤੋਂ ਬਾਅਦ ਬੜੀ ਹੀ ਲਗਨ ਤੇ ਨਿੱਠ ਕੇ ਮਾਰਕਸਵਾਦੀ ਆਲੋਚਨਾ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਪ੍ਰੋ. ਕਿਸ਼ਨ ਸਿੰਘ ਨੇ 'ਸਾਹਿਤ ਦੀ ਸਮਝ', 'ਗੁਰਬਾਣੀ ਦਾ ਸੱਚ', 'ਸਾਹਿਤ ਦੇ ਸੋਮੇ', ਸਿੱਖ ਇਨਕਲਾਬ ਦਾ ਮੋਢੀ ਗੁਰੂ ਨਾਨਕ' ਆਦਿ ਪੁਸਤਕਾਂ ਰਚੀਆਂ। ਪ੍ਰੋ. ਕਿਸ਼ਨ ਸਿੰਘ ਦੀ ਅਲੋਚਨਾ ਸਾਹਿਤ ਅਤੇ ਸਮਾਜ ਵਿਚਲੇ ਅਨਿਵਾਰੀ ਸਬੰਧਾਂ 'ਤੇ ਜ਼ੋਰ ਦਿੰਦੀ ਹੈ। ਇਹ ਅਲੋਚਨਾ ਸਾਹਿਤਕਾਰ ਤੋਂ ਅਪੇਖਿਆ ਰੱਖਦੀ ਹੈ ਕਿ ਉਹ ਸਮਾਜਿਕ ਤਬਦੀਲੀ ਦੀ ਰੌਅ ਨੂੰ ਪਹਿਚਾਣੇ ਅਤੇ ਇਸ ਤਬਦੀਲੀ ਦੀ ਪ੍ਰਕਿਰਿਆ ਵਿੱਚ ਪ੍ਰਗਤੀਵਾਦੀ ਸ਼ਕਤੀਆਂ ਦੀ ਧਿਰ ਬਣੇ।

## III. ਨਜਮ ਹੁਸੈਨ ਸੱਯਦ

**ਨਜਮ ਹੁਸੈਨ ਸੱਯਦ** ਪਾਕਿਸਤਾਨੀ ਪੰਜਾਬੀ ਲੇਖਕ ਅਤੇ ਆਲੋਚਕ ਹੈ। **ਸੇਧਾਂ** ਅਤੇ **ਸਾਰਾਂ** ਉਨ੍ਹਾਂ ਦੀਆਂ ਦੋ ਆਲੋਚਾਨਤਮਕ ਪੁਸਤਕਾਂ ਹਨ। ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀ ਤਰ੍ਹਾਂ ਨਜਮ ਹੁਸੈਨ ਸੱਯਦ ਦੀ ਆਲੋਚਨਾ ਵੀ ਮਾਰਕਸਵਾਦੀ ਸੁਹਜ-ਸ਼ਾਸਤਰ 'ਤੇ ਆਧਾਰਿਤ ਹੈ। ਉਨ੍ਹਾਂ ਦੀ ਪਛਾਣ ਦੋਹਾਂ ਪੰਜਾਬਾਂ ਵਿੱਚ ਇੱਕ ਪ੍ਰਬੁੱਧ ਗਲਪਕਾਰ, ਆਲੋਚਕ, ਸ਼ਾਇਰ, ਨਾਟਕਕਾਰ ਅਤੇ ਇੱਕ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਸਥਾਪਤ ਹੈ। ਨਜਮ ਹੁਸੈਨ ਸੱਯਦ ਨੇ 'ਨਦੀਉਂ ਪਾਰ ਰਾਂਝਣ ਦਾ ਠਾਣਾ', 'ਪੂਰਨ ਤੇ ਰਸੂਲ', 'ਭਾਜੜ ਤਖ਼ਤ ਲਾਹੌਰ', 'ਰਾਂਝਣ ਯਾਰ ਤਬੀਬ' ਆਦਿ ਆਲੋਚਨਾ ਨਿਬੰਧ ਵੀ ਲਿਖੇ ਹਨ।

## IV. ਡਾ. ਅਤਰ ਸਿੰਘ

ਡਾ. **ਅਤਰ ਸਿੰਘ** ਪੰਜਾਬੀ ਸਾਹਿਤ ਚਿੰਤਨ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ। ਉਹ ਕੇਵਲ ਪੰਜਾਬੀ ਦਾ ਆਲੋਚਕ ਹੀ ਨਹੀਂ ਬਲਕਿ ਉਨ੍ਹਾਂ ਨੇ ਅਕਾਦਮਿਕ ਖੇਤਰ ਵਿਚ ਵੀ ਭਾਗੀਦਾਰੀ ਨਿਭਾਈ ਹੈ। ਉਹ ਵਿਦਵਾਨ, ਲੇਖਕ, ਅਧਿਆਪਕ ਅਤੇ ਸਾਹਿਤ ਆਲੋਚਕ ਸਨ। ਡਾ. ਅਤਰ ਸਿੰਘ ਦਾ ਨਾਂ ਉਨਾਂ ਪੰਜਾਬੀ ਸਮਿਖਿਆਕਾਰਾਂ ਵਿੱਚ ਵੀ ਸ਼ਾਮਿਲ ਕੀਤਾ ਜਾਂਦਾ ਹੈ, ਜਿਨਾਂ ਨੇ ਪੰਜਾਬੀ ਸਾਹਿਤ ਸਮੀਖਿਆ ਦੇ ਅੰਤਰਗਤ ਨਵੇਂ ਪ੍ਰਤੀਮਾਨ ਸਿਰਜੇ ਹਨ। ਉਨਾਂ ਨੇ ਪੰਜਾਬੀ ਆਲੋਚਨਾ ਜਗਤ ਵਿਚ 'ਕਾਵਿ-ਅਧਿਐਨ', 'ਦ੍ਰਿਸ਼ਟੀਕੋਣ', 'ਸਮਦਰਸ਼ਨ' ਅਤੇ ਸਾਹਿਤ ਸੰਵੇਦਨਾ ਆਦਿ ਪੁਸਤਕਾਂ ਲਿਖੀਆਂ ਹਨ।

### ਉਤਰ ਸੇਖੋਂ ਪਰੰਪਰਾ ਦੀ ਆਲੋਚਨਾ

ਉਤਰ ਸੇਖੋਂ ਪਰੰਪਰਾ ਦੀ ਆਲੋਚਨਾ ਵਿਚ ਸੇਖੋਂ ਤੋਂ ਬਾਅਦ ਦੀ ਆਲੋਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚ ਡਾ. ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਡਾ. ਸੁਤਿੰਦਰ ਸਿੰਘ ਨੂਰ, ਡਾ. ਜਗਬੀਰ ਸਿੰਘ ਦਾ ਨਾਮ ਜ਼ਿਕਰਯੋਗ ਹਨ।

### ਡਾ. ਹਰਿਭਜਨ ਸਿੰਘ

ਡਾ. ਹਰਿਭਜਨ ਸਿੰਘ ਪੰਜਾਬੀ ਦਾ ਪਹਿਲਾ ਸੰਰਚਨਾਵਾਦੀ ਅਤੇ ਰੂਪਵਾਦੀ ਆਲੋਚਕ ਹੈ। ਉਨ੍ਹਾਂ ਨੇ ਆਪਣੀ ਸਮੀਖਿਆ ਲਈ ਸੰਰਚਨਾਵਾਦੀ ਅਤੇ ਰੂਪਵਾਦੀ ਸਿਧਾਂਤਕ ਚੌਖਟਿਆਂ ਦੀ ਵਰਤੋਂ ਕੀਤੀ, ਜਿਸ ਵਿਚ ਉਨ੍ਹਾਂ ਨੇ ਪੱਛਮੀ ਸਾਹਿਤ ਚਿੰਤਨ ਵਿਚ ਪ੍ਰਚਲਿਤ ਦ੍ਰਿਸ਼ਟੀਆਂ, ਸੰਰਚਨਾਤਮਕ ਭਾਸ਼ਾ ਵਿਗਿਆਨ, ਰੂਸੀ ਰੂਪਵਾਦ, ਅਮਰੀਕੀ ਨਵਆਲੋਚਨਾ, ਚਿੰਨ੍ਹ ਵਿਗਿਆਨ ਆਦਿ ਦੇ ਮੂਲ ਸੰਕਲਪਾਂ ਨੂੰ ਸਿਧਾਂਤਕ ਪੱਧਰ 'ਤੇ ਗ੍ਰਹਿਣ ਕਰਕੇ ਪੰਜਾਬੀ ਸਾਹਿਤ ਆਲੋਚਨਾ ਖੇਤਰ ਵਿਚ ਨਵੇਂ ਪ੍ਰਤਿਮਾਨ ਸਥਾਪਿਤ ਹੀ ਨਹੀਂ ਕੀਤੇ ਬਲਕਿ ਇਨ੍ਹਾਂ ਦੇ ਅਧਾਰ 'ਤੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਨੂੰ ਆਪਣੇ ਸਿਧਾਂਤਕ ਤੇ ਵਿਹਾਰਕ ਅਧਿਐਨ ਦਾ ਕੇਂਦਰ ਵੀ ਬਣਾਇਆ ਹੈ। ਉਨ੍ਹਾਂ ਨੇ 'ਮੁੱਲ

ਅਤੇ ਮੁਲਾਂਕਣ', 'ਅਧਿਐਨ ਤੇ ਅਧਿਆਪਨ', 'ਰਚਨਾ ਸੰਰਚਨਾ', 'ਰੂਪਕੀ', ਸਾਹਿਤ ਸ਼ਾਸਤਰ, ਸਾਹਿਤ ਵਿਗਿਆਨ, ਮੁੱਲ ਅਤੇ ਮਲਾਂਕਣ 'ਪਤਰਾਂਜਲੀ', ' ਸਿਸਟਮੀ', 'ਵਿਹਾਰਕੀ' ਅਤੇ 'ਸਾਹਿਤ ਅਧਿਐਨ ਆਦਿ ਪੁਸਤਕਾਂ ਲਿਖੀਆਂ ਹਨ।

**ਤਰਲੋਕ ਸਿੰਘ ਕੰਵਰ**

ਤਰਲੋਕ ਸਿੰਘ ਕੰਵਰ ਹਰਿਭਜਨ ਸਿੰਘ ਦੁਆਰਾ ਸਥਾਪਿਤ ਅਧਿਐਨ ਪ੍ਰਣਾਲੀਆਂ ਨੂੰ ਅਪਣਾਉਂਦਾ ਹੈ। ਜਿਸ ਵਿਚ ਉਹ ਰੂਪਵਾਦੀ, ਸੁਹਜਵਾਦੀ ਆਦਿ ਵਿਸ਼ਾਲ ਸਾਹਿਤਕ ਸਰੋਕਾਰਾਂ ਨੂੰ ਆਧਾਰ ਬਣਾਉਂਦਾ ਹੈ। ਕੰਵਰ ਨੇ 'ਮਾਨ ਪ੍ਰਤੀਮਾਨ', 'ਬਦਲਦੇ ਪਰਿਪੇਖ', 'ਸੰਰਚਨਾਵਾਦੀ ਅਧਿਐਨ ਪ੍ਰਣਾਲੀ', 'ਥਾਪਨ ਉਥਾਪਨ' ਆਦਿ ਪੁਸਤਕਾਂ ਲਿਖੀਆਂ ਹਨ।

**ਸੁਤਿੰਦਰ ਸਿੰਘ ਨੂਰ**

ਡਾ. ਸੁਤਿੰਦਰ ਸਿੰਘ ਨੂਰ ਕਿਸੇ ਇੱਕ ਵਾਦ, ਵਿਚਾਰਧਾਰਾ, ਮਾਡਲ ਆਦਿ ਦਾ ਪੈਰੋਕਾਰ ਨਹੀਂ ਹੈ ਬਲਕਿ ਉਹ ਤਾਂ ਵਾਦ, ਵਿਚਾਰਧਾਰਾ ਦੇ ਸਮੁੱਚੇ ਘੇਰੇ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। "ਉਸ ਨੇ ਹਰਿਭਜਨ ਸਿੰਘ ਦੀ ਰਹਿਨੁਮਾਈ ਹੇਠ ਸੰਰਚਨਾਵਾਦ, ਰੂਪਵਾਦ ਅਤੇ ਚਿਨ੍ਹ ਵਿਗਿਆਨ ਤੋਂ ਸੇਧ ਲੈ ਕੇ ਪੰਜਾਬੀ ਆਲੋਚਨਾ ਵਿਚ ਪ੍ਰਵੇਸ਼ ਕੀਤਾ।" ਸੁਤਿੰਦਰ ਸਿੰਘ ਨੂਰ 'ਪੰਜਾਬੀ ਕਵਿਤਾ ਸੀਮਾ ਤੇ ਸੰਭਾਵਨਾਵਾਂ', 'ਨਵੀਂ ਪੰਜਾਬੀ ਆਲੋਚਨਾ' ਆਦਿ ਆਲੋਚਨਾਮਤਕ ਪੁਸਤਕਾਂ ਲਿਖੀਆਂ ਹਨ।

**ਡਾ. ਜਗਬੀਰ ਸਿੰਘ**

ਡਾ. ਜਗਬੀਰ ਸਿੰਘ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਜੀਵਨ ਫੈਲੋ ਹਨ। ਜਗਬੀਰ ਸਿੰਘ ਨੇ ਭਾਰਤੀ ਗਿਆਨ-ਪਰੰਪਰਾ ਅਤੇ ਪੱਛਮੀ ਸਾਹਿਤ-ਚਿੰਤਨ ਨਾਲ ਆਪਣੇ ਅਧਿਐਨ ਦੇ ਵਿਸ਼ੇਸ਼ ਸਰੋਕਾਰ ਜੋੜਨ ਦਾ ਉੱਪਰਾਲਾ ਕੀਤਾ ਹੈ। ਉਨ੍ਹਾਂ ਨੇ 'ਬਾਣੀ ਸੰਸਾਰ', 'ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ' ਅਤੇ 'ਮੱਧਕਾਲੀ ਸ਼ਬਦ ਸਭਿਆਚਾਰ' ਆਦਿ ਪੁਸਤਕਾਂ ਲਿਖੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਅਤੇ ਸਮਕਾਲੀ ਪੰਜਾਬੀ ਨਾਵਲ ਦੇ ਅਧਿਐਨ ਨਾਲ ਵੀ ਆਪਣੇ ਸਰੋਕਾਰ ਜੋੜੇ ਹਨ।

**ਸਮਕਾਲੀ ਜਾਂ ਨਵੀਨ ਪਰੰਪਰਾ ਦੀ ਆਲੋਚਨਾ**

ਪੰਜਾਬੀ ਆਲੋਚਨਾ ਦਾ ਵਿਕਾਸਮਈ ਸਫ਼ਰ ਇੱਥੇ ਤੱਕ ਪੁੱਜ ਕੇ ਥੋੜਾ ਬਦਲ ਜਾਂਦਾ ਹੈ। ਮਾਰਕਸਵਾਦੀ ਆਲੋਚਨਾ ਸਮਕਾਲੀ ਆਲੋਚਨਾ ਤੋਂ ਥੋੜਾ ਭਿੰਨ ਹੈ। ਸਮਕਾਲੀ ਆਲੋਚਨਾ ਮਾਰਕਸਵਾਦ ਦੀ ਨਹੀਂ ਬਲਕਿ ਨਵ-ਮਾਰਕਸਵਾਦੀ ਵਿਚਾਰਧਾਰਾ ਦੀ ਗੱਲ ਕਰਦੀ ਹੈ। ਨਵ-ਮਾਰਕਸਵਾਦ, ਮਾਰਕਸਵਾਦ ਦਾ ਅਗਲਾ ਪੜਾਅ ਹੈ। "ਇਸ ਪੜਾਅ ਤੇ ਪਹੁੰਚ ਕੇ ਅੰਤਰ-ਰਾਸ਼ਟਰੀ ਮਾਰਕਸਵਾਦੀ ਸਿਧਾਂਤਾਂ ਵਿਚ ਉਭਰਦੇ ਨਵੇਂ ਪਰਿਪੇਖਾਂ ਦੇ ਅਨੁਰੂਪ ਪੰਜਾਬੀ ਵਿਚ ਵੀ ਨਵੀਂ ਵਿਚਾਰਧਾਰਕ ਚਰਚਾ ਸ਼ੁਰੂ ਹੋਈ। ਇਸ ਨਵ-ਮਾਰਕਸਵਾਦੀ ਆਲੋਚਨਾ ਨਾਲ ਪਹਿਲੀ ਮਾਰਕਸਵਾਦੀ ਸਾਹਿਤ ਆਲੋਚਨਾ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਉੱਭਰ ਕੇ ਸਾਹਮਣੇ ਆਈਆਂ।" ਪੰਜਾਬੀ ਆਲੋਚਨਾ ਜਗਤ ਦੇ ਨਵ-ਮਾਰਕਸਵਾਦੀ ਆਲੋਚਕਾਂ ਵਿਚੋਂ ਡਾ. ਰਵਿੰਦਰ ਸਿੰਘ ਰਵੀ, ਡਾ. ਟੀ. ਆਰ. ਵਿਨੋਦ, ਡਾ. ਤੇਜਵੰਤ ਸਿੰਘ ਗਿੱਲ, ਡਾ. ਕੇਸਰ ਸਿੰਘ ਕੇਸਰ, ਡਾ. ਗੁਰਬਖਸ਼ ਸਿੰਘ ਫਰੈਂਕ ਆਦਿ ਦਾ ਨਾਂ ਵਿਸ਼ੇਸ਼ ਤੌਰ 'ਤੇ ਲਿਆ ਜਾ ਸਕਦਾ ਹੈ।

ਸੋ ਪੰਜਾਬੀ ਆਲੋਚਨਾ ਦਾ ਇਤਿਹਾਸਕ ਸਫ਼ਰ ਚਾਰ ਪੜਾਵਾਂ (ਪੂਰਵ ਸੇਖੋਂ ਆਲੋਚਨਾ, ਸੇਖੋਂ ਪਰੰਪਰਾ ਦੀ ਆਲੋਚਨਾ, ਉਤਰ ਸੇਖੋਂ ਪਰੰਪਰਾ ਦੀ ਆਲੋਚਨਾ, ਸਮਕਾਲੀ ਜਾਂ ਨਵੀਨ ਪਰੰਪਰਾ ਦੀ ਆਲੋਚਨਾ) ਵਿਚੋਂ ਦੀ ਗੁਜ਼ਰਦਾ ਹੈ। ਪੰਜਾਬੀ ਆਲੋਚਨਾ ਦੇ ਇਤਿਹਾਸ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਸਮੇਂ ਤੇ ਪ੍ਰਸਥਿਤੀਆਂ ਦੇ ਆਧਾਰ 'ਤੇ ਪੰਜਾਬੀ ਆਲੋਚਨਾ ਦੀਆਂ ਅਧਿਐਨ ਪ੍ਰਣਾਲੀਆਂ ਵਿਚ ਵੀ ਬਦਲਾਅ ਆਉਂਦਾ ਰਿਹਾ ਹੈ। ਜਿੱਥੇ ਪੰਜਾਬੀ ਆਲੋਚਨਾ ਦੇ ਅਧਿਐਨ ਕੇਂਦਰ ਵਿਚ ਮਾਰਕਸਵਾਦ ਵਿਚਾਰਧਾਰਾ ਨੇ ਲੰਮਾ ਸਮਾਂ ਸੰਵਾਦ ਰਚਾਇਆ, ਉੱਥੇ ਰੂਪਵਾਦੀ ਆਲੋਚਨਾ ਨੇ ਵੀ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਨਵੀਨ ਪਰੰਪਰਾ ਦੀ ਆਲੋਚਨਾ ਨੇ ਨਵ-ਮਾਰਕਸਵਾਦ ਦੇ ਪ੍ਰਭਾਵ ਨੂੰ ਕਬੂਲਿਆ ਹੈ।

ਪੰਜਾਬੀ ਸਾਹਿਤ-ਆਲੋਚਨਾ ਦਾ ਆਰੰਭ ਪੰਦਰਵੀਂ ਸਦੀ ਤੋਂ ਮੰਨਿਆਂ ਜਾਂਦਾ ਹੈ। ਸਾਹਿਤ ਅਲੋਚਕਾਂ ਅਨੁਸਾਰ ਪੰਜਾਬੀ ਵਿੱਚ ਪਰਖ-ਪੜਚੋਲ ਦਾ ਜਨਮ, ਪੰਦਰਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਦੇ ਪਰਵੇਸ਼ ਨਾਲ ਹੀ ਹੋ ਗਿਆ ਸੀ। ਉਹਨਾਂ ਨੇ ਆਪਣੇ ਪੂਰਬ ਕਾਲੀ ਤੇ ਵਰਤਮਾਨ ਪੰਜਾਬੀ ਦੇ ਆਦਿ ਕਵੀ ਸ਼ੇਖ ਫਰੀਦ ਜੀ ਦੇ ਕੁੱਝ ਬਚਨਾਂ ਤੇ ਵਿਚਾਰਾਂ ਦੀ ਵਿਆਖਿਆਂ ਜਾਂ ਟੀਕਾ ਟਿੱਪਣੀ ਕਰਕੇ ਇਸ ਦਾ ਮੁੱਢ ਬੰਨ੍ਹਿਆ। ਉਹਨਾਂ ਨੇ ਬਾਬਾ ਫਰੀਦ ਬਾਣੀ ਧੁਰ ਗੁਰੂ ਵਿਅਕਤੀਆਂ ਵੱਲੋਂ ਕੀਤੇ ਗਏ ਕਿੰਤੂਆਂ ਜਾਂ ਦਿੱਤੀਆ ਗਈਆ ਟਿੱਪਣੀਆਂ ਨੂੰ ਆਪਣੀ ਉਪਰੋਕਤ ਉਕਤੀ ਦਾ ਆਧਾਰ ਬਣਾਇਆ। ਡਾ. ਹਰਨਾਮ ਸਿੰਘ ਸ਼ਾਨ ਨੇ ਪੰਜਾਬੀ ਕਵੀਆਂ, ਵਿਸ਼ੇਸ ਤੌਰ ਤੇ ਕਿੱਸਾਕਾਰਾਂ ਵੱਲੋਂ ਕੀਤੀ ਗਈ ਸਵੈਪੜਚੋਲ ਜਾਂ ਸਾਥੀ ਕਿੱਸਾਕਾਰਾਂ ਦੀਆਂ ਕਿਰਤਾਂ ਬਾਰੇ ਵਿਚਾਰਾਂ ਨੂੰ ਪੰਜਾਬੀ ਸਾਹਿਤ ਦੀ ਮੋਢੀ ਆਲੋਚਨਾ ਮੰਨਿਆ ਹੈ। ਵਾਰਿਸ, ਅਹਿਮਦਯਾਰ ਆਦਿ ਨੂੰ ਆਲੋਚਕ ਹੀ ਨਹੀਂ ਮੰਨਿਆਂ ਸਗੋਂ ਅਹਿਮਦਯਾਰ ਨੂੰ ਇੱਕ ਆਦਰਸ਼ਕ ਸਮਾਲੋਚਕ ਦੇ ਸਾਰੇ ਗੁਣਾਂ ਦਾ ਧਾਰਨੀ ਕਿਹਾ ਹੈ ਕਿਉਂਕਿ ਉਸ ਨੇ ਵਾਰਸ ਦੀ ਰਚਨਾ ਨੂੰ ਚੰਗੀ ਤਰ੍ਹਾਂ ਪੜ੍ਹਿਆ, ਘੋਖਿਆ। ਉਸ ਦੀਆਂ ਦਿਲ ਡੂੰਘਾਈਆਂ ਤੱਕ ਅੱਪੜਿਆ, ਉਸਦੀ ਕਲਾ ਨੂੰ ਜਾਂਚਿਆ- ਪਰਖਿਆ ਅਤੇ ਆਪਣੇ ਨਿੱਜੀ ਅਨੁਭਵ, ਵਿਸ਼ਾਲ ਵਾਕਫੀ ਤੇ ਅਮੁੱਕ ਅਭਿਆਸ ਅਤੇ ਪਹਿਲੀਆਂ ਹੀਰਾਂ ਦੇ ਤੁਲਨਾਤਮਕ ਅਧਿਐਨ ਦੇ ਆਧਾਰ ਤੇ ਉਸਦੀ ਕਿਰਤ ਅਤੇ ਕਲਾ- ਕੁਸ਼ਲਤਾ ਦਾ ਜਾਇਜਾਂ ਲਿਆ ਜਾਪਦਾ ਹੈ।

ਡਾ. ਸ਼ਾਨ ਨੇ ਹਾਸ਼ਮ, ਮਹੁੰਮਦ ਬਖਸ਼, ਫ਼ਜ਼ਲ ਸ਼ਾਹ, ਪੀਰ ਨੇਕ ਆਲਮ ਆਦਿ ਸ਼ਾਇਰਾਂ ਨੂੰ ਆਲੋਚਕਾਂ ਦੀ ਉਪਰੋਕਤ ਸੂਚੀ ਵਿੱਚ ਸ਼ਾਮਿਲ ਕੀਤਾ ਹੈ। ਪਿਆਰਾ ਸਿੰਘ ਭੋਗਲ ਲਿਖਦੇ ਹਨ:- ਸਭ ਤੋਂ ਪਹਿਲਾਂ ਗੁਰੂ ਨਾਨਕ ਨੇ ਸਾਹਿਤਪਰਖਣ ਤੇ ਸੰਪਾਦਨ ਕਰਨ ਤਾ ਕੰਮ ਆਰੰਭ ਕੀਤਾ ਸੀ। ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਦਾ ਸੰਪਾਦਨ ਕਰਕੇ ਪੰਜਾਬੀ ਆਲੋਚਨਾ ਦਾ ਮਿਆਰ ਕਾਇਮ ਕੀਤਾ।

ਭੋਗਲ ਏਥੇ ਡਾ. ਹਰਨਾਮ ਸਿੰਘ ਸ਼ਾਨ ਦੀ ਇਸ ਧਾਰਨਾ ਦੇ ਹਾਮੀ ਹਨ ਜਿਸ ਅਨੁਸਾਰ ਪੰਜਾਬੀ ਸਾਹਿਤ ਆਲੋਚਨਾ ਬਾਬਾ ਫਰੀਦ ਤੋਂ ਸ਼ੁਰੂ ਹੁੰਦੀ ਹੈ: ਕੁੱਝ ਕਿੰਤੂ ਕੀਤੇ ਜਾ ਸਕਦੇ ਹਨ ਜਿਨ੍ਹਾਂ ਨਾਲ ਉਪਰੋਕਤ ਧਾਰਨਾ ਦੀ ਸਾਰਥਕਤਾ ਜਾਂ ਨਿਰਾਰਥਕਤਾ ਸੁਤੇ ਸਿੱਧ ਹੋ ਜਾਂਦੀ ਹੈ। ਪਹਿਲਾ ਕਿੰਤੂ ਤਾਂ ਇਹ ਕਿ ਅਸੀਂ ਗੁਰੂ ਨਾਨਕ ਨੂੰ ਸਾਹਿਤ ਸਮਾਲੋਚਕ ਮੰਨਣ ਨੂੰ ਤਿਆਰ ਹਾਂ? ਦੂਜੇ ਕਿ ਗੁਰੂ ਅਰਜਨ ਦੇਵ ਦੁਆਰਾ ਆਦਿ ਗ੍ਰੰਥ ਦਾ ਸੰਪਾਦਨ ਆਲੋਚਨਾ ਦਾ ਕਾਰਜ ਹੈ ਅਤੇ ਆਦਿ ਗ੍ਰੰਥ ਆਲੋਚਨਾ ਦਾ ਗ੍ਰੰਥ ਹੈ? ਉੱਤਰ ਨਿਸ਼ਚੇ ਹੀ ਨਾਂਹਵਾਚੀ ਹਨ।

ਪਿਆਰਾ ਸਿੰਘ ਭੋਗਲ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਪੰਜਾਬੀ ਦਾ ਪਹਿਲਾ ਆਲੋਚਕ ਮੰਨਿਆਂ ਹੈ ਅਤੇ ਉਹਨਾਂ ਦੀ ਸੰਮਤੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਆਪ ਉੱਚੇ ਪੱਧਰ ਦਾ ਸਾਹਿਤ ਰਚਿਆ ਸਗੋਂ ਅਪਣੇ ਤੋਂ ਪਹਿਲਾਂ ਰਚੇ ਜਾ ਚੁੱਕੇ ਸਾਹਿਤ ਦੀ ਚੋਣ ਅਤੇ ਪਰਖ ਵੀ ਕੀਤੀ। ਆਪ ਦੀ ਦਲੀਲ ਦਾ ਆਧਾਰ ਵੀ ਬੜਾ ਮਜ਼ੇਦਾਰ ਹੈ। ਆਪ ਨੇ ਫਰਮਾਇਆ ਹੈ, ਬਾਬਾ ਫਰੀਦ, ਭਗਤ ਕਬੀਰ ਅਤੇ ਦੂਸਰੇ ਸੰਤਾਂ ਦੀ ਬਾਣੀ ਨੂੰ ਇੱਕਤਰ ਕਰਨ ਦਾ ਕੰਮ ਗੁਰੂ ਨਾਨਕ ਨੇ ਕੀਤਾ। ਕਬੀਰ ਦੀ ਬਾਣੀ ਵਾਚਦਿਆਂ ਕਬੀਰ ਦੀ ਬਾਣੀ ਤੋਂ ਪ੍ਰੇਰਨਾ ਵੀ ਲਈ, ਇਸ ਆਧਾਰ ਤੇ ਗੁਰੂ ਨਾਨਕ ਜੀ ਨੂੰ ਪੰਜਾਬੀ ਸਾਹਿਤ ਦਾ ਮੋਢੀ ਆਲੋਚਕ ਕਲਪਨਾ ਕਰਨਾ ਨਾ ਕੇਵਲ ਗੁਰੂ ਨਾਨਕ ਨਾਲ ਧੱਕਾ ਹੈ ਬਲਕਿ ਪੰਜਾਬੀ ਸਾਹਿਤ ਆਲੋਚਨਾ ਨਾਲ ਘੋਰ ਅਨਿਆਂ ਹੈ।

ਭਾਵੇਂ ਪਿਆਰਾ ਸਿੰਘ ਭੋਗਲ ਨੇ ਗੁਰੂ ਨਾਨਕ ਨੂੰ ਆਲੋਚਕ ਸਿੱਧ ਕਰਨ ਲਈ ਉਹਨਾਂ ਦੀ ਬਾਣੀ ਇੱਕਤਰ ਕਰਨਾ, ਬਾਣੀ ਦੀ ਪਰਖ ਕਰਨਾ ਆਦਿ ਗਿਣਿਆ ਹੈ ਤੇ ਇਸੇ ਕਰਕੇ ਗੁਰੂ ਨਾਨਕ ਨੂੰ ਪੰਜਾਬੀ ਸਾਹਿਤ ਦਾ ਪਹਿਲਾ ਆਲੋਚਕ ਮੰਨਿਆਂ ਹੈ, ਪਰ ਇਹ

ਆਧਾਰ ਨਹੀਂ ਹਨ। ਗੁਰੂ ਨਾਨਕ ਜੀ ਨੂੰ ਆਲੋਚਕ ਸਿੱਧ ਕਰਨ ਤੇ ਗੁਰੂ ਅਰਜਨ ਦੇਵ ਜੀ ਨੂੰ ਵੀ ਆਪ ਨੇ ਏਸੇ ਆਧਾਰ ਉੱਤੇ ਆਲੋਚਕ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਵੱਲੋਂ ਜਾਰੀ ਕੀਤੀ ਗਈ ਆਲੋਚਨਾ ਦੀ ਇਹ ਪ੍ਰੰਪਰਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖਰ ਉੱਤੇ ਪਹੁੰਚਦੀ ਹੈ।

ਕਿੱਸਾ ਕਵੀਆਂ ਨੂੰ ਵੀ ਭੋਗਲ ਨੇ ਡਾ. ਹਰਨਾਮ ਸਿੰਘ ਸ਼ਾਨ ਵਾਂਗ ਆਲੋਚਕ ਮੰਨਿਆ ਹੈ। ਵਾਰਿਸ਼ ਸ਼ਾਹ ਦੀ ਸਵੈ-ਆਲੋਚਨਾ ਅਤੇ ਉਸ ਤੋਂ ਵੀ ਪਹਿਲਾਂ ਹਾਫਜ਼ ਬਰਖ਼ੁਰਦਾਰ ਦੇ ਦੂਜੇ ਕਿੱਸਾਕਾਰਾਂ ਉੱਤੇ ਕੀਤੀਆਂ ਟਿੱਪਣੀਆਂ ਅਹਿਮਦਯਾਰ ਦੇ ਸਮਕਾਲੀ ਤੇ ਪੂਰਵਕਾਲੀਨ ਕਿੱਸਾ ਕਾਵਿ ਵੱਲ ਸੰਕੇਤ ਤੋਂ ਛੁੱਟ, ਅਹਿਮਦਯਾਰ ਆਦਿ ਨੂੰ ਪੰਜਾਬੀ ਸਾਹਿਤ ਆਲੋਚਨਾ ਦੀ ਪ੍ਰੰਪਰਾ ਦੇ ਮਹੱਤਵਪੂਰਨ ਸਾਹਿਤ-ਚਿੰਤਕ ਮੰਨਿਆਂ ਗਿਆ ਹੈ। ਮੀਆਂ ਮੁਹੰਮਦ ਬਖਸ਼ ਵੀ ਭੋਗਲ ਅਨੁਸਾਰ ਪੰਜਾਬੀ ਆਲੋਚਕ ਸਨ। ਉਪਰੋਕਤ ਸਾਰੇ ਕਿੱਸਾਕਾਰਾਂ ਨੂੰ ਪੰਜਾਬੀ ਸਾਹਿਤ ਆਲੋਚਨਾ ਜੋ ਕੋਈ ਕੀਤੀ ਹੈ ਤਾਂ ਉਹ ਕੇਵਲ ਆਪਣੇ ਸਮਕਾਲੀ ਜਾਂ ਪੂਰਵਕਾਲੀ ਕਿੱਸਾਕਾਰਾਂ ਜਾਂ ਕਿੱਸਾ ਕਾਵਿ ਪ੍ਰਤੀ ਸ਼ਰਧਾ ਦਿਖਾਉਣ ਹਿੱਤ ਹੈ ਜਾਂ ਉਹ ਗੰਭੀਰ ਤੇ ਸੁਚੇਤ ਆਲੋਚਨਾ ਕਰ ਰਹੇ ਹਨ? ਇਹ ਵਿਚਾਰਨ ਵਾਲੀ ਗੱਲ ਹੈ। ਕਿੱਸਾ ਲੇਖਕਾਂ ਦਾ ਚੇਤੰਨ ਯਤਨ ਆਲੋਚਨਾ ਉੱਕਾ ਨਹੀਂ ਹੈ।[1]

**ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ:**

ਆਲੋਚਨਾ ਸ਼ਬਦ ਦੀ ਪਰਿਭਾਸ਼ਾ: ਆਲੋਚਨਾ ਪਦ ਸੰਸਕ੍ਰਿਤ ਦੇ ਧਾਤੂ ਲੁਚ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਵੇਖਣਾ। ਲੁਚ ਤੋਂ ਹੀ ਫਿਰ ਲੋਚਨ ਸ਼ਬਦ ਬਣਦਾ ਹੈ ਤੇ ਇਸਦਾ ਅਰਥ ਹੈ ਤੋਲਣਾ ਜਾਂ ਨਿਰਣਾ ਕਰਨਾ ਆਦਿ। ਕਿਹਾ ਜਾਂਦਾ ਹੈ ਕਿ ਲੋਚਨ ਤੋਂ ਹੀ ਆਲੋਚਨਾ ਸ਼ਬਦ ਦੀ ਉੱਤਪੱਤੀ ਹੋਈ। ਇਸਦਾ ਅਗੇਤਰ ਹੈ ਜਿਸਦਾ ਅਰਥ ਹੈ ਚੰਗੀ ਤਰ੍ਹਾਂ, ਚੌਤੁਰਫਿਉਂ, ਇਓਂ ਆਲੋਚਨਾ ਦਾ ਲਫ਼ਜ਼ੀ ਅਰਥ ਹੈ, ਚੰਗੀ ਤਰ੍ਹਾਂ ਵੇਖਣਾ।

ਅੰਗਰੇਜੀ ਵਿੱਚ ਆਲੋਚਨਾ ਨੂੰ ਕਰਿਟਿਸਿਜਮ ਆਖਿਆ ਜਾਂਦਾ ਹੈ ਜਿਸਦਾ ਸਮੁੱਚਾ ਅਰਥ ਹੈ, ਕਿਸੇ ਬਾਰੇ ਨਿਰਣਾਇਕ ਟਿੱਪਣੀ ਕਰਨੀ ਜਾਂ ਫੈਸਲਾ ਸੁਣਾਉਣਾ ਆਦਿ। ਇਸ ਤਰ੍ਹਾਂ ਆਲੋਚਨਾ ਦਾ ਉਰਦੂ ਭਾਸ਼ਾ ਵਿੱਚ ਪਰਿਆਇ ਤਨਕੀਦ ਹੈ ਜਿਸਦਾ ਅਰਥ ਹੈ: ਤੋਲਣਾ ਆਦਿ। ਵੱਖ ਵੱਖ ਭਾਸ਼ਾਵਾਂ ਵਿੱਚ ਵਰਤੇ ਜਾਂਦੇ ਇਸ ਸ਼ਬਦ ਆਲੋਚਨਾ ਦਾ ਭਾਵ ਕਿਸੇ ਸਾਹਿਤ ਵਸਤੂ ਬਾਰੇ ਨਿਰਣਾ ਕਰਨਾ ਹੈ ਕਿ ਉਸ ਵਿੱਚ ਰਚਨਾਕਾਰ ਨੇ ਕੀ ਆਖਣਾ ਚਾਹਿਆ ਹੈ ਤੇ ਉਹ ਜੋ ਕਹਿਣਾ ਚਾਹਿਆ ਹੈ, ਉਸ ਵਿੱਚ ਕਿੱਥੋਂ ਤੱਕ ਕਾਮਯਾਬ ਰਿਹਾ ਹੈ।

**ਇਤਿਹਾਸ:** ਸਾਹਿਤ ਦੇ ਇਤਿਹਾਸ ਉੱਪਰ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਵੱਖਰੇ ਡਿਸਪਲਿਨ ਦੇ ਰੂਪ ਵਿੱਚ ਆਲੋਚਨਾ ਪੱਛਮੀ ਸਾਹਿਤ ਅਧੀਨ ਵੀਹਵੀਂ ਸਦੀ ਵਿੱਚ ਹੀ ਪੈਦਾ ਹੋਈ ਹੈ। ਪੱਛਮੀ ਚਿੰਤਕਾਂ ਦੀ ਤਰ੍ਹਾਂ ਪੰਜਾਬੀ ਦੇ ਕੁੱਝ ਨਾਮਵਰ ਹਸਤਾਖਰਾਂ ਨੇ ਵੀ ਆਪਣੀ ਜੁਬਾਨ ਵਿੱਚ ਸਾਹਿਤਕ ਖੋਜ਼ ਅਤੇ ਪਰਖ ਦਾ ਕੰਮ ਆਰੰਭਿਆ ਹੈ। ਇਹਨਾਂ ਵਿੱਚ ਵਰਣਨਯੋਗ ਡਾ. ਚਰਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਅਤੇ ਬਾਵਾ ਬੁੱਧ ਸਿੰਘ ਹਨ।ਪਰ ਪ੍ਰਚੰਡ ਰੂਪ ਵਿੱਚ ਆਲੋਚਨਾ ਖੇਤਰ ਵਿੱਚ ਬਾਵਾ ਬੁੱਧ ਸਿੰਘ ਹੀ ਦਿੱਸਦਾ ਹੈ। ਬਾਵਾ ਬੁੱਧ ਸਿੰਘ ਤੋਂ ਪਹਿਲਾਂ ਮੀਆਂ ਮੌਲਾ ਬਖ਼ਸ਼ ਕੁਸ਼ਤਾ ਦੀ ਰਚਨਾ ਚਸ਼ਮਾ-ਇ-ਹਇਆਤ (1931) ਪੰਜਾਬੀ ਕਵੀਆਂ ਬਾਰੇ ਲਿਖੀ ਜਾ ਚੁੱਕੀ ਸੀ ਅਤੇ ਇਸਦਾ ਪ੍ਰਭਾਵ ਵੀ ਪੰਜਾਬੀ ਆਲੋਚਨਾ ਉੱਤੇ ਪਿਆ, ਪਰ ਇਹ ਰਚਨਾ ਉਰਦੂ ਵਿੱਚ ਹੋਣ ਕਰਕੇ ਪੰਜਾਬੀ ਆਲੋਚਨਾ ਦੀ ਮੁੱਢਲੀ ਰਚਨਾ ਸਵੀਕਾਰ ਕਰਨਾ ਜੱਚਦਾ ਨਹੀਂ। ਨਵੀਨ ਅਲੋਚਨਾ ਦਾ ਮੁੱਢ ਬਾਵਾ ਬੁੱਧ ਸਿੰਘ ਦੀਆਂ ਤਿੰਨ ਅਲੋਚਨਤਾਮਕ ਪੁਸਤਕਾਂ ਹੰਸ-ਚੋਗ (1914), ਕੋਇਲ ਕੂ(1916) ਅਤੇ ਬੰਬੀਹਾ ਬੋਲ(1925) ਨਾਲ ਹੋਇਆ ਮੰਨ ਸਕਦੇ ਹਾਂ। ਇਹਨਾਂ ਤਿੰਨਾਂ ਪੁਸਤਕਾਂ ਵਿੱਚ ਸਿਧਾਂਤਕ, ਵਿਵਹਾਰਿਕ ਅਤੇ ਖੋਜਾਤਮਕ ਅਲੋਚਨਾ ਹੋਈ ਮਿਲਦੀ ਹੈ। ਬਾਵਾ ਬੁੱਧ ਸਿੰਘ ਤੋਂ ਬਾਅਦ ਪ੍ਰੋ. ਪੂਰਨ ਸਿੰਘ ਨੇ ਦੀ ਸਪਿਰਟ ਆੱਫ ਔਰੀਐਂਟਲ ਪੋਇਟਰੀ ਵਿੱਚ ਪੱਛਮੀ ਅਤੇ ਪੂਰਵੀ ਕਵੀਆਂ ਅਤੇ ਸਾਹਿਤਕਾਰਾਂ ਉੱਤੇ ਟਿੱਪਣੀ ਕੀਤੀ ਹੈ। ਇਸ ਅਲੋਚਨਾ ਪ੍ਰੰਪਰਾ ਦਾ ਅੱਗੇ ਵਿਸਥਾਰ ਕਰਨ ਵਾਲੇ ਡਾ. ਮੋਹਨ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਹਨ। ਇਨ੍ਹਾਂ ਦੀਆਂ ਪਾਈਆਂ ਲੀਹਾਂ ਨੂੰ ਅੱਗੇ ਜਿੰਦਾਂ ਰੱਖਣ ਵਾਲੇ ਪ੍ਰਿੰ. ਤੇਜਾ ਸਿੰਘ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਡਾ. ਰੋਸ਼ਨ ਲਾਲ ਅਹੂਜਾ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਦੀਵਾਨ ਸਿੰਘ, ਡਾ. ਜੀਤ ਸਿੰਘ ਸ਼ੀਤਲ, ਡਾ. ਰਤਨ ਸਿੰਘ ਜੱਗੀ ਹਨ। ਇਨ੍ਹਾਂ ਤੋਂ ਅਗਲੇ ਪੜ੍ਹਾਅ ਵਿੱਚ ਅਸੀਂ ਪ੍ਰਿੰ. ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ, ਡਾ.

ਜਸਵੀਰ ਸਿੰਘ ਆਹਲੂਵਾਲੀਆ, ਪ੍ਰੋ.ਕ੍ਰਿਸ਼ਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ ਅਤੇ ਡਾ. ਹਰਿਭਜਨ ਸਿੰਘ ਆਦਿ ਨੂੰ ਇਸ ਕਰਕੇ ਰੱਖ ਰਹੇ ਹਾਂ ਕਿ ਇਹਨਾਂ ਨੇ ਕਿਸੇ ਨਾ ਕਿਸੇ ਵਾਦ ਨੂੰ ਲੈ ਕੇ ਅਲੋਚਨਾ ਦਾ ਆਰੰਭ ਕੀਤਾ।

**ਆਲੋਚਨਾ ਪ੍ਰਣਾਲੀਆਂ**

ਪੰਜਾਬੀ ਆਲੋਚਨਾ ਖੇਤਰ ਵੱਲ ਜੇ ਗਹੁ ਨਾਲ ਨਜ਼ਰ ਮਾਰੀਏ, ਤਾਂ ਸਾਨੂੰ ਆਲੋਚਨਾ ਦੀਆਂ ਵੱਖ ਵੱਖ ਵੰਨਗੀਆਂ ਜਾਂ ਪਰਵਿਰਤੀਆਂ ਦਾ ਪਰਿਚਯ ਮਿਲਦਾ ਹੈ ਜਿਸ ਤੋਂ ਸਾਨੂੰ ਆਧੁਨਿਕ ਆਲੋਚਨਾ ਦੀਆਂ ਪਰਵਿਰਤੀਆਂ ਦੇ ਉਦੈ ਹੋਣ ਦਾ ਪਤਾ ਚੱਲਦਾ ਹੈ। ਹੁਣ ਤੱਕ ਆਲੋਚਨਾ ਦੇ ਖੇਤਰ ਵਿੱਚ ਜਿਹੜੀਆਂ ਆਲੋਚਨਾ ਅਧਿਐਨ ਵਿਧੀਆ ਪ੍ਰਚਲਿਤ ਰਹੀਆ ਹਨ ਉਹਨਾਂ ਵਿੱਚੋਂ ਪ੍ਰਮੁੱਖ ਨਿਮਨਲਿਖਤ ਹਨ-

**ਸਿਧਾਂਤਕ ਆਲੋਚਨਾ:**

ਪੰਜਾਬੀ ਸਾਹਿਤ ਤੋਂ ਇਲਾਵਾ ਜੇ ਅਸੀਂ ਸੰਸਕ੍ਰਿਤ ਜਾਂ ਪੱਛਮੀ ਸਾਹਿਤ ਉੱਪਰ ਪਿੱਛਲਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸ਼ੁਰੂ ਸ਼ੁਰੂ ਦੀ ਅਲੋਚਨਾ ਕਿਸੇ ਸਿਧਾਂਤਾਂ, ਨਿਯਮਾਂ ਜਾਂ ਆਦਰਸ਼ਾਂ ਉੱਪਰ ਹੀ ਟਿਕੀ ਹੋਈ ਸੀ। ਇਸ ਆਲੋਚਲਾ ਦੀ ਹੋਂਦ ਤੋਂ ਪਹਿਲਾਂ ਕੋਈ ਮਹੱਤਵਪੂਰਨ ਰਚਨਾ ਹੋਂਦ ਵਿੱਚ ਨਹੀਂ ਆਉਂਦੀ ਹੈ(ਜੋ ਲੋਕ ਮਨਾਂ ਨੂੰ ਪ੍ਰਭਾਵਿਤ ਕਰਦੀ ਹੋਵੇ), ਜੋ ਪੂਰਵਲੇ ਅਤੇ ਪਿਛਲੇਰੇ ਸਿਰਜਕਾਂ ਲਈ ਕਸੌਟੀ ਦਾ ਕੰਮ ਦਿੰਦੀ ਹੈ। ਉਸ ਰਚਨਾ ਦੇ ਆਧਾਰ ਤੇ ਹੀ ਕਾਵਿ ਅਧਿਅਨ ਦੇ ਨਿਯਮ ਸਥਾਪਿਤ ਕੀਤੇ ਜਾਂਦੇ ਹਨ। ਇਹ ਨਿਯਮ ਹੀ ਸਿਧਾਂਤ ਅਖਵਾਉਂਦੇ ਹਨ ਤੇ ਅਲੋਚਕ ਇਹਨਾਂ ਸਿਧਾਂਤਾਂ ਉੱਪਰ ਹਰ ਰਚਨਾ ਨੂੰ ਪਰਖਦਾ ਹੈ। ਭਾਰਤ ਵਿੱਚ ਸਿਧਾਂਤਕ ਆਲੋਚਨਾ ਦਾ ਮੋਢੀ ਨਾਟਯ-ਸ਼ਾਸਤ੍ਰ ਦੇ ਭਰਤਮੁਨੀ ਨੂੰ ਮੰਨਿਆ ਜਾ ਸਕਦਾ ਹੈ, ਜਿਸਨੇ ਪਹਿਲੀ ਵਾਰੀ ਇਸ ਗ੍ਰੰਥ ਵਿੱਚ ਕਾਵਿ ਰਚਨਾ ਦੇ ਲਈ ਕਾਵਿ- ਅਧਿਅਨ ਨਿਯਮਾਵਲੀ ਤਿਆਰ ਕੀਤੀ। ਇਸ ਤੋਂ ਬਾਅਦ ਵੱਖ ਵੱਖ ਸੰਪ੍ਰਦਾਵਾਂ(ਰਸ, ਧੁਨੀ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੇ ਸੰਸਥਾਪਕਾ ਨੇ ਵੀ ਆਪਣੀ ਆਪਣੀ ਸੰਪ੍ਰਦਾ ਦੇ ਸਮਰਥਨ ਵਿੱਚ ਕੁੱਝ ਸਿਧਾਂਤ ਪੇਸ਼ ਕੀਤੇ ਜੋ ਸਿਧਾਂਤਕ ਆਲੋਚਨਾ ਦੇ ਸਰੂਪ ਨੂੰ ਉਭਾਰਦੇ ਹਨ। ਇਸੇ ਤਰ੍ਹਾਂ ਹੀ, ਯੂਰੋਪ ਵਿੱਚ ਭਰਤਮੁਨੀ ਦੇ ਨਾਟਯ-ਸ਼ਾਸਤ੍ਰ ਵਾਂਗ ਅਰਸਤੂ ਦਾ ਕਾਵਿ ਸ਼ਾਸਤਰ ਪੋਇਟਿਕਸ ਹੈ ਜੋ ਸਿਧਾਂਤਕ ਆਲੋਚਨਾ ਦਾ ਇਤਿਹਾਸਕ ਦਸਤਾਵੇਜ ਹੈ। ਉਰਦੂ ਵਿੱਚ ਮੌਲਾਨਾ ਗਨੀ ਦੀ ਮੁੱਕਦਮਾ ਨਾਂ ਦੀ ਪੁਸਤਕ ਵੀ ਅਜਿਹੇ ਕਾਵਿ ਸਿਧਾਂਤਾਂ ਨੂੰ ਹੀ ਪੇਸ਼ ਕਰਦੀ ਹੈ।

ਆਲੋਚਨਾ ਸਬੰਧੀ ਗੁਲਾਬ ਰਾਏ ਲਿਖਦਾ ਹੈ, ਜਦੋਂ ਲੋਕ ਰੁਚੀ ਸੂਤਰਬੱਧ ਹੋ ਜਾਂਦੀ ਹੈ ਅਤੇ ਯੁੱਗ ਪਲਟਾਊ ਕਵੀਆਂ ਦੀਆਂ ਅਮਰ ਰਚਨਾਵਾਂ ਦਾ ਵਿਸ਼ਲੇਸ਼ਣ ਕਰਕੇ ਉਹਨਾਂ ਦੇ ਨਮੂਨਿਆਂ ਦੇ ਆਧਾਰ ਤੇ ਸਿਧਾਂਤ ਅਤੇ ਨਿਯਮ ਬਣਾਏ ਜਾਂਦੇ ਹਨ ਤਾਂ ਸਿਧਾਂਤਕ ਅਲੋਚਨਾ ਦਾ ਜਨਮ ਹੁੰਦਾ ਹੈ।

ਇਸ ਸਿਧਾਂਤ ਦੀ ਹੌਲੀ-ਹੌਲੀ ਐਨੀ ਮਹੱਤਤਾ ਵੱਧ ਜਾਂਦੀ ਹੈ ਕਿ ਹਰ ਆਲੋਚਕ ਆਪਣੀਆਂ ਵਿਅਕਤੀਗਤ ਅਤੇ ਪੱਖਪਾਤੀ ਰੁਚੀਆਂ ਦਾ ਤਿਆਗ ਕਰਕੇ ਕਾਵਿ ਨਿਯਮਾਂ ਅਨੁਸਾਰ ਹੀ ਸਮਾਲੋਚਨਾ ਕਰਦਾ ਹੈ। ਇਸ ਤਰ੍ਹਾਂ ਦੀ ਆਲੋਚਨਾ ਨੂੰ ਸਪਐਕਉਲੇਟਿਵ ਕਰੀਟਸਿਜਮ ਵੀ ਕਿਹਾ ਜਾਂਦਾ ਹੈ।ਅਜਿਹੀ ਆਲੋਚਨਾ ਦੀ ਆਮਦ ਬਾਬਤ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦਾ ਹੈ- ਵਾਸਤਵ ਵਿੱਚ ਸਾਹਿਤ ਵਿੱਚ ਜਦੋਂ ਕੋਈ ਲੱਛਣ ਗ੍ਰੰਥ ਹਰਮਨ ਪਿਆਰੇ ਹੋ ਜਾਂਦੇ ਹਨ ਅਤੇ ਸਾਹਿਤ ਬਾਰੇ ਲੋਕਾਂ ਦੀ ਰੁਚੀ ਪੱਕੀ ਹੋ ਜਾਂਦੀ ਹੈ ਤਾਂ ਸਾਹਿਤਿਕ ਗ੍ਰੰਥਾਂ ਦਾ ਵਿਸ਼ਲੇਸ਼ਣ ਕਰਕੇ ਸਿਧਾਂਤ ਦੇ ਨਿਯਮ ਥਾਪੇ ਜਾਂਦੇ ਹਨ। ਇਹ ਸਿਧਾਂਤ ਜਦੋਂ ਨਿਸ਼ਚਿਤ ਤੇ ਸਥਿਰ ਹੋ ਜਾਂਦੇ ਹਨ ਤਾਂ ਇਨ੍ਹਾਂ ਦੇ ਆਧਾਰ ਉੱਤੇ ਆਲੋਚਨਾ ਕਲਾ ਨੂੰ ਅੰਕਿਤ ਕੀਤਾ ਜਾਂਦਾ ਹੈ।(੩)

**ਨਿਰਣਾਤਮਕ ਆਲੋਚਨਾ**

ਅੰਗਰੇਜੀ ਵਿੱਚ ਇਸ ਕਿਸਮ ਦੀ ਆਲੋਚਨਾ ਦਾ ਨਾ ਜੁਡੀਸ਼ਲ ਕਰਿਟਸਿਜਮ ਹੈ। ਜਿੱਥੇ ਸਿਧਾਂਤਕ ਆਲੋਚਨਾ ਸਾਹਿਤ ਦੇ ਵਿਧੀ ਵਿਧਾਨ ਨਾਲ ਜੁੜੀ ਹੁੰਦੀ ਹੈ। ਉੱਥੇ ਨਿਰਣਾਤਮਕ ਆਲੋਚਨਾ ਪ੍ਰੈਕਟੀਕਲ ਹੁੰਦੀ ਹੈ। ਸਿਧਾਂਤਕ ਆਲੋਚਨਾ ਵਿੱਚ ਜਿੱਥੇ ਆਲੋਚਕ ਨਿਰੇ ਨਿਯਮਾਂ ਦਾ ਹੀ ਧਿਆਨ ਰੱਖ ਕੇ ਕਵੀ ਦੇ ਕਾਵਿ ਪੱਧਰ ਬਾਰੇ ਗੱਲ ਕਰਦਾ ਹੈ, ਉੱਥੇ ਨਿਰਣਾਤਮਕ ਆਲੋਚਨਾ ਵਿੱਚ

ਆਲੋਚਕ ਕਾਵਿ ਨਿਯਮਾਂ ਤੋਂ ਇਲਾਵਾ ਕਈ ਵਾਰੀ ਆਪਣਾ ਨਿੱਜੀ ਵਿਚਾਰ ਵੀ ਪੇਸ਼ ਕਰਦਾ ਹੈ, ਜੋ ਉਸਦੀ ਰਚਨਾ ਪ੍ਰਤੀ ਇੱਕ ਨਿਰਣਾਇਕ ਫੈਸਲਾ ਹੀ ਹੁੰਦਾ ਹੈ। ਇੱਥੇ ਇੱਕ ਪ੍ਰਕਾਰ ਦਾ ਆਲੋਚਕ ਇੱਕ ਜੱਜ ਜਾਂ ਪ੍ਰੀਖਿਅਕ ਦਾ ਕੰਮ ਵੀ ਕਰਦਾ ਹੈ। ਉਹ ਪ੍ਰੀਖਿਅਕ ਜਾਂ ਜੱਜ ਬਣ ਕਵਿਤਾ ਦੇ ਗੁਣਾਂ ਦੋਸ਼ਾ ਦੇ ਆਧਾਰਿਤ ਫੈਸਲਾ ਸੁਣਾਉਂਦਾ ਹੈ। ਇਸ ਆਲੋਚਨਾ ਦੇ ਸਮਰਥਕ ਹਡਸਨ ਹੋਏ ਹਨ, ਜੋ ਆਖਦੇ ਹਨ ਕਿ ਭਾਂਵੇ ਆਲੋਚਨਾ ਕਿਸੇ ਵੀ ਪੈਂਤੜੇ ਤੋਂ (ਉਹ ਪੈਂਤੜਾਂ ਸਿਧਾਂਤਕ ਵੀ ਹੋ ਸਕਦਾ ਹੈ) ਕੀਤੀ ਜਾਵੇ। ਆਲੋਚਕ ਆਪਣੀ ਰਾਏ ਦਿੱਤੀ ਬਿਨਾਂ ਰਹਿ ਹੀ ਨਹੀਂ ਸੀ ਸਕਦਾ। ਸਾਡੇ ਵਿਚਾਰ ਅਨੁਸਾਰ ਅਜਿਹਾ ਕਰਨ ਨਾਲ ਸਗੋਂ ਸਾਹਿਤ ਨੂੰ ਸੁਯੋਗ ਅਗਵਾਈ ਹੀ ਮਿਲਦੀ ਹੈ ਪਰ ਲੋੜ ਹੈ ਕਿ ਅਜਿਹੀ ਆਲੋਚਨਾ ਕਰਕੇ ਵਕਤ ਆਲੋਚਕ ਸੁਹਿਰਦ ਅਤੇ ਉਦਾਰਚਿੱਤ ਭਾਵੀ ਵੀ ਹੋਵੇ। ਭਾਵੇਂ ਮੌਂ ਲਟਨ ਇਸ ਆਲੋਚਨਾ ਜ਼ਬਰਦਸਤ ਵਿਰੋਧ ਕਰਦਾ ਆਖਦਾ ਹੈ ਕਿ ਆਲੋਚਕ ਨੂੰ ਨਿਰਣਾ ਦੇਣ ਦਾ ਕੋਈ ਹੱਕ ਨਹੀਂ ਉਹ ਸਿਰਫ਼ ਸਾਹਿਤਕ ਕ੍ਰਿਤਾਂ ਦੀ ਵਿਆਖਿਆ ਹੀ ਕਰੇ ਅਤੇ ਨਾਲ ਹੀ ਆਲੋਚਨਾ ਦੇ ਉਹ ਮਾਨਦੰਡ ਹੀ ਵਰਤੇ ਜਿਨ੍ਹਾਂ ਦੇ ਸਹਾਰੇ ਕਵਿਤਾ ਦੇ ਸੁੰਦਰ ਪੱਖਾਂ ਨੂੰ ਦਰਸਾਉਣ ਅਤੇ ਦੂਜਿਆਂ ਨੂੰ ਇਸ ਸੁੰਦਰਤਾ ਮਾਣਨ ਵਿੱਚ ਸਹਾਇਕ ਸਿੱਧ ਹੋਵੇ। ਪਰ ਸਾਡੀ ਜਾਂਚੇ ਅਜਿਹਾ ਕਰਨਾ ਆਲੋਚਕ ਨੂੰ ਦਾਇਰੇ ਵਿੱਚ ਬੰਨ੍ਹਣਾ ਹੀ ਹੋਵੇਗਾ ਕਿਉਂਕਿ ਸਿਧਾਂਤ ਤਾਂ ਸਮੇਂ ਦੀਆਂ ਬਦਲਦੀਆਂ ਪਰਸਥਿਤੀਆਂ ਕਰਕੇ ਆਪਣਾ ਰੂਪ ਬਦਲਦੇ ਰਹਿੰਦੇ ਹਨ। ਇਸ ਪ੍ਰਕਾਰ ਦੀ ਆਲੋਚਨਾ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਆਲੋਚਕ ਉਹਨਾਂ ਮੁੱਦਿਆਂ ਤੇ ਹੀ ਆਪਣਾ ਨਿਰਣਾ ਦਿੰਦਾ ਹੈ, ਜਿਨ੍ਹਾਂ ਮੁੱਦਿਆਂ ਵਿੱਚ ਨੀਰਸਤਾ ਇਖਲਾਕੀ ਅਤੇ ਨੈਤਿਕ ਮੁੱਲਾਂ ਦੀ ਗਿਰਾਵਟ ਕਾਰਨ ਆਈ ਹੈ, ਇਸ ਕਰਕੇ ਇਸ ਕੋਟੀ ਦਾ ਆਲੋਚਕ ਨੈਤਿਕ ਇਖਲਾਕੀ ਅਤੇ ਸਦਾਚਾਰਕ ਕੀਮਤਾਂ ਦੇ ਸਜੀਵ ਰਹਿਣ ਲਈ ਅਜਿਹੀ ਆਲੋਚਨਾ ਕਰਦਾ ਹੈ।

### ਵਿਆਖਿਆਤਮਕ ਆਲੋਚਨਾ

ਨਿਰਣਾਤਮਕ ਆਲੋਚਨਾ ਦੇ ਕੱਟੜ ਵਿਰੋਧੀ ਮੌਂ ਲਟਨ ਇਸ ਆਲੋਚਨਾ ਪ੍ਰਣਾਲੀ ਦੇ ਸਮਰਥਕ ਮੰਨੇ ਜਾਂਦੇ ਹਨ। ਉਹ ਸਿਧਾਂਤਕ ਅਤੇ ਨਿਰਣਾਤਮਕ ਆਲੋਚਨਾ ਦੀ ਵਿਰੋਧਤਾ ਵਿੱਚ ਕਹਿੰਦਾ ਹੈ ਕਿ ਕਿਸੇ ਵੀ ਕ੍ਰਿਤ ਉੱਪਰ ਨਿਯਮ ਜਾਂ ਨਿੱਜੀ ਰਾਏ ਆਰੋਪਿਤ ਕਰਨ ਦੀ ਬਜਾਇ ਆਲੋਚਨਾ ਨੂੰ, ਉਸ ਕਿਰਤ ਵਿੱਚੋਂ ਹੀ ਸਿਰਜਣਾਤਮਕ ਸਿਧਾਂਤ ਲੱਭਣੇ ਚਾਹੀਦੇ ਹਨ। ਆਲੋਚਨਾ ਕਿਸੇ ਕ੍ਰਿਤ ਦੀ ਅੰਤਰ ਭਾਵਨਾ ਨੂੰ ਸਮਝਦੇ ਹੋਇਆ ਉਸ ਵਿੱਚੋਂ ਸਤਿਅਮ, ਸ਼ਿਵਮ, ਸੁੰਦਰਮ ਦੇ ਅੰਕ ਲੱਭਦਾ ਹੈ, ਇਸ ਪ੍ਰਕਾਰ ਉਹ ਆਲੋਚਕ ਦੇ ਨਾਲ ਨਾਲ ਇੱਕ ਸਿਰਜਕ(ਰਚਨਹਾਰ) ਦਾ ਵੀ ਕੰਮ ਕਰ ਰਿਹਾ ਹੁੰਦਾ ਹੈ।ਇਸ ਵਿੱਚ ਕਿਸੇ ਰਚਨਾ ਬਾਰੇ ਆਲੋਚਕ ਦੀਆਂ ਨਿੱਜੀ ਪ੍ਰਤੀਕਿਰਿਆਵਾਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ, ਸਿਧਾਂਤਾਂ ਤੇ ਆਦਰਸ਼ਾਂ, ਸਮਾਜਿਕ ਤੇ ਨੈਤਿਕ ਉਦੇਸ਼ਾਂ ਦੇ ਆਧਾਰ ਉੱਤੇ ਆਪਣੇ ਵੱਲੋਂ ਕਿਸੇ ਰਚਨਾ ਬਾਰੇ ਕੋਈ ਨਿਰਣਾ ਨਹੀਂ ਦੇਂਦਾ, ਸਗੋਂ ਉਸ ਵਿੱਚਲੇ ਗੁਣਾਂ ਰਚਨਾਤਮਕ ਤੇ ਵਿਚਾਰਗਤ ਉਦੇਸ਼ਾ ਦੀ ਵਿਗਿਆਨਕ ਵਿਆਖਿਆ ਤੇ ਵਿਸ਼ਲੇਸ਼ਣ ਹੀ ਇਸ ਆਲੋਚਨਾ ਦੀ ਇੱਕੋ ਇੱਕ ਆਸਾ ਹੁੰਦੀ ਹੈ।(੪)

### ਸਪੇਖਕ ਜਾਂ ਵਿਅਕਤੀਗਤ ਆਲੋਚਨਾ

ਅਜਿਹੀ ਕਿਸਮ ਦੀ ਆਲੋਚਨਾ ਕਾਵਿ ਸ਼ਾਸਤਰ ਦੇ ਨਾ ਤਾਂ ਕਿਸੇ ਸਿਧਾਂਤ ਨਾਲ ਹੀ ਬੱਝੀ ਹੁੰਦੀ ਹੈ ਤੇ ਨਾ ਹੀ ਕਿਸੇ ਪਰਚਲਤ ਵਿਚਾਰਧਾਰਾ ਨਾਲ ਪ੍ਰਤੀਬੱਧ। ਇਹ ਆਲੋਚਨਾ ਕਰਨ ਵਾਲਾ ਵਿਦਵਾਨ ਵਿਅਕਤੀ ਦੀ ਆਪਣੀ ਪਸੰਦ ਦੇ ਪ੍ਰਸਤੁਤ ਕੀਤੇ ਵਿਚਾਰ ਹੁੰਦੇ ਹਨ, ਜਿਸ ਵਿੱਚ ਸਾਹਿਤਕ ਆਲੋਚਨਾ ਦੀ ਗਰਾਮਰ ਤਕਰੀਬਨ ਨਜ਼ਰ ਅੰਦਾਜ਼ ਹੀ ਹੁੰਦੀ ਹੈ। ਇਸ ਕਰਕੇ ਅਜਿਹੀ ਕਿਸਮ ਦੀ ਆਲੋਚਨਾ ਸਿਰਫ਼ ਭਾਵੁਕ ਹੀ ਹੋ ਨਿਬੜਦੀ ਹੈ ਤੇ ਫਲਸਰੂਪ ਇਹ ਆਲੋਚਨਾ ਚਿਰ ਸਥਾਈ ਜਾਂ ਸਾਹਿਤ ਆਲੋਚਨਾ ਦੀ ਕੋਟੀ ਵਿੱਚ ਨਹੀਂ ਗਿਣੀ ਜਾ ਸਕਦੀ। ਭਾਵੁਕ ਹੋਣ ਕਰਕੇ ਹੀ ਇਸਦਾ ਜੇਕਰ ਕੋਈ ਆਧਾਰ ਹੁੰਦਾ ਹੈ ਤਾਂ ਉਹ ਵਕਤੀ ਹੁੰਦਾ ਹੈ। ਬਦਲਦੀਆਂ ਪਰਸਥਿਤੀਆਂ ਵਿੱਚ ਇਹ ਆਲੋਚਨਾ ਆਪਣਾ ਸਰੂਪ ਗਵਾ ਬੈਠਦੀ ਹੈ। ਗੱਲ ਕੀ ਸਪੇਖਕ ਆਲੋਚਨਾ ਬੌਧਿਕਤਾ ਤੋਂ ਕੋਰੀ, ਸਿੱਧੀ ਅਤੇ ਸਪੱਸ਼ਟ ਵੀ ਹੋ ਜਾਇਆ ਕਰਦੀ ਹੈ ਜਿਸ ਕਰਕੇ ਸਾਹਿਤ ਦੇ ਆਲੋਚਨਾ ਜਗਤ ਵਿੱਚ ਇਸਦੀ ਮਹੱਤਤਾ ਗੁਣਾਤਮਕ ਪੱਖੋਂ ਘੱਟ ਅਤੇ ਗਿਣਾਤਮ ਪੱਖੋਂ ਜਿਆਦਾ ਹੁੰਦੀ ਹੈ।

### ਮਨੋਵਿਗਿਆਨਕ ਆਲੋਚਨਾ

ਇਸ ਕਿਸਮ ਦੀ ਆਲੋਚਨਾ ਜਦੋਂ ਕੋਈ ਵਿਦਵਾਨ ਕਰਦਾ ਹੈ ਤਾਂ ਉਹ ਕਵਿਤਾ ਜਾਂ ਕਵਿਤਾ ਦੀ ਸੰਰਚਨਾ ਨਾਲੋਂ ਕਿਤੇ ਵੱਧ ਕਵੀ ਦੀ ਮਾਨਸਿਕ ਪ੍ਰਵਿਰਤੀ ਜਾਂ ਰੁਝਾਨ ਨੂੰ ਮੱਦੇ ਨਜ਼ਰ ਰੱਖ ਕੇ ਕਰਦਾ ਹੈ। ਕਹਿਣ ਦਾ ਭਾਵ ਹੈ ਕਿ ਮਨੋਵਿਗਿਆਨਕ ਆਲੋਚਨਾ ਕਰਦੇ ਵਕਤ ਆਲੋਚਕ ਰਚਨਾ ਨੂੰ ਰਚਨਾਕਾਰ ਦੇ ਨਿੱਜ ਜਾਂ ਉਸਦੀ ਨਿੱਜੀ ਜ਼ਿੰਦਗੀ ਦੀਆਂ ਘਟਨਾਵਾਂ ਨਾਲ ਜੋੜ ਕੇ ਵਿਸ਼ਾ ਵਸਤੂ ਦੀ ਪਰਮਾਣਿਕਤਾ ਸਿੱਧ ਕਰਦਾ ਹੈ। ਇਹ ਨਿੱਜੀ ਜ਼ਿੰਦਗੀ ਦੀਆਂ ਉਹ ਘਟਨਾਵਾਂ ਹੁੰਦੀਆਂ ਹਨ, ਜਿਨ੍ਹਾਂ ਨੇ ਰਚਨਾਕਾਰ ਦੇ ਮਨ ਤੇ ਕੋਈ ਪ੍ਰਭਾਵ ਪਾਇਆ ਹੋਵੇ ਜਾਂ ਉਨ੍ਹਾਂ ਕਰਕੇ ਮਨ ਵਿੱਚ ਉੱਥਲ-ਪੁਥਲ ਹੋ ਰਹੀ ਹੋਵੇ।

ਕਈ ਆਲੋਚਕ ਇਸ ਆਲੋਚਨਾ ਨੂੰ ਵਿਆਖਿਆਤਮਕ ਆਲੋਚਨਾ ਵੀ ਕਹਿੰਦੇ ਹਨ ਕਿਉਂਕਿ ਵਿਆਖਿਆਤਮਕ ਆਲੋਚਨਾ ਰਾਹੀਂ ਆਲੋਚਕ ਇੱਕ ਰਚਨਾਕਾਰ ਦੀ ਅੰਤਰ ਭਾਵਨਾ ਨੂੰ ਸਮਝਦਾ ਹੋਇਆ ਹੀ ਆਲੋਚਨਾ ਕਰਦਾ ਹੈ ਪਰ ਸਾਡੀ ਜਾਂਚੇ ਦੋਹਾਂ ਵਿਆਖਿਆਤਮਕ ਆਲੋਚਨਾ ਪ੍ਰਣਾਲੀਆਂ ਵਿੱਚ ਕੁੱਝ ਅੰਤਰ ਜ਼ਰੂਰ ਹੈ। ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਆਲੋਚਕ ਰਚਨਾਕਾਰ ਦੇ ਰੂਪ ਵਿੱਚ ਹੁੰਦਾ ਹੋਇਆ ਨਾਲ ਨਾਲ ਰਚਨਾਕਾਰ ਦੀ ਜੀਵਨ ਦ੍ਰਿਸ਼ਟੀ ਅਤੇ ਉਸਦੇ ਮਨ ਦੀ ਪ੍ਰਵਿਰਤੀ ਦਾ ਵੀ ਖਿਆਲ ਰੱਖਦਾ ਹੈ, ਇਸ ਆਲੋਚਨਾ ਪੱਧਤੀ ਦੇ ਆਧਾਰ ਤੇ ਪ੍ਰਸਿੱਧ ਮਨੋਵਿਸ਼ਲੇਸ਼ਣ ਸਾਸ਼ਤਰੀ ਫਰਾਇਡ ਐਡਲਰ ਤੇ ਯੁੰਗ ਆਦਿ ਹਨ, ਇਨ੍ਹਾਂ ਹੀ ਮਨੁੱਖੀ ਮਨ ਦੀਆਂ ਅਤ੍ਰਿਪਤ ਇੱਛਾਵਾਂ ਨੂੰ ਸਾਹਿਤ ਦਾ ਸਰੋਤ ਦੱਸਿਆ ਹੈ। ਇਸ ਲਈ ਇਨ੍ਹਾਂ ਵਿਚਾਰਾਂ ਦੇ ਆਲੋਚਕ ਇਹ ਕਹਿੰਦੇ ਹਨ ਕਿ ਸਾਹਿਤਕਾਰ ਅਤੇ ਉਸਦੀ ਰਚਨਾ ਨੂੰ ਪੂਰਨਭਾਂਤ ਸਮਝਣ ਲਈ ਸਾਹਿਤਕਾਰ ਦੀ ਮਾਨਸਿਕਤਾ ਅਤੇ ਉਸ ਦੇ ਪਾਤਰਾਂ ਦੇ ਸੁਭਾਅ ਦਾ ਵਿਸ਼ਲੇਸਣ ਜਰੂਰੀ ਹੈ

ਇਸ ਆਲੋਚਨਾ ਦਾ ਦੋਸ਼ ਇਹ ਹੈ ਕਿ ਸਾਹਿਤਕਾਰ ਦੀ ਮਾਨਸਿਕਤਾ ਨਾਲ ਜੁੜੀ ਹੋਣ ਕਰਕੇ ਸਮਾਜ ਦੇ ਸਮੁੱਚੇ ਵਰਤਾਰੇ ਨਾਲੋਂ ਟੁੱਟਕੇ ਅਣਯਥਾਰਥਕ ਸਿੱਟੇ ਕੱਢਦੀ ਹੈ। ਸਾਹਿਤਕਾਰ ਦੇ ਜੀਵਨ ਨਾਲ ਸੰਬੰਧਿਤ ਹੋਣ ਕਰਕੇ ਹੀ ਇਹ ਆਲੋਚਕ ਸਾਹਿਤਕ ਆਲੋਚਨਾ ਨਾ ਰਹਿ ਕੇ ਇੱਕ ਜੀਵਨਤਮਕ ਆਲੋਚਨਾ ਬਣ ਕੇ ਰਹਿ ਜਾਂਦੀ ਹੈ।

### ਪ੍ਰਭਾਵਵਾਦੀ ਆਲੋਚਨਾ

ਇਸ ਆਲੋਚਨਾ ਨੂੰ ਆਤਮਨਿਸ਼ਠ ਆਲੋਚਨਾ ਵੀ ਕਿਹਾ ਜਾਂਦਾ ਹੈ। ਕਿਉਂਕਿ ਇਸ ਰਾਹੀਂ ਆਲੋਚਕ ਕੋਈ ਰਚਨਾ ਪੜ੍ਹਕੇ ਐਨਾ ਅੰਤਰਮੁਖੀ ਹੋ ਜਾਂਦਾ ਹੈ ਕਿ ਉਹ ਰਚਨਾਕਾਰ ਤੋਂ ਕੋਈ ਪ੍ਰਭਾਵ ਅਪਣੇ ਮਨ ਤੇ ਪੁਆ ਬੈਠਦਾ ਹੈ। ਫਿਰ ਉਹਨਾਂ ਪ੍ਰਭਾਵਾਂ ਦੀ ਹੀ ਵਿਆਖਿਆ ਕਰਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਪ੍ਰਭਾਵਵਾਦੀ ਆਲੋਚਨਾ ਹੈ। ਕਹਿਣ ਦਾ ਭਾਵ ਹੈ ਕਿ ਪਹਿਲੇ ਆਲੋਚਕ ਕਿਸੇ ਦੀ ਰਚਨਾ ਪੜ੍ਹਦਾ ਹੈ ਅਤੇ ਫਿਰ ਉਸ ਵਿੱਚੋਂ ਉਸਨੂੰ ਚਮਤਕਾਰੀ ਗੱਲ ਅਪੀਲ ਕਰਦੀ ਹੈ ਤੇ ਉਸ ਅਪੀਲ ਕੀਤੀ ਗੱਲ ਤੇ ਪ੍ਰਤੀਕਰਮ ਵਜੋਂ ਮਨ ਵਿੱਚ ਉਪਜੇ ਪ੍ਰਭਾਵਾਂ ਦਾ ਨਿਰੂਪਣ ਕਰਦਾ ਹੈ। ਇਹ ਨਿਰੂਪਿਤ ਪ੍ਰਭਾਵ ਹੀ ਉਸਦੀ ਪ੍ਰਭਾਵਵਾਦੀ ਆਲੋਚਨਾ ਵੱਲ ਸੰਕੇਤ ਕਰਦੇ ਹਨ। ਇਹ ਆਲੋਚਨਾ ਆਲੋਚਕ ਦੀ ਵਿਅਕਤੀਗਤ ਅਨੁਭੂਤੀ ਦੀ ਪ੍ਰਤੀਕ ਹੁੰਦੀ ਹੈ। ਜੋ ਕਵੀ ਦੀ ਕਲਾਤਮਕ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਕੀਤੀ ਹੁੰਦੀ ਹੈ। ਇਸ ਆਲੋਚਨਾ ਰਾਹੀਂ ਰਚਨਾ ਦਾ ਆਲੋਚਨਾਤਮਕ ਵਿਸ਼ਲੇਸ਼ਣ ਨਹੀਂ ਕੀਤਾ ਜਾਂਦਾ, ਸਗੋਂ ਰਚਨਾ ਵਿਚਲੇ ਜੋ ਪ੍ਰਭਾਵ ਆਲੋਚਕ ਦੇ ਮਨ ਤੇ ਪਏ ਹੁੰਦੇ ਹਨ, ਉਹਨਾਂ ਦਾ ਪ੍ਰਤੀਕਰਮ ਹੀ ਅਭਿਵਿਅਕਤ ਹੁੰਦਾ ਹੈ।

### ਪ੍ਰਗਤੀਵਾਦੀ ਜਾਂ ਮਾਰਕਸਵਾਦੀ ਆਲੋਚਨਾ

ਇਸ ਆਲੋਚਨਾ ਪ੍ਰਣਾਲੀ ਨੂੰ ਅਸੀਂ ਸਮਾਜਵਾਦੀ ਯਥਾਰਥ ਦੇ ਅੰਤਰਗਤ ਵੀ ਵਿਚਾਰਦੇ ਸਕਦੇ ਹਾਂ। ਇਸ ਆਲੋਚਨਾ ਨੂੰ ਵਿਕਸਿਤ ਕਰਨ ਵਾਲਾ ਪ੍ਰਮੁੱਖ ਰੂਪ ਵਿੱਚ ਕਾਰਲ ਮਾਰਕਸ ਹੈ ਜੋ ਸਮਾਜੀ ਵਿਵਸਥਾ ਦਾ ਮੂਲ ਆਧਾਰ ਆਰਥਿਕਤਾ ਨੂੰ ਹੀ ਮੰਨਦਾ ਹੈ। ਇਹ ਆਰਥਿਕਤਾ ਹੀ ਹੈ ਜਿਸ ਨੇ ਦੁਨੀਆ ਵਿੱਚ ਦੋ ਧੜੇ ਸਾਧਨਹੀਣ ਅਤੇ ਸਾਧਨਸ਼ੀਲ ਬਣਾਏ ਹਨ। ਇਨ੍ਹਾਂ ਦੋ ਧੜਿਆਂ ਜਾਂ ਵਰਗਾ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਲਈ ਮਾਰਕਸ ਸ਼੍ਰੇਣੀਰਹਿਤ ਸਮਾਜ ਦਾ ਪ੍ਰਸਤਾਵ ਰੱਖਦਾ ਹੈ ਜਿਸਦੀ ਉੱਪਲਬਧੀ ਸ਼੍ਰੇਣੀ ਸੰਘਰਸ਼ ਵਿੱਚ ਹੀ ਹੋ ਸਕਦੀ ਹੈ। ਅਜਿਹੀ ਆਲੋਚਨਾ ਦੇ ਅੰਤਰਗਤ ਕੀਤਾ ਗਿਆ ਵਿਸ਼ਲੇਸ਼ਣ ਸ਼੍ਰੇਣੀ ਸੰਘਰਸ਼ ਨੂੰ ਪਹਿਲ ਦਿੰਦਾ ਹੈ। ਇਸ ਕਿਸਮ

ਦਾ ਆਲੋਚਕ ਕਿਸੇ ਵੀ ਰਚਨਾ ਨੂੰ ਸਰਵੋਤਮ ਕਹਿਣ ਲਈ ਰਚਨਾ ਵਿੱਚੋਂ ਕਿਰਤੀ ਜਮਾਤ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਘੋਲਾਂ ਬਾਰੇ ਕੀਤੀਆਂ ਗੱਲਾਂ ਦਾ ਲੇਖਾ ਜੋਖਾ ਕਰਦਾ ਹੈ। ਉਹ ਕਿਰਤੀ ਸ਼੍ਰੇਣੀ ਨੂੰ ਸ਼ੋਸਿਕ ਧਿਰ ਤੋਂ ਆਪਣੇ ਹੱਕ ਖੋਹਣ ਲਈ ਜਥੇਬੰਦ ਹੋਣ ਦੀ ਪ੍ਰੇਰਣਾ ਦੇਣ ਵਾਲੇ ਕਥਨਾਂ ਨੂੰ ਢੂੰਡਦਾ ਹੈ। ਮਾਰਕਸ ਦੇ ਸਿਧਾਂਤ ਦਵੰਦਾਤਮਕ ਭੌਤਿਕਵਾਦ ਅਨੁਸਾਰ ਸ੍ਰਿਸ਼ਟੀ ਦਾ ਆਧਾਰ ਪਦਾਰਥ ਹੈ ਜੋ ਪਰਵਰਤਲਸ਼ੀਲ ਵੀ ਹੈ ਅਤੇ ਜਿਹੜਾ ਪਹਿਲਾ ਹੀ ਸ੍ਰਿਸ਼ਟੀ ਵਿੱਚ ਮੌਜੂਦ ਹੁੰਦਾ ਹੈ। ਪਦਾਰਥ ਅਤੇ ਚਿੱਤ ਦੇ ਆਪਸੀ ਦਾਵੰਦ ਕਰਕੇ ਹੀ ਇਸ ਨੂੰ ਦਾਵੰਦਾਤਮਕ ਭੌਤਿਕਵਾਦ ਦਾ ਨਾਮ ਦਿੱਤਾ ਗਿਆ ਹੈ। ਮਾਰਕਸ ਦੀ ਇਸ ਆਲੋਚਨਾ ਪੱਧਤੀ ਦਾ ਮਗਰੋਂ ਮੈਕਸਿਮ ਗੋਰਕੀ ਤੇ ਪਲੈਖਾਨੋਵ ਵਰਗਿਆ ਵਿਸਥਾਰ ਕੀਤਾ। ਪੰਜਾਬੀ ਵਿੱਚ ਪ੍ਰਿੰ. ਸੰਤ ਸਿੰਘ ਸੇਖੋ ਅਤੇ ਪ੍ਰੋ. ਕਿਸ਼ਨ ਸਿੰਘ ਦੀ ਆਲੋਚਨਾ ਇਸ ਪੱਧਰ ਦੀ ਮੰਨੀ ਗਈ ਹੈ।

ਇਸ ਆਲੋਚਨਾ ਦਾ ਦੋਸ਼ ਇਹ ਹੈ ਕਿ ਇਹ ਸੁਹਜ ਸੁਆਦ ਅਤੇ ਕਲਾ ਪੱਖ ਨੂੰ ਬਿਲਕੁਲ ਨਜ਼ਰ ਅੰਦਾਜ ਕਰਕੇ ਵਸਤੂ ਪਦਾਰਥ ਉੱਪਰ ਬਲ ਦਿੱਤਾ ਜਾਂਦਾ ਹੈ। ਦੂਸਰਾ ਇਸ ਵਿੱਚ ਵਿਅਕਤੀਗਤ ਪ੍ਰਤਿਭਾ ਦੇ ਚਮਤਕਾਰੀ ਪ੍ਰਭਾਵ ਨੂੰ ਪਹਿਲ ਦੇਣ ਦੀ ਥਾਂ ਸਮੂਹਿਕ ਹਿੱਤ ਹੀ ਪਰਖੇ ਜਾਂਦੇ ਹਨ। ਇੰਝ ਕਈ ਵਾਰ ਆਲੋਚਨਾ ਕਰਦਿਆਂ ਕਵਿਤਾ ਵਿੱਚੋਂ ਕਵੀ ਦੀ ਸ਼ਖਸੀਅਤ ਖਤਮ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇਸ ਆਲੋਚਨਾ ਪੱਧਤੀ ਦਾ ਇੱਕ ਹੋਰ ਨੁਕਸ ਇਹ ਵੀ ਹੈ ਕਿ ਉਹ ਆਰਥਿਕ ਮੁੱਲਾਂ ਨੂੰ ਐਨਾਂ ਮਹੱਤਵਪੂਰਣ ਮੰਨਦੀ ਹੈ ਕਿ ਇਸਦੇ ਦਬਾਅ ਹੇਠ ਆ ਕੇ ਸਮਾਜ ਦੇ ਦੂਸਰੇ ਮੁੱਲ ਅਤੇ ਸਰੋਕਾਰ ਗਾਇਬ ਹੋ ਕੇ ਰਹਿ ਜਾਂਦੇ ਹਨ ਪਰ ਇਸਦੀ ਜੋ ਵੱਡੀ ਦੇਣ ਹੈ ਉਹ ਇਹ ਹੈ ਕਿ ਇਸ ਆਲੋਚਨਾ ਨੇ ਸਾਹਿਤ ਵਿੱਚ ਪ੍ਰਵੇਸ਼ ਪਲਾਇਨਵਾਦੀ ਰੁਚੀਆਂ ਦਾ ਨਾਕਾਰਣ ਕੀਤਾ।

**ਸੰਰਚਨਾਵਾਦੀ ਆਲੋਚਨਾ**

ਸੰਰਚਨਾਵਾਦ ਦਾ ਅੰਗਰੇਜ਼ੀ ਪਰਿਆਇ ਹੈ:ਸਟਰਕਚਾਲਿਜਮ ਜਿਸਦਾ ਦੂਸਰਾ ਅਰਥ ਹੈ: ਸਿਸਟਮ। ਇਸ ਆਲੋਚਨਾ ਦੇ ਸਮਰਥਕ ਇਹ ਕਹਿੰਦੇ ਹਨ ਕਿ ਗਿਆਨ ਦੀ ਪ੍ਰਾਪਤੀ ਉਹਨਾਂ ਚਿਰ ਆਧੂਰੀ ਹੈ ਜਿਨ੍ਹਾਂ ਚਿਰ ਕਵਿਤਾ ਦੇ ਸਾਰਿਆ ਅੰਗਾਂ ਦਾ ਇੱਕ ਦੁਜੇ ਨਾਲ ਸੰਬੰਧ ਨਾ ਜੁੜਦਾ ਹੋਵੇ। ਇੱਕ ਅੰਗ ਸੰਕਲਪ ਦੀ ਸਾਰਥਕਤਾ ਤਾਂ ਹੀ ਗ੍ਰਹਿਣ ਹੋਵੇਗੀ ਜੇਕਰ ਉਸਦਾ ਰਿਸ਼ਤਾ ਕਵਿਤਾ ਦੇ ਦੂਜੇ ਅੰਗ ਨਾਲ ਵੀ ਹੋਵੇ। ਡਾ. ਹਰਿਭਜਨ ਸਿੰਘ ਅਨੁਸਾਰ, ਸੰਰਚਨਾਵਾਦ ਕੋਈ ਸਿਧਾਂਤ ਨਹੀਂ, ਕੇਵਲ ਇੱਕ ਦ੍ਰਿਸ਼ਟੀ ਬਿੰਦੂ ਹੈ ਗਿਆਨ ਪ੍ਰਾਪਤੀ ਦਾ। ਇਸਦੀ ਮੂਲ ਸਥਾਪਨਾ ਇਹ ਹੈ ਕਿ ਕਿਸੇ ਵਸਤੂ ਵਿਸ਼ੇਸ ਨੂੰ ਇੱਕ ਸੰਰਚਨਾ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਸੰਰਚਨਾ ਇੱਕ ਸਮੁੱਚ ਹੈ ਜਿਸਦੇ ਅੰਗ ਇੱਕ ਦੂਜੇ ਨਾਲ ਸਾਰਥਕ ਰੂਪ ਵਿੱਚ ਅੰਤਰ ਸੰਬੰਧਿਤ ਰਹਿੰਦੇ ਹਨ ਤੇ ਸਮੁੱਚ ਦੇ ਸਾਰਥਕ ਰੂਪ ਵਿੱਚ ਇਸਦਾ ਵਡੇਰੇ ਸਮਾਜਿਕ ਪਸਾਰੇ ਵਿੱਚ ਇੱਕ ਸਾਰਥਕ ਪ੍ਰਯੋਜਨ ਹੁੰਦਾ ਹੈ।

**ਰੂਪਕੀ ਆਲੋਚਨਾ**

ਇਸ ਆਲੋਚਨਾ ਪ੍ਰਣਾਲੀ ਦਾ ਮੁੱਖ ਫਾਇਦਾ ਇਹ ਹੈ ਕਿ ਕਵੀ ਦੇ ਨਿੱਜ ਨਾਲੋਂ ਕਵਿਤਾ ਦਾ ਨਾਤਾ ਤੋੜ ਕੇ ਆਲੋਚਕ ਉਸਦੀ ਕਵਿਤਾ ਦਾ ਮੁਲਾਂਕਣ ਕਰਦਾ ਹੈ। ਇਸ ਪ੍ਰਣਾਲੀ ਵਿੱਚ ਭਾਸ਼ਾ ਵਿਗਿਆਨ, ਮਾਨਵ ਵਿਗਿਆਨ ਅਤੇ ਗਣਿਤ ਵਿਗਿਆਨ ਆਦਿ ਦੀਆਂ ਕਈ ਵਿਗਿਆਨਕ ਤਕਨੀਕਾਂ ਨੂੰ ਨਜ਼ਰ ਗੋਚਰੇ ਰੱਖਿਆ ਜਾਂਦਾ ਹੈ। ਇਸ ਆਲੋਚਨਾ ਦੇ ਸਮਰਥਕਾਂ ਨੇ ਪੰਜਾਬੀ ਸਾਹਿਤ ਵਿੱਚ ਇੱਕ ਅਜਿਹੀ ਆਲੋਚਨਾ ਦੀ ਪਿਰਤ ਪਾਈ ਜਿਸਦਾ ਆਧਾਰ ਬਿਲਕੁਲ ਵਿਗਿਆਨ ਸੀ। ਪਰ ਫਿਰ ਵੀ ਇਸ ਆਲੋਚਨਾ ਦਾ ਇਹ ਦੋਸ਼ ਮੰਨਿਆ ਗਿਆ ਹੈ ਕਿ ਇਹ ਸਾਮਾਜ ਦੇ ਸਮੁੱਚੇ ਵਰਤਾਰੇ ਉੱਪਰ ਕੋਈ ਆਲੋਚਨਾਤਮਕ ਟਿੱਪਣੀ ਨਹੀਂ ਕਰਦੀ। ਇਸ ਤੋਂ ਬਾਅਦ ਕਈ ਆਲੋਚਨਾ ਵਿਧੀਆਂ ਹੋਂਦ ਵਿੱਚ ਆ ਚੁੱਕੀਆ ਹਨ। ਸ਼ੈਲੀ ਵਿਗਿਆਨ, ਭਾਸ਼ਾ ਵਿਗਿਆਨ ਅਤੇ ਚਿੰਨ੍ਹ ਵਿਗਿਆਨ ਆਦਿ ਕਈ ਸਮੀਖਿਆ ਵਿਧੀਆ ਅੱਜ ਕੱਲ੍ਹ ਕਾਰਜਸ਼ੀਲ ਹਨ ਜੋ ਪੰਜਾਬੀ ਸਮੀਖਿਆ ਦਾ ਖੇਤਰ ਮੋਕਲ੍ਹਾ ਕਰ ਰਹੀਆ ਹਨ।

# ਆਧੁਨਿਕ ਪੰਜਾਬੀ ਆਲੋਚਨਾ: ਪ੍ਰਮੁੱਖ ਪ੍ਰਵਿਰਤੀਆਂ

## (ੳ) ਪ੍ਰਗਤੀਵਾਦੀ ਪੰਜਾਬੀ ਆਲੋਚਨਾ

ਪ੍ਰਗਤੀਵਾਦੀ ਪੰਜਾਬੀ ਆਲੋਚਨਾ ਪੰਜਾਬੀ ਆਲੋਚਨਾ ਦੇ ਇਤਿਹਾਸ ਵਿੱਚ ਪਹਿਲੀ ਵਿਧੀਵਤ ਆਲੋਚਨਾ ਪ੍ਰਣਾਲੀ ਹੈ। ਇਸਤੋਂ ਪਹਿਲਾਂ ਦੀ ਆਲੋਚਨਾ ਅੰਗ੍ਰੇਜ਼ੀ ਬਸਤੀਵਾਦ ਨਾਲ ਅਤੇ ਸਾਹਿਤ ਸਿਧਾਂਤਾ ਦੀ ਪੇਤਲੀ ਜਿਹੀ ਜਾਣਕਾਰੀ ਵਾਲੀ ਸੀ, ਜਿਸ ਵਿੱਚ ਭਾਰਤੀ ਕਾਵਿ ਸ਼ਾਸਤਰ ਦੇ ਵਿਭਿੰਨ ਸਿਧਾਂਤਾਂ ਦਾ ਵੀ ਦਖਲ ਸੀ। ਇਹ ਸਾਰੀ ਆਲੋਚਨਾ ਆਦਰਸ਼ਵਾਦੀ ਅਤੇ ਸਾਹਿਤ ਨੂੰ ਮਨੋਰੰਜਨ ਤੋਂ ਉੱਪਰ ਉੱਠ ਕੇ ਨਹੀਂ ਦੇਖ ਸਕੀ। ਪ੍ਰਗਤੀਵਾਦੀ ਪੰਜਾਬੀ ਆਲੋਚਨਾ ਪਹਿਲੀ ਪੰਜਾਬੀ ਆਲੋਚਨਾ ਨਾਲੋਂ ਇਸ ਪੱਖ ਤੋਂ ਨਿਵੇਕਲੀ ਹੈ ਕਿ ਇਸਨੇ ਸਾਹਿਤ ਨੂੰ ਇੱਕ ਸੱਭਿਆਚਾਰਕ ਸਿਰਜਣਾ ਬਣਾਉਂਦੇ ਸਾਹਿਤਕਾਰ ਨੂੰ ਵਿਚਾਰਧਾਰਕ ਕਾਮਾ ਕਹਿ ਕੇ ਉਸਦੀ ਰਚਨਾ ਨੂੰ ਸਮਾਜਕ ਸੰਘਰਸ਼ ਦਾ ਇੱਕ ਅਨਿੱਖੜ ਅੰਗ ਬਣਾ ਕੇ ਵੇਖਿਆ। ਇਸ ਨਾਲ ਸਾਹਿਤ ਦੀ ਹੋਂਦ, ਮੰਤਵ ਅਤੇ ਪ੍ਰਸੰਗ ਆਦਿ ਨੂੰ ਨਵੇਂ ਅਰਥ ਪ੍ਰਦਾਨ ਕੀਤੇ। ਪ੍ਰਗਤੀਵਾਦੀ ਬਿਨਾਂ ਸ਼ਰਤ ਮਾਰਕਸਵਾਦੀ ਵਿਚਾਰਾ ਦਾ ਸਿਧਾਂਤਕ ਪਰਿਪੇਖ ਹੈ ਪਰੰਤੂ ਪੰਜਾਬੀ ਵਿੱਚ ਚੱਲੀ ਪ੍ਰਗਤੀਵਾਦੀ ਸਾਹਿਤਧਾਰਾ ਨਾਲ ਸਾਡੇ ਕੁੱਝ ਚਿੰਤਕ ਇਸਨੂੰ ਸੰਬੋਧਿਤ ਕਰ ਲੈਂਦੇ ਹਨ, ਜਦੋਂ ਕਿ ਪ੍ਰਗਤੀਵਾਦੀ ਸਾਹਿਤਕ ਧਾਰਾ ਵਿਚ ਇਕੱਲੀ ਮਾਰਕਸੀ ਦ੍ਰਿਸ਼ਟੀ ਨਹੀਂ ਸੀ, ਸਗੋਂ ਹੋਰ ਵਿਚਾਰ ਵੀ ਨਾਲ ਨਾਲ ਚਲ ਰਹੇ ਹਨ।

ਇਸ ਤਰ੍ਹਾਂ ਭਾਰਤੀ ਸਮਾਜਕ ਰਾਜਨੀਤਕ ਪਰਿਵੇਸ਼ ਵਿਚੋਂ ਜਿਹੜਾ ਪ੍ਰਗਤੀਵਾਦੀ ਸਾਹਿਤਕ ਅੰਦੋਲਨ ਉਤਪੰਨ ਹੁੰਦਾ ਹੈ। ਉਸਨੇ ਪੰਜਾਬੀ ਸਾਹਿਤ ਸਿਰਜਣਧਾਰਾ ਨੂੰ ਪੰਜਾਬੀ ਸਾਹਿਤ ਆਲੋਚਨਾ ਨਾਲੋਂ ਵੱਖਰੀ ਤਰ੍ਹਾਂ ਨਾਲ ਪ੍ਰਭਾਵਤ ਕੀਤਾ ਹੈ।

ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਪਹਿਲਾ ਸੰਸਥਾਪਕ ਆਲੋਚਕ ਸੰਤ ਸਿੰਘ ਸੇਖੋਂ ਹੈ। ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਨਾਲ ਜਿਥੇ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦਾ ਉਦੈ ਹੁੰਦਾ ਹੈ, ਉਥੇ ਪੰਜਾਬੀ ਆਲੋਚਨਾ ਦੇ ਇਤਿਹਾਸ ਵਿਚ ਸਿਧਾਂਤਕ ਅਤੇ ਸੁਚੇਤ ਵਿਚਾਰਧਾਰਕ ਆਲੋਚਨਾ ਦਾ ਦੌਰ ਵੀ ਆਰੰਭ ਹੁੰਦਾ ਹੈ।

ਸੰਤ ਸਿੰਘ ਸੇਖੋਂ ਤੋਂ ਬਾਅਦ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੀ ਵਿਕਾਸ ਰੇਖਾ ਵਿਚ ਅਗਲਾ ਮਹੱਤਵਪੂਰਨ ਆਲੋਚਕ ਪ੍ਰੋ. ਕਿਸ਼ਨ ਸਿੰਘ ਹੈ। ਪ੍ਰੋ. ਕਿਸ਼ਨ ਸਿੰਘ ਤੋਂ ਬਾਅਦ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਦੇ ਇਤਿਹਾਸਕ ਵਿਕਾਸ ਵਿਚ ਅਗਲਾ ਮਹੱਤਵਪੂਰਨ ਨਾਂ ਡਾ. ਅਤਰ ਸਿੰਘ ਦਾ ਹੈ। ਇਨ੍ਹਾਂ ਤੋਂ ਬਾਅਦ ਡਾ. ਤੇਜਵੰਤ ਸਿੰਘ ਗਿੱਲ, ਡਾ. ਟੀ.ਆਰ ਵਿਨੋਦ ਅਤੇ ਡਾ. ਕੇਸਰ ਸਿੰਘ ਕੇਸਰ ਇਤਿਹਾਸਕ ਕ੍ਰਮ ਅਨੁਸਾਰ ਸਾਹਮਣੇ ਆਉਂਦੇ ਹਨ। ਪ੍ਰਗਤੀਵਾਦੀ ਪੰਜਾਬੀ ਆਲੋਚਨਾ ਵਿਚ ਹੋਰ ਵੀ ਕੁਝ ਆਲੋਚਕਾਂ ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੇ ਇਸ ਵਿਚਾਰਧਾਰਕ ਦ੍ਰਿਸ਼ਟੀ ਤੋਂ ਸਾਹਿਤ ਅਤੇ ਸਭਿਆਚਾਰ ਦੇ ਵਿਭਿੰਨ ਰੂਪਾਂ ਵਿਚ ਕੰਮ ਕੀਤਾ ਹੈ। ਇਨ੍ਹਾਂ ਆਲੋਚਕਾਂ ਵਿਚ ਡਾ. ਗੁਰਬਖ਼ਸ਼ ਸਿੰਘ ਫਰੈਂਕ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਕਰਮਜੀਤ ਸਿੰਘ ਅਤੇ ਡਾ. ਕੁਲਬੀਰ ਸਿੰਘ ਕਾਂਗ ਦੇ ਨਾਂ ਸ਼ਾਮਲ ਕੀਤੇ ਜਾ ਸਕਦੇ ਹਨ। ਇਨ੍ਹਾਂ ਨੇ ਗਲਪ, ਸਭਿਆਚਾਰ ਅਤੇ ਕਵਿਤਾ ਦੇ ਖੇਤਰ ਵਿੱਚ ਵਿਸ਼ੇਸ਼ ਕੰਮ ਕਰਕੇ ਪ੍ਰਗਤੀਵਾਦੀ ਪੰਜਾਬੀ ਆਲੋਚਨਾ ਨੂੰ ਵਿਕਸਤ ਕੀਤਾ ਹੈ ਅਤੇ ਇਸਨੂੰ ਸਮਰਿਧ ਆਲੋਚਨਾ ਧਾਰਾ ਬਣਾਇਆ ਹੈ।

## (ਅ) ਰੂਪਵਾਦੀ ਪੰਜਾਬੀ ਆਲੋਚਨਾ

ਰੂਪ ਵਿਗਿਆਨ ਦਾ ਸੰਬੰਧ ਸਾਹਿਤ ਅਧਿਐਨ ਨਾਲ ਹੈ। ਇਹ ਅਧਿਐਨ ਦੀ ਐਸੀ ਵਿਧੀ ਹੈ ਜਿਸਦਾ ਸੰਬੰਧ ਅਰਸਤੂ ਦੇ ਰੂਪ ਸੰਕਲਪ ਨਾਲ ਸਥਾਪਤ ਕੀਤਾ ਜਾ ਸਕਦਾ ਕਿਉਂਕਿ ਉਸਨੇ ਕਈ ਕਿਰਤਾਂ ਦਾ ਅਧਿਐਨ 'ਰੂਪ' ਦੀ ਦ੍ਰਿਸ਼ਟੀ ਤੋਂ ਕੀਤਾ ਸੀ ਜਿਸ ਦਾ ਆਧਾਰ ਉਸਦੇ ਸਾਹਿਤ ਸਿਧਾਂਤਾਂ ਨੂੰ ਮੰਨਿਆ ਜਾ ਸਕਦਾ ਹੈ।

ਰੂਪ ਦੀ ਦ੍ਰਿਸ਼ਟੀ ਤੋਂ ਸਾਹਿਤ ਨੂੰ ਪਛਾਨਣ ਦਾ ਆਰੰਭ ਅਰਸਤੂ ਤੋਂ ਹੀ ਸ਼ੁਰੂ ਹੋ ਗਿਆ ਸੀ। ਪਰੰਤੂ ਉਸ ਤੋਂ ਬਾਅਦ ਰਚਨਾ ਨੂੰ ਵਸਤੂ ਅਤੇ ਰੂਪ ਦੀ ਦਵੈਤ ਵਿਚ ਵੰਡ ਦੇਣ ਕਰਕੇ ਸਾਹਿਤਕ ਰਚਨਾ, ਖੰਡਿਤ ਹੋ ਗਈ। 1925 ਤੋਂ 1960 ਤੱਕ ਵੱਖਰੀਆਂ-ਵੱਖਰੀਆਂ ਆਲੋਚਨਾ ਵਿਧੀਆਂ ਅਕਾਦਮਿਕ ਖੇਤਰ ਵਿਚ ਆਉਂਦੀਆਂ ਹਨ। ਇਨ੍ਹਾਂ ਨੂੰ ਵਿਸ਼ਵ ਵਿਚ ਨਵ-ਆਲੋਚਨਾ ਕਿਹਾ ਜਾਣ ਲੱਗਾ। ਇਸ

ਨਵ-ਆਲੋਚਨਾ ਦੇ ਦੋ ਵੱਡੇ ਕੇਂਦਰ ਰੂਸ ਅਤੇ ਅਮਰੀਕਾ ਸਨ। ਇਸ ਪ੍ਰਣਾਲੀ ਨੂੰ ਰੂਸ ਵਿਚ ਰੂਪਵਾਦੀ ਆਲੋਚਨਾ ਅਤੇ ਅਮਰੀਕਾ ਵਿਚ ਨਵ-ਆਲੋਚਨਾ ਕਿਹਾ ਗਿਆ। ਵੀਹਵੀਂ ਸਦੀ ਦੇ ਰੂਪਵਾਦ ਨੇ ਆਪਣੇ ਤੋਂ ਪਹਿਲੇ ਆਦਰਸ਼ਵਾਦੀ ਚਿੰਤਨ ਨੂੰ ਰੱਦ ਕਰਕੇ ਨਵਾਂ 'ਰੂਪ' ਸੰਕਲਪ ਪੈਦਾ ਕੀਤਾ। ਆਦਰਸ਼ਵਾਦੀ ਚਿੰਤਨ ਅਨੁਸਾਰ 'ਰੂਪ' ਭਾਂਡਾ ਹੈ ਅਤੇ ਵਸਤੂ ਉਸ ਵਿਚ ਪਾਈ ਜਾਣ ਵਾਲੀ ਵਸਤੂ ਸਮੱਗਰੀ। ਪਰੰਤੂ ਵੀਹਵੀਂ ਸਦੀ ਦੇ ਰੂਪਵਾਦ ਨੇ ਆਪਣਾ ਆਧਾਰ ਭਾਸ਼ਾ ਵਿਗਿਆਨਕ ਲੱਭਤਾਂ ਨੂੰ ਬਣਾਇਆ ਇਸ ਕਰਕੇ ਵੀਹਵੀਂ ਸਦੀ ਦੀਆਂ ਬਹੁਤੀਆਂ ਆਲੋਚਨਾ ਪ੍ਰਣਾਲੀਆਂ ਆਪਣੇ ਵਿਚ ਕੁਝ ਸਮਾਨਤਾਵਾਂ ਰੱਖਦੀਆਂ ਹਨ। ਰੂਪਵਾਦੀਆਂ ਨੇ ਜਿਸ ਰੂਪ ਦੇ ਸੰਕਲਪ ਨੂੰ ਹੋਂਦ ਵਿਚ ਲਿਆਂਦਾ ਉਸਦਾ ਉਦੇਸ਼ ਸਾਹਿਤਕ ਰਚਨਾਵਾਂ ਨੂੰ ਰੂਪ ਦੀ ਦ੍ਰਿਸ਼ਟੀ ਤੋਂ ਪੜ੍ਹਨ ਸਮਝਣ ਦਾ ਸੀ। ਇਨ੍ਹਾਂ ਨੇ ਜੋ ਸਾਹਿਤ ਰਚਨਾ ਲਈ ਸਿਧਾਂਤ ਬਣਾਏ, ਉਹ ਨਿਰੋਲ ਰਚਨਾ ਦੇ ਅੰਦਰੂਨੀ ਨੇਮਾਂ ਉਪਰ ਕੇਂਦਰਿਤ ਰਹਿੰਦੇ ਹਨ।

ਰੂਪਵਾਦੀ ਚਿੰਤਨ ਨੂੰ ਵਿਸ਼ਵ ਵਿਚ ਦੋ ਕੋਟੀਆਂ ਵਿਚ ਸਮਝਿਆ ਗਿਆ ਹੈ:

1. ਅਮਰੀਕੀ ਨਵ-ਆਲੋਚਨਾ
2. ਰੂਸੀ ਰੂਪਵਾਦ ਆਲੋਚਨਾ

**1. ਅਮਰੀਕੀ ਨਵ-ਆਲੋਚਨਾ :** ਅਮਰੀਕੀ ਨਵ-ਆਲੋਚਨਾ ਦਾ ਆਰੰਭ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਹੁੰਦਾ ਹੈ। ਪਰੰਤੂ ਇਹ ਅਰਸਤੂ, ਕਾਂਤ, ਕਾਲਰਿਜ ਅਤੇ ਕ੍ਰੋਚੇ ਦੇ ਵਿਚਾਰਾਂ ਨੂੰ ਉਤਪਨ ਹੋਣ ਵਾਲੀ ਪ੍ਰਣਾਲੀ ਸੀ। ਅਮਰੀਕਾ ਨਵ-ਆਲੋਚਨਾ ਨੇ ਅਰਸਤੂ ਦੀਆਂ ਉਨ੍ਹਾਂ ਧਾਰਨਾਵਾਂ ਉਪਰ ਵਧੇਰੇ ਬਲ ਦਿੱਤਾ, ਜਿਹੜੀਆਂ ਰਚਨਾ ਦੀਆਂ ਅੰਤਰੰਗ ਵਿਸ਼ੇਸ਼ਤਾਵਾਂ ਨਾਲ ਸੰਬੰਧਿਤ ਸੀ। ਅਮਰੀਕੀ ਨਵ-ਆਲੋਚਨਾ ਜਾਂ ਕਰੋਚੇ ਰੈਨਸਮ, ਐਲਨਟੇਟ, ਕਲਿੰਥ ਬਰੁਕਸ, ਆਰ.ਪੀ. ਬਲੈਕਮਰ ਦੀ ਆਲੋਚਨਾ ਵਿਚ ਇਹ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਟੀ.ਈ. ਹਿਊਮ ਅਤੇ ਟੀ.ਐਸ. ਇਲੀਅਟ ਦੇ ਵਿਚਾਰਾਂ ਨੂੰ ਅਮਰੀਕੀ ਨਵ-ਆਲੋਚਨਾ ਵਿਚ ਖਾਸ ਤੌਰ ਤੇ ਵਿਚਾਰਿਆ ਗਿਆ। ਇਲੀਅਟ ਦੇ ਤਿੰਨ ਮੂਲ ਸੰਕਲਪ ਇਸ ਆਲੋਚਨਾ ਵਿਚ ਕੇਂਦਰੀ ਮਹੱਤਵ ਰੱਖਦੇ ਹਨ:

1) ਨਵੀਆਂ ਰਚਨਾਵਾਂ ਦੇ ਹੋਂਦ ਵਿਚ ਆਉਣ ਨਾਲ ਸਾਹਿਤਕ ਪਰੰਪਰਾ ਅਤੇ ਸਾਹਿਤ ਇਤਿਹਾਸ ਪ੍ਰਵਰਤਿਤ ਹੁੰਦਾ ਹੈ।

2) ਲੇਖਕ ਦਾ ਅਨੁਭਵ ਉਸ ਦੀ ਕਲਾ ਕਿਰਤ ਵਿਚ ਹੀ ਹੁੰਦਾ ਹੈ। ਇਸ ਕਰਕੇ ਲੇਖਕ ਉਪਰ ਆਲੋਚਕ ਨੂੰ ਕੇਂਦਰਿਤ ਰਹਿਣਾ ਚਾਹੀਦਾ ਹੈ।

3) ਕਲਾ ਜੀਵਨ-ਪਰਕ ਹਵਾਲਿਆਂ ਤੋਂ ਰਹਿਤ ਹੁੰਦੀ ਹੈ।

ਆਈ.ਏ. ਰਿਚਰਡਸ ਨੇ ਵਿਹਾਰਕ ਸਮੀਖਿਆ ਵਿਚ ਇਸ ਵਿਧੀ ਨੂੰ ਅਪਣਾ ਕੇ ਆਲੋਚਨਾ ਕੀਤੀ, ਜਿਸ ਨਾਲ ਇਸ ਧਾਰਾ ਦਾ ਪ੍ਰਚੱਲਨ ਹੋਇਆ। ਅਮਰੀਕੀ ਆਲੋਚਕਾਂ ਨੇ ਵੱਖਰੇ-ਵੱਖਰੇ ਨੁਕਤਿਆਂ ਨੂੰ ਉਤਾਰਿਆ। ਰੈਨਸਮ ਨੇ 'ਬਣਤਰ ਅਤੇ ਬੁਣਤਰ' ਦਾ ਸੰਕਲਪ ਪੇਸ਼ ਕੀਤਾ। ਕਲਿੰਥ ਬਰੁਕਸ ਨੇ 'ਰੂਪ' ਨੂੰ 'ਕਾਵਿ' ਵੀ ਹੋਂਦ ਵਿਧੀ ਦਾ ਮੁੱਖ ਆਧਾਰ ਮੰਨਿਆ ਹੈ।

**2. ਰੂਸੀ ਰੂਪਵਾਦ :** ਰੂਪਵਾਦੀ ਚਿੰਤਨ ਵਿਚ ਦੂਸਰਾ ਮਹੱਤਵਪੂਰਨ ਅਧਿਆਇ 'ਰੂਸੀ ਰੂਪਵਾਦ' ਦਾ ਹੈ। ਰੂਸੀ ਰੂਪਵਾਦ 1915-16 ਵਿਚ ਰੂਸ ਵਿਚ ਆਰੰਭ ਹੋਇਆ। 1930 ਦੇ ਨੇੜੇ ਤੇੜੇ ਜੋਜ਼ਫ ਸਟਾਲਿਨ ਦੇ ਰਾਜ ਸਮੇਂ ਇਸ ਨੂੰ ਜਬਰੀ ਤੌਰ 'ਤੇ ਕੁਚਲ ਦਿੱਤਾ ਗਿਆ। ਰੂਸੀ ਰੂਪਵਾਦੀਆਂ ਵਿਚ ਮੁੱਖ ਚਿੰਤਕ ਵਿਕਟਰ ਸ਼ਕਲੋਵਸਕੀ, ਰੋਮਨ ਜੈਕਬਸਨ, ਬੋਰਸ ਤਮਾਸੇਵਸਕੀ, ਬੋਰਿਸ ਆਈਖਨ ਬਾਖ ਅਤੇ ਜੂਰੀ ਤਿਨਿਆਕੋਵ ਸ਼ਾਮ ਹਨ। ਰੂਸੀ ਰੂਪਵਾਦੀ ਵਧੇਰੇ ਕਰਕੇ ਸਾਹਿਤ ਦੀ ਭਾਸ਼ਾ ਉਪਰ ਜ਼ੋਰ ਦਿੰਦੇ ਸਨ। ਉਨ੍ਹਾਂ ਨੇ ਸਾਹਿਤ ਦਾ ਅਧਿਐਨ ਸਾਹਿਤ ਵਜੋਂ ਕਰਦਿਆਂ ਹੋਇਆ 'ਭਾਸ਼ਾ' ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਦਾ ਬੁਨਿਆਦੀ ਨਿਖੇੜਾ 'ਕਾਵਿ ਭਾਸ਼ਾ' ਤੇ ਵਿਹਾਰਕ ਭਾਸ਼ਾ ਦਾ ਸੀ। ਵਿਹਾਰਕ ਭਾਸ਼ਾ ਜੀਵਨ ਦੇ ਵਿਹਾਰ ਨੂੰ ਸਿਰਫ ਸੰਚਾਰਨ ਵਿਚ ਮਦਦ ਦਿੰਦੀ ਹੈ, ਜਦੋਂ ਕਿ 'ਕਾਵਿ ਭਾਸ਼ਾ' ਸਮਾਜਕ ਯਥਾਰਥ ਦਾ ਮਹਾਂ ਦ੍ਰਿਸ਼ ਪੇਸ਼ ਕਰਦੀ ਹੈ।

ਰੂਸੀ ਰੂਪਵਾਦ ਦਾ ਦੂਸਰਾ ਪਹਿਲੂ 'ਥੀਮ' ਸੀ। ਤੋਮਾਸੇਵਸਕੀ ਦਾ ਵਿਚਾਰ ਸੀ ਕਿ ਸਾਹਿਤਕ ਕਿਰਤ ਨੂੰ ਏਕਤਾ ਉਸਦੇ ਥੀਮ ਤੋਂ ਮਿਲਦੀ ਹੈ, ਜੋ ਉਸਦੇ ਅੰਦਰ ਬਾਹਰ ਆਦਿ ਤੋਂ ਅੰਤ ਤੱਕ ਹਾਜ਼ਰ ਰਹਿੰਦਾ ਹੈ। ਉਸ ਅਨੁਸਾਰ ਥੀਮ ਦੀ ਚੋਣ ਸੁਹਜ ਸ਼ਾਸਤਰ ਦਾ ਬੁਨਿਆਦੀ ਸਮੱਸਿਆਕਾਰ ਹੈ। ਉਸਨੇ ਥੀਮ ਨੂੰ ਵਾਕ-ਵਿਗਿਆਨ ਤੱਕ ਲਿਆ ਕੇ ਰਚਨਾ ਨੂੰ ਟੁਕੜਿਆਂ ਵਿਚ ਸਮਝਣ ਦਾ ਆਧਾਰ ਪ੍ਰਦਾਨ ਕੀਤਾ। ਤੀਸਰਾ ਉਨ੍ਹਾਂ ਦਾ ਸਾਹਿਤ ਚਿੰਤਨ ਨੂੰ ਮੋਟਿਫ਼ ਤੋਂ ਵਾਕਫ਼ ਕਰਾਉਣਾ ਸੀ। ਖੁੱਲ੍ਹੇ ਅਤੇ ਬੰਦ ਮੋਟਿਫ਼ ਰੂਸੀ ਰੂਪਵਾਦ ਦਾ ਪਛਾਣਯੋਗ ਪਹਿਲੂ ਹਨ।

ਹਰਿਭਜਨ ਸਿੰਘ ਇਸ ਚਿੰਤਨ ਦਾ ਪਹਿਲਾ ਪ੍ਰਵਕਤਾ ਹੈ। ਉਸ ਦੀ ਆਲੋਚਨਾ ਦੇ ਰੂਪਵਾਦ ਦੀ ਸੁਰ ਵਧੇਰੇ ਭਾਰੂ ਸੀ। ਸੰਰਚਨਾਵਾਦ ਚਿਹਨ ਵਿਗਿਆਨ, ਸਿਸਟਮੀ ਚੇਤਨਾ, ਥੀਮ ਵਿਗਿਆਨ ਆਦਿਕ ਰਲਵੇਂ-ਮਿਲਵੇਂ ਰੂਪ ਸਨ। ਉਸ ਦੀ ਪਹਿਲੀ ਵਫ਼ਾ ਰੂਪਵਾਦੀ ਚਿੰਤਨ ਨਾਲ ਹੈ। ਆਰੰਭਿਕ ਰੂਪ ਵਿਚ ਡਾ. ਤਰਲੋਕ ਸਿੰਘ ਕੰਵਰ, ਡਾ. ਸੁਤਿੰਦਰ ਸਿੰਘ ਨੂਰ, ਡਾ. ਸੁਤਿੰਦਰ ਸਿੰਘ, ਡਾ. ਆਤਮਜੀਤ ਸਿੰਘ ਅਤੇ ਡਾ. ਜਗਬੀਰ ਸਿੰਘ ਇਸ ਚਿੰਤਨ ਨਾਲ ਜੁੜਦੇ ਹਨ।

### ਪੰਜਾਬੀ ਮੈਟਾ ਆਲੋਚਨਾ

ਮੈਟਾ ਅੰਗਰੇਜ਼ੀ ਦਾ ਪਦ ਹੈ ਜਿਸ ਦਾ ਪੰਜਾਬੀ ਅਰਥ 'ਪਰਾ' ਲਿਆ ਜਾਂਦਾ ਹੈ ਪਰ ਇਹ ਪੂਰਨ ਰੂਪ ਵਿਚ ਮੈਟਾ ਦੇ ਅਰਥ ਨਹੀਂ ਦਿੰਦਾ। ਇਸ ਲਈ ਆਮ ਤੌਰ 'ਤ ਪੰਜਾਬੀ ਵਿਚ 'ਮੈਟਾ' ਸ਼ਬਦ ਹੀ ਵਰਤ ਲਿਆ ਜਾਂਦਾ ਹੈ। 'ਮੈਟਾ ਆਲੋਚਨਾ' ਮੁੱਖ ਰੂਪ ਵਿਚ 'ਆਲੋਚਨਾ ਦੀ ਆਲੋਚਨਾ' ਹੈ। ਜਿਵੇਂ ਇਕ ਭਾਸ਼ਾ ਨੂੰ ਸਮਝਣ ਲਈ ਦੂਜੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਉਹ ਮੈਟਾ ਭਾਸ਼ਾ ਅਖਵਾਉਂਦੀ ਹੈ ਉਵੇਂ ਹੀ ਪਹਿਲੀ ਆਲੋਚਨਾ ਨੂੰ ਸਮਝਣ ਤੇ ਨਿਰਖਸ਼ਪਰਖ ਕਰਨ ਲਈ ਵਰਤੀ ਜਾਂਦੀ ਉਪਰਲੀ ਪੱਧਰ ਦੀ ਆਲੋਚਨਾ ਮੈਟਾਖ਼ਆਲੋਚਨਾ ਅਖਵਾਉਂਦੀ ਹੈ। ਮੈਟਾ ਆਲੋਚਨਾ ਇਕ ਨੇਮ–ਪ੍ਰਬੰਧ ਵਿਚ ਰਹਿ ਕੇ ਹੀ ਕਾਰਜ ਕਰਦੀ ਹੈ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ 'ਜਿਵੇਂ ਆਮ ਸਾਧਾਰਣ ਲਫ਼ਜ਼ਾਂ ਵਿਚ ਸਾਹਿਤ ਸੰਬੰਧੀ ਉਚਾਰ ਨੂੰ ਆਲੋਚਨਾ ਕਹਿ ਲਿਆ ਜਾਂਦਾ ਹੈ ਠੀਕ ਇਵੇਂ ਹੀ, ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਲਈ, ਆਲੋਚਨਾ ਸੰਬੰਧੀ ਉਚਾਰ ਨੂੰ ਮੈਟਾ ਅਧਿਐਨ ਦਾ ਨਾਮ ਦਿੱਤਾ ਜਾ ਸਕਦਾ ਹੈ।' ਇਹ ਪਹਿਲੀ ਆਲੋਚਨਾ ਕਿਰਤ ਦੇ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਦੇ ਪੱਧਰ ਉਪਰ ਰਹਿ ਗਈਆਂ ਖਾਮੀਆਂ ਤੇ ਪ੍ਰਾਪਤੀਆਂ ਦਾ ਪੁਨਰ ਮੁਲਾਂਕਣ ਕਰਦੀ ਹੈ ਤੇ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਇਹ ਪਹਿਲੀ ਆਲੋਚਨਾ ਕ੍ਰਿਤ ਨਾਲੋਂ ਇਕ ਵੱਖਰੀ ਤੇ ਨਵੀਨ ਕ੍ਰਿਤ ਵੀ ਬਣ ਜਾਂਦੀ ਹੈ। ਰੂਪਵਾਦੀ ਤੇ ਸੰਰਚਨਾਵਾਦੀ ਆਲੋਚਕਾਂ ਨੇ ਰਚਨਾ ਵਿਚ ਸਾਹਿਤ ਬਾਹਰੀ ਤੱਤਾਂ ਦੀ ਪਛਾਣ ਕਰਨ ਲਈ ਆਲੋਚਨਾ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਜੋ ਖੇਤਰ ਰਚਨਾ ਦੀ ਆਲੋਚਨਾ ਤੋਂ ਬਾਹਰੇ ਹਨ ਉਹਨਾਂ ਨੂੰ ਦੀ ਪਛਾਣ ਨੂੰ ਮੈਟਾ ਆਲੋਚਨਾ ਦਾ ਅੰਗ ਵੀ ਮੰਨਿਆ ਗਿਆ ਹੈ। ਸੋ ਮੈਟਾ ਆਲੋਚਨਾ ਵਿਚ ਪਾਠ ਦਾ ਨਿਕਟ ਅਧਿਐਨ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜਿਸ ਵਿਚ ਪਾਠ ਕੇਂਦਰਿਤ ਵਿਧੀਆਂ ਸਹਾਇਕ ਸਿੱਧ ਹੁੰਦੀਆਂ ਹਨ। ਇਹਨਾਂ ਵਿਧੀਆਂ ਦਾ ਗਿਆਤਾ ਹੀ ਅਸਲ ਵਿਚ ਸਹੀ ਮੈਟਾਖ਼ਆਲੋਚਨਾ ਕਰਨ ਦੇ ਯੋਗ ਹੁੰਦਾ ਹੈ। ਕਈ ਆਲੋਚਕ ਵੱਖ ਵੱਖ ਵਿਧੀਆਂ ਨੂੰ ਇਕੱਠਿਆਂ ਹੀ ਰਚਨਾ ਦੀ ਆਲੋਚਨਾ ਲਈ ਵਰਤਦੇ ਹਨ ਇਸ ਪ੍ਰਕਿਰਿਆ ਵਿਚ ਪੈਦਾ ਹੋਇਆ ਆਲੋਚਨਾ ਪਾਠ ਮਿਸ਼ਰਿਤ ਮੈਟਾ ਆਲੋਚਨਾ ਦਾ ਹੋਵੇਗਾ ਜਿਸ ਨੂੰ ਅੰਤਰ ਅਨੁਸ਼ਾਸਨੀ ਕਿਸਮ ਦੀ ਆਲੋਚਨਾ ਵੀ ਕਿਹਾ ਜਾਂਦਾ ਹੈ।

ਜੇਕਰ ਇਕ ਹੀ ਵਿਧੀ ਨੂੰ ਵਰਤ ਕੇ ਘੋਖ ਕੀਤੀ ਗਈ ਹੋਵੇਗੀ ਤਾਂ ਫਿਰ ਪਾਠ ਇਕ ਵਿਧੀ ਆਧਾਰਿਤ ਮੁਲਾਂਕਣ ਪੇਸ਼ ਕਰੇਗਾ ਤਾਂ ਇਸ ਤਰ੍ਹਾਂ ਅੰਤਰੰਗ ਕਿਸਮ ਦਾ ਆਲੋਚਨਾ ਪਾਠ ਸਾਹਮਣੇ ਆਵੇਗਾ। ਮੈਟਾ ਆਲੋਚਨਾ ਕਰਨ ਵਾਲੇ ਆਲੋਚਕ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਕਿਸੇ ਪੱਖਪਾਤੀ ਦ੍ਰਿਸ਼ਟੀ ਦਾ ਧਾਰਨੀ ਨਾ ਹੋਵੇ ਭਾਵ ਉਹ ਕਿਸੇ ਰਚਨਾ ਦੇ ਕਰਤੇ ਦੇ ਉਪਾਸ਼ਕ ਜਾਂ ਵਿਰੋਧੀ ਵਜੋਂ ਕਾਰਜਸ਼ੀਲ ਨਾ ਹੋਵੇ, ਕਿਸੇ ਵਿਸ਼ੇਸ਼ ਵਿਧੀ ਵੱਲ ਝੁਕਾਅ ਨਾ ਰੱਖਦਾ ਹੋਵੇ ਬਲਕਿ ਉਹ ਨਿਰਪੱਖ ਕਿਸਮ ਦਾ ਹੋਵੇ ਜੋ ਆਲੋਚਨਾ ਪਾਠ ਵਿਚ ਕਾਰਜਸ਼ੀਲ ਨੇਮਾਂ ਨੂੰ ਪਛਾਣ ਕੇ ਸਾਹਿਤ ਸਿਸਟਮ ਤੇ ਆਲੋਚਨਾ

ਦੇ ਤੱਤਾਂ, ਪ੍ਰਕਿਰਤੀ ਤੇ ਮੰਤਵ ਤਹਿਤ ਆਲੋਚਨਾ ਕਰੇ। ਇਸ ਤਰ੍ਹਾਂ ਮੈਟਾ ਆਲੋਚਕ ਆਲੋਚਨਾ ਦੇ ਸਿਧਾਂਤ ਤੇ ਇਤਿਹਾਸ ਸਿਰਜਣ ਲਈ ਤਤਪਰ ਰਹਿੰਦਾ ਹੈ ਤੇ ਕਾਵਿ ਸ਼ਾਸਤਰੀ ਨੇਮਾਂ ਤਹਿਤ ਉਹ ਇਕ ਨਵਾਂ ਆਲੋਚਨਾ ਪਾਠ ਤਿਆਰ ਕਰਦਾ ਹੈ। ਪਿਛਲੇ ਦੋ ਕੁ ਦਹਾਕਿਆਂ ਵਿਚ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਤਿਮਾਨਕ ਦ੍ਰਿਸ਼ਟੀ ਤੋ ਕੁਝ ਅਜਿਹੀਆਂ ਤਬਦੀਲੀਆਂ ਆਈਆਂ ਹਨ ਜਿਨ੍ਹਾਂ ਸਦਕਾ ਪੰਜਾਬੀ ਆਲੋਚਨਾ ਜਿਸ ਤੇਜ਼ੀ ਨਾਲ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਦੇ ਕਾਵਿ ਸ਼ਾਸਤਰ ਦੀ ਉਸਾਰੀ ਦੀ ਦਿਸ਼ਾ ਵੱਲ ਵਧੀ ਹੈ, ਇਸ ਦਾ ਪੂਰਵਵਰਤੀ ਪੰਜਾਬੀ ਆਲੋਚਨਾ ਨਾਲੋ ਨਿਖੇੜਾ ਸਥਾਪਿਤ ਕਰਨਾ ਗ਼ਰੂਰੀ ਪ੍ਰਤੀਤ ਹੁੰਦਾ ਹੈ। ਪਿਛਲੇ ਪਾਠਾਂ ਵਿਚ ਹੁਣ ਤੱਕ ਅਸੀ੍ ਪੁਰਾਣੀ ਪੰਜਾਬੀ ਆਲੋਚਨਾ ਦੇ ਇਤਿਹਾਸ ਵਿਚ ਬਾਵਾ ਬੁੱਧ ਸਿੰਘ, ਮੌਲਾ ਬਖਸ਼ ਕੁਸ਼ਤਾ, ਤੇਜਾ ਸਿੰਘ, ਪੂਰਨ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਗੋਪਾਲ ਸਿੰਘ ਦਰਦੀ ਬਾਰੇ ਆਪਣੇ ਵਿਚਾਰ ਅੰਕਿਤ ਕਰਨ ਉਪਰੰਤ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਨਜ਼ਮ ਹੁਸੈਨ ਸੱਯਦ, ਅਤਰ ਸਿੰਘ ਤੇ ਰਵਿੰਦਰ ਸਿੰਘ ਰਵੀ ਦੀ ਮਾਰਕਸਵਾਦੀ ਆਲੋਚਨਾ ਬਾਰੇ ਚਰਚਾ ਕੀਤੀ ਹੈ ਭਾਵੇ ਸੰਤ ਸਿੰਘ ਸੇਖੋ ਕਿਸਨ ਸਿੰਘ ਤੇ ਅਤਰ ਸਿੰਘ ਆਦਿ ਆਲੋਚਕਾਂ ਨੇ ਪੰਜਾਬੀ ਸਾਹਿਤ ਬਾਰੇ ਨਵੇ ਸਿਰਿਓਂ ਸੋਚਣ ਲਈ ਪ੍ਰੇਰਿਤ ਕੀਤਾ ਪਰ ਇਨ੍ਹਾਂ ਸਾਰੇ ਆਲੋਚਕਾਂ ਦਾ ਆਲੋਚਨਾਤਮਿਕ ਵਿਵੇਕ ਮੂਲਵਾਦੀ ਨਿਸ਼ਚੇਵਾਦੀ ਕਿਸਮ ਦੀਆਂ ਹੱਦ ਲਕੀਰਾਂ ਤੋ ਬਾਹਰ ਨਹੀਂ ਨਿਕਲਦਾ। ਰੂਪਵਾਦੀ ਪੰਜਾਬੀ ਆਲੋਚਨਾ ਦਾ ਦੌਰ ਡਾ. ਹਰਿਭਜਨ ਸਿੰਘ ਦੀ ਆਲੋਚਨਾ ਵਿਧੀ ਨਾਲ ਸ਼ੁਰੂ ਹੋਇਆ ਅਤੇ ਬਹੁਤੇ ਪੰਜਾਬੀ ਚਿੰਤਕਾਂ ਨੇ ਉਸ ਦੇ ਅਧਿਐਨ ਕਾਰਜ ਨੂੰ ਮਾਡਲ ਸਮਝ ਕੇ ਪੱਛਮੀ ਸਮੀਖਿਆ ਦ੍ਰਿਸ਼ਟੀਆਂ ਦੇ ਸਾਹਿਤ ਅਧਿਐਨ ਸਮੇ ਵਰਤੋਂ ਕਰਨੀ ਆਰੰਭ ਕੀਤੀ। ਪਰ ਨਵੀਂ ਪੰਜਾਬੀ ਆਲੋਚਨਾ ਨਾਲ ਇਕ ਨਵਮਾਰਕਸਵਾਦੀ, ਸਿਸਟਮੀ, ਸਮਾਜ ਸ਼ਾਸਤਰੀ, ਮਿਥ ਵਿਗਿਆਨਿਕ ਅਧਿਐਨ ਦੀ ਪਰੰਪਰਾ ਨੂੰ ਸਰੰਚਨਾਵਾਦੀ, ਵਿਗਿਆਨਿਕ, ਸਮੀਖਿਆ ਦ੍ਰਿਸ਼ਟੀਆਂ ਨੂੰ ਆਧਾਰ ਬਿੰਦੂ ਮੰਨ ਕੇ ਅੰਤਰ ਅਨੁਸ਼ਾਸਨੀ ਸਾਹਿਤ ਅਧਿਐਨ ਦੀ ਪਰੰਪਰਾ ਨੂੰ ਹੋਰ ਅਗਾਂਹ ਤੋਰਿਆ ਗਿਆ। ਸਪਸ਼ਟ ਹੈ ਕਿ ਸਾਡਾ ਮਨੋਰਥ 'ਨਵੀਂ ਆਲੋਚਨਾ' ਤੋ ਨਾ ਤਾਂ ਨਵ-ਅਮਰੀਕਨ ਆਲੋਚਨਾ ਵਾਲਾ ਹੈ ਅਤੇ ਨਾ ਹੀ ਫਰਾਂਸ ਵਿਚਲੀ ਨਵੀਂ ਆਲੋਚਨਾ ਤੋ ਹੈ। 4

ਹਵਾਲੇ-


੧) ਪੱਛਮੀ ਤੇ ਭਾਰਤੀ ਸਾਹਿਤ ਆਲੋਚਨਾ ਦੇ ਮੁੱਖ ਸਿਧਾਂਤ(ਗੁਰਦੇਵ ਸਿੰਘ),ਪੰਨਾ 34

੨) ਭਾਰਤੀ ਕਾਵਿ ਸ਼ਾਸਤਰ: ਪ੍ਰੇਮ ਪ੍ਰਕਾਸ਼ ਸਿੰਘ(ਡਾ.),ਪੰਨਾ 373

੩) ਭਾਰਤੀ ਕਾਵਿ ਸ਼ਾਸਤਰ: ਪ੍ਰੇਮ ਪ੍ਰਕਾਸ਼ ਸਿੰਘ(ਡਾ.),ਪੰਨਾ 38

੪)ਪੰਜਾਬੀ ਦੁਨੀਆ, ਆਲੋਚਨਾ : ਸਿਧਾਂਤਕ ਪੱਖ,ਪੰਨਾ 76

੫) ਆਧੁਨਿਕ ਆਲੋਚਨਾ: ਨਵ-ਪਰਿਪੇਖ, ਭੁਪਿੰਦਰ ਧਾਲੀਵਾਲ (ਡਾ.), ਪੰਨਾ 40-59

# ਮਾਰਕਸਵਾਦੀ ਪੰਜਾਬੀ ਆਲੋਚਨਾ

ਮਾਰਕਸਵਾਦ ਅਜਿਹੀ ਵਿਚਾਰਧਾਰਕ ਦ੍ਰਿਸ਼ਟੀ ਹੈ ਜੋ ਅਮੂਰਤ ਤੇ ਅਧਿਆਤਮਕ ਸਥਾਪਨਾਵਾਂ ਦਾ ਵਿਰੋਧ ਕਰਦੇ ਹੋਏ ਵਿਗਿਆਨ ਦੀਆਂ ਨਵੀਆਂ ਕਾਢਾਂ ਨੂੰ ਆਧਾਰ ਬਣਾਉਂਦੀ ਹੈ ਅਤੇ ਕ੍ਰਾਂਤੀਕਾਰੀ ਰੂਪ ਅਪਣਾਉਂਦੀ ਹੈ। ਇਹ ਵਿਚਾਰਧਾਰਾ ਜਰਮਨ ਦਾਰਸ਼ਨਿਕ ਹੀਗਲ ਦੀ ਦਵੰਦਾਤਮਕ ਵਿਧੀ ਨੂੰ ਪਦਾਰਥਵਾਦੀ ਚਿੰਤਨ ਦੇ ਪ੍ਰਸੰਗ ਵਿਚ ਗ੍ਰਹਿਣ ਕਰਦਿਆਂ ਕ੍ਰਾਂਤੀਕਾਰੀ ਸ਼੍ਰੇਣੀ ਦੇ ਰੂਪ ਵਿਚ 19ਵੀਂ ਸਦੀ ਵਿਚ ਸਾਡੇ ਸਾਹਮਣੇ ਆਉਂਦੀ ਹੈ। ਮਾਰਕਸਵਾਦ ਆਪਣੇ ਕਲੇਵੇ ਵਿਚ ਨਵੀਆਂ ਵਿਗਿਆਨਕ ਲੱਭਤਾਂ ਤੇ ਵਿਚਾਰਾਤਮਕ ਖੋਜਾਂ ਨੂੰ ਆਪਣੀਆਂ ਮੂਲ ਸਥਾਪਨਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਆਪਣੇ ਘੇਰੇ ਅੰਦਰ ਵਿਖਿਆਉਂਦਾ ਹੈ।

ਅਜਿਹੀਆਂ ਸੰਭਾਵਨਾਵਾਂ ਕਾਰਨ ਮਾਰਕਸਵਾਦ ਨਿਰੰਤਰ ਉਚੇਰੀ ਅਵਸਥਾ ਵਲ ਵਿਕਾਸ ਕਰ ਰਹੇ ਮਨੁੱਖੀ ਸਮਾਜ ਦੀਆਂ ਸਿਧਾਂਤਕ ਤੇ ਪਦਾਰਥਕ ਸਮੱਸਿਆਵਾਂ ਦੇ ਨਾਲ ਮਿਲ ਕੇ ਅਗਾਂਹ ਵਧਣ ਤੇ ਵਿਕਾਸ ਦੀਆਂ ਉਚਾਈਆਂ ਛੂਹਣ ਦੇ ਸਮੱਰਥ ਹੁੰਦਾ ਹੈ।

1.1 ਮਾਰਕਸਵਾਦ ਦੀ ਪ੍ਰੀਭਾਸ਼ਾ

ਮਾਰਕਸਵਾਦੀ ਦਰਸ਼ਨ ਨਾ ਕੇਵਲ ਸੰਸਾਰ ਦੇ ਸਮੁੱਚੇ ਵਰਤਾਰਿਆਂ ਅਤੇ ਵਿਕਾਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਵਿਚ ਹੀ ਮਨੁੱਖ ਦੀ ਸਹਾਇਤਾ ਕਰਦਾ ਹੈ। ਸਗੋਂ ਇਹ ਸੰਸਾਰ ਦੇ ਸਮੁੱਚੇ ਸ਼ੋਸ਼ਿਤ ਵਰਗ ਦਾ ਹਮੇਸ਼ਾ ਹੀ ਵਿਚਾਰਧਾਰਕ ਹਥਿਆਰ ਅਤੇ ਵਿਸ਼ਵ-ਦ੍ਰਿਸ਼ਟੀਕੋਣ ਵੀ ਰਿਹਾ ਹੈ।

ਇਸ ਸੰਬੰਧੀ ਟੈਰੀ ਈਗਲਟਨ ਦਾ ਵਿਚਾਰ ਹੈ ਕਿ:

ਮਾਰਕਸਵਾਦੀ ਆਲੋਚਨਾ ਦਾ ਮਕਸਦ ਸਾਹਿਤ ਦੀ ਵਿਆਪਕ ਵਿਆਖਿਆ ਕਰਨਾ ਹੈ, ਇਸਦਾ ਮਤਲਬ ਹੈ ਅਰਥ ਦੀ ਬਹੁਤ ਸੰਵੇਦਨਸ਼ੀਲਤਾ ਨਾਲ ਵਿਆਖਿਆ ਕਰਨਾ। ਇਸਦਾ ਮਕਸਦ ਇਹ ਦੇਖਣਾ ਵੀ ਹੈ ਕਿ ਉਹ ਰੂਪ, ਸ਼ੈਲੀ ਤੇ ਅਰਥ ਕਿਸ ਇਤਿਹਾਸ ਦੇ ਪੜਾਅ ਨਾਲ ਸੰਬੰਧਿਤ ਹਨ।।1॥

ਸੰਸਾਰ ਵਿਚ ਪੂੰਜੀਵਾਦੀ ਪ੍ਰਬੰਧ ਦੀ ਸਥਾਪਤੀ ਅਤੇ ਜਗੀਰਦਾਰੀ ਪ੍ਰਬੰਧ ਦੇ ਖਾਤਮੇ ਦੇ ਫਲਸਰੂਪ ਅਠ੍ਹਾਰਵੀਂ ਸਦੀ ਦੇ ਪਹਿਲੇ ਅੱਧ ਤੋਂ ਬਾਅਦ ਯੂਰਪ ਵਿਚ ਵਿਸ਼ੇਸ਼ ਕਰਕੇ ਸਮਾਜ ਦੇ ਜਮਾਤੀ ਵਿਰੋਧਾਂ ਵਿਚ ਵਧੇਰੇ ਸਪੱਸ਼ਟਤਾ ਆਉਂਦੀ ਗਈ। ਇਸ ਤਰ੍ਹਾਂ ਪੂੰਜਵਾਦੀ ਪ੍ਰਬੰਧ ਸਦਕਾ ਪ੍ਰਮੁੱਖ ਰੂਪ ਵਿਚ ਸਮਾਜ ਪੂੰਜੀਪਤੀ ਅਤੇ ਪ੍ਰੋਲੋਤਾਰੀ ਦੇ ਦੋ ਵਰਗਾਂ ਵਿਚ ਵੰਡਿਆ ਗਿਆ। ਇਸ ਪਿਛੋਕੜ ਵਿਚੋਂ ਹੀ ਮਾਕਰਸਵਾਦੀ ਦ੍ਰਿਸ਼ਟੀਕੋਣ, ਸਮੁੱਚੇ

ਸੰਸਾਰ ਦੀ ਇਨਕਲਾਬੀ ਕਾਇਆ-ਪਲਟੀ ਅਤੇ ਲੁੱਟ-ਖਸੁੱਟ ਰਹਿਤ ਸਮਾਜਵਾਦੀ ਸਮਾਜ ਦੀ ਸਥਾਪਨਾ ਲਈ ਸੰਘਰਸ਼ ਕਰ ਰਹੀ ਮਜ਼ਦੂਰ ਜਮਾਤ ਦੇ ਵਿਗਿਆਨਕ ਵਿਸ਼ਵ-ਦ੍ਰਿਸ਼ਟੀਕੋਣ ਅਤੇ ਉਸਦੇ ਵਿਚਾਰਧਾਰਕ ਹਥਿਆਰ ਵਜੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ:

ਮਾਰਕਸਵਾਦ ਸਮਾਜਵਾਦੀ ਇਨਕਲਾਬ ਦਾ ਹੀ ਸਿਧਾਂਤ ਹੈ ਜਿਹੜਾ ਪੂੰਜੀਵਾਦ ਦੇ ਹੱਲ ਨਾਂ ਹੋਣ ਵਾਲੇ ਅੰਤਰ-ਵਿਰੋਧਾਂ ਦੇ ਵਿਗਿਆਨਕ ਵਿਸ਼ਲੇਸ਼ਣ ਵਿਚੋਂ ਪੈਦਾ ਹੋ ਕੇ ਇਸਦੀ ਮੌਤ ਦਾ ਜ਼ਰੀਆ ਬਣਦਾ ਹੈ।।2॥

ਮਾਰਕਸਵਾਦੀ ਦਰਸ਼ਨ ਅਤੇ ਸਾਹਿਤ ਚਿੰਤਨ ਦੀ ਆਪਣੀ ਵਿਕਾਸਸ਼ੀਲ ਪਰੰਪਰਾ ਹੈ, ਜਿਸ ਵਿਚ ਕਾਰਲ ਮਾਰਕਸ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਸਮੇਂ-ਸਮੇਂ ਨਵੇਂ ਵਿਚਾਰ ਜੁੜਦੇ ਰਹੇ ਹਨ ਅਤੇ ਉਹਨਾਂ ਦੀ ਵਿਆਖਿਆ ਵੀ ਹੁੰਦੀ ਹੈ। ਮਾਰਕਸਵਾਦੀ ਸਾਹਿਤ ਚਿੰਤਨ ਦੇ ਆਉਣ ਤੋਂ ਪਹਿਲਾਂ ਪੂਰਵ-ਮਾਰਕਸ ਚਿੰਤਨ ਨੇ ਵੀ ਇਸ ਦਰਸ਼ਨ ਸੰਬੰਧੀ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ, ਜਿਸਦੇ ਵਿਰੋਧ ਵਜੋਂ ਹੀ ਇਹ ਚਿੰਤਨ ਸਾਹਮਣੇ ਆਇਆ। ਪੂਰਵ-ਮਾਰਕਸਵਾਦੀ ਸਾਹਿਤ-ਚਿੰਤਨ ਅਤੇ ਮਾਰਕਸਵਾਦੀ ਚਿੰਤਨ ਨੂੰ ਭਾਵਵਾਦੀ ਅਤੇ ਭੌਤਿਕਵਾਦੀ ਦ੍ਰਿਸ਼ਟੀਆਂ ਵਿਚ ਵੰਡਿਆ ਜਾ ਸਕਦਾ ਹੈ। ਸਮੁੱਚੇ ਦਰਸ਼ਨ ਦਾ ਬੁਨਿਆਦੀ ਸਵਾਲ ਹੀ ਚਿੰਤਨ ਅਤੇ ਹੋਂਦ ਦੇ ਸੰਬੰਧ ਦਾ ਹੈ। ਜਿਹੜੇ ਚਿੰਤਕ ਚੇਤਨਾ ਨੂੰ ਪਦਾਰਥ ਤੋਂ ਪਹਿਲਾਂ ਮੰਨਦੇ ਹਨ, ਉਹ ਭਾਵਵਾਦੀ ਅਤੇ ਜਿਹੜੇ ਪਦਾਰਥ ਨੂੰ ਚੇਤਨਾ ਤੋਂ ਪਹਿਲਾਂ ਮੰਨਦੇ ਹਨ, ਉਹ ਭੌਤਿਕਵਾਦੀ ਹਨ। ਮਾਰਕਸਵਾਦੀ ਆਲੋਚਨਾ ਮਾਰਕਸ ਅਤੇ ਏਂਗਲਜ਼ ਦੀਆਂ ਸਾਹਿਤ ਅਤੇ ਕਲਾ ਉਪਰ ਕੀਤੀਆਂ ਟਿੱਪਣੀਆਂ ਦੇ ਵਿਸਤਾਰ ਅਤੇ ਵਿਆਖਿਆ ਨਾਲ ਸੰਬੰਧ ਰੱਖਦੀ ਹੈ:

ਮਾਰਕਸਵਾਦੀ ਆਲੋਚਨਾ ਦਾ ਮਨੋਰਥ ਕਿਸੇ ਸਾਹਿਤਕ-ਰਚਨਾ ਦੀ ਵਧੇਰੇ ਭਰਪੂਰਤਾ ਨਾਲ ਵਿਆਖਿਆ ਕਰਨਾ ਹੈ। ਇਸਦੇ ਰੂਪਾਂ, ਸ਼ੈਲੀਆਂ ਅਤੇ ਅਰਥਾਂ ਵੱਲ ਵਧੇਰੇ ਸੰਵੇਦਨਸ਼ੀਲਤਾ ਨਾਲ ਧਿਆਨ ਦੇਣਾ ਹੈ। ਪਰ ਨਾਲ ਹੀ ਇਸਦਾ ਮਤਲਬ ਇਹਨਾਂ ਰੂਪਾਂ, ਸ਼ੈਲੀਆਂ ਅਤੇ ਅਰਥਾਂ ਨੂੰ ਇਕ ਵਿਸ਼ੇਸ਼ ਇਤਿਹਾਸ ਦੀ ਉਪਜ ਵਜੋਂ ਗ੍ਰਹਿਣ ਕਰਨਾ ਵੀ ਹੈ। ।3॥

ਮਾਰਕਸ ਅਤੇ ਏਗਲਜ਼ ਨੇ 1848 ਤੱਕ ਸਾਂਝੇ ਰੂਪ ਵਿਚ ਲਿਖੇ ਕਮਿਊਨਿਜ਼ਮ ਦੇ ਆਗਮਨ ਦੀ ਘੋਸ਼ਣਾ ਕੀਤੀ ਸੀ। ਮਾਰਕਸਵਾਦ ਦਾ ਉਦੇਸ਼ ਉਤਪਾਦਨ ਦੇ ਸਾਧਨਾ, ਵਿਤਰਣ ਅਤੇ ਵਟਾਂਦਰੇ ਦੇ ਸਾਧਨ ਦੀ ਸਾਂਝੀ ਮਾਲਕੀ ਦੇ ਆਧਾਰ ਤੇ ਇਕ ਸਮਾਜਵਾਦੀ ਸਮਾਜ ਲਿਆਉਣਾ ਹੈ। ਮਾਰਕਸਵਾਦ ਇਕ ਭੌਤਿਕਵਾਦੀ ਦਰਸ਼ਨ ਹੈ

ਯਾਨੀ ਇਹ ਸੰਸਾਰ ਜਾਂ ਤਾਕਤਾਂ ਦੀ ਹੋਂਦ ਤੋਂ ਬਿਨਾਂ ਆਪਣੇ ਆਲੇ-ਦੁਆਲੇ ਦੇ ਕੁਦਰਤੀ ਸੰਸਾਰ ਤੋਂ ਬਾਹਰ ਦੀਆਂ ਚੀਜ਼ਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਸਮਾਜ, ਜਿਸ ਵਿਚ ਅਸੀਂ ਰਹਿੰਦੇ ਹਾਂ, ਇਹ ਦੇਖਣਯੋਗ ਤੱਥ ਸੰਸਾਰ ਦੇ ਠੋਸ, ਵਿਗਿਆਨਕ, ਤਰਕਵਾਦੀ ਸਪੱਸ਼ਟੀਕਰਨ ਨੂੰ ਲੱਭਦਾ ਹੈ।

ਮਾਰਕਸਵਾਦ ਵਿਕਾਸ ਨੂੰ ਵੇਖਦਾ ਹੈ ਜਿਵੇਂ ਕਿ ਵੱਖ-ਵੱਖ ਸਮਾਜਿਕ ਵਰਗਾਂ ਵਿਚਕਾਰ ਸ਼ਕਤੀ ਲਈ ਸੰਘਰਸ਼ ਦੇ ਬਾਰੇ ਵਿੱਚ। ਇਹ ਇਤਿਹਾਸਕ ਵਰਗ ਸੰਘਰਸ਼ ਦੇ ਰੂਪ ਵਿਚ ਦਰਸਾਏ ਗਏ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਫਾਇਦੇ ਲਈ ਮੁਕਾਬਲੇ ਉਪਰ ਆਯੋਜਿਤ ਹੈ।

ਮਾਰਕਸਵਾਦ ਨੇ ਸਮਾਜਵਾਦੀ ਸੋਚ ਦਾ ਵੀ ਨਿਰਮਾਣ ਕੀਤਾ ਹੈ ਜੋ ਕਿ ਆਰੰਭਿਕ ਆਰਥਿਕ ਸਵੈ- ਦਖਲ ਦੇ ਸਮੇਂ ਫਰਾਂਸ ਵਿਚ ਉਤਪਾਦਨ ਸਮੁੱਚੇ ਸਮਾਜ ਨੂੰ ਆਰਥਿਕ ਅਤੇ ਸਮਾਜਿਕ ਲਾਭ ਪਹੁੰਚਾਵੇਗਾ। ਸਮਾਜ ਦਾ ਸਭ ਤੋਂ ਸਰਲ ਮਾਰਕਸਵਾਦ ਮਾਡਲ ਇਸਨੂੰ ਇਕ ਆਧਾਰ ਦੁਆਰਾ ਬਣਾਇਆ ਸਮਝਦਾ ਹੈ।

ਜਰੂਰੀ ਮਾਰਕਸਵਾਦੀ ਦ੍ਰਿਸ਼ਟੀਕੋਣ ਇਹ ਹੈ ਕਿ ਅਗਲੀਆਂ ਗੱਲਾਂ ਮਾਨਸਿਕ ਆਧਾਰ ਦੁਆਰਾ ਨਹੀਂ ਹੁੰਦੀਆਂ ਪਰ ਉਹਨਾਂ ਨੂੰ ਆਰਥਿਕ ਆਧਾਰ ਦੀ ਪ੍ਰਵਿਸ਼ਟਤਾ ਦੁਆਰਾ ਨਿਰਧਾਰਿਤ ਕੀਤਾ ਗਿਆ ਹੈ, ਆਰਥਿਕ ਨਿਯਮਿਤਤਾ ਦੇ ਤੌਰ ਤੇ ਜਾਣੀ ਜਾਂਦੀ ਸੰਸਕ੍ਰਿਤੀ ਬਾਰੇ ਇਹ ਵਿਸ਼ਵਾਸ, ਰਵਾਇਤੀ ਮਾਰਕਸਵਾਦੀ ਸੋਚ ਦਾ ਕੇਂਦਰੀ ਹਿੱਸਾ ਹੈ:

ਮਾਰਕਸਵਾਦੀ ਚਿੰਤਨ ਦੀ ਅੰਤਿਮ ਕਸੌਟੀ ਮਨੁੱਖੀ ਸਮਾਜ ਹੈ ਜਿਸਦੇ ਚੰਗੇਰੇ ਭਵਿਖ ਲਈ ਇਹ ਚਿੰਤਨ ਹਮੇਸ਼ਾ ਫਿਕਰਮੰਦ, ਪ੍ਰਤੀਬੱਧ ਅਤੇ ਯਤਨਸ਼ੀਲ ਰਿਹਾ ਹੈ। ਇਸਦਾ ਇਕ ਕਾਰਨ ਇਹ ਵੀ ਹੈ ਕਿ ਅਜੋਕਾ ਸਮਾਜ ਪੂੰਜੀਵਾਦੀ ਸਮਾਜ ਹੈ, ਜਦੋਂ ਤਕ ਪੂੰਜੀਵਾਦ ਦੀ ਹੋਂਦ ਕਾਇਮ ਹੈ ਉਦੋਂ ਤਕ ਮਾਰਕਸਵਾਦੀ ਚਿੰਤਨ ਦੀ

ਪ੍ਰਸੰਗਿਕਤਾ ਰਹੇਗੀ। ਮਾਰਕਸਵਾਦ ਅਜੋਕੇ ਯੁੱਗ ਦਾ ਇਕੋ-ਇਕ ਅਜਿਹਾ ਭਵਿਖਮੁਖੀ ਵਿਸ਼ਵ- ਦਰਸ਼ਨ ਹੈ, ਜੋ ਆਪਣੇ ਤੋਂ ਪਹਿਲਾਂ ਦੇ ਗਿਆਨ-ਵਿਗਿਆਨ, ਫਿਲਾਸਫੀ, ਅਰਥ- ਸ਼ਾਸਤਰ ਤੇ ਉਸਰਿਆ ਹੋਇਆ ਹੈ। ਮਾਰਕਸਵਾਦੀ ਚਿੰਤਨ ਤਰਕ ਅਤੇ ਤਰਕ- ਵਿਧੀ ਦੇ ਪੱਧਰ ਤੇ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਪਹਿਲਾਂ ਨਾਲੋਂ ਵਿਕਸਤ ਰੂਪ ਵਿਚ ਸਾਡੇ ਸਾਹਮਣੇ ਹੈ।।4॥

ਮਾਰਕਸਵਾਦੀ ਸਾਹਿਤ-ਚਿੰਤਨ ਮਨੁੱਖ ਸਮਾਜ ਦੇ ਹਰ ਵਰਤਾਰੇ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਵੇਖੇ ਜਾਣ ਨੂੰ ਦ੍ਰਿੜ ਕਰਵਾਉਂਦਾ ਹੋਇਆ ਸਾਹਿਤ, ਸਾਹਿਤ-ਆਲੋਚਨਾ, ਸੱਭਿਅਤਾ, ਸੱਭਿਆਚਾਰ, ਵਿਚਾਰਧਾਰਾ, ਇਤਿਹਾਸ ਆਦਿ ਨੂੰ ਜਮਾਤੀ ਨਜ਼ਰੀਏ ਤੋਂ ਸਮਝਣ ਦੀ ਵਕਾਲਤ ਕਰਦਾ ਹੈ। ਇਸਦਾ ਕਾਰਨ ਇਹ ਹੈ ਕਿ ਜਮਾਤੀ ਸਮਾਜ ਵਿਚ ਕੋਈ ਵੀ ਵਰਤਾਰਾ ਕਦੇ ਵੀ ਜਮਾਤਾਂ ਤੋਂ ਉਪਰ ਜਾਂ ਸਮੁੱਚੇ ਸਮਾਜ ਨੂੰ ਪ੍ਰਤੀਨਿਧ ਰੂਪ ਵਿਚ ਪ੍ਰਸਤੁਤ ਕਰਨ ਵਾਲਾ ਨਹੀਂ।

ਮਾਰਕਸਵਾਦੀ ਸਾਹਿਤ ਸਿਧਾਂਤ ਦੇ ਅਨੁਸਾਰ ਸਾਹਿਤ ਦਾ ਕੰਮ ਸਮਾਜ ਦੇ ਗਤੀਸ਼ੀਲ ਯਥਾਰਥ ਦਾ ਕਲਾਤਮਕ ਮੁਲਾਂਕਣ ਕਰਨਾ, ਸਮਾਜਿਕ ਵਿਰੋਧਾਂ ਅਤੇ ਸੰਬੰਧਾਂ ਦੀ ਵਿਆਖਿਆ ਅਤੇ ਪਰਿਵਰਤਨਸ਼ੀਲ ਅਗਰਗਾਮੀ ਪ੍ਰਗਤੀਸ਼ੀਲ ਸ਼ਕਤੀਆਂ ਦੇ ਸਮਾਜਿਕ ਪਰਿਵਰਤਨ ਲਈ ਜਾਣੇ-ਜਾਣ ਵਾਲੇ ਸੰਘਰਸ਼ ਦੀ ਪਿੱਠਭੂਮੀ ਤਿਆਰ ਕਰਨਾ ਹੈ। ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਸਾਹਿਤ ਦਾ ਕੰਮ ਸਮਾਜਿਕ ਪਰਿਵਰਤਨ ਦੇ ਪ੍ਰਤੀ ਵਿਸ਼ਵਾਸ ਅਤੇ ਆਸਥਾ ਉਤਪੰਨ ਕਰਨਾ ਹੈ। ਇਹ ਹੀ ਮਾਰਕਸਵਾਦ ਦੀ ਸਾਹਿਤ ਦ੍ਰਿਸ਼ਟੀ ਦੀ ਕ੍ਰਾਂਤੀਕਾਰੀ ਭੂਮਿਕਾ ਹੈ।

ਮਾਰਕਸਵਾਦੀ ਸਾਹਿਤ ਆਲੋਚਨਾ ਦਾ ਕੰਮ ਹੈ ਉਪਯੁਕਤ ਕਾਰਜਕਾਰਾਂ ਨੂੰ ਸਹੀ ਦਿਸ਼ਾ ਵਿਚ ਸੰਚਾਲਿਤ ਕਰਨਾ, ਨਿਰਦੇਸ਼ਿਤ ਕਰਨਾ, ਕਾਰਜ-ਰੂਪਾਂ ਦੀ ਭੂਮਿਕਾ ਨੂੰ ਵਿਪਰੀਤ ਪਰਸਥਿਤੀਆਂ ਵਿਚ ਹੋਰ ਵੀ ਜਿਆਦਾ ਪਰਾਸੰਗਿਕ ਬਣਾਉਣਾ, ਪਰਿਵਰਤਨਕਾਰੀ ਸ਼ਕਤੀਆਂ ਦੇ ਨਾਲ ਸਾਹਿਤਕਾਰਾਂ ਨੂੰ ਜੋੜਨਾ, ਉਹਨਾਂ ਨੂੰ ਸੰਗਠਿਤ ਕਰਨਾ, ਕ੍ਰਾਂਤੀਕਾਰੀ ਜਨਵਾਦੀ ਸੰਸਕ੍ਰਿਤੀ ਦੀ ਸਥਾਪਨਾ ਕਰਨਾ, ਜੀਵਨ-ਮੁੱਲਾਂ ਦੇ ਪ੍ਰਤੀ ਨਿਸ਼ਠਾ ਉਤਪੰਨ ਕਰਨਾ ਆਦਿ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਕ੍ਰਾਂਤੀ ਵਿਚ ਯੋਗਦਾਨ ਦੇਣਾ।

ਮਾਰਕਸਵਾਦੀ ਸਾਹਿਤਕਾਰ ਅਤੇ ਆਲੋਚਕ ਦੋਵੇਂ ਮਿਲ ਕੇ ਜਦੋਂ ਆਪਣੇ-ਆਪਣੇ ਖੇਤਰਾਂ ਵਿਚ ਵਿਸ਼ਵਾਸ, ਆਸਥਾ ਅਤੇ ਨਿਸ਼ਠਾ ਦੇ ਨਾਲ-ਨਾਲ ਕੰਮ ਕਰਦੇ ਹੋਏ ਜੋ ਬੌਧਿਕ ਉਤਪਾਦਨ ਕਰਦੇ ਹਨ ਉਹਨੂੰ ਮਾਰਕਸਵਾਦੀ ਸੁਹਜ-ਸ਼ਾਸਤਰ ਦਾ ਨਿਰਮਾਣ ਕਿਹਾ ਜਾਂਦਾ ਹੈ:

ਇਸ ਤਰ੍ਹਾਂ ਨਿਰੰਤਰ ਵਿਕਾਸ ਕਰਦਿਆਂ ਵੀਹਵੀਂ ਸਦੀ ਵਿਚ ਮਾਰਕਸਵਾਦੀ ਵਿਚਾਰਧਾਰਾ ਇਕ ਵੱਡੀ ਬੌਧਿਕ ਸ਼ਕਤੀ ਰਹੀ ਹੈ। ਮਾਰਕਸ ਅਤੇ ਏਂਗਲਜ਼ ਤੋਂ ਬਾਅਦ ਲੈਨਿਨ ਦੇ ਦੌਰ ਵਿਚ ਪਲੈਖਾਨੋਵ, ਰੋਜ਼ਾ ਲਗਜ਼ਮਬਰਗ, ਬੁਖਾਰਿਨ, ਟ੍ਰਾਟਸਕੀ ਅਤੇ ਕਲਾਸੀਕਲ ਮਾਰਕਸਵਾਦੀ ਸਿਧਾਂਤਕਾਰਾਂ ਨੇ ਇਸ ਨੀਂਹ ਨੂੰ ਹੋਰ ਡੂੰਘੇਰਾ ਤੇ ਮਜ਼ਬੂਤ ਕੀਤਾ ਹੈ। ਚੀਨੀ ਨੇਤਾ ਤੇ ਚਿੰਤਕ ਮਾਉ ਜੇ ਤੁੰਗ ਨੇ ਵੀ ਮਾਰਕਸੀ ਸਿਧਾਂਤ ਨੂੰ ਹੋਰ ਅਗਾਂਹ ਲੈ ਜਾਣ ਵਿਚ ਅਹਿਮ ਰੋਲ ਅਦਾ ਕੀਤਾ ਹੈ। ਗ੍ਰਾਮਸ਼ੀ, ਜਾਰਜ ਲੁਕਾਚ, ਕਾਡਵੈਲ ਅਤੇ ਇਹਨਾਂ ਤੋਂ ਬਾਅਦ ਲੂਸੀਅਨ ਗੋਲਡਮਾਨ, ਪੀਅਰੇ ਮਾਸ਼ੇਰੀ, ਲੂਈਸ ਅਲਥੂਜ਼ਰ, ਫ਼ਰੈਡਰਿਕ ਜੇਮਸਨ ਆਦਿ ਦੀ ਵਿਚਾਰਧਾਰਾ ਦੀ ਵੀ ਮਾਰਕਸਵਾਦ ਨੂੰ ਬਹੁਤ ਵੱਡੀ ਦੇਣ ਹੈ।।5॥

ਮਾਰਕਸਵਾਦ, ਨਿਰਸੰਦੇਹ, ਗਤੀਸ਼ੀਲ ਚਿੰਤਨ ਦਾ ਗਤੀਸ਼ੀਲ ਸੰਕਲਪ ਹੈ, ਜਿਹੜਾ ਨਵੀਆਂ ਹਾਲਤਾਂ ਅਨੁਸਾਰ ਉਸਰਦਾ ਰਹਿੰਦਾ ਹੈ। ਮਾਰਕਸ ਤੋਂ ਲੈ ਕੇ ਮਾਉ ਤੱਕ ਮਾਰਕਸਵਾਦੀ ਚਿੰਤਨ ਦਾ ਜੋ ਵਿਕਾਸ ਹੋਇਆ ਹੈ, ਉਹ ਇਸ ਗੱਲ ਦਾ ਠੋਸ-ਪ੍ਰਮਾਣ ਹੈ ਕਿ ਮਾਰਕਸਵਾਦ ਦਾ ਵੀ ਵਿਕਾਸ ਹੁੰਦਾ ਹੈ।ਪਰੰਤੂ ਮਾਰਕਸਵਾਦੀ ਚਿੰਤਨ ਆਪਣੀਆਂ ਬੁਨਿਆਦੀ ਧਾਰਨਾਵਾਂ ਤੋਂ ਉਰਾ-ਪਰ੍ਹਾਂ ਹੋ ਕੇ ਵਿਕਾਸ ਨਹੀਂ ਕਰਦਾ ਸਗੋਂ ਉਹਨਾਂ ਧਾਰਨਾਵਾਂ ਦੀ ਰੌਸ਼ਨੀ

ਵਿਚ ਹੀ ਵਰਤਮਾਨ ਸੰਦਰਭ ਦਾ ਅਧਿਐਨ-ਵਿਸ਼ਲੇਸ਼ਣ ਕਰਦਾ ਹੈ ਅਤੇ ਸਮਾਜਵਾਦ ਦੇ ਸੁਪਨੇ ਸਾਕਾਰ ਕਰਨ ਲਈ ਨਵੀਆਂ ਹਾਲਤਾਂ ਦੇ ਹਾਣ ਦਾ ਸਿਧਾਂਤ ਅਤੇ ਵਿਹਾਰ ਸਿਰਜਦਾ ਹੈ।

ਮਾਰਕਸਵਾਦ ਦਾ ਫਲਸਫਾ ਇਤਿਹਾਸਕ ਪਦਾਰਥਵਾਦ ਦੇ ਹਵਾਲੇ ਨਾਲ ਮਾਨਵ-ਸਿਰਜਤ ਸਮਾਜਿਕ-ਆਰਿਥਕ ਬਣਤਰਾਂ ਦਾ ਵਿਸ਼ਲੇਸ਼ਣ, ਆਰਥਿਕ ਸ਼ੋਸ਼ਣ, ਸਮਾਜਿਕ-ਅਨਿਆਂ ਅਤੇ ਵਰਗ-ਸੰਘਰਸ਼ ਵਰਗੇ ਸੰਕਲਪਾਂ ਨੂੰ ਮੁੱਖ ਰੱਖ ਕੇ ਕਰਨ ਵੱਲ ਰੁਚਿਤ ਹੁੰਦਾ ਹੈ ਅਤੇ ਸਮਾਜਵਾਦੀ ਕ੍ਰਾਂਤੀ ਦਾ ਸੰਦੇਸ਼ ਸੰਚਾਰਿਤ ਕਰਦਾ ਹੈ।

ਮਾਰਕਸਵਾਦੀ ਚਿੰਤਨ ਨੂੰ ਪਿਛਲੀ ਡੇਢ ਸਦੀ ਦੌਰਾਨ ਬਹੁਤ ਸਾਰੀਆਂ ਵਿਚਾਰਧਾਰਾਵਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਸ ਸਭ ਦੇ ਬਾਵਜੂਦ ਵੀ ਮਾਰਕਸਵਾਦੀ ਚਿੰਤਨ ਦਾ ਗੁਣਾਂਤਮਕ ਤੇ ਗਿਣਾਂਤਮਕ ਦੋਹਾਂ ਪੱਖਾਂ ਤੋਂ ਹੀ ਵਿਕਾਸ ਹੋਇਆ ਹੈ ਅਤੇ ਇਹ ਵਿਕਾਸ ਨਿਰੰਤਰ ਜਾਰੀ ਹੈ:

ਮਾਰਕਸਵਾਦ ਹੀ ਅਜਿਹਾ ਬਹੁ-ਆਯਾਮੀ ਵਿਸ਼ਵ ਦਰਸ਼ਨ ਹੈ ਜਿਸਦੀ ਤਿਕੋਨੀ ਦਵੰਦਾਤਮਕਤਾ ਹੈ, ਵਾਦ-ਵਿਵਾਦ ਸਮਨਵੇਂ ਦੀ ਅਤੇ ਦਰਸ਼ਨ ਵਿਗਿਆਨ ਵਿਵਹਾਰੀ ਕਰਮ ਦੀ। ਇਸ ਲਈ ਇਸਨੂੰ ਸਦਾ ਜਟਿਲਤਾਵਾਂ ਦੇ ਅੰਤਰ-ਵਿਰੋਧਾਂ ਦਾ ਸਮਾਧਾਨ ਕਰਨ ਵਾਲਾ ਹੋਣਾ ਹੋਵੇਗਾ ਅਤੇ ਨਿਰੰਤਰ ਆਪਣੀ ਪ੍ਰਸੰਗਿਕਤਾ ਤੇ ਪ੍ਰਮਾਣਿਕਤਾ ਸਿੱਧ ਕਰਦੇ ਰਹਿਣਾ ਪਵੇਗਾ। ਇਹੀ ਇਸਦੀ ਇਤਿਹਾਸਕ ਹੋਣੀ ਹੈ। ਇਸਦੇ ਲਈ ਇਹ ਪੂਰੀ ਤਰ੍ਹਾਂ ਲੈਸ ਰਿਹਾ ਹੈ। ਖੁੰਝ ਜਾਣ ਉਤੇ ਜਮੂਦ ਵਿਚ ਵੀ ਰਿਹਾ ਹੈ। ਮਾਰਕਸਵਾਦ ਨੂੰ ਨਿਰੰਤਰ ਅਗਨੀ ਦੀਖਿਆਵਾਂ ਲੈਂਦੇ-ਦਿੰਦੇ ਰਹਿਣਾ ਪਵੇਗਾ। ।6॥

## 1.2 ਪੱਛਮੀ ਮਾਰਕਸਵਾਦੀ ਸਾਹਿਤ ਚਿੰਤਕ

ਮਾਰਕਸ ਅਤੇ ਏਂਗਲਜ਼ ਦੁਆਰਾ ਪ੍ਰਤਿਪਾਦਿਤ ਮਾਰਕਸਵਾਦੀ ਦਰਸ਼ਨ ਨੂੰ ਹੁਣ ਤੀਕ ਦੇ ਦਰਸ਼ਨ ਦੇ ਵਿਕਾਸ ਵਿਚ ਇਕ ਇਨਕਲਾਬ ਦੀ ਅਹਿਮੀਅਤ ਦਿਤੀ ਗਈ ਹੈ। ਜਿਵੇਂ ਦਰਸ਼ਨ ਦੇ ਖੇਤਰ ਵਿਚ ਉਹਨਾਂ ਪੂਰਵਲੇ ਦਰਸ਼ਨ ਦੇ ਸੰਜੀਵ ਤੱਤਾਂ ਦੀ ਸੰਭਾਲ ਅਤੇ ਮੁਰਦਾ ਤੱਤਾਂ ਦਾ ਆਲੋਚਨਾਤਮਕ ਢੰਗ ਨਾਲ ਨਿਖੇਧ ਕਰ ਕੇ ਇਕ ਨਵੇਂ ਵਿਸ਼ਵ-ਦ੍ਰਿਸ਼ਟੀਕੋਣ ਦੀ ਉਸਾਰੀ ਕੀਤੀ, ਉਸੇ ਤਰ੍ਹਾਂ ਸਾਹਿਤ-ਚਿੰਤਨ ਜਾਂ ਸਾਹਿਤ ਦੇ ਸੁਹਜ-ਸ਼ਾਸਤ੍ਰ ਨੂੰ ਵੀ ਇਕ ਨਵੀਂ ਦਿਸ਼ਾ ਅਤੇ ਨਵੇਂ ਵਿਸ਼ਵ-ਦ੍ਰਿਸ਼ਟੀਕੋਣ ਅਨੁਸਾਰ ਸਿਰਜਣ ਵਿਚ ਉਹਨਾਂ ਦੀ ਦੇਣ ਮਹਾਨ ਹੈ। ਮਾਰਕਸ ਤੋਂ ਪਹਿਲਾਂ ਯੂਨਾਨੀ ਕਲਾ ਅਤੇ ਸਾਹਿਤ ਸੰਬੰਧੀ ਪਲੈਟੋ, ਅਰਸਤੂ, ਲੌਨਜਾਈਨਸ ਅਤੇ ਇਸੇ ਤਰ੍ਹਾਂ ਲਾਤੀਨੀ ਸਾਹਿਤ-ਸ਼ਾਸਤਰ ਵਿਚ ਸਿਸਰੋ, ਹੋਰੇਸ ਤੇ ਕਵਿੰਟਿਲੀਅਨ, ਇਸਤੋਂ ਬਾਅਦ ਮੱਧ ਯੁਗ ਦੇ ਦਾਂਤੇ, ਬਾਅਦ ਵਿਚ ਬੈਨ ਜਾਨਸਨ, ਬਾਇਲਿਊ, ਜਰਮਨ ਦੇ ਲੈਸਿੰਗ ਆਦਿ ਸੁਹਜ-ਸ਼ਾਸਤਰ ਨੂੰ ਆਧਾਰ ਪ੍ਰਦਾਨ ਕਰਨ ਵਾਲਾ ਇਕ ਮਹਾਨ ਵਿਰਸਾ ਸੀ। ਮਾਰਕਸ ਅਤੇ ਏਂਗਲਜ਼ ਨੇ ਭਾਵੇਂ ਆਪਣੇ ਜੀਵਨ ਕਾਲ ਵਿਚ ਜ਼ਿਆਦਾ ਸਮਾਂ ਦਰਸ਼ਨ, ਸਰਗਰਮ ਰਾਜਨੀਤੀ, ਅਰਥ-ਸ਼ਾਸਤਰ ਆਦਿ ਸੰਬੰਧੀ ਆਪਣੀਆਂ ਵਿਸ਼ੇਸ਼ ਧਾਰਣਾਵਾਂ ਨੂੰ ਵਿਕਸਿਤ ਅਤੇ ਤਰਤੀਬਬੱਧ ਕਰਨ ਵਿਚ ਲਾਇਆ। ਉਹਨਾਂ ਜੀਵਨ ਸੰਬੰਧੀ ਬਾਕੀ ਸਮੱਸਿਆਵਾਂ ਵਾਂਗ ਮਨੁੱਖੀ ਸੰਸਕ੍ਰਿਤੀ ਦੇ ਇਕ ਮਹਾਨ ਅੰਗ, ਸਾਹਿਤ ਅਤੇ ਕਲਾ ਸੰਬੰਧੀ ਵੀ ਆਪਣੇ ਵਿਚਾਰ ਸਿੱਧੇ ਜਾਂ ਅਸਿੱਧੇ ਢੰਗ ਨਾਲ ਪ੍ਰਗਟਾਏ ਹਨ। ਸਾਹਿਤ ਅਤੇ ਕਲਾ ਸੰਬੰਧੀ ਉਹਨਾਂ ਦੀਆਂ ਮੂਲ ਸਥਾਪਨਾਵਾਂ ਹੀ ਬਾਅਦ ਵਿਚ ਜਾ ਕੇ ਮਾਰਕਸਵਾਦੀ ਸੁਹਜ-ਸ਼ਾਸਤਰ ਦਾ ਮੂਲ ਆਧਾਰ ਬਣਦੀਆਂ ਹਨ।

ਉਹ ਪ੍ਰਮੁੱਖ ਸਾਹਿਤ ਚਿੰਤਕਾਂ, ਜਿੰਨਾਂ ਨੇ ਇਸ ਦਰਸ਼ਨ ਨੂੰ ਆਪਣੇ ਜੀਵਨ-ਦ੍ਰਿਸ਼ਟੀਕੋਣ ਵਜੋਂ ਗ੍ਰਹਿਣ ਕਰਕੇ ਸਾਹਿਤ ਨੂੰ ਇਕ ਨਵੇਂ ਸੰਦਰਭ ਵਿਚ ਰੱਖ ਕੇ ਵਿਸ਼ਲੇਸ਼ਿਤ ਕਰਨ ਅਤੇ ਵਿਆਖਿਆਉਣ ਦੀ ਇਕ ਪਰੰਪਰਾ ਦਾ ਪ੍ਰਾਰੰਭ ਕੀਤਾ, ਉਹਨਾਂ ਦਾ ਵਰਣਨ ਕਰਨਾ ਜਰੂਰੀ ਹੈ।

### 1.2.1 ਕਾਰਲ ਮਾਰਕਸ (1818-1883)

ਕਾਰਲ ਮਾਰਕਸ ਨੂੰ ਮਾਰਕਸਵਾਦ ਦੇ ਮੋਢੀ ਚਿੰਤਕ ਵਜੋਂ ਜਾਣਿਆ ਜਾਂਦਾ ਹੈ।

ਕਾਰਲ ਮਾਰਕਸ, ਨਾ ਕੇਵਲ ਮਾਰਕਸਵਾਦੀ ਦਰਸ਼ਨ ਨੂੰ ਹੀ ਸਥਾਪਿਤ ਕਰਨ ਵਾਲਾ ਮਹਾਨ ਚਿੰਤਕ ਸੀ, ਉਸਨੇ ਸਾਹਿਤ ਨੂੰ ਵੀ ਇਸ ਇਨਕਲਾਬੀ ਦਰਸ਼ਨ ਦੀ ਰੋਸ਼ਨੀ ਵਿਚ ਨਵੇਂ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤੇ ਜਾਣ ਦੀ ਪਰੰਪਰਾ ਦਾ ਪ੍ਰਾਰੰਭ ਵੀ ਕੀਤਾ। ਉਸਦੀ ਸਭ ਤੋਂ ਵੱਡੀ ਪ੍ਰਾਪਤੀ ਸਾਹਿਤ ਨੂੰ ਸਮਾਜ ਦੇ ਨੀਂਹ ਅਤੇ ਉਸਾਰ ਵਿਚਲੇ ਰੂਪਕ ਰਾਹੀਂ, ਚੇਤਨਾ ਦੇ ਇਕ ਵਿਲੱਖਣ ਅਤੇ ਸੁਤੰਤਰ ਰੂਪ ਵਜੋਂ ਸਥਾਪਿਤ ਕਰਨ ਵਿਚ ਹੈ।।7॥

ਮਾਰਕਸਵਾਦ ਫ਼ਲਸਫੇ ਦੇ ਮੋਢੀ ਕਾਰਲ ਮਾਰਕਸ ਨੇ ਜਿੱਥੇ ਆਪਣੇ ਤੋਂ ਪੁਰਾਣੇ ਫ਼ਿਲਾਸਫ਼ਰਾਂ, ਵਿਚਾਰਾਂ ਤੇ ਚਿੰਤਕਾਂ ਨਾਲ ਦਸਪੰਜਾ ਲਿਆ, ਉਥੇ ਹੀਗਲ ਤੇ ਫ਼ਿਊਰਬਾਖ਼ ਵਰਗੇ ਸਿਆਣੇ ਵਿਦਵਾਨਾਂ ਦੀਆਂ ਵਿਚਾਰ ਧਾਰਾਵਾਂ ਦਾ ਲਾਭ ਉਠਾ ਕੇ ਇਕ ਨਵੀਂ ਤੇ ਵਿਗਿਆਨਕ ਵਿਚਾਰਧਾਰਾ ਪੇਸ਼ ਕੀਤੀ।

ਸਾਹਿਤ ਅਤੇ ਸਮਾਜ ਦੇ ਦਵੰਦਵਾਦੀ ਰਿਸ਼ਤੇ ਦੀ ਸਥਾਪਨਾ ਉਹਨਾਂ ਦੀ ਇਕ ਅਹਿਮ ਲੱਭਤ ਹੈ। ਕਲਾ ਅਤੇ ਸਮਾਜ ਵਿਚਲੇ ਅਸਾਵੇਂ ਸੰਬੰਧਾਂ ਨੂੰ ਵੀ ਮਾਰਕਸ ਨੇ ਦ੍ਰਿਸ਼ਟੀਗੋਚਰ ਕਰਵਾਇਆ ਹੈ। ਮਾਰਕਸ ਨੇ ਸੁਹਜ- ਬੋਧ ਨੂੰ ਮਨੁੱਖ ਦੇ ਜਮਾਂਦਰੂ ਗੁਣ ਹੋਣ ਦੀ ਥਾਂ, ਉਸ ਦੀ ਇਕ ਸਮਾਜਕ ਪ੍ਰਾਪਤੀ ਵਜੋਂ ਦ੍ਰਿੜ ਕਰਵਾਇਆ ਹੈ। ਕਲਾ ਨੂੰ ਉਹਨਾਂ ਵਿਚਾਰਧਾਰਕ ਹਥਿਆਰ ਦੀ ਸੰਗਿਆ ਦਿੱਤੀ, ਜੋ ਜਮਾਤੀ ਸੰਘਰਸ਼ ਵਿਚ ਵਿਸ਼ੇਸ਼ ਸਮਾਜਕ ਰੋਲ ਅਦਾ ਕਰਦੀ ਹੈ। ਮਨੁੱਖੀ ਇਤਿਹਾਸ ਦੇ ਹਰੇਕ ਪੜਾਅ ਦੀ ਇਹੀ ਵਿਸ਼ੇਸ਼ਤਾ ਰਹੀ ਹੈ ਕਿ ਤਤਕਾਲੀਨ ਵਿਕਾਸ ਨੂੰ ਸਮਝ ਕੇ ਨਵੇਂ ਵਿਚਾਰ ਵਿਕਸਤ ਹੁੰਦੇ ਰਹੇ ਹਨ। ਮਾਰਕਸ ਨੇ ਵੀ ਅਜਿਹੀ ਚੁਣੌਤੀ ਨੂੰ ਸਵੀਕਾਰ ਕਰਕੇ ਉਸ ਸਮੇਂ ਚੱਲ ਰਹੀਆਂ ਬੌਧਿਕ ਬਹਿਸਾਂ ਵਿਚੋਂ ਨਵੇਂ ਵਿਚਾਰਾਂ ਨੂੰ ਜਨਮ ਦਿੱਤਾ ਸੀ। ਇਸ ਤਰ੍ਹਾਂ ਮਾਰਕਸ ਨੇ ਸੰਸਾਰ ਚਿੰਤਨ, ਆਰਥਿਕਤਾ ਤੇ ਰਾਜਨੀਤੀ ਵਿਚ ਇੱਕ ਵੱਡੀ ਪੁਲਾਂਘ ਪੁੱਟੀ ਸੀ। ਜਿੱਥੇ ਮਾਰਕਸ ਨੂੰ ਜਰਮਨ ਦੇ ਕਲਾਸਕੀ ਫ਼ਲਸਫ਼ੇ ਅਤੇ ਨਵ-ਹੀਗੇਲੀ-ਅਨਵਾਦੀਆਂ ਨਾਲ ਦੋ-ਚਾਰ ਹੋਣਾ ਪਿਆ, ਉਥੇ ਉਸਨੂੰ ਮਕਾਨਕੀ ਪਦਾਰਥਵਾਦੀਆਂ, ਯੂਟੋਪੀਅਨ ਸਮਾਜਵਾਦੀਆਂ ਤੇ ਕਲਾਸਕੀ ਅਰਥ-ਸ਼ਾਸਤਰੀਆਂ ਨਾਲ ਵੀ ਵਿਚਾਰਧਾਰਕ ਯੁੱਧ ਲੜਨਾ ਪਿਆ।

ਮਾਰਕਸ ਨੇ ਸਰਮਾਏਦਾਰੀ ਪ੍ਰਬੰਧ ਦਾ ਆਰਥਿਕ ਸਿਧਾਂਤ ਪੇਸ਼ ਕੀਤਾ। ਪਰ ਉਹ ਸਦਾ ਇਸ ਗੱਲ 'ਤੇ ਜ਼ੋਰ ਦਿੰਦਾ ਸੀ ਕਿ ਉਸਦੇ ਆਰਥਿਕ ਸਿਧਾਂਤ ਉਸਦੇ ਇਤਿਹਾਸਕ ਤੇ ਸਮਾਜੀ ਸਿਧਾਂਤਾ ਤੋਂ ਵਧੇਰੇ ਕਰਕੇ ਨਹੀਂ ਵੇਖੇ ਜਾਣੇ ਚਾਹੀਦੇ। ਹਰ ਵਿਗਿਆਨ ਦੀ ਤਰ੍ਹਾਂ ਸਮਾਜ ਦੇ ਵਿਕਾਸ ਦੇ ਵਿਗਿਆਨ ਦੀ ਬੁਨਿਆਦ ਵੀ ਤਜਰਬਾ ਹੈ। ਇਸ ਲਈ ਮਾਰਕਸਵਾਦ ਕੋਈ ਬੰਦ ਸਿਸਟਮ ਨਹੀਂ ਹੈ। ਜਿਵੇਂ-ਜਿਵੇਂ ਇਤਿਹਾਸ ਦਾ ਵੇਗ ਚੱਲਦਾ ਰਹਿੰਦਾ ਹੈ, ਮਨੁੱਖ ਨਵੇਂ ਤਜ਼ਰਬੇ ਹਾਸਲ ਕਰਦਾ ਹੈ, ਤਿਉਂ-ਤਿਉਂ ਮਾਰਕਸਵਾਦ ਵੀ ਆਪਣੇ-ਆਪ ਵਿਚ ਤਬਦੀਲੀਆਂ ਕਰਦਾ ਹੈ ਅਤੇ ਨਵੀਆਂ ਸਮਾਜਿਕ ਹਕੀਕਤਾਂ ਤੇ ਤਜ਼ਰਬਿਆਂ ਤੇ ਲਾਗੂ ਹੁੰਦਾ ਜਾਂਦਾ ਹੈ।

ਮਾਰਕਸ ਨੇ ਜਿੱਥੇ ਮਨੁੱਖੀ ਇਤਿਹਾਸ ਦੀ ਤੋਰ ਦਾ ਨੇਮ ਖੋਜਿਆ, ਉਥੇ ਇਕ ਅਜਿਹੀ ਵਿਚਾਰਧਾਰਾ ਨੂੰ ਵੀ ਸਾਹਮਣੇ ਲਿਆਂਦਾ, ਜਿਸ ਅਨੁਸਾਰ ਮਨੁੱਖ ਨੂੰ ਸਿਆਸਤ, ਵਿਗਿਆਨ, ਕਲਾ ਤੇ ਧਰਮ ਆਦਿ ਤੋਂ ਪਹਿਲਾਂ ਬੁਨਿਆਦੀ ਜ਼ਰੂਰਤਾਂ ਜਿਵੇਂ ਰੋਟੀ, ਕੱਪੜਾ ਤੇ ਮਕਾਨ ਦੀ ਜ਼ਰੂਰਤ ਹੁੰਦੀ ਹੈ।ਏਂਗਲਜ਼ ਨੇ ਮਾਰਕਸ ਬਾਰੇ ਕਿਹਾ ਸੀ ਕਿ:

ਉਹ ਦੁਨੀਆਂ ਦਾ ਪਹਿਲਾ ਅਜਿਹਾ ਮਨੁੱਖ ਸੀ, ਜਿਸਨੇ ਮਜ਼ਦੂਰ ਜਮਾਤ ਅੰਦਰ ਆਪਣੀ ਹਾਲਤ ਤੇ ਲੋੜਾਂ ਬਾਰੇ ਅਤੇ ਉਸਦੀ ਮੁਕਤੀ ਦੀਆਂ ਹਾਲਾਤਾਂ ਬਾਰੇ ਚੇਤਨਾ ਪੈਦਾ ਕੀਤੀ।।8॥

ਮਾਰਕਸ ਦੀਆਂ ਕੋਸ਼ਿਸ਼ਾਂ ਤੇ ਪ੍ਰੇਰਨਾ ਸਦਕਾ 1864 ਵਿਚ ਪਹਿਲਾ 'ਸਮਾਜਵਾਦੀ ਅੰਤਰਰਾਸ਼ਟਰੀ ਸੰਘ' ਹੋਂਦ ਵਿਚ ਆਇਆ। ਲੰਡਨ ਆਉਣ ਤੋਂ ਪਹਿਲਾਂ ਉਸਨੇ ਆਪਣੇ ਜੀਵਨ ਦਾ ਕਾਫੀ ਹਿੱਸਾ ਸਮਾਜਵਾਦੀ ਸੰਘਰਸ਼ ਨੂੰ

ਸਮਰਪਿਤ ਕਰ ਦਿੱਤਾ। ਮਾਰਕਸ ਨੇ ਸਿਧਾਂਤਕ ਲਿਖਤਾਂ, ਵਿਚਾਰ, ਮਾਰਕਸ ਦਰਸ਼ਨ, ਸਭਾ ਸੰਮੇਲਨਾਂ ਅਤੇ ਪੱਤਰ ਵਿਹਾਰ ਦੁਆਰਾ ਪੱਛਮੀ ਯੂਰਪ ਵਿਚ ਇਕ ਚਿੰਤਕ ਦੇ ਰੂਪ ਵਿਚ ਆਪਣੀ ਪ੍ਰਮੁੱਖ ਥਾਂ ਬਣਾਈ ਰੱਖੀ ਅਤੇ ਆਪਣਾ ਸਮੁੱਚਾ ਚਿੰਤਨ ਮਜ਼ਦੂਰ ਜਮਾਤ ਦੇ ਹਥਿਆਰ ਵਜੋਂ ਪੇਸ਼ ਕੀਤਾ। ਮਾਰਕਸ ਦੇ ਸਮੁੱਚੇ ਸਮਾਜਵਾਦੀ ਪ੍ਰੋਜੈਕਟ ਵਿਚ ਰਾਜਨੀਤੀ ਦਾ ਕੇਂਦਰੀ ਸਥਾਨ ਸੀ, ਉਹ ਵੀ ਉਸ ਰਾਜਨੀਤੀ ਦਾ ਜਿਸਦੇ ਜਰੀਏ ਗਰੀਬ ਜਮਾਤ ਦੀ ਮੁਕਤੀ ਹੋਵੇ।

1.2.2 ਫ਼੍ਰੈਡਰਿਕ ਏਂਗਲਜ਼ (1820-1895)

ਏਂਗਲਜ਼ ਇਕ ਜਰਮਨ ਸਮਾਜ ਸ਼ਾਸਤਰੀ ਤੇ ਦਾਰਸ਼ਨਿਕ ਦੇ ਤੌਰ ਤੇ ਜਾਣੇ ਜਾਂਦੇ ਹਨ। ਪੱਛਮੀ ਮਾਰਕਸਵਾਦੀ ਚਿੰਤਕਾਂ ਵਿਚ ਫ਼੍ਰੈਡਰਿਕ ਏਂਗਲਜ਼ ਦਾ ਨਾਮ ਵਰਣਨਯੋਗ ਹੈ।

ਏਂਗਲਜ਼ ਨੇ ਸਾਹਿਤ ਨੂੰ ਨਿਰੋਲ ਮਕਾਨਕੀ ਢੰਗ ਨਾਲ ਸਮਝਣ ਵਾਲੇ ਆਲੋਚਕਾਂ ਨੂੰ ਖ਼ਬਰਦਾਰ ਕਰਦਿਆਂ, ਨੀਂਹ ਅਤੇ ਉਸਾਰ ਵਿਚਲੇ ਦਵੰਦਵਾਦੀ ਸੰਬੰਧਾਂ ਨੂੰ ਵਧੇਰੇ ਸਪੱਸ਼ਟਤਾ ਸਹਿਤ ਪ੍ਰਸਤੁਤ ਕੀਤਾ ਹੈ। ਸਾਹਿਤ ਸੰਬੰਧੀ ਉਹਨਾਂ ਦਾ ਅਸਲ ਯੋਗਦਾਨ ਯਥਾਰਥਵਾਦ ਦੀ ਵਿਗਿਆਨਕ ਅਤੇ ਬਾਹਰਮੁਖੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਵਿਚ ਹੈ। ਸਾਹਿਤ ਕਿਰਤ ਵਿਚ ਪੇਸ਼ ਲੇਖਕ ਦੇ ਵਿਚਾਰਾਂ ਦੀ ਸਮੱਸਿਆ ਨੂੰ ਵੀ ਉਹਨਾਂ ਬਹੁਤ ਹੀ ਯਥਾਰਥਕ ਦ੍ਰਿਸ਼ਟੀ ਤੋਂ ਸਮਝਿਆ ਅਤੇ ਪ੍ਰਸਤੁਤ ਕੀਤਾ ਹੈ। ਕਲਾ ਅਤੇ ਮਿਹਨਤ ਦੇ ਸੰਬੰਧ ਉਹਨਾਂ ਦੇ ਸਾਹਿਤ-ਚਿੰਤਨ ਦੇ ਇਕ ਹੋਰ ਵਿਲੱਖਣ ਖੇਤਰ ਵਜੋਂ ਵਿਸ਼ੇਸ਼ ਤੌਰ ਉਤੇ ਪ੍ਰਵਾਨ ਕੀਤੇ ਜਾਂਦੇ ਹਨ। ਕਲਾਕਾਰ ਦੇ ਹੌਂਸਲੇ ਨੂੰ ਉਹਨਾਂ ਸਾਹਿਤਕਾਰਾਂ ਦੇ ਸੰਬੰਧ ਵਿਚ ਬਹੁਤ ਹੀ ਮਹੱਤਵਪੂਰਨ ਪ੍ਰਾਪਤੀ ਵਜੋਂ ਸਥਾਪਿਤ ਕੀਤਾ ਹੈ।।9॥

ਏਂਗਲਜ਼ ਤੇ ਉਹਨਾਂ ਦੇ ਸਾਥੀ ਕਾਰਲ ਮਾਰਕਸ ਨੂੰ ਮਾਰਕਸਵਾਦ ਦੇ ਸਿਧਾਂਤ ਦੇ ਵਿਕਾਸ ਦਾ ਸਿਹਰਾ ਪ੍ਰਾਪਤ ਹੈ। ਏਂਗਲਜ਼ ਦੁਆਰਾ ਮਾਰਕਸ ਨਾਲ ਮਿਲ ਕੇ 1848 ਵਿਚ 'ਕਮਿਊਨਿਸਟ ਪਾਰਟੀ ਦਾ ਮੈਨੀਫੈਸਟੋ' ਦੀ ਰਚਨਾ ਕੀਤੀ ਗਈ। ਏਂਗਲਜ਼ ਨੇ ਬਾਅਦ ਵਿਚ ਮਾਰਕਸ ਦੀ ਪੁਸਤਕ "ਪੂੰਜੀ" ਨੂੰ ਲਿਖਣ ਲਈ ਉਸਦੀ ਆਰਥਿਕ ਤੌਰ ਤੇ ਮਦਦ ਕੀਤੀ। ਮਾਰਕਸ ਤੋਂ ਬਾਅਦ ਉਸਨੇ ਪੂੰਜੀ ਦੇ ਦੂਜੇ ਤੇ ਤੀਜੇ ਖੰਡ ਦਾ ਸੰਪਾਦਨ ਵੀ ਕੀਤਾ। ਏਂਗਲਜ਼ ਦੁਆਰਾ ਵਾਧੂ ਮੁੱਲ ਦੇ ਸਿਧਾਂਤ ਵਾਲੇ ਨਿਯਮ ਉੱਤੇ ਮਾਰਕਸ ਦੁਆਰਾ ਰਚਿਤ ਲੇਖਾਂ ਨੂੰ ਇਕੱਠਾ ਕਰਨ ਅਤੇ ਸੰਭਾਲਣ ਦੀ ਜਿੰਮੇਵਾਰੀ ਵੀ ਬਾਖੂਬੀ ਨਿਭਾਈ ਗਈ। ਏਂਗਲਜ਼ ਨੇ ਜਰਮਨ ਦੇ ਦਾਰਸ਼ਨਿਕ ਹੀਗਲ ਦੇ ਦਰਸ਼ਨ ਦਾ ਅਧਿਐਨ ਵੀ ਕੀਤਾ:

ਏਂਗਲਜ਼ ਨੇ ਮਾਰਕਸ ਨਾਲ ਮਿਲ ਕੇ ਹੀਗਲ ਦੇ ਬਾਹਰਮੁਖੀ ਆਦਰਸ਼ਵਾਦੀ ਫ਼ਲਸਫ਼ੇ ਵਿਚੋਂ ਉਸਦੀ ਡਾਇਲੈਕਟਿਕਸ ਨੂੰ ਅਤੇ ਫ਼ਿਉਰਬਾਖ ਦੇ ਸਿੱਧੜ ਪਦਾਰਥਵਾਦ ਵਿਚੋਂ ਉਸਦੇ ਪਦਾਰਥਵਾਦ (ਜਿਸਨੂੰ ਦਵੰਦਵਾਦੀ ਪਦਾਰਥਵਾਦੀ ਨੀਹਾਂ ਤੇ ਉਸਾਰਿਆ ਗਿਆ) ਨੂੰ ਲੈ ਕੇ ਨਾ ਕੇਵਲ ਦੋਹਾਂ ਨੂੰ ਦਵੰਦਵਾਦੀ ਪਦਾਰਥਵਾਦ ਵਜੋਂ ਇਕ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਥਾਪਿਤ ਅਤੇ ਵਿਕਸਿਤ ਹੀ ਕੀਤਾ ਸਗੋਂ ਦਵੰਦਵਾਦੀ ਪਦਾਰਥਵਾਦ ਵਜੋਂ ਦੋਹਾਂ ਦਾ ਦਵੰਦਾਤਮਕ ਸੰਬੰਧ ਸਥਾਪਿਤ ਕਰਕੇ ਦਰਸ਼ਨ ਦੇ ਖੇਤਰ ਵਿਚ ਇਕ ਲਾਸਾਨੀ ਇਨਕਲਾਬ ਦੀ ਸਥਾਪਨਾ ਕੀਤੀ।।10॥

ਏਂਗਲਜ਼ ਜੀਵਨ ਭਰ ਜਰਮਨ ਦਰਸ਼ਨ ਦੇ ਅਨੁਯਾਈ ਰਹੇ ਕਿਉਂਕਿ ਉਸਦਾ ਮੰਨਣਾ ਸੀ ਕਿ ਇਸ ਦਰਸ਼ਨ ਕਾਰਣ ਹੀ ਉਸਦਾ ਬੌਧਿਕ ਵਿਕਾਸ ਸੰਭਵ ਹੋ ਸਕਿਆ ਹੈ।

ਏਂਗਲਜ਼ ਦੀਆਂ ਸਾਹਿਤ-ਚਿੰਤਨ ਨਾਲ ਸੰਬੰਧਿਤ ਕੁੱਝ ਮਹੱਤਵਪੂਰਨ ਪੁਸਤਕਾਂ-

- ਕਮਿਊਨਿਸਟ ਮੈਨੀਫੈਸਟੋ (1848)

- ਦ ਹੋਲੀ ਫੈਮਿਲੀ (1844)
- ਪਰਿਵਾਰ ਨਿਜੀ ਜਾਇਦਾਦ ਅਤੇ ਰਾਜ ਦੀ ਉਤਪਤੀ (1884)
- ਸਾਹਿਤ ਅਤੇ ਕਲਾ
- ਪ੍ਰਕਿਰਤੀ ਦਾ ਵਿਰੋਧ ਵਿਕਾਸ।

1.2.3 ਜੀ.ਵੀ. ਪਲੈਖਾਨੋਵ

ਪਲੈਖਾਨੋਵ ਇੱਕ ਰੂਸੀ ਕ੍ਰਾਂਤੀਕਾਰੀ ਅਤੇ ਰੂਸ ਦੇ ਸਭ ਤੋਂ ਪਹਿਲੇ ਮਾਰਕਸਵਾਦੀ ਚਿੰਤਕ ਸਨ। ਉਹ ਰੂਸ ਵਿਚ ਸ਼ੋਸ਼ਲ ਡੈਮੋਕ੍ਰੈਟਿਕ ਅੰਦੋਲਨ ਦੇ ਸੰਸਥਾਪਕ ਵੀ ਸਨ। 1880 ਤੇ 1890 ਦੇ ਦੌਰਾਨ ਪਲੈਖਾਨੋਵ ਦੁਆਰਾ ਪੂਰੀ ਦੁਨੀਆਂ ਨੂੰ ਮਾਰਕਸਵਾਦੀ ਸਿਧਾਂਤ ਅਤੇ ਉਸਦੇ ਇਤਿਹਾਸ ਦੇ ਬਾਰੇ ਸ਼ਾਨਦਾਰ ਰਚਨਾਵਾਂ ਦਿੱਤੀਆਂ ਗਈਆਂ। ਇਹਨਾਂ ਰਚਨਾਵਾਂ ਵਿੱਚ ਉਸਨੇ ਮਜ਼ਦੂਰ ਵਰਗ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਪੇਸ਼ ਕਰਨ ਵਾਲੇ ਕਾਰਲ ਮਾਰਕਸ ਅਤੇ ਏਂਗਲਜ਼ ਦੇ ਵਿਚਾਰਾਂ ਦੀ ਰੱਖਿਆ ਕਰਨ ਦੇ ਨਾਲ-ਨਾਲ ਉਹਨਾਂ ਨੂੰ ਹੋਰ ਵਿਕਸਿਤ ਕੀਤਾ ਤੇ ਲੋਕਪ੍ਰਿਯ ਬਣਾਇਆ।

ਮਾਰਕਸਵਾਦੀ ਸਾਹਿਤ-ਆਲੋਚਨਾ ਦੇ ਖੇਤਰ ਵਿਚ ਪਲੈਖਾਨੋਵ ਦਾ ਯੋਗਦਾਨ ਕਲਾ ਦੇ ਉਦਭਵ ਅਤੇ ਕਲਾ ਅਤੇ ਸਮਾਜਕ ਜੀਵਨ ਦੇ ਸੰਬੰਧਾਂ ਨੂੰ ਇਕ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਵਿਆਖਿਆਉਣ ਵਿਚ ਹੈ। ਉਹਨਾਂ ਦਾ ਵਿਚਾਰ ਸੀ ਕਿ ਵਸਤਾਂ ਪ੍ਰਤਿ ਉਪਯੋਗਤਾਵਾਦੀ ਦ੍ਰਿਸ਼ਟੀ ਉਹਨਾਂ ਪ੍ਰਤਿ ਸੁਹਾਜਾਤਮਕ ਦ੍ਰਿਸ਼ਟੀ ਦੀ ਪੂਰਣਵਰਤੀ ਹੈ। ਉਹਨਾਂ ਸਾਹਿਤ ਨੂੰ ਵਿਚਾਰਾਂ ਅਤੇ ਭਾਵਾਂ ਦਾ ਸੁੰਦਰ ਸੁਮੇਲ ਕਿਹਾ ਹੈ। ਉਹਨਾਂ ਅਨੁਸਾਰ ਕਲਾ ਇਕ ਸਮਾਜਿਕ ਵਰਤਾਰਾ ਹੈ। ਉਹਨਾਂ ਦਾ ਮਤ ਸੀ ਕਿ ਕਲਾ ਸਾਡੀ ਤਰਕ ਸ਼ਕਤੀ ਨੂੰ ਟੁੰਬਣ ਦੀ ਥਾਂ ਸਾਡੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ। ਉਹਨਾਂ ਰੂਪ ਦੇ ਨਾਲ-ਨਾਲ ਸਾਹਿਤ ਕਿਰਤ ਵਿਚ ਉੱਤਮ ਵਿਚਾਰਾਂ ਦੀ ਲੋੜ ਨੂੰ ਵੀ ਦ੍ਰਿੜ ਕਰਵਾਇਆ। ਸਾਹਿਤ-ਚਿੰਤਨ ਵਿਚ ਉਹਨਾਂ ਦੀ ਵੱਡੀ ਦੇਣ ਆਦਿ-ਜਾਤੀਆਂ ਅਤੇ ਉਹਨਾਂ ਦੀ ਕਲਾ ਦੀ ਇਤਿਹਾਸਕ-ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਵਿਚ ਹੈ।।11॥

ਮਾਰਕਸਵਾਦ ਸੰਬੰਧੀ ਪਲੈਖਾਨੋਵ ਨੇ ਆਪਣੇ ਵਿਚਾਰ ਅੰਕਿਤ ਕੀਤੇ ਹਨ:

ਪਲੈਖਾਨੋਵ ਨੇ ਦਰਸ਼ਨ ਦੇ ਖੇਤਰ ਵਿਚ ਆਏ ਇਨਕਲਾਬ ਨੂੰ ਮੂਰਤੀਮਾਨ ਕਰਦਿਆਂ ਇਹ ਵਿਚਾਰ ਅੰਕਿਤ ਕੀਤੇ ਹਨ, 'ਮਾਰਕਸ ਦੇ ਪਦਾਰਥਵਾਦੀ ਦਰਸ਼ਨ ਦਾ ਪ੍ਰਗਟ ਹੋਣਾਂ ਇਕ ਉਚਿਤ ਇਨਕਲਾਬ ਸੀ ਜੋ ਮਨੁੱਖੀ ਚਿੰਤਨ ਦੇ ਇਤਿਹਾਸ ਵਿਚ ਮਹਾਨਤਮ ਹੈ।।12॥

ਵੱਖ-ਵੱਖ ਸਮਾਜਿਕ ਵਿਵਸਥਾਵਾਂ ਦੇ ਵਿਗਿਆਨ ਨੂੰ ਪੇਸ਼ ਕਰਨ ਵਾਲਾ ਮਾਰਕਸਵਾਦੀ ਸਿਧਾਂਤ ਇਤਿਹਾਸਕ ਭੌਤਿਕਵਾਦ ਕਹਾਉਂਦਾ ਹੈ। ਪਲੈਖਾਨੋਵ ਦੁਆਰਾ ਇਸਦੀ ਵਿਆਖਿਆ ਕੀਤੀ ਗਈ ਹੈ। ਇਸ ਤੋਂ ਇਲਾਵਾ ਉਸਨੇ ਇਤਿਹਾਸ ਵਿਚ ਵਿਆਪਕ ਆਮ ਲੋਕਾਂ ਦੀ ਭੂਮਿਕਾ, ਰਾਜਨੀਤੀ, ਕਾਨੂੰਨ, ਸਾਹਿਤ, ਵਿਚਾਰਧਾਰਾਵਾਂ, ਨੈਤਿਕਤਾ, ਰੀਤੀਆਂ ਦੇ ਨਾਲ ਸੰਬੰਧਾਂ ਦੀ ਮਾਰਕਸਵਾਦ ਦੇ ਆਧਾਰ ਉੱਤੇ ਵਿਗਿਆਨਕ ਤੌਰ 'ਤੇ ਜਾਂਚ-ਪੜਤਾਲ ਕੀਤੀ। ਸਮਾਜਿਕ ਤਬਦੀਲੀ ਅਤੇ ਵਿਕਾਸ ਵਿਚ ਵਿਚਾਰਧਾਰਾਵਾਂ ਦੇ ਮਹੱਤਵ ਬਾਰੇ ਵੀ ਪਲੈਖਾਨੋਵ ਦੁਆਰਾ ਚਰਚਾ ਕੀਤੀ ਗਈ ਹੈ। ਦਰਸ਼ਨ-ਸ਼ਾਸਤਰ, ਸੁਹਜ-ਸ਼ਾਸਤਰ, ਸਮਾਜਿਕ ਅਤੇ ਰਾਜਨੀਤਿਕ ਵਿਚਾਰਾਂ ਦੇ ਇਤਿਹਾਸ ਅਤੇ ਖਾਸ ਕਰ ਰੂਸ ਵਿਚ ਭੌਤਿਕਵਾਦ ਅਤੇ ਦਰਸ਼ਨ ਸ਼ਾਸਤਰ ਦੇ ਇਤਿਹਾਸ ਬਾਰੇ ਉਹਨਾਂ ਦੁਆਰਾ ਦਿੱਤੀਆਂ ਰਚਨਾਵਾਂ ਵਿਗਿਆਨਕ ਵਿਚਾਰਾਂ ਅਤੇ ਪ੍ਰਗਤੀਸ਼ੀਲ ਸੰਸਕ੍ਰਿਤੀ ਦੇ ਵਿਕਾਸ ਦੇ ਸੰਦਰਭ ਵਿਚ ਵਡਮੁੱਲਾ ਯੋਗਦਾਨ ਹਨ।

1.2.4 ਵੀ.ਆਈ. ਲੈਨਿਨ

ਲੈਨਿਨ ਇਕ ਰੂਸੀ ਕਮਿਊਨਿਸਟ ਕ੍ਰਾਂਤੀਕਾਰੀ ਰਾਜਨੇਤਾ ਅਤੇ ਰਾਜਨੀਤਿਕ ਚਿੰਤਕ ਸਨ। ਉਹ ਰੂਸੀ ਬਾਲਸ਼ਵਿਕ ਪਾਰਟੀ ਦੇ ਨਿਰਮਾਤਾ ਅਤੇ ਨਿਰਵਿਵਾਦ ਆਗੂ ਮੰਨੇ ਜਾਂਦੇ ਹਨ।

ਵੀ.ਆਈ. ਲੈਨਿਨ ਦਾ ਨਾਂ ਪੱਛਮੀ ਮਾਰਕਸਵਾਦੀ ਚਿੰਤਕਾਂ ਵਿਚ ਪ੍ਰਮੁੱਖ ਹੈ। ਇਕ ਸਰਗਰਮ ਰਾਜਨੀਤਿਕ ਆਗੂ ਹੋਣ ਦੇ ਨਾਲ-ਨਾਲ, ਲੈਨਿਨ ਨੂੰ ਇਕ ਆਦਰਸ਼ ਸਾਹਿਤ-ਆਲੋਚਕ ਵਜੋਂ ਵੀ ਸਾਹਿਤ-ਚਿੰਤਨ ਦੇ ਖੇਤਰ ਵਿਚ ਹਮੇਸ਼ਾ ਯਾਦ ਕੀਤਾ ਜਾਵੇਗਾ:

ਰੂਸੀ ਸਾਹਿਤ ਦੇ ਸੰਬੰਧ ਵਿਚ ਉਹਨਾਂ ਟਾਲਸਟਾਇ, ਗੋਰਕੀ, ਹਰਜ਼ਨ, ਚਰਨੀਸ਼ੇਵਸਕੀ, ਦਾਬਰੋਲਿਊਬੋਵ ਆਦਿ ਦੇ ਸੰਬੰਧ ਵਿਚ ਆਪਣੇ ਆਲੋਚਨਾਤਮਕ ਵਿਚਾਰ ਪੇਸ਼ ਕੀਤੇ ਹਨ। ਇਸ ਸੰਬੰਧ ਵਿਚ ਸਾਹਿਤ ਦੇ ਪਾਰਟੀ ਅਤੇ ਪ੍ਰੋਲੋਤਾਰੀ ਜਮਾਤ ਨਾਲ ਅਨਿੱਖੜ ਸੰਬੰਧਾਂ, ਸਮਾਜਕ ਇਨਕਲਾਬਾਂ ਲਈ ਵਿਸ਼ੇਸ਼ ਵਿਚਾਰਧਾਰਕ ਹਥਿਆਰ ਵਜੋਂ ਇਸਦੀ ਅਹਿਮੀਅਤ ਨੂੰ ਜਨਤਾ ਦੇ ਦ੍ਰਿਸ਼ਟੀਗੋਚਰ ਕਰਨਾ, ਉਹਨਾਂ ਦੀ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ। ਉਹਨਾਂ ਰਾਜਨੀਤੀ ਅਤੇ ਸਾਹਿਤ ਦੇ ਆਪਸੀ ਸੰਬੰਧਾਂ ਨੂੰ ਸਹੀ ਢੰਗ ਨਾਲ ਸਮਝਦਿਆਂ, ਇਕ ਨੂੰ ਦੂਸਰੇ ਨਾਲ ਰਲਗੱਡ ਕਰਨ ਜਾਂ ਦੂਸਰੇ ਦੇ ਬਦਲ ਵਜੋਂ ਪ੍ਰਵਾਨ ਕਰਨ ਦਾ ਸਖ਼ਤ ਵਿਰੋਧ ਕੀਤਾ ਹੈ। ਉਹਨਾਂ ਦਾ ਇਹ ਵਿਚਾਰ ਬੜਾ ਹੀ ਮਹੱਤਵਪੂਰਣ ਹੈ ਕਿ ਕਲਾ ਰਾਜਨੀਤੀ ਦੇ ਅਧੀਨ ਹੁੰਦੀ ਹੈ।।13॥

ਮਾਰਕਸਵਾਦ ਵਿਚ ਉਹਨਾਂ ਦੀ ਦੇਣ ਨੂੰ ਲੈਨਿਨਵਾਦ ਕਿਹਾ ਜਾਂਦਾ ਹੈ। ਲੈਨਿਨਵਾਦ ਨੂੰ ਸਾਮਰਾਜ ਅਤੇ ਪ੍ਰੋਲੋਤਾਰੀ ਇਨਕਲਾਬ ਦੇ ਯੁਗ ਦਾ ਪੂੰਜੀਵਾਦ ਤੋਂ ਸਮਾਜਵਾਦੀ ਤਬਦੀਲੀ ਅਤੇ ਕਮਿਊਨਿਸਟ ਸਮਾਜ ਦੀ ਉਸਾਰੀ ਦੇ ਯੁਗ ਦਾ ਮਾਰਕਸਵਾਦ ਪ੍ਰਵਾਨ ਕੀਤਾ ਜਾਂਦਾ ਹੈ। ਲੈਨਿਨ ਨੇ ਨਾ ਕੇਵਲ ਮਾਕਰਸਵਾਦੀ ਦਰਸ਼ਨ ਨੂੰ ਅਮੀਰ ਹੀ ਕੀਤਾ ਸਗੋਂ ਇਸ ਸਿਧਾਂਤ ਨੂੰ ਅਸਲ ਦੀ ਕਸਵੱਟੀ ਉੱਤੇ ਲਾ ਕੇ ਸੱਚਾ ਸਾਬਿਤ ਵੀ ਕੀਤਾ ਹੈ। ਲੈਨਿਨ ਨੇ ਵਿਗਿਆਨਕ ਲੱਭਤਾਂ ਦੇ ਪ੍ਰਸੰਗ ਵਿਚ ਦਵੰਦਵਾਦੀ ਪਦਾਰਥਵਾਦ ਨੂੰ ਉਹਨਾਂ ਦੇ ਵਿਸ਼ਲੇਸ਼ਣ ਦੇ ਯੋਗ ਸਿੱਧ ਕੀਤਾ ਹੈ।

1.2.5 ਰੈਲਫ ਫ਼ਾਕਸ (1990-1937)

ਰੈਲਫ ਫ਼ਾਕਸ ਪੱਛਮੀ ਮਾਰਕਸਵਾਦੀ ਚਿੰਤਕਾਂ ਵਿਚ ਵਰਣਨਯੋਗ ਹੈ।ਅੰਤਰ-ਰਾਸ਼ਟਰੀ ਭਾਈਚਾਰੇ, ਦੇਸ਼-ਭਗਤੀ ਅਤੇ ਸੰਸਕ੍ਰਿਤੀ ਨੂੰ ਪਿਆਰਨ ਵਾਲਾ ਇਹ ਮਾਰਕਸਵਾਦੀ ਚਿੰਤਕ, ਇੰਗਲੈਂਡ ਵਿਚ ਜਨਮਿਆਂ ਸੀ। ਉਹ ਕਲਮ ਅਤੇ ਤਲਵਾਰ ਦੇ ਸੁੰਦਰ ਸੁਮੇਲ ਨੂੰ ਆਪਣੇ-ਅਮਲੀ ਜੀਵਨ ਰਾਹੀਂ ਪ੍ਰਸਤੁਤ ਕਰਨ ਵਾਲਾ ਚਿੰਤਕ ਸੀ। ਉਹਨਾਂ ਪੂੰਜੀਵਾਦੀ ਯੁੱਗ ਵਿਚ ਨਾਵਲ ਦੀ ਸਾਰਥਕਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਹਨਾਂ ਨਾਵਲ ਨੂੰ ਬੁਰਜੂਆ ਸਾਹਿਤ ਦੀ ਸਭ ਤੋਂ ਪ੍ਰਤਿਨਿਧ ਅਤੇ ਸਰਬੋਤਮ ਦੇਣ ਸਵੀਕਾਰ ਕੀਤਾ ਹੈ। ਇਸਦੇ ਨਾਲ ਹੀ ਉਹਨਾਂ ਨਾਵਲ ਨੂੰ ਕਲਾ ਦਾ ਨਵਾਂ ਰੂਪ ਵੀ ਪ੍ਰਵਾਨ ਕੀਤਾ ਹੈ। ਉਹਨਾਂ ਦਾ ਵਿਚਾਰ ਸੀ ਕਿ ਲੇਖਕ ਆਪਣੀ ਰਚਨਾ ਦੇ ਕਣ-ਕਣ ਵਿਚ ਉਸੇ ਤਰ੍ਹਾਂ ਵਿਦਮਾਨ ਹੁੰਦਾ ਹੈ ਜਿਵੇਂ ਭਗਵਾਨ ਬ੍ਰਹਿਮੰਡ ਦੇ ਹਰ ਅਣੂੰ ਵਿਚ ਸਮਾਇਆ ਹੁੰਦਾ ਹੈ। ਸਮਾਜ ਨਿਰਮਾਣ ਵਿਚ ਆਪਣਾ ਯੋਗਦਾਨ ਦੇਣ ਨੂੰ ਉਹਨਾਂ ਕਿਸੇ ਕ੍ਰਾਂਤੀਕਾਰੀ ਲੇਖਕ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਵਜੋਂ ਮਾਨਤਾ ਪ੍ਰਦਾਨ ਕੀਤੀ ਹੈ।।14॥

1.2.6 ਲਿਉਨ ਟ੍ਰਾਟਸਕੀ (1879-1940)

ਲਿਉਨ ਟ੍ਰਾਟਸਕੀ ਨੂੰ ਪੱਛਮੀ ਮਾਰਕਸਵਾਦੀ ਚਿੰਤਕਾਂ ਵਿੱਚ ਪ੍ਰਭਾਵੀ ਚਿੰਤਕ ਦੇ ਤੌਰ ਤੇ ਜਾਣਿਆ ਜਾਂਦਾ ਹੈ। ਮਾਰਕਸਵਾਦੀ ਵਿਚਾਰਧਾਰਾ ਵਿੱਚ ਉਸਦੀ ਦੇਣ ਵਰਣਨਯੋਗ ਹੈ:-

ਸਾਹਿਤ ਅਲੋਚਨਾ ਦੇ ਖੇਤਰ ਨਾਲ ਸੰਬੰਧਿਤ ਆਪਣੇ ਅਲੋਚਨਾਤਮਕ ਵਿਚਾਰ, ਉਨ੍ਹਾਂ Literature and Revolution ਨਾਂ ਦੀ ਪੁਸਤਕ ਵਿਚ ਪੇਸ਼ ਕੀਤੇ ਹਨ। ਉਹਨਾਂ ਦੀ ਧਾਰਣਾ ਸੀ ਕਿ ਇਨਕਲਾਬੀ ਕਵਿਤਾ ਇਕ ਨਵੇਂ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੁੰਦੀ ਹੈ। ਉਹਨਾਂ ਦਾ ਮਤ ਸੀ ਕਿ ਕਵਿਤਾ ਦੇ ਮਾਧਿਅਮ ਰਾਹੀਂ ਅਸੀਂ ਸੰਸਾਰ ਨੂੰ ਬਿੰਬਾਂ ਦੇ ਮਾਧਿਅਮ ਰਾਹੀਂ ਸਮਝਣ ਦਾ ਅਤੇ ਮਾਨਣ ਦਾ ਯਤਨ ਕਰਦੇ ਹਾਂ, ਨਾ ਕਿ ਉਸ ਨੂੰ ਵਿਗਿਆਨਕ ਤੌਰ ਉਤੇ ਸਮਝਣ ਦਾ। ਕਾਲ ਦੀ ਏਕਤਾ, ਵਿਸ਼ੇਸ਼ ਵਿਸ਼ਵ- ਦ੍ਰਿਸ਼ਟੀਕੋਣ ਅਤੇ ਜੀਵਨ-ਦ੍ਰਿਸ਼ਟੀਕੋਣ ਦੀ ਏਕਤਾ ਵਿਚੋਂ ਪੈਦਾ ਹੁੰਦੀ ਹੈ।।15॥

1.2.7 ਟੈਰੀ ਈਗਲਟਨ

ਟੈਰੀ ਈਗਲਟਨ ਪੱਛਮੀ ਮਾਰਕਸਵਾਦੀ ਸਾਹਿਤ-ਚਿੰਤਨ ਵਿੱਚ ਵਿਲੱਖਣ ਪ੍ਰਤਿਭਾ ਦਾ ਧਾਰਨੀ ਚਿੰਤਕ ਹੈ:-

ਪੱਛਮੀ ਮਾਰਕਸਵਾਦੀ ਸਾਹਿਤ-ਚਿੰਤਨ ਦੇ ਖੇਤਰ ਵਿਚ ਉਹ ਕਿਸੇ ਵਿਸ਼ੇਸ਼ ਜਾਣ- ਪਛਾਣ ਦਾ ਮੁਥਾਜ ਨਹੀਂ Marxism and Literary Criticism ਅਤੇ Criticism and Ideology, ਉਹਨਾਂ ਦੀਆਂ ਸਾਹਿਤ ਆਲੋਚਨਾ ਸੰਬੰਧੀ ਪੁਸਤਕਾਂ ਹਨ। ਸਾਹਿਤ ਅਤੇ ਇਤਿਹਾਸ, ਲੇਖਕ ਅਤੇ ਪ੍ਰਤਿਬੱਧਤਾ, ਵਸਤੂ ਅਤੇ ਰੂਪ, ਲੇਖਕ ਇਕ ਉਤਪਾਦਕ ਵਜੋਂ, ਮਾਰਕਸਵਾਦੀ ਅਲੋਚਨਾ ਦੀ ਵਿਲੱਖਣਤਾ ਅਤੇ ਇਸਦਾ ਕਾਰਜ ਖੇਤਰ ਆਦਿ ਕੁੱਝ ਅਜਿਹੇ ਵਿਸ਼ੇ ਹਨ, ਜਿੰਨ੍ਹਾਂ ਸੰਬੰਧੀ ਉਨ੍ਹਾਂ ਦੀਆਂ ਬਹੁਮੁੱਲੀਆ ਧਾਰਣਾਵਾਂ ਪ੍ਰਾਪਤ ਹੁੰਦੀਆਂ ਹਨ।।16॥

ਟੈਰੀ ਈਗਲਟਨ ਉਹਨਾਂ ਸਮਕਾਲੀ ਚਿੰਤਕਾਂ ਵਿਚੋਂ ਹੈ ਜਿੰਨ੍ਹਾ ਨੇ ਮੁੱਖ ਤੌਰ 'ਤੇ ਸਾਹਿਤ-ਚਿੰਤਨ ਅਤੇ ਸਮੀਖਿਆ ਨਾਲ ਆਪਣਾ ਸਰੋਕਾਰ ਜੋੜਿਆ ਹੈ। ਉਹ ਅਜੋਕੇ ਦੌਰ ਦੇ ਪ੍ਰਮੁੱਖ ਮਾਰਕਸਵਾਦੀ ਸਾਹਿਤ-ਚਿੰਤਕਾਂ ਵਿਚੋਂ ਹੈ ਪਰ ਉਸਦੀ ਆਲੋਚਨਾ-ਦ੍ਰਿਸ਼ਟੀ ਪਰੰਪਰਾ ਜਾਂ ਕਲਾਸੀਕਲ ਮਾਰਕਸਵਾਦ ਦੀ ਧਾਰਨੀ ਨਹੀਂ ਸਗੋਂ ਇਕ ਵਿਸ਼ੇਸ਼ ਭਾਂਤ ਦੇ ਨਵ-ਮਾਰਕਸਵਾਦੀ ਚਿੰਤਨ ਦੀ ਉਪਜ ਹੈ। ਟੈਰੀ ਈਗਲਟਨ ਨੇ ਕਈ ਹੋਰਨਾਂ ਵਿਸ਼ਵ-ਚਿੰਤਕਾਂ ਵਾਂਗ ਸਾਹਿਤਕ ਕਿਰਤਾਂ ਅਤੇ ਸੱਭਿਆਚਾਰਕ ਸਿਰਜਣਾਵਾਂ ਦੇ ਗਿਆਨ-ਮੂਲਕ ਅਧਿਐਨ ਤੇ ਵਿਸ਼ਲੇਸ਼ਣ ਲਈ ਭਿੰਨ-ਭਿੰਨ ਚਿੰਤਨ-ਵਿਧੀਆਂ ਵਿਚਕਾਰ ਰਚਨਾਤਮਕ ਸੰਵਾਦ ਰਚਾਉਣ ਦੀ ਚੇਸ਼ਟਾ ਕੀਤੀ ਹੈ, ਜੋ ਕਿਸੇ ਵੀ ਤਰ੍ਹਾਂ ਘੱਟ ਮਹੱਤਵਪੂਰਣ ਨਹੀਂ।ਟੈਰੀ ਈਗਲਟਨ ਨੇ ਆਪਣੇ ਆਪ ਨੂੰ ਕਿਧਰੇ ਵੀ ਨਵ-ਮਾਰਕਸਵਾਦੀ ਨਹੀਂ ਆਖਿਆ ਸਗੋਂ ਸਮਾਜਵਾਦੀ ਵਿਚਾਰਧਾਰਾ ਨਾਲ ਆਪਣੀ ਪ੍ਰਤਿਬੱਧਤਾ ਦਾ ਪ੍ਰਗਟਾਵਾ ਕੀਤਾ ਹੈ। ਟੈਰੀ ਈਗਲਟਨ ਨੇ ਅੰਗਰੇਜ਼ੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਦੇ ਨਾਲ-ਨਾਲ ਸਾਹਿਤ-ਚਿੰਤਨ ਅਤੇ ਸਮੀਖਿਆ ਨਾਲ ਸੰਬੰਧਿਤ ਮਹੱਤਵਪੂਰਣ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ। ਇਹਨਾਂ ਪੁਸਤਕਾਂ ਰਾਹੀਂ ਹੀ ਉਸਨੇ ਆਪਣੀ ਨਵ- ਮਾਰਕਸਵਾਦੀ ਚਿੰਤਕ ਵਜੋਂ ਵਿਲੱਖਣ ਪਛਾਣ ਬਣਾਈ ਹੈ। ਟੈਰੀ ਈਗਲਟਨ ਦੀਆਂ ਸਾਹਿਤ-ਚਿੰਤਨ ਅਤੇ ਸਮੀਖਿਆ ਨਾਲ ਸੰਬੰਧਿਤ ਮਹੱਤਵਪੂਰਨ ਪੁਸਤਕਾਂ:

1. Shakespear and Society (1967)

2. Exiles and emigré's (1970)

3. Myths of power A Marxist study of the Bronte's (1976)

4. Marxism and literary criticism (1976)

5. Criticism and ideology (1976)

6. Walter benjamin (1981)

7. Literery theory : A intriduction (1983)

8. The function of criticism (1984)

9. Against the grain (selected essays) (1986)[17]

ਟੈਰੀ ਈਗਲਟਨ ਨੇ ਆਪਣੀ ਪੁਸਤਕ ‘Myths of power : A Marxist study of the Brontes’ ਵਿਚ ਮਾਰਕਸਵਾਦੀ ਸਮਾਜ ਸ਼ਾਸਤਰ ਦੀਆਂ ਧਾਰਨਾਵਾਂ ਨੂੰ ਸਾਹਮਣੇ ਰੱਖ ਕੇ ਅੰਗਰੇਜ਼ੀ ਸਾਹਿਤ ਦੀ ਪ੍ਰਸਿੱਧ ਨਾਵਲਕਾਰ ਜੋੜੀ Brontes ਦੀਆਂ ਨਾਵਲੀ ਰਚਨਾਵਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਇਹਨਾਂ ਆਲੋਚਨਾ- ਪੁਸਤਕਾਂ ਵਿਚ ਟੈਰੀ ਈਗਲਟਨ ਪਰੰਪਰਕ ਸਮੀਖਿਆ ਅਤੇ ਮਾਰਕਸਵਾਦੀ ਅਧਿਐਨ ਵਿਧੀ ਦੇ ਸੁਮੇਲ ਰਾਹੀਂ ਕਿਸੇ ਪ੍ਰਮਾਣਿਕ ਸਮੀਖਿਆ ਸ਼ਾਸਤਰ ਦੀ ਤਲਾਸ਼ ਵਿਚ ਜੁਟਿਆ ਦਿਖਾਈ ਦਿੰਦਾ ਹੈ।

ਟੈਰੀ ਈਗਲਟਨ ਦੇ ਸਾਹਿਤ-ਚਿੰਤਨ ਦਾ ਵਾਸਤਵਿਕ ਪ੍ਰਭਾਵ ਉਸਦੀਆਂ ਅਗਲੇਰੀਆਂ ਦੋ ਪੁਸਤਕਾਂ Marxism and Literary criticism ਅਤੇ Criticism and Ideology ਵਿਚ ਉਜਾਗਰ ਹੁੰਦਾ ਹੈ। 1976 ਵਿਚ ਪ੍ਰਕਾਸ਼ਿਤ ਇਹ ਦੋਵੇਂ ਪੁਸਤਕਾਂ ਤੱਤਕਾਲੀਨ ਸਾਹਿਤ-ਚਿੰਤਨ ਦੇ ਸੰਦਰਭ ਵਿਚ ਮਾਰਕਸਵਾਦੀ ਸਾਹਿਤ-ਸ਼ਾਸਤਰ ਦੇ ਅਧਿਐਨ-ਸਰੋਕਾਰਾਂ ਨੂੰ ਪੁਨਰ- ਪਰਿਭਾਸ਼ਿਤ ਕਰਨ ਵੱਲ ਰੁਚਿਤ ਪਰਿਵਰਤਨ ਦਾ ਸੂਚਕ ਹੈ।।18॥

## 1.3 ਮਾਰਕਸਵਾਦੀ ਸਿਧਾਂਤਕ ਮਾਡਲ

### 1.3.1 ਦਾਰਸ਼ਨਿਕ ਆਧਾਰ

ਸਾਹਿਤ ਵਿਚ ਮਾਰਕਸਵਾਦੀ ਆਲੋਚਨਾ ਤੋਂ ਭਾਵ ਉਸ ਅਲੋਚਨਾ ਤੋਂ ਹੈ ਜੋ ਦਾਰਸ਼ਨਿਕ ਪੱਧਰ ਉਤੇ ਮਾਰਕਸਵਾਦ ਨੂੰ ਆਪਣੇ ਮੂਲ ਦਾਰਸ਼ਨਿਕ ਆਧਾਰ ਵਜੋਂ ਪ੍ਰਵਾਨ ਕਰਦੀ ਹੈ:-

ਦਵੰਦਵਾਦੀ ਪਥਾਰਥਵਾਦੀ ਦ੍ਰਿਸ਼ਟੀਕੋਣ ਅਜਿਹਾ ਦ੍ਰਿਸ਼ਟੀਕੋਣ ਹੈ ਜੋ ਸਮਾਜ, ਪ੍ਰਕਿਰਤੀ ਅਤੇ ਚਿੰਤਨ ਦੀਆਂ ਸਮੁੱਚੀਆਂ ਸਮੱਸਿਆਵਾਂ ਨੂੰ ਮੂਲ-ਰੂਪ ਵਿਚ ਪਦਾਰਥਵਾਦੀ ਦ੍ਰਿਸ਼ਟੀ ਤੋਂ ਦਵੰਦਵਾਦੀ ਵਿਧੀ ਨਾਲ ਵੇਖਣ ਅਤੇ ਸਮਝਣ ਦਾ ਯਤਨ ਕਰਦਾ ਹੈ। ਇਹ ਦਰਸ਼ਨ ਬੀਜ ਰੂਪ ਵਿਚ ਭਾਵੇਂ ਸੰਸਾਰ ਦੀਆਂ ਪ੍ਰਾਚੀਨਤਮ ਦਰਸ਼ਨ ਪ੍ਰਣਾਲੀਆਂ ਵਿਚੋਂ ਇਕ ਹੈ ਪਰੰਤੂ ਇਕ ਬਾਹਰਮੁਖੀ ਅਤੇ ਵਿਗਿਆਨਕ ਦਰਸ਼ਨ ਵਿਧੀ ਅਤੇ ਵਿਸ਼ਵ-ਦ੍ਰਿਸ਼ਟੀਕੋਣ ਵਜੋਂ ਇਹ ਆਪਣਾ ਮੌਜੂਦਾ ਰੂਪ ਉਨੀਵੀਂ ਸਦੀ ਦੇ ਦੂਸਰੇ ਅੱਧ ਵਿਚ ਜਾ ਕੇ ਹੀ ਗ੍ਰਹਿਣ ਕਰਦਾ ਹੈ। ਇਹ ਦਰਸ਼ਨ ਸੰਸਾਰ ਦੇ ਸਮੂਹ ਵਰਤਾਰਿਆਂ ਨੂੰ ਕਿਸੇ ਪੂਰਵ ਨਿਸ਼ਚਿਤ ਜਾਂ ਮਨ-ਘੜਤ ਧਾਰਣਾਵਾਂ ਦੇ ਆਧਾਰ ਉਪਰ ਸਮਝੇ ਜਾਣ ਦੀ ਥਾਂ, ਸਮੂਹ ਵਰਤਾਰਿਆਂ ਨੂੰ ਜਿਵੇਂ ਉਹ ਨਿਸ਼ਚਿਤ ਵਾਪਰਦੇ ਹਨ ਉਸੇ ਪ੍ਰਕਾਰ ਇਕ ਤਰਕਸ਼ੀਲ ਵਿਗਿਆਨਕ ਅਤੇ ਬਾਹਰਮੁਖੀ ਦ੍ਰਿਸ਼ਟੀਕੋਣ ਤੋਂ ਸਮਝੇ ਜਾਣ ਦੀ ਜ਼ਰੂਰਤ ਨੂੰ ਨਿਰਧਾਰਿਤ ਕਰਦਾ ਹੈ।।19॥

ਆਦਰਸ਼ਵਾਦੀ ਦਰਸ਼ਨ ਦੇ ਉਲਟ, ਇਹ ਦਰਸ਼ਨ ਆਪਣੇ ਮੂਲ ਸੁਭਾਅ ਵਿਚ ਪਦਾਰਥਵਾਦੀ ਹੈ, ਜਿਸਦਾ ਅਰਥ ਹੈ ਕਿ ਇਹ ਦਿਸਦਾ ਸੰਸਾਰ ਮਨੁੱਖੀ ਚੇਤਨਾ ਤੋਂ ਸੁਤੰਤਰ ਹੋਂਦ ਰੱਖਦਾ ਹੈ ਅਤੇ ਪਦਾਰਥ ਵਿਚ ਆਪਣੇ ਤੌਰ 'ਤੇ ਉਤੇ ਨਿਹਿਤ ਵਿਰੋਧਾਂ ਅਤੇ ਗਤੀ ਕਾਰਣ ਇਹ ਸਮੁੱਚਾ ਸੰਸਾਰ ਇੱਕ ਸਮੁੱਚੇ ਵਰਤਾਰੇ ਵਜੋਂ ਨਿਰੰਤਰ ਗਤੀਸ਼ੀਲ ਹੈ ਅਤੇ ਵਿਕਾਸ ਕਰ ਰਿਹਾ ਹੈ। ਮਾਰਕਸਵਾਦੀ ਦਰਸ਼ਨ ਆਦਰਸ਼ਵਾਦੀਆਂ ਦੀ ਇਸ ਧਾਰਣਾ ਦੇ ਉਲਟ ਕਿ ਸੰਸਾਰ ਨੂੰ ਜਾਣਿਆ ਨਹੀਂ ਜਾ ਸਕਦਾ, ਇਸ ਵਿਚਾਰ ਦਾ ਹਾਮੀ ਹੈ ਕਿ ਸੰਸਾਰ ਨੂੰ ਜਾਣਿਆ ਜਾ ਸਕਦਾ ਹੈ। ਪ੍ਰੰਤੂ ਇਹ ਗਿਆਨ ਵੀ ਸਮਾਜਕ ਅਤੇ ਬੌਧਿਕ ਵਿਕਾਸ ਦੀਆਂ ਵਿਸ਼ੇਸ਼ ਪਰਿਸਥਿਤੀਆਂ ਦਾ ਅਨੁਸਾਰੀ ਹੈ। ਇਹ ਦਰਸ਼ਨ ਪਦਾਰਥ ਦੀ ਹੋਂਦ ਨੂੰ ਬਾਹਰਮੁਖੀ ਅਤੇ ਚੇਤਨਾ ਤੋਂ ਸੁਤੰਤਰ ਹੋਂਦ ਰੱਖਣ ਵਾਲਾ ਤੱਤ ਸਵੀਕਾਰ ਕਰਦਾ ਹੈ। ਇਸ ਤਰ੍ਹਾਂ ਉਹ ਆਲੋਚਨਾ ਜੋ ਦਾਰਸ਼ਨਿਕ ਰੂਪ ਵਿਚ ਦਵੰਦਵਾਦੀ ਪਦਾਰਥਵਾਦ ਦੀ ਧਾਰਣੀ ਹੈ ਅਤੇ ਜੋ ਸਾਹਿਤ ਨੂੰ ਇਸ ਦਰਸ਼ਨ ਦੁਆਰਾ ਪ੍ਰਤਿਪਾਦਿਤ ਧਾਰਣਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਵੇਖਣ ਜਾਂ ਸਮਝਣ ਦਾ ਯਤਨ ਕਰਦੀ ਹੈ, ਉਸ ਅਲੋਚਨਾ ਨੂੰ ਅਸੀਂ ਮਾਰਕਸਵਾਦੀ ਅਲੋਚਨਾ ਦਾ ਨਾਮ ਦੇ ਸਕਦੇ ਹਾਂ।

ਮਾਰਕਸਵਾਦੀ ਪ੍ਰਣਾਲੀ ਵੱਖ-ਵੱਖ ਪੜਾਵਾਂ ਵਿਚੋਂ ਲੰਘਦੀ ਹੋਈ ਲਗਾਤਾਰ ਵਿਕਾਸ ਕਰਦੀ ਰਹੀ ਹੈ ਅਤੇ ਇਸ ਨਿਰੰਤਰ ਵਿਕਾਸ ਦੌਰਾਨ ਮਾਰਕਸਵਾਦੀ ਸਾਹਿਤ ਚਿੰਤਨ ਵਿਚ ਵੱਖ-ਵੱਖ ਚਿੰਤਕਾਂ ਦੁਆਰਾ ਸਾਹਿਤ/ਕਲਾ ਸੰਬੰਧੀ ਸਿਧਾਂਤਾ ਦੀ ਚਰਚਾ ਕੀਤੀ ਗਈ ਹੈ।

### 1.3.2 ਮਾਰਕਸਵਾਦੀ ਚਿੰਤਨ : ਦਵੰਦਾਤਮਕ ਭੌਤਿਕਵਾਦ/ਇਤਿਹਾਸਕ ਭੌਤਿਕਵਾਦ

ਮਾਰਕਸਵਾਦੀ ਚਿੰਤਨ ਭਾਵਵਾਦੀ ਦਰਸ਼ਨ ਦੀਆਂ ਅਮੂਰਤ ਅਤੇ ਅਧਿਆਤਮਕ ਸਥਾਪਨਾਵਾਂ ਦੇ ਵਿਰੋਧ 'ਚ ਪ੍ਰਕ੍ਰਿਤਕ ਵਿਗਿਆਨ ਦੀਆਂ ਨਵੀਆਂ ਸਥਾਪਨਾਵਾਂ ਅਤੇ ਖੋਜਾਂ ਨੂੰ ਆਧਾਰ ਬਣਾ ਕੇ ਦਾਰਸ਼ਨਿਕ ਜਰਮਨ ਚਿੰਤਕ ਹੀਗਲ ਦੀ ਦਵੰਦਾਤਮਕ ਪੱਧਤੀ ਨੂੰ ਭੌਤਿਕਵਾਦੀ ਚਿੰਤਨ ਦੇ ਸੰਦਰਭ 'ਚ ਗ੍ਰਹਿਣ ਕਰਕੇ ਪ੍ਰੋਲੋਤਾਰੀ ਦਰਸ਼ਨ ਦੇ ਰੂਪ ਵਿਚ ਸਾਹਮਣੇ ਆਇਆ ਅਤੇ ਇਸਦਾ ਵਿਕਾਸ ਹੋਇਆ। ਮਾਰਕਸ ਤੋਂ ਪਹਿਲਾਂ ਜਰਮਨ ਕਲਾਸਕੀ ਫਲਸਫ਼ੇ ਦੇ ਬਾਨੀ ਇੱਮਨੁਅਲ ਕਾਂਟ ਨੇ ਮਨੁੱਖੀ ਗਤੀ ਦੇ ਅਸਲ ਸਰੋਤਾਂ ਨੂੰ ਖੁਦ ਮਨੁੱਖ ਅੰਦਰੋਂ ਲੱਭਣ ਦਾ ਯਤਨ ਕੀਤਾ ਅਤੇ ਇਹਨਾਂ ਗੁਣਾਂ ਸਰੋਤਾਂ ਨੂੰ ਉਹ ਮਨੁੱਖ ਦੀ ਚੇਤਨਤਾ ਦੇ ਗੁਣਾਂ ਵਿਚ ਲੱਭਦਾ ਹੈ। ਕਾਂਟ ਤੋਂ ਮਗਰੋਂ ਫਿਕਟ ਅਤੇ ਸ਼ੈਲਿੰਗ ਨੇ ਜਰਮਨ ਫਲਸਫੇ ਦੀ ਗਤੀ ਨੂੰ ਥੋੜਾ ਜਿਹਾ ਅੱਗੇ ਤੋਰਿਆ। ਫਿਕਟ ਨੇ ਮਨੁੱਖੀ ਇਤਿਹਾਸ ਦੀ ਮਨੁੱਖ ਜਾਤੀ ਦੀ ਸਵੈ-ਸਿਰਜਣਾ ਦੇ ਰੂਪ 'ਚ ਵਿਆਖਿਆ ਕੀਤੀ। ਇਹਨਾਂ ਤੋਂ ਬਾਅਦ ਜਰਮਨ ਕਲਾਸਕੀ ਫਲਸਫੇ ਦੀਆਂ ਸਮੱਸਿਆਵਾਂ ਤੇ ਹੀਗਲ ਨੇ ਚਰਚਾ ਕੀਤੀ।

ਹੀਗਲ ਦੇ ਵਿਚਾਰ ਨੂੰ ਦੇਖੀਏ ਤਾਂ ਉਸ ਅਨੁਸਾਰ ਵਿਕਾਸ ਦੀ ਪ੍ਰਣਾਲੀ ਦਾ ਆਧਾਰ ਵਿਰੋਧ ਹੈ। ਹੀਗਲ ਦੇ ਸ਼ਬਦਾਂ ਵਿਚ ਇਹ ਪਰਸਪਰ ਵਿਰੋਧ ਅਖਵਾਉਂਦਾ ਹੈ। ਹੀਗਲ ਦੇ ਇਸ ਵਿਰੋਧਵਾਦ ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਹੀ ਮਾਰਕਸ ਨੇ ਆਪਣੇ ਭੌਤਿਕਵਾਦ ਦੀ ਸਥਾਪਨਾ ਕੀਤੀ। ਮਾਰਕਸ ਤੇ ਏਂਗਲਜ਼ ਦੋਵੇਂ ਹੀ ਹੀਗਲ ਦੇ ਵਿਰੋਧਵਾਦ ਤੋਂ ਪ੍ਰਭਾਵਿਤ ਹੋਏ। ਹੀਗਲ ਨੇ ਜਿਸ ਵਿਰੋਧਵਾਦ ਦੁਆਰਾ ਅਧਿਆਤਮਵਾਦ ਤੇ ਬ੍ਰਹਮ ਦੀ ਪੁਸ਼ਟੀ ਕੀਤੀ ਸੀ, ਉਸੇ ਦੁਆਰਾ ਹੀ ਮਾਰਕਸ ਨੇ ਸਮਾਜ ਦੇ ਵਿਕਾਸ ਦੇ ਨਿਯਮਾਂ ਦੀ ਵਿਗਿਆਨਕ ਵਿਆਖਿਆ ਦੁਆਰਾ ਦਵੰਦਵਾਤਮਕ ਤੇ ਇਤਿਹਾਸਕ ਭੌਤਿਕਵਾਦ ਚਿੰਤਨ ਨੂੰ ਸਾਹਮਣੇ ਲਿਆਂਦਾ। ਇਹ ਚਿੰਤਨ ਹੀ ਅੱਗੇ ਜਾ ਕੇ ਮਾਰਕਸਵਾਦੀ ਸਾਹਿਤ ਤੇ ਕਲਾ ਚਿੰਤਨ ਦਾ ਆਧਾਰ ਬਣਿਆ। ਭੌਤਿਕਵਾਦ ਚਿੰਤਨ ਦੇ ਬਹੁਤ ਸਾਰੇ ਸਮਰਥਕ ਮਾਰਕਸ ਤੋਂ ਪਹਿਲਾਂ ਹੀ ਭੌਤਿਕਵਾਦ ਚਿੰਤਨ ਬਾਰੇ ਕਾਰਜ ਕਰ ਚੁੱਕੇ ਸਨ। ਉਹਨਾਂ ਨੇ ਹੀ ਮਾਰਕਸ ਲਈ ਇਕ ਵਿਗਿਆਨਕ ਦ੍ਰਿਸ਼ਟੀ ਬਣਾਉਣ ਦਾ ਰਾਹ ਤਿਆਰ ਕੀਤਾ ਭਾਵ ਕਿ ਆਧਾਰ ਸਪੱਸ਼ਟ ਕੀਤਾ। ਇਹਨਾਂ ਵਿਚ ਪ੍ਰਸਿੱਧ ਫਰਾਂਸੀਸੀ ਚਿੰਤਕ ਸੇਟ ਬੇਵ ਅਤੇ ਟੇਨ ਦੇ ਨਾਂ ਵਰਣਨਯੋਗ ਹਨ।

ਇਸ ਤਰ੍ਹਾਂ ਮਾਰਕਸਵਾਦੀ ਚਿੰਤਨ ਆਪਣੀ ਦਵੰਦਾਤਮਕ ਭੌਤਿਕਵਾਦੀ ਅਤੇ ਇਤਿਹਾਸਕ ਭੌਤਿਕਵਾਦੀ ਦ੍ਰਿਸ਼ਟੀ ਦੇ ਨਾਲ ਭਾਵਵਾਦੀ ਦਰਸ਼ਨ ਦੇ ਵਿਰੋਧ ਵਜੋਂ ਸਾਹਮਣੇ ਆਇਆ। ਭਾਵਵਾਦੀ ਦਰਸ਼ਨ ਦਾ ਖੇਤਰ ਕੇਵਲ ਸੰਸਾਰ ਨੂੰ ਸਮਝਣ ਤੱਕ ਸੀਮਤ ਸੀ ਪਰ ਮਾਰਕਸਵਾਦੀ ਦਰਸ਼ਨ ਨੇ ਸਮਾਜ ਅਤੇ ਸੰਸਾਰ ਨੂੰ ਸਮਝਦੇ ਹੋਏ ਬਦਲਣ ਦੀ ਗਲ ਵੀ ਕੀਤੀ, ਇਸ ਤਰ੍ਹਾਂ ਇਹ ਦ੍ਰਿਸ਼ਟੀ ਕੇਵਲ ਚਿੰਤਨ ਦਾ ਵਿਸ਼ਾ ਹੀ ਨਾ ਬਣੀ ਸਗੋਂ ਇਸਨੂੰ ਵਿਹਾਰਕ ਜੀਵਨ ਵਿਚ ਵੀ ਲਾਗੂ ਕੀਤਾ ਗਿਆ।

ਦਵੰਦਾਤਮਕ ਭੌਤਿਕਵਾਦ ਅਜਿਹਾ ਦ੍ਰਿਸ਼ਟੀਕੋਣ ਹੈ ਜਿਸਦੇ ਅਨੁਸਾਰ ਵਾਸਤਵਿਕ ਸੰਸਾਰ ਦੀ ਸਤਹ ਸਾਡੀ ਉਸਦੇ ਬਾਰੇ ਚੇਤਨਾ ਨਾਲੋਂ ਅਲਗ ਹੈ ਅਤੇ ਵਾਸਤਵਿਕ ਸੰਸਾਰ ਅਲੱਗ-ਅਲੱਗ ਸੁਤੰਤਰ ਟੁਕੜਿਆ ਦਾ ਜੋੜ ਨਹੀਂ ਬਲਕਿ ਉਸਦੀ ਹਰ ਇਕ ਵਸਤੂ ਇਕ-ਦੂਸਰੇ ਉਪਰ ਨਿਰਭਰ ਹੈ। ਇਹ ਵਾਸਤਵਿਕ ਸੰਸਾਰ ਸਥਿਰ ਨਹੀਂ, ਸਗੋਂ ਹਮੇਸ਼ਾ ਗਤੀਸ਼ੀਲ ਰਹਿੰਦਾ ਹੈ। ਜਿਸਦੇ ਕੁਝ ਤੱਤ ਵੱਧਦੇ ਰਹਿੰਦੇ ਹਨ ਅਤੇ ਕੁਝ ਮਿਟਦੇ ਜਾਂਦੇ ਹਨ। ਇਸ ਵਾਸਤਵਿਕ ਸੰਸਾਰ ਦਾ ਇਹ ਵਿਕਾਸ ਇਕ ਬਿੰਦੂ ਤੱਕ ਹੌਲੀ-ਹੌਲੀ ਹੁੰਦਾ ਹੈ, ਫਿਰ ਇਕੋ ਵਾਰੀ ਕ੍ਰਮ ਟੁੱਟ ਜਾਂਦਾ ਹੈ ਅਤੇ ਕੋਈ ਨਵਾਂ ਤੱਤ ਪੈਦਾ ਹੋ ਜਾਂਦਾ ਹੈ।

ਜਦੋਂ ਮਾਰਕਸਵਾਦੀ ਦਰਸ਼ਨ ਦੁਆਰਾ ਪ੍ਰਤਿਪਾਦਿਤ 'ਦਵੰਦਵਾਦੀ ਪਦਾਰਥਵਾਦ' ਦੇ ਉਪਰੋਕਤ ਨਿਯਮਾਂ ਨੂੰ ਸਮਾਜ ਉੱਤੇ ਲਾਗੂ ਕਰ ਕੇ ਇਸਦਾ ਅਧਿਐਨ ਕਰਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਸਨੂੰ 'ਇਤਿਹਾਸਕ ਪਦਾਰਥਵਾਦ' ਦੀ ਸੰਗਿਆ ਪ੍ਰਦਾਨ ਕੀਤੀ ਜਾਂਦੀ ਹੈ। ਜਿਥੇ 'ਦਵੰਦਵਾਦੀ ਪਦਾਰਥਵਾਦ' ਦੇ ਨਿਯਮ ਪਦਾਰਥ ਅਤੇ ਚੇਤਨਾ ਵਿਚਲੇ ਆਪਸੀ ਸੰਬੰਧਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹੋਏ ਦਰਸ਼ਨ ਦੀ ਮੂਲ ਸਮੱਸਿਆ ਦਾ ਹੱਲ ਪੇਸ਼ ਕਰਦੇ ਹਨ, ਉਥੇ ਇਤਿਹਾਸਕ ਪਦਾਰਥਕ, ਸਮਾਜਵਾਦ ਅਤੇ ਸਮਾਜਕ ਹੋਂਦ ਅਤੇ ਮਨੁੱਖੀ ਚੇਤਨਾ ਦੇ ਆਪਸੀ ਸੰਬੰਧਾਂ ਦੇ ਗਿਆਨ ਅਤੇ ਇਹਨਾਂ ਵਿਚ ਕੰਮ ਕਰ ਰਹੇ ਨਿਯਮਾਂ ਨੂੰ ਆਪਣੇ ਅਧਿਐਨ ਖੇਤਰ ਦਾ ਵਿਸ਼ਾ ਬਣਾਉਂਦਾ ਹੈ। ਇਉਂ ਇਤਿਹਾਸਕ ਪਦਾਰਥਵਾਦ ਮਨੁੱਖੀ ਹੋਂਦ ਅਤੇ ਮਨੁੱਖੀ ਚੇਤਨਾ ਦੇ ਆਪਸੀ ਸੰਬੰਧਾਂ ਨੂੰ ਆਧਾਰ ਬਣਾਉਂਦਿਆਂ ਇਹਨਾਂ ਨਿਯਮਾਂ ਨੂੰ ਸਮਾਨਯ ਰੂਪ ਵਿਚ ਸਮਾਜਕ ਜੀਵਨ ਅਤੇ ਇਸਦੇ ਵਿਕਾਸ ਉੱਤੇ ਲਾਗੂ ਕਰਕੇ ਇਸਦਾ ਅਧਿਐਨ ਕਰਨ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਪਦਾਰਥਵਾਦ ਸਮਾਜ ਅਤੇ ਇਸਦੇ ਵਿਕਾਸ ਨੂੰ ਨਿਰਧਾਰਿਤ ਕਰਨ ਵਾਲੇ ਸਾਮਾਨਯ ਨਿਮਯਾਂ ਦਾ ਵਿਗਿਆਨ ਹੈ। ਮਾਰਕਸਵਾਦੀ ਦਰਸ਼ਨ ਅਨੁਸਾਰ ਹੁਣ ਤੀਕ ਦੇ ਮਨੁੱਖੀ ਸਮਾਜ ਦੇ ਇਤਿਹਾਸਕ ਵਿਕਾਸ ਨੂੰ ਛੇ ਪੜਾਵਾਂ ਵਿਚ ਵੰਡਿਆ ਗਿਆ ਹੈ:

1. ਮੁਢਲਾ ਕਮਿਊਨਿਜ਼ਮ
2. ਗ਼ੁਲਾਮਦਾਰੀ
3. ਜਾਗੀਰਦਾਰੀ
4. ਪੂੰਜੀਵਾਦ
5. ਸਮਾਜਵਾਦ
6. ਕਮਿਊਨਿਜ਼ਮ

ਇਸ ਤਰ੍ਹਾਂ 'ਦਵੰਦਵਾਦੀ-ਪਦਾਰਥਵਾਦ' ਅਤੇ 'ਇਤਿਹਾਸਕ-ਪਦਾਰਥਵਾਦ ਉਹ ਦੋ ਮੂਲ ਧੁਰੇ ਹਨ, ਜਿੰਨ੍ਹਾਂ ਉਪਰ ਸਮੁੱਚੇ ਮਾਰਕਸਵਾਦੀ ਦਰਸ਼ਨ ਦੀ ਉਸਾਰੀ ਸੰਭਵ ਹੋ ਸਕੀ ਹੈ।।20॥

ਮਾਰਕਸਵਾਦੀ ਦਰਸ਼ਨ ਦੇ ਇਸ ਇਤਿਹਾਸਕ ਵਿਕਾਸ ਤੋਂ ਬਾਅਦ ਦਰਸ਼ਨ ਵਿਚ ਆਏ ਇਸ ਇਨਕਲਾਬ ਦੀਆਂ ਕੁੱਝ ਵਿਲੱਖਣਤਾਵਾਂ ਸਾਹਮਣੇ ਆਉਂਦੀਆਂ ਹਨ, ਜਿੰਨ੍ਹਾਂ ਕਰਕੇ ਮਾਰਕਸਵਾਦੀ ਵਿਸ਼ਵ-ਦ੍ਰਿਸ਼ਟੀਕੋਣ ਨੂੰ ਮਨੁੱਖੀ ਚਿੰਤਨ ਦੇ ਇਤਿਹਾਸ ਵਿਚ ਇਕ ਇਨਕਲਾਬ ਮੰਨਿਆ ਜਾਂਦਾ ਹੈ।

ਇਸ ਦਰਸ਼ਨ ਦਾ ਇਨਕਲਾਬੀ ਹੋਣਾ ਅਜਿਹੀ ਵਿਲੱਖਣਤਾ ਹੈ ਜੋ ਇਸਨੂੰ ਪੂਰਵਲੇ ਦਰਸ਼ਨ ਨਾਲੋਂ ਵੱਖਰਾ ਕਰਦੀ ਹੈ। ਮਾਰਕਸਵਾਦੀ ਦਰਸ਼ਨ ਦੇ ਰੂਪ ਵਿਚ ਇਹ ਯਥਾਰਥ ਦੀ ਕੇਵਲ ਵਿਆਖਿਆ ਤੱਕ ਹੀ ਸੀਮਤ ਨਾ ਹੋ ਕੇ ਮਨੁੱਖੀ ਅਮਲ ਦੁਆਰਾ ਇਸਦੇ ਰੂਪਾਂਤਰਣ ਦਾ ਇੱਕ ਹਥਿਆਰ ਬਣਦਾ ਹੈ। ਇਸ ਦਰਸ਼ਨ ਦੀ ਇਸ ਵਿਲੱਖਣਤਾ ਕਾਰਨ ਸੰਸਾਰ ਵਿਚਲੇ ਦੋ-ਤਿਹਾਈ ਹਿੱਸੇ ਦੇ ਲੋਕ ਲੁੱਟ-ਖਸੁੱਟ ਉਪਰ ਆਧਾਰਿਤ ਪ੍ਰਬੰਧ ਤੋਂ ਸ਼ਕਤੀ ਗ੍ਰਹਿਣ ਕਰਦੇ ਹਨ ਅਤੇ ਇਕ ਨਵੇਂ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣ ਲਈ ਲੱਗੇ ਹੋਏ ਹਨ। ਇਸ ਦਰਸ਼ਨ ਦੀ ਦੂਸਰੀ ਵਿਲੱਖਣਤਾ ਦੇਖੀਏ ਤਾਂ ਉਹ ਇਹ ਹੈ ਕਿ ਪਦਾਰਥਵਾਦ ਤੇ ਦਵੰਦਵਾਦ ਦੀ ਏਕਤਾ ਨਾਲ ਦਰਸ਼ਨ ਵਿਚ ਇਕ ਅਜਿਹਾ ਇਨਕਲਾਬ ਆਉਂਦਾ ਹੈ ਜੋ ਚਿੰਤਨ ਦੇ ਪੂਰਵਲੇ ਇਤਿਹਾਸ ਵਿਚ ਕਿਤੇ ਵੀ ਉਪਲਬਧ ਨਹੀਂ ਹੁੰਦਾ।

### 1.3.3 ਗਿਆਨ ਮੀਮਾਂਸਾ

ਦਵੰਦਵਾਦੀ ਪਦਾਰਥਵਾਦ ਮਨੁੱਖ ਦੁਆਰਾ ਅੱਜ ਤੀਕ ਦੇ ਸੰਚਿਤ ਵਿਗਿਆਨਕ ਗਿਆਨ ਅਤੇ ਉਸ ਦੁਆਰਾ ਇਨਕਲਾਬੀ ਅਮਲ ਦੁਆਰਾ ਪ੍ਰਾਪਤ ਕੀਤੀਆ ਮਹਾਨ ਲੱਭਤਾਂ ਨੂੰ ਮੁੱਖ ਰੱਖਦਿਆਂ ਇਸ ਨਤੀਜੇ ਉੱਤੇ ਪਹੁੰਚਦਾ ਹੈ ਕਿ ਪਦਾਰਥਕ ਸੰਸਾਰ ਨੂੰ ਪੂਰੀ ਤਰ੍ਹਾਂ ਜਾਣਿਆ ਜਾ ਸਕਦਾ ਹੈ। ਇਉਂ ਮਨੁੱਖ ਆਪਣੇ ਚਿੰਤਨ ਦੇ ਫਲਸਰੂਪ ਦ੍ਰਿਸ਼ਟਮਾਨ ਜਗਤ ਦੇ ਬੇਅੰਤ ਪਸਾਰੇ ਬਾਰੇ ਆਪਣੇ ਵਿਚਾਰ ਬਣਾਉਣ ਦੀ ਸਮੱਰਥਾ ਰੱਖਦਾ ਹੈ। ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਬੋਧ ਕੀ ਹੈ? ਬੋਧ ਮਨੁੱਖ ਦੇ ਮਨ ਵਿਚ ਬਾਹਰਮੁਖੀ ਸੰਸਾਰ ਅਤੇ ਇਸਦੇ ਨਿਯਮਾਂ ਦਾ ਸਰਗਰਮ, ਮਨੋਰਥ-ਭਰਪੂਰ ਪ੍ਰਤਿਬਿੰਬ ਹੈ। ਬੋਧ ਦਾ ਸੋਮਾ ਮਨੁੱਖ ਦੇ ਦੁਆਲੇ ਦਾ ਬਾਹਰਲਾ ਸੰਸਾਰ ਹੈ। ਇਹ ਮਨੁੱਖ ਉੱਤੇ ਅਮਲ ਕਰਦਾ ਹੈ ਅਤੇ ਉਹਦੇ ਵਿਚ ਅਨੁਸਾਰੀ ਅਨੁਭਵਾਂ, ਵਿਚਾਰਾਂ ਅਤੇ ਸੰਕਲਪਾਂ ਨੂੰ ਜਨਮ ਦੇਂਦਾ ਹੈ:

ਬੋਧ ਦਾ ਦਵੰਦਵਾਦੀ-ਪਦਾਰਥਵਾਦੀ ਸਿਧਾਂਤ ਬਾਹਰਮੁਖੀ ਸੰਸਾਰ, ਇਸ ਦੀਆਂ ਵਸਤੂਆਂ ਅਤੇ ਵਰਤਾਰਿਆਂ ਦੇ ਮਨੁੱਖੀ ਗਿਆਨ ਦਾ ਇਕੋ-ਇਕ ਸੋਮਾ ਹੋਣ ਦੀ ਪ੍ਰਵਾਨਗੀ ਉੱਤੇ ਆਧਾਰਿਤ ਹੈ। ਮਾਰਕਸਵਾਦੀ ਸਿਧਾਂਤ ਬੋਧ ਦੇ ਅਮਲ ਨੂੰ ਮਨੁੱਖ ਦੁਆਰਾ ਕੀਤੇ ਪਦਾਰਥਕ ਅਮਲ ਅਤੇ ਉਤਪਾਦਕ ਸਰਗਰਮੀਆਂ ਉੱਤੇ ਆਧਾਰਿਤ ਸਵੀਕਾਰ ਕਰਦਾ ਹੈ। ।21॥

### 1.3.4 ਸਾਹਿਤ/ਕਲਾ : ਉਸਾਰ ਦੇ ਅੰਗ ਵਜੋਂ

ਮਾਰਕਸਵਾਦੀ ਚਿੰਤਨ ਸਾਹਿਤ ਸਿਰਜਣਾ ਨੂੰ ਕਿਸੇ ਦੈਵੀ ਪ੍ਰੇਰਣਾ ਜਾਂ ਰੱਬੀ ਦੇਣ ਸਮਝਣ ਦੀ ਥਾਂ ਕਿਸੇ ਵਿਸ਼ੇਸ਼ ਸਮਾਜ ਦੀਆਂ ਇਤਿਹਾਸਕ ਪਰਿਸਥਿਤੀਆਂ ਦੀ ਉਪਜ ਵਜੋਂ ਹੀ ਪ੍ਰਵਾਨ ਕਰਦਾ ਹੈ। ਮਾਰਕਸ ਦੀ ਧਾਰਣਾ ਅਨੁਸਾਰ ਕਿਸੇ ਵੀ ਸਮਾਜ ਦੇ ਦੋ ਅਤਿ ਮਹੱਤਵਪੂਰਣ ਅਤੇ ਅਨਿੱਖੜ ਅੰਗ ਹੁੰਦੇ ਹਨ। ਇਕ ਹੈ ਸਮਾਜ ਦੀ ਨੀਂਹ, ਜਿਸ ਵਿਚ ਕਿਸੇ ਸਮਾਜ ਦਾ ਸਮੁੱਚਾ ਆਰਥਿਕ ਪ੍ਰਬੰਧ (ਉਪਜ ਦੇ ਸੋਮੇ, ਸੰਬੰਧ, ਸੰਦ ਅਤੇ ਸ਼ਕਤੀਆਂ ਆਦਿ) ਸ਼ਾਮਿਲ ਹੁੰਦਾ ਹੈ। ਦੂਸਰਾ ਹੈ ਇਸਦਾ ਉਸਾਰ, ਜਿਸ ਵਿਚ ਉਪਜ ਦੇ ਰਿਸ਼ਤਿਆਂ ਦੇ ਅਨੁਸਾਰੀ ਚੇਤਨਾ ਦੇ ਵੱਖ-ਵੱਖ ਰੂਪ ਜਿਵੇਂ ਧਰਮ, ਰਾਜਨੀਤੀ, ਸਾਹਿਤ, ਕਲਾ, ਨੈਤਿਕਤਾ, ਦਰਸ਼ਨ ਆਦਿ ਆਪਣਾ ਵੱਖੋ-ਵੱਖਰਾ ਰੂਪ ਅਖਤਿਆਰ ਕਰਦੇ ਹਨ, ਸ਼ਾਮਿਲ ਹੁੰਦੇ ਹਨ। ਇਹ ਰੂਪ ਮੂਲ ਰੂਪ ਵਿਚ ਨੀਂਹ ਉਤੇ ਆਧਾਰਿਤ ਹੋਣ ਕਾਰਣ ਆਮ ਤੌਰ ਉੱਤੇ ਨੀਂਹ ਦੇ ਅਨੁਸਾਰੀ ਹੀ ਹੁੰਦੇ ਹਨ। ਨੀਂਹ ਦੇ ਅਨੁਸਾਰੀ ਹੋਣ ਦੇ ਬਾਵਜੂਦ ਚੇਤਨਾ ਦੇ ਇਹ ਵੱਖ-ਵੱਖ ਰੂਪ ਸਾਪੇਖ ਰੂਪ ਵਿਚ ਸੁਤੰਤਰ ਵੀ ਹੁੰਦੇ ਹਨ। ਇਸ ਕਾਰਨ ਇਹ ਨੀਂਹ ਦਾ ਬੇਜਾਨ ਪਰਛਾਵਾਂ ਮਾਤਰ ਨਾ ਹੋ ਕੇ ਮੁੜਦੇ ਪੈਰੀ

ਨੀਂਹ ਨੂੰ ਪ੍ਰਭਾਵਿਤ ਕਰਨ ਦੀ ਸਥਿਰ ਅਤੇ ਗਤੀਹੀਣ ਹੋਣ ਦੀ ਥਾਂ ਦਵੰਦਵਾਦੀ ਅਤੇ ਗਤੀਸ਼ੀਲ ਹੁੰਦੇ ਹਨ।

ਮਾਰਕਸ ਦੇ ਨੀਂਹ ਅਤੇ ਉਸਾਰ ਸੰਬੰਧੀ ਵਿਚਾਰ ਇਸ ਤਰ੍ਹਾਂ ਅੰਕਿਤ ਹਨ:

ਮਾਰਕਸ ਨੀਂਹ ਅਤੇ ਉਸਾਰ ਦੇ ਇਸ ਦਵੰਦਾਤਮਕ ਅਤੇ ਗਤੀਸ਼ੀਲ ਰਿਸ਼ਤੇ ਵਿਚ ਸਾਹਿਤ ਨੂੰ ਦੂਸਰੇ ਵਿਚਾਰਧਾਰਕ ਰੂਪਾਂ ਵਾਂਗ ਉਸਾਰ ਦਾ ਇਕ ਅੰਗ ਸਮਝਦਾ ਹੈ। ਸਮਾਜ ਦੇ ਆਰਥਿਕ ਪ੍ਰਬੰਧ, ਭਾਵ ਨੀਂਹ ਵਿਚ ਵਾਪਰਨ ਵਾਲੀ ਕਿਸੇ ਵੀ ਤਬਦੀਲੀ ਦਾ ਪ੍ਰਭਾਵ ਉਸਾਰ ਦੇ ਵਿਚਾਰਧਾਰਕ ਰੂਪਾਂ ਉਤੇ ਪੈਣਾ ਨਾ ਕੇਵਲ ਸੰਭਵ ਹੀ ਹੈ, ਸਗੋਂ ਅਤਿ ਜ਼ਰੂਰੀ ਹੈ।।22॥

ਮਾਰਕਸਵਾਦੀ ਚਿੰਤਨ ਅਨੁਸਾਰ ਸਾਹਿਤ/ਕਲਾ ਸਮਾਜਿਕ ਜੀਵਨ ਦੀ ਉਪਜ ਹੈ। ਇਸ ਵਿਚ ਹੀ ਇਸਦਾ ਵਿਕਾਸ ਹੁੰਦਾ ਹੈ। ਇਸ ਤਰ੍ਹਾਂ ਇਹ ਦ੍ਰਿਸ਼ਟੀ ਦੇ ਅੰਤਰਗਤ ਸਾਹਿਤ/ਕਲਾ ਦੇ ਜਨਮ ਅਤੇ ਵਿਕਾਸ ਦੀ ਸਮੁੱਚੀ ਵਿਆਖਿਆ ਮਾਨਵ ਜੀਵਨ ਅਤੇ ਸਮਾਜਿਕ ਜੀਵਨ ਦੇ ਵਿਕਾਸ ਦੇ ਸੰਦਰਭ ਵਿਚ ਕੀਤੀ ਗਈ। ਇਸੇ ਪਰਿਪੇਖ ’ਚ ਹੀ ਸਾਹਿਤ ਅਤੇ ਹੋਰ ਕਲਾਵਾਂ ਪਹਿਲੀ ਵਾਰੀ ਮਨੁੱਖੀ ਸਿਰਜਨਾਵਾਂ (ਭਾਵਵਾਦੀ, ਦੈਵੀ ਪ੍ਰਤਿਭਾ, ਦੈਵੀ ਪ੍ਰੇਰਨਾ) ਬਣੀਆਂ ਅਤੇ ਸਾਹਿਤ ਅਤੇ ਕਲਾਵਾਂ ਦਾ ਪ੍ਰਯੋਜਨ ਮਾਨਵੀ ਹੁੰਦਾ ਹੋਇਆ ਸਮਾਜਿਕ ਜੀਵਨ ਨਾਲ ਸੰਬੰਧਿਤ ਹੋਇਆ।

ਮਾਰਕਸ ਅਤੇ ਏਂਗਲਜ਼ ਨੇ ਸਮਾਜਿਕ ਹੋਂਦ ਵਿਚ ਵਿਚਰਦਿਆਂ ਉਤਪਾਦਕ ਸ਼ਕਤੀਆਂ ਅਤੇ ਉਤਪਾਦਕ ਰਿਸ਼ਤਿਆਂ ਨੂੰ ਆਧਾਰ ਮੰਨਦਿਆਂ ਹੋਇਆ ਹੋਰਨਾਂ ਸਮੂਹ ਵਿਚਾਰਧਾਰਕ ਪ੍ਰਬੰਧਾਂ ਦਾ ਉਸਾਰ ਸੰਰਚਨਾਂ ਵਜੋਂ ਚਰਚਾ ਕੀਤਾ। ਮਾਰਕਸਵਾਦੀ ਚਿੰਤਨ ਦੇ ਅੰਤਰਗਤ ਸਪੱਸ਼ਟ ਕੀਤਾ ਗਿਆ ਕਿ ਸਮਾਜਿਕ ਰਿਸ਼ਤਿਆਂ ਵਿਚੋਂ ਪੈਦਾਵਾਰ ਦਾ ਰਿਸ਼ਤਾ ਬੁਨਿਆਦੀ ਹੁੰਦਾ ਹੈ, ਭਾਵ ਕਿ ਉਹ ਸਮਾਜਿਕ ਤੋਰ ਦਾ ਧੁਰਾ ਹੁੰਦਾ ਹੈ। ਇਸ ਪਰਿਪੇਖ ’ਚ ਮਾਰਕਸ ਨੇ ਉਤਪਾਦਨ ਸ਼ਕਤੀਆ ਅਤੇ ਉਤਪਾਦਨ ਰਿਸ਼ਤਿਆਂ ਨੂੰ ਸਮਾਜ ਦੀ ਸੰਰਚਨਾ ਕਿਹਾ।

ਮਾਰਕਸਵਾਦੀ ਚਿੰਤਕਾਂ ਨੇ ਆਧਾਰ ਅਤੇ ਉਸਾਰ ਦੇ ਕਿਸੇ ਇਕਹਿਰੇ ਰਿਸ਼ਤੇ ਦੀ ਗੱਲ ਨਹੀਂ ਕੀਤੀ ਸਗੋਂ ਉਹਨਾਂ ਨੇ ਆਧਾਰ ਉਸਾਰ ਦੀ ਦਵੰਦਾਤਮਕ ਸਥਿਤੀ ਦਾ ਚਰਚਾ ਕੀਤਾ। ਇਸ ਤਰ੍ਹਾਂ ਅਧਾਰ ਅਤੇ ਉਸਾਰ ਦਾ ਰਿਸ਼ਤਾ ਜਟਿਲ ਅਤੇ ਸੰਬਾਦੀ ਹੈ, ਕਿਉਂਕਿ ਉਸਾਰ/ਸਾਹਿਤ ਭਾਵੇਂ ਅਧਾਰ ਤੋਂ ਹੀ ਪੈਦਾ ਹੁੰਦਾ ਹੈ ਪਰ ਇਹ ਕੇਵਲ ਆਧਾਰ ਦਾ ਸਿਰਫ ਨਿਸ਼ਕ੍ਰਿਆ ਪ੍ਰਤਿਬਿੰਬ ਹੀ ਨਹੀਂ। ਭਾਵ ਕਿ ਆਧਾਰ ਉਸਾਰ ਤੋਂ ਪੈਦਾ ਹੁੰਦਾ ਹੈ ਪਰ ਫਿਰ ਉਲਟਾ ਆਧਾਰ ਨੂੰ ਪ੍ਰਭਾਵਿਤ ਵੀ ਕਰਦਾ ਹੈ। ਮਾਰਕਸਵਾਦੀ ਚਿੰਤਨ ਨੇ ਸਾਹਿਤ ਅਤੇ ਕਲਾ ਦੇ ਪਦਾਰਥਕ ਹਾਲਾਤਾਂ ਨਾਲ ਸਿੱਧੇ ਹੂ-ਬ-ਹੂ ਸੰਬੰਧਾਂ ਨੂੰ ਸਵੀਕਾਰ ਨਹੀਂ ਕੀਤਾ। ਕਿਉਂਕਿ ਇਸ ਤਰ੍ਹਾਂ ਸਾਹਿਤ ਅਤੇ ਕਲਾ ਦੇ ਆਪਣੇ ਵਿਕਾਸ ਦੀ ਕੋਈ ਗੁੰਜਾਇੰਸ਼ ਨਹੀਂ ਰਹਿੰਦੀ ਬਲਕਿ ਸਾਹਿਤ/ਕਲਾ ਦੀ ਸਾਪੇਖ ਸੁਤੰਤਰਤਾ ਵੀ ਭੰਗ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਪ੍ਰਣਾਲੀ ਸਾਹਿਤ ਨੂੰ ਸਮਾਜ ਦੇ ਉਸਾਰ ਦੇ ਇਕ ਮਹੱਤਵਪੂਰਣ ਅੰਗ ਵਜੋਂ ਸਥਾਪਿਤ ਕਰਦੀ ਹੈ ਜੋ ਕਿ ਸਮਾਜ ਨੂੰ ਪ੍ਰਭਾਵਿਤ ਕਰਨ ਦੀ ਪੂਰਨ ਸਮੱਰਥਾ ਰੱਖਦਾ ਹੈ। ਕਿਉਂਕਿ ਇਹ ਦਰਸ਼ਨ ਸੰਸਾਰ ਦੀ ਨਿਰੋਲ ਵਿਆਖਿਆ ਦੀ ਥਾਂ ਇਸਦੀ ਇਨਕਲਾਬੀ ਤਬਦੀਲੀ ਨੂੰ ਆਪਣਾ ਮੂਲ ਮੰਤਵ ਪ੍ਰਵਾਨ ਕਰਦਾ ਹੈ।

ਮਾਰਕਸਵਾਦੀ ਚਿੰਤਨ ਸਾਹਿਤ/ਕਲਾ ਦੇ ਉਸਾਰਾਂ ਨੂੰ ਪ੍ਰਗਟਾਉਂਦਿਆਂ ਇਹ ਸੰਕਲਪ ਪੇਸ਼ ਕਰਦਾ ਹੈ ਕਿ ਅਜਿਹੇ ਸਾਹਿਤ ਅੰਦਰ ਕਲਾਤਮਕ ਯਥਾਰਥ ਦੀ ਪੇਸ਼ਕਾਰੀ ਹੁੰਦੀ ਹੈ ਜਿਸ ਵਿਚ ਸਾਹਿਤਕ ਕਿਰਤ ਦਾ ਰੂਪਕ ਪੱਖ ਵੀ ਉਘੜ ਕੇ ਸਾਹਮਣੇ ਆਉਂਦਾ ਹੈ। ਮਾਰਕਸਵਾਦੀ ਦਰਸ਼ਨ ਵਿਚ ਲੇਖਕ ਆਲੋਚਨਾ ਦੇ ਪੱਖ ਦੇ ਨਾਲ- ਨਾਲ ਪ੍ਰਤੀਬੱਧਤਾ ਵਰਗੇ ਪ੍ਰਸੰਗਾਂ ਨੂੰ ਵੀ ਆਪਣੀ ਵਿਚਾਰਧਾਰਾ ਅਧੀਨ ਲਿਆਉਂਦਾ ਹੈ ਜਿਸ ਨਾਲ ਮਾਰਕਸਵਾਦੀ ਚਿੰਤਨ ਆਪਣੇ ਇਸ ਫਲਸਫੇ ਤੱਕ ਪਹੁੰਚਦਾ ਦਿਖਾਈ ਦਿੰਦਾ ਹੈ ਕਿ ਸੁਹਜ ਚੇਤਨਾ ਸਮਾਜਿਕ ਹੈ। ਅਜਿਹੇ

ਸੰਦਰਭਾ ਨੂੰ ਹੀ ਧਿਆਨ ਵਿਚ ਰੱਖਦੇ ਹੋਏ ਅਸੀਂ ਸਾਹਿਤ/ਕਲਾ ਉਸਾਰ ਦੇ ਅੰਗਾਂ ਦੀ ਪੇਸ਼ਕਾਰੀ ਕਰ ਸਕਦੇ ਹਾਂ ਜੋ ਇਸ ਪ੍ਰਕਾਰ ਹਨ:-

- ਵਿਚਾਰਧਾਰਕ ਸਾਧਨ
- ਸੁਹਜ ਚੇਤਨਾ ਸਮਾਜਿਕ ਹੈ
- ਕਾਵਿ ਤੇ ਯਥਾਰਥ
- ਕਾਵਿ ਕਲਾ ਦਾ ਉਦੇਸ਼
- ਪ੍ਰਤੀਬੱਧਤਾ ਤੇ ਸਾਹਿਤ ਖੁਦ ਮੁਖਤਿਆਰ ਹੋਂਦ ਦਾ ਮਾਰਕਸਵਾਦੀ ਸੰਕਲਪ
- ਲੇਖਕ ਦਾ ਉਦੇਸ਼
- ਰੂਪਕ ਪੱਖ ਦਾ ਸੁਭਾਅ
- ਆਲੋਚਨਾ ਦਾ ਮੰਤਵ।

1.3.5 ਵਿਚਾਰਧਾਰਕ ਸਾਧਨ

ਸਾਹਿਤ ਉਸਾਰ ਦਾ ਅੰਗ ਹੋਣ ਕਾਰਣ ਕਿਸੇ ਸਮਾਜ ਦੀ ਨੀਂਹ ਵਿਚਲੇ ਵਿਰੋਧਾਂ ਨੂੰ ਵੀ ਇਕ ਵਿਚਾਰਧਾਰਕ ਰੂਪ ਵਜੋਂ ਪ੍ਰਗਟ ਕਰ ਰਿਹਾ ਹੁੰਦਾ ਹੈ। ਇਹ ਗੱਲ ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਸਰਬ-ਮਾਨਯ ਹੈ ਕਿ ਕਲਾ ਸਮਾਜ ਦੀ ਹੀ ਉਪਜ ਹੈ। ਸੋ, ਜੇ ਇਹ ਸਮਾਜ ਦੀ ਉਪਜ ਹੈ ਤਾਂ ਲਾਜ਼ਮੀ ਤੌਰ ਉਤੇ ਸਮਾਜ ਨਾਲ ਆਪਣੇ ਦਵੰਦਾਤਮਕ ਸੰਬੰਧਾਂ ਕਾਰਣ ਸਾਮਜ ਨੂੰ ਪ੍ਰਭਾਵਿਤ ਵੀ ਕਰਦੀ ਹੋਵੇਗੀ। ਇਉਂ ਇਹ ਮੁੜਵੇਂ ਰੂਪ ਵਿਚ ਪ੍ਰਭਾਵਿਤ ਵੀ ਹੁੰਦੀ ਹੋਵੇਗੀ:

ਮਾਰਕਸਵਾਦ ਦੇ ਬਾਨੀਆਂ ਨੇ ਇਸ ਗੱਲ ਉੱਤੇ ਵਿਸ਼ੇਸ਼ ਰੂਪ ਵਿਚ ਜ਼ੋਰ ਦਿੱਤਾ ਹੈ ਕਿ ਕਲਾ ਜਮਾਤਾਂ ਦੇ ਵਿਚਾਰਧਾਰਕ ਸੰਘਰਸ਼ ਵਿਚ ਇਕ ਮਹੱਤਵਪੂਰਣ ਹਥਿਆਰ ਹੈ।

ਜੇ ਮਾਰਕਸਵਾਦੀ ਆਲੋਚਨਾ ਦਾ ਮੂਲ ਆਧਾਰ ਦਵੰਦਵਾਦੀ ਪਦਾਰਥਵਾਦੀ ਫਲਸਫਾ ਹੈ, ਤਾਂ ਸਪੱਸ਼ਟ ਹੀ ਕਲਾ ਨੂੰ ਸਮਾਜਕ ਤਬਦੀਲੀ ਵਿਚ ਇਕ ਵਿਚਾਰਧਾਰਕ ਸਾਧਨ ਵਜੋਂ ਸਹਾਈ ਹੋਣਾ ਚਾਹੀਦਾ ਹੈ, ਕਿਉਂਕਿ ਮਾਰਕਸਵਾਦੀ ਦਰਸ਼ਨ ਸੰਸਾਰ ਦੀ ਕੇਵਲ ਵਿਆਖਿਆ ਕੀਤੇ ਜਾਣ ਦੀ ਥਾਂ, ਇਸਨੂੰ ਬਦਲੇ ਜਾਣ ਦਾ ਦਰਸ਼ਨ ਹੈ।ਮਾਰਕਸ, ਏਗਲਜ਼, ਲੈਨਿਨ ਅਤੇ ਮਾਓ ਆਦਿ ਚਿੰਤਕਾਂ ਨੇ ਲਾਜ਼ਮੀ ਤੌਰ ਉੱਤੇ ਸਾਹਿਤ/ਕਲਾ ਨੂੰ ਰਾਜਨੀਤੀ ਦੇ ਅਧੀਨ ਪ੍ਰਵਾਨ ਕੀਤਾ ਹੈ। ਸਾਹਿਤ ਅਤੇ ਕਲਾ ਨੂੰ ਸਮਾਜਿਕ ਤਬਦੀਲੀ ਲਈ ਇਕ ਅਹਿਮ ਸਾਧਨ ਵਜੋਂ ਸਵੀਕਾਰ ਕਰਦਿਆਂ ਦਾਬਰੋਲਿਊਬੋਵ ਲਿਖਦੇ ਹਨ:

ਕਲਾ ਦਾ ਉਦੇਸ਼ ਜਨਤਾ ਨੂੰ ਸਿੱਖਿਆ ਦੇਣਾ ਹੈ, ਉਸ ਦੇ ਲਈ ਜੀਵਨ ਦੀ ਪਾਠ- ਪੁਸਤਕ ਬਣਨਾ ਹੈ, ਸਮੁੱਚੇ ਸਮਾਜ ਲਈ ਅੱਖ ਅਤੇ ਕੰਨ ਬਣਨਾ ਹੈ। ਜਿੱਥੇ ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਸਮਾਜ ਵਿਚ ਤਬਦੀਲੀ ਲਿਆਉਣ ਦੀ ਦ੍ਰਿਸ਼ਟੀ ਤੋਂ ਸਹਿਤ ਅਤੇ ਕਲਾ ਨੂੰ ਇਕ ਠੋਸ ਵਿਚਾਰਧਾਰਕ ਸਾਧਨ ਵਜੋਂ ਸਵੀਕਾਰ ਕੀਤਾ ਗਿਆ ਹੈ, ਉਥੇ ਨਾਲ ਹੀ ਇਸ ਦੀ ਚਿਤਾਵਨੀ ਵੀ ਕਰਾਈ ਗਈ ਹੈ ਕਿ ਸਾਹਿਤ/ਕਲਾ ਦੀ ਕਲਾਤਮਕਤਾ ਹੀ ਕਲਾਕਾਰ ਅਤੇ ਪਾਠਕ ਲਈ ਪ੍ਰਾਥਮਿਕ ਮਹੱਤਤਾ ਦੀ ਲਖਾਇਕ ਹੈ। ਇਨ੍ਹਾਂ ਕਲਾ ਰੂਪਾਂ ਨੂੰ ਨਿਰੋਲ ਵਿਚਾਰਧਾਰਾ ਜਾਂ ਰਾਜਨੀਤਕ ਸ਼ਬਦਾਵਲੀ ਤੀਕ ਘਟਾ ਦੇਣਾ, ਕਲਾ ਬਾਰੇ ਇਕ ਅਤਿ ਸਿੱਧੜ

ਪਹੁੰਚ ਨੂੰ ਸਵੀਕਾਰ ਕਰਨ ਦੀ ਭੁੱਲ ਹੋਵੇਗੀ। ਫਿਰ ਵੀ ਕੋਈ ਕਲਾਤਮਕ ਖ਼ੂਬਸੂਰਤੀ ਸਹੀ ਸ਼ਬਦਾਂ ਵਿਚ ਉਦੋਂ ਹੀ ਖ਼ੂਬਸੂਰਤ ਮੰਨੀ ਜਾਣੀ ਚਾਹੀਦੀ ਹੈ, ਜਦੋਂ ਉਹ ਮਨੁੱਖ ਅਤੇ ਸਮਾਜ ਦੀ ਉਚੇਰੀ ਅਵਸਥਾ ਵੱਲ ਵਿਕਾਸ ਵਿਚ ਆਪਣਾ ਯੋਗਦਾਨ ਦਿੰਦੀ ਹੋਈ, ਮਨੁੱਖ ਦੇ ਸਮਾਜਕ ਜੀਵਨ ਵਿਚ ਸੁਹੱਪਣ ਨੂੰ ਪੈਦਾ ਕਰੇ।।23॥

ਇਸ ਦ੍ਰਿਸ਼ਟੀ ਤੋਂ ਵੇਖਿਆ ਸਾਹਿਤ/ਕਲਾ ਕਿਸੇ ਵਿਅਕਤੀ ਦੀਆਂ ਨਿਰੋਲ ਨਿੱਜੀ ਅਤੇ ਸੁਹਾਜਤਮਕ ਲੋੜਾਂ ਦੀ ਪੂਰਤੀ ਕਰਨ ਦੀ ਥਾਂ ਸਮਾਜਿਕ ਜੀਵਨ ਦੀ ਅਜਿਹੀ ਇਨਕਲਾਬੀ ਤਬਦੀਲੀ ਵਿਚ ਇਕ ਮਹੱਤਵਪੂਰਨ ਕਾਰਜ ਦੀ ਪੂਰਤੀ ਕਰ ਰਹੀਆਂ ਹੁੰਦੀਆਂ ਹਨ ਜਿਸ ਅਧੀਨ ਲੋਟੂ ਪ੍ਰਬੰਧ ਦਾ ਖ਼ਾਤਮਾ ਕਰਕੇ ਸਮੂਹ ਮਾਨਵ- ਜਾਤੀ ਦੇ ਸਰਬ-ਪੱਖੀ ਵਿਕਾਸ ਲਈ ਰਾਹ ਸਾਫ਼ ਕੀਤਾ ਜਾ ਸਕੇ।

1.3.6 ਸੁਹਜ ਚੇਤਨਾ : ਸਮਾਜਿਕ ਪ੍ਰਸੰਗ

ਸੁਹਜ ਚੇਤਨਾ ਮਾਰਕਸਵਾਦੀ ਵਿਚਾਰਧਾਰਾ ਵਿੱਚ ਇੱਕ ਮਹੱਤਵਪੂਰਨ ਪਹਿਲੂ ਹੈ। ਜਿਸ ਸੰਬੰਧੀ ਪਦਾਰਥਵਾਦੀ ਚਿੰਤਕਾਂ ਦੇ ਵਿਚਾਰ ਸਪੱਸ਼ਟ ਦੇਖਣ ਨੂੰ ਮਿਲਦੇ ਹਨ:

ਆਦਰਸ਼ਵਾਦੀ ਚਿੰਤਕਾਂ ਤੋਂ ਉਲਟ ਧਾਰਨਾ ਰੱਖਦੇ ਹੋਏ ਪਦਾਰਥਵਾਦੀ ਦ੍ਰਿਸ਼ਟੀਕੋਣ ਦੇ ਧਾਰਣੀ ਚਿੰਤਕ ਇਸ ਗੱਲ ਨੂੰ ਨਹੀਂ ਮੰਨਦੇ ਹਨ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਇਸ ਗੱਲ ਤੋਂ ਇਹ ਸਿੱਟਾ ਨਹੀਂ ਨਿਕਲਦਾ ਹੈ ਕਿਸੇ ਦੈਵੀ ਸ਼ਕਤੀ ਦੀ ਵਿਸ਼ੇਸ਼ ਕਿਰਪਾ ਕਾਰਣ ਸਿਰਫ਼ ਮਨੁੱਖ ਹੀ ਸਮਾਜਕ ਪ੍ਰਾਣੀ ਹੈ, ਬਲਕਿ ਇਹ ਸਿੱਧ ਹੁੰਦਾ ਹੈ ਕਿ ਮਨੁੱਖ ਨੂੰ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਵਾਲੀ ਬਾਹਰਮੁਖੀ ਪ੍ਰਸਥਿਤੀਆਂ ਨੇ ਸਮਾਜਿਕ ਬਣਾ ਦਿੱਤਾ ਹੈ। ਇਸ ਪ੍ਰਕਾਰ ਪਹਿਲਾ ਪ੍ਰਮੁੱਖ ਕਾਰਣ ਇਹ ਸੀ ਕਿ ਮਨੁੱਖ ਨੂੰ ਜਿਊਂਦੇ ਰਹਿਣ ਲਈ ਪ੍ਰਕਿਰਤੀ ਵਿਚਲੀਆਂ ਐਨੀਆਂ ਸ਼ਕਤੀਆਂ ਦੇ ਵਿਰੋਧ ਵਿਚ ਡਟ ਕੇ ਤੇ ਇਕੱਠਿਆਂ ਹੋ ਕੇ ਸੰਘਰਸ਼ ਕਰਨਾ ਪਿਆ।।24॥

ਇਤਿਹਾਸਕ ਵਿਕਾਸ ਦੇ ਪੱਖ ਤੋਂ ਵਿਚਾਰਿਆ ਜਾਵੇ ਤਾਂ ਮਨੁੱਖ ਅਜਿਹਾ ਸਮਾਜਿਕ ਪ੍ਰਾਣੀ ਸਾਬਿਤ ਹੁੰਦਾ ਹੈ ਜਿਸਨੇ ਇੱਜੜ ਚੇਤਨਾ ਤੋਂ ਵਿਕਾਸ ਕਰਦੇ ਹੋਏ, ਸਮਾਜਿਕ ਚੇਤਨਾ ਦੇ ਉਚੇਰੇ ਪੜਾਅ ਨੂੰ ਛੋਹਿਆ ਹੈ। ਜੋ ਮਨੁੱਖੀ ਵਿਕਾਸ ਵਿਚ ਇੱਕ ਅਹਿਮ ਪ੍ਰਾਪਤੀ ਹੈ। ਇਕ ਚਿੰਤਕ ਦੁਆਰਾ ਸੁਹਜ-ਚੇਤਨਾ ਦੀ ਇਸ ਵਿਲੱਖਣਤਾ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਮਾਰਕਸ ਤੇ ਏਂਗਲਜ਼ ਦੇ ਹਵਾਲੇ ਤੋਂ ਇਹ ਧਾਰਣਾ ਸਥਾਪਿਤ ਕੀਤੀ ਹੈ ਕਿ ਮਨੁੱਖ ਦੀ ਸੁਹਜ ਚੇਤਨਾ ਜਨਮ ਤੋਂ ਨਹੀਂ ਇਹ ਤਾਂ ਸਮਾਜਿਕ ਤੌਰ ਤੇ ਗ੍ਰਹਿਣ ਕੀਤਾ ਹੋਇਆ ਇੱਕ ਵਿਸ਼ੇਸ਼ ਗੁਣ ਹੈ।

ਕਿਸੇ ਵੀ ਸਮਾਜ ਵਿਚ ਸੁੰਦਰਤਾ ਸੰਬੰਧੀ ਪ੍ਰਚੱਲਿਤ ਧਾਰਨਾਵਾਂ ਕੁੱਝ ਤਾਂ ਉਸਦੀਆਂ ਜੀਵ ਵਿਗਿਆਨਕ ਤੇ ਕੁੱਝ ਇਤਿਹਾਸਕ ਪਰਸਥਿਤੀਆਂ ਦਾ ਹੀ ਸਿੱਟਾ ਹੁੰਦੀਆਂ ਹਨ। ਪਲੈਖਾਨੋਵ ਦਾ ਵਿਚਾਰ ਸੀ ਕਿ ਇਹਨਾਂ ਪਰਸਥਿਤੀਆਂ ਨੂੰ ਅੱਖੋਂ ਉਹਲੇ ਕਰਨ ਵਾਲਾ ਵਿਅਕਤੀ, ਜਿਹੜੀਆਂ ਸੁਹਜ-ਚੇਤਨਾ ਨੂੰ ਨਿਰਧਾਰਿਤ ਕਰਦੀਆਂ ਹਨ, ਇਹਨਾਂ ਪਰਸਥਿਤੀਆਂ ਲਈ ਅੱਖਾਂ ਮੀਟਣ ਦੀ ਗਲਤੀ ਕਰ ਰਿਹਾ ਹੋਵੇਗਾ। ਮਾਰਕਸਵਾਦੀ ਚਿੰਤਕ ਕਾਡਵੈੱਲ ਦਾ ਮੰਨਣਾ ਹੈ ਕਿ “ਸੁੰਦਰਤਾ ਸਮਾਜਕ ਹੈ, ਕਿਉਂਕਿ ਇਹ ਸਮਾਜ ਵਿਚ ਮੂਲੋਂ ਸੁਤੰਤਰ ਹੋਂਦ ਰੱਖਦੀ ਹੈ। ਇਸ ਕਾਰਣ ਇਹ ਬਾਹਰਮੁਖੀ ਹੈ। ਇਸ ਤਰ੍ਹਾਂ ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਮਨੁੱਖੀ ਸੁਹਜ-ਬੋਧ ਨੂੰ ਜਮਾਂਦਰੂ ਜਾਂ ਨਿਰੋਲ ਜੀਵ-ਵਿਗਿਆਨਕ ਵਰਤਾਰੇ ਦਾ ਸਿੱਟਾ ਨਾ ਮੰਨ ਕੇ, ਇਤਿਹਾਸਕ ਤੌਰ ਉਤੇ ਪ੍ਰਾਪਤ ਕੀਤਾ ਗਿਆ ਵਿਸ਼ੇਸ਼ ਸਮਾਜ ਅਨੁਭਵ ਸਵੀਕਾਰ ਕੀਤਾ ਗਿਆ ਹੈ। ਇਸਨੂੰ ਕਿਸੇ ਮਨੁੱਖ ਦੇ ਸਮੁੱਚੇ ਸਮਾਜਕ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਹੀ ਵੇਖਿਆ ਅਤੇ ਸਮਝਿਆ ਜਾਣਾ ਚਾਹੀਦਾ ਹੈ।

1.3.7 ਕਾਵਿ ਅਤੇ ਯਥਾਰਥ

ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਏਂਗਲਜ਼, ਯਥਾਰਥਵਾਦ ਅਤੇ ਕਲਾ ਦੇ ਸੰਬੰਧਾਂ ਉਤੇ ਵਿਚਾਰ ਕਰਨ ਵਾਲਾ ਪਹਿਲਾ ਚਿੰਤਕ ਹੈ। ਯਥਾਰਥ ਦੀ ਪੇਸ਼ਕਾਰੀ ਨੂੰ ਮਾਰਕਸਵਾਦੀ ਆਲੋਚਨਾ ਵਿਚ ਇਕ ਅਹਿਮ ਸਥਾਨ ਪ੍ਰਾਪਤ ਹੈ।

ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਯਥਾਰਥ ਦੀ ਪੇਸ਼ਕਾਰੀ ਦਾ ਅਰਥ ਬਾਹਰੀ ਯਥਾਰਥ ਦੀ ਹੂ-ਬ-ਹੂ ਅਤੇ ਬੇਜਾਨ ਨਕਲ ਨਹੀਂ ਹੈ। ਇਹ ਯਥਾਰਥ ਨੂੰ ਇਸ ਦੀਆਂ ਸਮੁੱਚੀਆਂ ਅੰਦਰੂਨੀ ਵਿਰੋਧਤਾਵਾਂ, ਅੰਤਰ-ਸੰਬੰਧਾਂ ਅਤੇ ਇਸਦੀ ਗਤੀਸ਼ੀਲਤਾ ਵਿਚ ਪ੍ਰਸਤੁਤ ਕਰਨ ਨੂੰ ਸਿਧਾਂਤਕ ਅਤੇ ਵਿਹਾਰਿਕ ਦੋਹਾਂ ਰੂਪਾਂ ਵਿਚ ਪ੍ਰਵਾਨ ਕਰਦਾ ਹੈ।।25॥

ਏਂਗਲਜ਼ ਅਨੁਸਾਰ ਯਥਾਰਥਵਾਦ ਦਾ ਸਹੀ ਅਰਥ ਸੱਚੀ ਜਾਣਕਾਰੀ ਤੋਂ ਇਲਾਵਾ ਪ੍ਰਤੀਨਿਧ ਪਰਿਸਥਿਤੀਆਂ ਵਿਚ ਪ੍ਰਤੀਨਿਧ ਪਾਤਰਾਂ ਦਾ ਸੱਚਾ ਚਿਤਰਣ ਹੈ। ਮਾਓ ਨੇ ਜੀਵਨ ਦੇ ਯਥਾਰਥ ਦੇ ਟਾਕਰੇ ਤੇ ਸਾਹਿਤ ਕਿਰਤਾਂ ਵਿਚ ਪੇਸ਼ ਜੀਵਨ ਦੇ ਯਥਾਰਥ ਨੂੰ ਵਧੇਰੇ ਪ੍ਰਤੀਨਿਧ, ਵਧੇਰੇ ਸ਼ਕਤੀਸ਼ਾਲੀ ਅਤੇ ਸਰਵਵਿਆਪੀ ਪ੍ਰਵਾਨ ਕੀਤਾ ਹੈ। ਹਾਵਰਡ ਫ਼ਾਸਟ ਨੇ ਕਚਘਰੜ ਮਾਰਕਸਵਾਦੀ ਲੇਖਕਾਂ ਅਤੇ ਚਿੰਤਕਾਂ ਨੂੰ ਖ਼ਬਰਦਾਰ ਕਰਦਿਆਂ ਲਿਖਿਆ ਹੈ ਕਿ ਯਥਾਰਥਵਾਦ ਦਾ ਅਰਥ ਕਲਾ ਦੀ ਖੱਬੇ ਪੱਖੀ ਬੇੜੀਆਂ ਵਿਚ ਕੈਦ ਨਹੀਂ। ਸੁਹਜ ਲਈ ਸਿਧਾਂਤ, ਕਾਵਿ ਲਈ ਘਟੀਆ ਤੁਕਬੰਦੀ ਅਤੇ ਸਿਰਜਣਾਤਮਕਤਾ ਦੀ ਖੁੱਲ੍ਹੀ ਉਸਾਰੀ ਲਈ ਕੋਈ ਬਣਿਆ ਬਣਾਇਆ ਚੌਖਟਾ ਇਸਦਾ ਬਦਲ ਨਹੀਂ ਹੋ ਸਕਦਾ।

ਭਾਵੇਂ ਕਾਵਿ/ਕਲਾ ਵਿਚ ਯਥਾਰਥ ਦੀ ਹੀ ਪੇਸ਼ਕਾਰੀ ਕੀਤੀ ਜਾਂਦੀ ਹੈ ਪ੍ਰੰਤੂ ਇਹ ਯਥਾਰਥ ਕਿਉਂਕਿ ਮਨੁੱਖੀ ਚੇਤਨਾ ਦੀ ਮਧਿਅਸਥਤਾ ਰਾਹੀ ਆਪਣਾ ਰੂਪ ਗ੍ਰਹਿਣ ਕਰਦਾ ਹੈ, ਇਸ ਕਾਰਣ ਇਹ ਯਥਾਰਥ ਦਾ ਪ੍ਰਤੀਬਿੰਬ ਹੁੰਦਿਆਂ ਹੋਇਆਂ ਵੀ ਕਲਾਤਮਕ ਯਥਾਰਥ ਦਾ ਇਕ ਅਜਿਹਾ ਰੂਪ ਧਾਰਣ ਕਰ ਲੈਂਦਾ ਹੈ ਜੋ ਬਾਹਰੀ ਯਥਾਰਥ ਦਾ ਅਨੁਕਰਣ ਹੁੰਦਿਆਂ ਵੀ ਉਸ ਤੋਂ ਸੁਤੰਤਰ ਅਤੇ ਵਿਲੱਖਣ ਹੋਂਦ ਗ੍ਰਹਿਣ ਕਰ ਲੈਂਦਾ ਹੈ। ਇਸ ਯਥਾਰਥ ਦੀ ਖੁਦ-ਮੁਖਤਾਰ ਹੋਂਦ ਕਾਰਣ ਹੀ ਇਸ ਦੀ ਕਿਸੇ ਬਾਹਰਮੁਖੀ ਕਸਵੱਟੀ ਨੂੰ ਹੀ ਇਸ ਦੇ ਮੁਲਾਂਕਣ ਦਾ ਅਧਾਰ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਕਲਾਤਮਕ ਯਥਾਰਥ ਉਪਰ ਕਲਾਤਮਕਤਾ ਨੂੰ ਮੁਲਾਂਕਿਤ ਕਰਨ ਵਾਲੇ ਨਿਯਮ ਹੀ ਲਾਗੂ ਹੋ ਸਕਦੇ ਹਨ। ਬਾਹਰੀ ਯਥਾਰਥ ਵਾਲੇ ਨਹੀਂ। ਕਿਉਂਕਿ ਇਹ ਯਥਾਰਥ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਵੀ ਪੇਸ਼ ਕੀਤਾ ਗਿਆ ਹੁੰਦਾ ਹੈ, ਇਸ ਕਾਰਣ ਇਹ ਬਾਹਰੀ ਯਥਾਰਥ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦਿਆਂ, ਇਸਨੂੰ ਨਵੇਂ ਅਰਥ ਪ੍ਰਦਾਨ ਕਰਨ ਦੇ ਨਾਲ-ਨਾਲ ਇਕ ਨਵੀਂ ਦਿਸ਼ਾ ਅਤੇ ਨਵਾਂ ਪਰਿਪੇਖ ਵੀ ਪ੍ਰਦਾਨ ਕਰਦਾ ਹੈ। ਸਤਹੀ ਪੱਧਰ ਉੱਤੇ ਦਿਸਦੇ ਸਥਿਰ ਸਾਹਿਤ ਚਿਤਰ ਵਿਚ ਵੀ ਸਮਾਜਿਕ ਜੀਵਨ ਦੀ ਗਤੀਸ਼ੀਲਤਾ, ਸਮੁੱਚਤਾ ਅਤੇ ਅੰਤਰ-ਨਿਰਭਰਤਾ ਨੂੰ ਪੇਸ਼ ਕੀਤਾ ਗਿਆ ਹੁੰਦਾ ਹੈ।

ਇਕ ਹੋਰ ਮਾਰਕਸਵਾਦੀ ਚਿੰਤਕ ਨੇ ਆਦਰਸ਼ਵਾਦੀ ਧਾਰਣਾ ਦੇ ਵਿਰੋਧ ਵਿਚ ਇਸ ਮਤ ਨੂੰ ਸਥਾਪਿਤ ਕੀਤਾ ਹੈ ਕਿ ਜਿਵੇਂ ਮੋਤੀ ਸਿੱਪ ਵਿਚੋਂ ਉਪਜਦਾ ਹੈ ਇਵੇਂ ਕਲਾ ਸਮਾਜ ਰੂਪੀ ਸਿੱਪ ਵਿਚੋਂ ਹੀ ਪੈਦਾ ਹੁੰਦੀ ਹੈ, ਕਲਾ ਦੇ ਖੇਤਰ ਤੋਂ ਬਾਹਰ ਸੋਚਣ ਦਾ ਭਾਵ ਸਮਾਜ ਦੇ ਬਾਰੇ ਚੇਤੰਨ ਹੋਣਾ ਹੀ ਹੈ। ਸਾਹਿਤ ਦੇ ਉਦੇਸ਼ ਨੂੰ ਇਹ ਦ੍ਰਿਸ਼ਟੀ ਰੁਮਾਂਟਿਕ ਢੰਗ ਨਾਲ ਗ੍ਰਹਿਣ ਕਰਨ ਦੇ ਵਿਰੋਧ ਵਿਚ ਇਕ ਸੰਤੁਲਿਤ ਅਤੇ ਬਾਹਰਮੁਖੀ ਦ੍ਰਿਸ਼ਟੀ ਦਾ ਹੀ ਸਮਰਥਨ ਕਰਦੀ ਹੈ। ਕਿਉਂਕਿ ਨਿਰੋਲ ਸੁਹਾਜਤਮਕ ਪੱਖ ਉੱਤੇ ਬਲ ਇਕ ਪ੍ਰਕਾਰ ਦਾ ਆਦਰਸ਼ਵਾਦੀ ਰੁਝਾਨ ਹੋਵੇਗਾ। ਜਿਵੇਂ ਨਿਰੋਲ ਇਨਕਲਾਬ ਲਈ ਸਰਗਰਮੀ ਨੂੰ ਆਧਾਰ ਬਣਾਉਣ ਵਾਲਾ ਉਦੇਸ਼ ਸਾਹਿਤ ਦੀ ਵਿਲੱਖਣ ਅਤੇ ਸੁਤੰਤਰ ਹੋਂਦ ਵਿਧੀ ਤੋਂ ਮੁਨਕਰ ਹੋਣ ਦੀ ਰੁਮਾਂਟਿਕ ਗ਼ਲਤੀ ਕਰ ਰਿਹਾ ਹੋਵੇਗਾ।

### 1.3.8 ਕਾਵਿ ਕਲਾ ਦਾ ਉਦੇਸ਼

ਇਤਿਹਾਸਿਕ ਪਰਿਪੇਖ ਤੋਂ ਵੇਖਿਆ ਜਾਵੇ ਤਾਂ ਕੋਈ ਵੀ ਅਜਿਹੀ ਮਨੁੱਖੀ ਸਿਰਜਣਾ ਪ੍ਰਾਪਤ ਨਹੀਂ ਹੋਵੇਗੀ, ਜੋ ਕਿ ਕਿਸੇ ਨਾ ਕਿਸੇ ਤਰ੍ਹਾਂ ਮਨੁੱਖੀ ਲੋੜਾਂ ਦੀ ਪੂਰਤੀ ਜਾਂ ਮਨੁੱਖੀ ਪ੍ਰਯੋਜਨ ਦੀ ਪੂਰਤੀ ਲਈ ਨਾ ਸਿਰਜੀ ਗਈ ਹੋਵੇ। ਵੱਖ-ਵੱਖ ਇਤਿਹਾਸਕ ਪੜਾਵਾਂ ਉਪਰ ਸਮਾਜਿਕ ਵਿਕਾਸ ਕਾਰਣ ਹੋ ਸਕਦਾ ਹੈ ਕਿ ਇਹ ਪ੍ਰਯੋਜਨ ਤੇ ਲੋੜਾਂ ਆਪਣੇ-ਆਪ ਵਿਚ ਹੀ ਬਦਲਦੀਆਂ ਜਾਂ ਵੱਧ ਦੀਆਂ-ਘਟਦੀਆਂ ਰਹੀਆਂ ਹੋਣ।

ਆਦਰਸ਼ਵਾਦੀ ਚਿੰਤਕਾਂ ਦੁਆਰਾ ਅਪਣਾਈ ਗਈ ਸ਼ੁੱਧ ਕਲਾਵਾਦੀ ਪਹੁੰਚ ’ਚ ‘ਕਲਾ ਕਲਾ ਲਈ’ ਦੀ ਧਾਰਣਾ ਨਾਲ ਪ੍ਰਨਾਈ ਹੋਈ ਹੈ, ਮਨੁੱਖ ਕਿਉਂਕਿ ਸਮਾਜਿਕ ਪ੍ਰਾਣੀ ਹੈ, ਇਹੀ ਵਿਸ਼ੇਸ਼ਤਾ ਉਸਨੂੰ ਪਸ਼ੂ ਜਗਤ ਨਾਲੋਂ ਨਿਖੇੜਦੀ ਹੈ। ਮਾਰਕਸਵਾਦੀ ਦ੍ਰਿਸ਼ਟੀ ਵਿਅਕਤੀ ਅਤੇ ਸਮਾਜ ਦੋਹਾਂ ਦੀ ਦ੍ਰਿਸ਼ਟੀ ਤੋਂ ਕਲਾ ਦੇ ਉਦੇਸ਼ ਨੂੰ ਮਿੱਥਦੀ ਹੈ। ਇਸ ਮਤ ਦੇ ਆਧਾਰ ਤੇ ਸਾਹਿਤ ਨੂੰ ਵਿਅਕਤੀ ਵਿਸ਼ੇਸ਼ ਨੂੰ ਸੁਹਜਾਤਮਕ ਆਨੰਦ ਦੇਣ ਦੇ ਨਾਲ-ਨਾਲ ਸਮਾਜ ਦੀ ਇਨਕਲਾਬੀ ਕਾਇਆ ਪਲਟੀ ਵਿਚ ਵੀ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਕਲਾ ਦੀ ਸਮਾਜ ਨਾਲ ਸਾਂਝ ਦੇ ਨੁਕਤੇ ਨੂੰ ਲੈਨਿਨ ਨੇ ਬਹੁਤ ਹੀ ਸਾਰਥਕ ਦ੍ਰਿਸ਼ਟੀ ਤੋਂ ਪਕੜਿਆ ਅਤੇ ਪ੍ਰਸਤੁਤ ਕੀਤਾ ਹੈ।

ਇਸ ਸੰਬੰਧੀ ਲੈਨਿਨ ਦਾ ਵਿਚਾਰ ਹੈ ਕਿ:-

ਕਲਾ ਲੋਕਾਂ ਦੀ ਮਲਕੀਅਤ ਹੈ। ਇਸ ਦੀਆਂ ਜੜ੍ਹਾਂ ਮਿਹਨਤਕਸ਼ ਲੋਕਾਂ ਵਿਚ ਡੂੰਘੀਆਂ ਹੋਣੀਆਂ ਚਾਹੀਦੀਆਂ ਹਨ। ਇਸਨੂੰ ਲੋਕਾਂ ਦੁਆਰਾ ਸਮਝਿਆ ਅਤੇ ਪਿਆਰ ਕੀਤਾ ਜਾਣਾ ਚਾਹੀਦਾ ਹੈ।।26॥

ਕਲਾ ਅਤੇ ਸਾਹਿਤ ਦੇ ਉਦੇਸ਼ ਨੂੰ ਦੋਹਾਂ ਦਿਸ਼ਾਵਾਂ ਵਿਚ ਦੇਖਿਆ ਜਾਂਦਾ ਰਿਹਾ ਹੈ। ਇਹ ਵਿਅਕਤੀ ਵਿਸ਼ੇਸ਼ ਦੀ ਸੁਹਜ-ਤ੍ਰਿਪਤੀ ਦੇ ਨਾਲ-ਨਾਲ ਸਮਾਜਕ ਪ੍ਰਬੰਧ ਦੇ ਰੂਪਾਂਤਰਣ ਵਿਚ ਵੀ ਆਪਣਾ ਯੋਗਦਾਨ ਦਿੰਦੀ ਹੈ। ਸਾਹਿਤ ਕਲਾ ਦੇ ਉਦੇਸ਼ ਸੰਬੰਧੀ ਮਾਰਕਸਵਾਦੀ ਚਿੰਤਕ ਮਾਓ ਦਾ ਦ੍ਰਿਸ਼ਟੀਕੋਣ ਮਾਰਕਸਵਾਦੀ ਧਾਰਨਾ ਨੂੰ ਵਧੇਰੇ ਨਿਸ਼ਚਿਤ ਰੂਪ ਵਿਚ ਪ੍ਰਸਤੁਤ ਕਰਦਾ ਹੈ। ਉਸਦਾ ਵਿਚਾਰ ਸੀ ਕਿ ਸਮਾਜਿਕ ਰੂਪਾਂਤਰਣ ਵਿਚ ਕਲਾ ਦਾ ਯੋਗਦਾਨ ਇਕ ਸਹਾਇਕ ਸ਼ਕਤੀ ਦਾ ਯੋਗਦਾਨ ਹੀ ਹੋ ਸਕਦਾ ਹੈ, ਕਿਸੇ ਚਾਲਕ ਦਾ ਨਹੀਂ। ਇਸ ਤਰ੍ਹਾਂ ਵਿਸ਼ੇਸ਼ ਕਿਸਮ ਦੀਆਂ ਸਾਹਿਤਕ ਲਹਿਰਾਂ, ਤਬਦੀਲੀਆਂ ਜਾਂ ਪ੍ਰਵਿਰਤੀਆਂ ਵਿਚ ਵਾਪਰਨ ਵਾਲੀਆਂ ਇਨਕਲਾਬੀ ਤਬਦੀਲੀਆਂ ਨੂੰ ਸਮਾਜਿਕ/ਰਾਜਨੀਤਿਕ ਤਬਦੀਲੀ ਵਜੋਂ ਗ੍ਰਹਿਣ ਕਰਨਾ ਜਾਂ ਇਹਨਾਂ ਨੂੰ ਆਪਸ ਵਿਚ ਰਲਗੱਡ ਕਰ ਦੇਣਾ ਬਹੁਤ ਵੱਡੀ ਭੁੱਲ ਹੋਵੇਗੀ। ਪਰੰਤੂ ਇਸਦਾ ਇਹ ਅਰਥ ਵੀ ਕਦੀ ਨਹੀਂ ਹੈ ਕਿ ਅਸੀਂ ਸਾਹਿਤ/ਕਲਾ ਦੇ ਮਹੱਤਵ ਨੂੰ ਘਟਾ ਕੇ ਵੇਖੀਏ ਜਾਂ ਇਸਦੀ ਸ਼ਕਤੀ ਨੂੰ ਅਣਗੌਲਿਆ ਕਰ ਦੇਈਏ।

ਕਲਾ ਸੰਬੰਧੀ ਮਾਉ ਨੇ ਆਪਣੇ ਵਿਚਾਰ ਨੂੰ ਸਪੱਸ਼ਟ ਕਰਦਿਆਂ ਕਿਹਾ ਹੈ ਕਿ:-

ਅਸੀਂ ਕਲਾ ਅਤੇ ਸਾਹਿਤ ਦੇ ਮਹੱਤਵ ਉੱਤੇ ਬੇਲੋੜੇ ਢੰਗ ਨਾਲ ਜ਼ੋਰ ਦੇਣ ਦੇ ਹੱਕ ਵਿਚ ਨਹੀਂ ਹਾਂ, ਪਰੰਤੂ ਅਸੀਂ ਇਹਨਾਂ ਦੇ ਮਹੱਤਵ ਨੂੰ ਘਟਾ ਕੇ ਵੇਖੇ ਜਾਣ ਦਾ ਵੀ ਵਿਰੋਧ ਕਰਦੇ ਹਾਂ।।27॥

ਇਸ ਤਰ੍ਹਾਂ ਕਾਵਿ/ਕਲਾ ਦੇ ਉਦੇਸ਼ ਸੰਬੰਧੀ ਮਾਰਕਸਵਾਦੀ ਦ੍ਰਿਸ਼ਟੀ ਤੋਂ ਚਿੰਤਕਾਂ ਦੁਆਰਾ ਅਪਣਾਈਆਂ ਧਾਰਨਾਵਾਂ ਨੂੰ ਉਜਾਗਰ ਕੀਤਾ ਗਿਆ ਹੈ।

1.3.9 ਸਾਹਿਤ ਤੇ ਪ੍ਰਤਿਬੱਧਤਾ

ਮਾਰਕਸਵਾਦੀ ਚਿੰਤਨ ਦੇ ਅੰਤਰਗਤ ਸਾਹਿਤ ਅਤੇ ਕਲਾਵਾਂ ਦੇ ਸਾਰੇ ਰੂਪਾਕਾਰਾਂ ਦਾ ਕੇਂਦਰੀ ਪ੍ਰਯੋਜਨ ਸੰਸਾਰ ਅਤੇ ਸਮਾਜ ਨੂੰ ਸਮਝਣ ’ਚ ਮਨੁੱਖ ਦੀ ਮਦਦ ਕਰਨਾ ਅਤੇ ਉਸਨੂੰ ਬਦਲਣ ’ਚ ਉਸਦਾ ਸਾਥ ਦੇਣਾ ਮੰਨਿਆ ਗਿਆ ਹੈ। ਪਰ ਇਸ ਪਰਿਪੇਖ ਵਿਚ ਮਾਰਕਸਵਾਦੀ ਚਿੰਤਕਾਂ ਨੇ ਸਾਹਿਤ ਅਤੇ ਕਲਾ ਨੂੰ ਨਿਰੋਲ ਪ੍ਰਚਾਰ ਜਾਂ

ਹਥਿਆਰ ਵਾਂਗ ਨਹੀਂ ਲਿਆ ਸਗੋਂ ਸਾਹਿਤ ਦੀ ਕਲਾ ਦੀ ਆਪਣੀ ਵਿਲੱਖਣ ਹੋਂਦ ਦਾ ਵਿਸ਼ੇਸ਼ ਚਰਚਾ ਕੀਤਾ ਹੈ। ਭਾਵ ਕਿ ਸਾਹਿਤ, ਕਲਾ ਨੂੰ ਰਾਜਨੀਤੀ ਨਾਲੋਂ ਕੁੱਝ ਵਿਥ ਤੇ ਰੱਖ ਕੇ ਪਛਾਣਿਆ ਹੈ।

ਮਾਰਕਸਵਾਦੀ ਦਰਸ਼ਨ ਇਸਦੇ ਜਮਾਤੀ ਸੁਭਾਅ ਅਤੇ ਤਰਫਦਾਰੀ ਦੇ ਨਾਲ-ਨਾਲ ਪੱਖਪਾਤ ਨੂੰ ਵੀ ਦਰਸ਼ਨ ਦੀ ਇਕ ਬੁਨਿਆਦੀ ਵਿਸ਼ੇਸ਼ਤਾ ਸਵੀਕਾਰ ਕਰਦਾ ਹੈ। ਦਰਸ਼ਨ ਜਦੋਂ ਕਿਸੇ ਜਮਾਤ ਦੇ ਹਿੱਤਾਂ ਦੀ ਪ੍ਰਤਿਨਿਧਤਾ ਕਰਦਾ ਹੈ ਤਾਂ ਸਪੱਸ਼ਟ ਹੈ ਕਿ ਇਹ ਉਸ ਜਮਾਤ ਦੀ ਤਰਫਦਾਰੀ ਵੀ ਕਰ ਰਿਹਾ ਹੈ। ਇਸਨੂੰ ਕਿਸੇ ਵੀ ਸਥਿਤੀ ਵਿਚ ਨਿਰਪੱਖ ਕਹਿਣਾ ਜਾਂ ਸਮਝਣਾ ਦਰਸ਼ਨ ਬਾਰੇ ਮੂਲ ਮਾਰਕਸਵਾਦੀ ਸਮਝ ਵੱਲੋਂ ਪਿੱਠ ਫੇਰਨਾ ਹੈ। ਲੇਖਕ ਦੀ ਪ੍ਰਤਿਭਾ ਨੂੰ ਸਹੀ ਦਿਸ਼ਾ ਵਿਚ ਤੋਰਨ ਲਈ ਮਾਰਕਸ ਨੇ ਲੇਖਕ ਨੂੰ ਨਿਰੋਲ ਆਰਥਿਕ ਲਾਭ ਲਈ ਕਿਸੇ ਪੇਸ਼ੇ ਨੂੰ ਗ੍ਰਹਿਣ ਕਰਨ ਤੋਂ ਮਨ੍ਹਾਂ ਕਰਦਿਆਂ ਜ਼ੋਰ ਦਿੱਤਾ ਹੈ।

ਇਹ ਮਾਰਕਸ ਦਾ ਮੱਤ ਹੈ ਜੋ ਕਲਾਕਾਰ ਦੀ ਸਮਾਜਕ ਜਿੰਮੇਵਾਰੀ ਵੱਲ ਹੀ ਸੰਕੇਤ ਕਰਦਾ ਹੈ। ਮਾਰਕਸਵਾਦੀ ਆਲੋਚਨਾ ਪ੍ਰਤਿਬੱਧਤਾ ਤੋਂ ਭਾਵ ਇਹ ਨਹੀਂ ਲੈਂਦੀ ਕਿ ਸਾਹਿਤ ਨੂੰ ਨਿਰੋਲ ਰਾਜਨੀਤਿਕ ਪੈਫਲਿਟ ਦੀ ਪੱਧਰ ਤੱਕ ਕਲਾਤਮਕ ਪੱਖੋਂ ਹੀਣਾ ਕਰ ਦਿੱਤਾ ਜਾਵੇ। ਇਸਦੇ ਉਲਟ ਪ੍ਰਤਿਬੱਧਤਾ ਦੇ ਪ੍ਰਸੰਗ ਵਿਚ ਕਲਾਤਮਕਤਾ ਦਾ ਸਥਾਨ ਨਿਸ਼ਚਿਤ ਕਰਦਿਆਂ ਯੂਰੀ ਬਾਰਾਬਾਸ਼ ਸੁਝਾਅ ਦਿੰਦੇ ਹਨ ਕਿ:ਪ੍ਰਤਿਬੱਧਤਾ ਉਦੋਂ ਹੀ ਕਲਾਤਮਕ ਹੁੰਦੀ ਹੈ ਜਦੋਂ ਇਸਨੂੰ ਕਲਾਤਮਕ ਅਤੇ ਸੁਹਜਾਤਮਕ ਸਾਧਨਾਂ ਰਾਹੀਂ ਪ੍ਰਗਟਾਇਆ ਜਾਂਦਾ ਹੈ।।28॥

ਕਿਸੇ ਵੀ ਕੀਮਤ ਦੁਆਰਾ ਕੀਤਾ ਜਾ ਰਿਹਾ ਪ੍ਰਬੰਧ ਜਮਾਤ-ਰਹਿਤ ਨਹੀਂ ਹੁੰਦਾ ਕਿਉਂਕਿ ਹਰ ਕੀਮਤ ਕਿਸੇ ਨਾ ਕਿਸੇ ਜਮਾਤ ਦੇ ਹਿਤ ਵਿਚ ਹੀ ਕੰਮ ਕਰ ਰਹੀ ਹੁੰਦੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਹੋਰ ਅਮਲਾਂ ਦੀ ਤਰ੍ਹਾਂ ਲੇਖਣੀ ਵੀ ਕਿਸੇ ਜਮਾਤੀ ਪੈਂਤੜੇ ਨੂੰ ਉਜਾਗਰ ਕਰ ਰਹੀ ਹੁੰਦੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਤਰ੍ਹਾਂ ਕਿਸੇ ਵੀ ਲੇਖਕ ਦਾ ਨਿਰਪੱਖਤਾ ਦੇ ਆਧਾਰ ਤੇ ਜਮਾਤੀ ਹਿੱਤਾਂ ਤੋਂ ਪਰ੍ਹੇ ਹਟ ਕੇ ਗੱਲ ਕਰਨ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਕਿਸੇ ਜਮਾਤ ਦੀ ਤਰਫਦਾਰੀ ਕਿੰਨੀ ਕਲਾਤਮਿਕਤਾ ਨਾਲ ਕੀਤੀ ਜਾ ਰਹੀ ਹੈ, ਇਹ ਲੇਖਕ ਦੇ ਸਮਾਜਿਕ ਜੀਵਨ ਦੇ ਅਨੁਭਵ ਉਪਰ ਨਿਰਭਰ ਕਰਦਾ ਹੈ।

ਲੈਨਿਨ ਤੋਂ ਪਿੱਛੋਂ ('ਟਰਾਟਸਕੀ') ਆਪਣੇ ਭਿੰਨ ਦ੍ਰਿਸ਼ਟੀਕੋਣਾ ਸਦਕਾ ਸਮੁੱਚੇ ਮਾਰਕਸਵਾਦੀ ਜਗਤ ਵਿਚ ਜਾਣਿਆ ਜਾਂਦਾ ਹੈ। ਪਰ ਸਾਹਿਤ ਅਤੇ ਕਲਾ ਸੰਬੰਧੀ ਉਸਨੇ ਕੁੱਝ ਅਹਿਮ ਨੁਕਤਿਆਂ ਉਪਰ ਵਧੇਰੇ ਗਹਿਰਾਈ ਨਾਲ ਵਿਚਾਰ ਕੀਤਾ। ਉਸਦੇ ਵਿਚਾਰਾਂ ਦਾ ਮੁਖ ਉਦੇਸ਼ ਸਮਾਜਿਕ ਪ੍ਰਕਿਰਿਆ ਦੇ ਅੰਤਰਗਤ ਕਲਾ/ਸਾਹਿਤ ਦੀ ਭੂਮਿਕਾ ਦੀ ਪਰਖ ਨਾਲ ਸੰਬੰਧਿਤ ਹੈ। ਰਾਲਫ਼ ਫਾਕਸ ਨੇ ਸਾਹਿਤ/ਕਲਾ ਦੀ ਵਿਲੱਖਣ ਹੋਂਦ ਸਦਕਾ ਹੀ ਸਾਹਿਤਕਾਰਾਂ ਲਈ ਕ੍ਰਾਂਤੀ ਦੀ ਕਲਪਨਾ ਫੈਂਟੇਸੀ ਅਤੇ ਵਿਅੰਗਾਤਮਕ ਦ੍ਰਿਸ਼ਟੀਕੋਣ ਦੀ ਲੋੜ ਜ਼ਰੂਰੀ ਸਮਝੀ ਅਤੇ ਇਸੇ ਪਰਿਪੇਖ 'ਚ ਹੀ ਉਸਨੇ ਸ਼ੈਕਸਪੀਅਰ ਵਰਗੇ ਲੇਖਕਾਂ ਨੂੰ ਆਦਰਸ਼ ਮੰਨਿਆ।

ਇਹ ਤਾਂ ਸਪੱਸ਼ਟ ਹੈ ਕਿ ਮਾਰਕਸਵਾਦੀ ਚਿੰਤਨ ਦਾ ਆਧਾਰ ਪਦਾਰਥਕ ਰਿਸ਼ਤੇ ਹਨ, ਰਾਜਨੀਤੀ ਉਸਾਰ ਹੈ। ਰਾਜਨੀਤੀ ਆਰਥਕਤਾ ਦਾ ਕੇਂਦਰੀ ਪ੍ਰਗਟਾਵਾ ਹੈ, ਇਸ ਵਿਚ ਹੀ ਵੱਖ-ਵੱਖ ਜਮਾਤਾਂ ਦੇ ਆਰਥਿਕ ਹਿੱਤਾਂ ਦੇ ਸਰਬਪੱਖੀ ਪ੍ਰਗਟਾਵੇ ਦਾ ਪਤਾ ਲਗਦਾ ਹੈ।

ਸੰਖੇਪ 'ਚ ਕਹਿ ਸਕਦੇ ਹਾਂ ਕਿ ਮਾਰਕਸਵਾਦੀ ਚਿੰਤਨ ਵਿਚ ਕੁਝ ਕੱਟੜ ਰਾਜਨੀਤਿਕ ਨੇਤਾਵਾਂ ਦੇ ਵਿਚਾਰਾਂ ਨੂੰ ਛੱਡ ਕੇ ਬਾਕੀ ਮਾਰਕਸਵਾਦੀ ਚਿੰਤਕਾਂ ਨੇ ਰਾਜਨੀਤੀ ਨੂੰ ਸਾਹਿਤ ਅਤੇ ਕਲਾ ਪ੍ਰਵੇਸ਼ ਨੂੰ ਵਿਆਪਕ ਅਤੇ ਗਹਿਰੇ ਸੰਦਰਭ 'ਚ ਹੀ ਸਵੀਕਾਰਿਆ ਹੈ। ਮਾਰਕਸਵਾਦੀ ਸਾਹਿਤ ਚਿੰਤਨ ਦੇ ਅੰਤਰਗਤ ਰਾਜਨੀਤੀ ਦੇ ਪ੍ਰਵੇਸ਼ ਨੂੰ ਕਲਾ ਅਤੇ ਸਾਹਿਤ 'ਚ ਉਹਨਾਂ ਦੀ ਪ੍ਰਕ੍ਰਿਤੀ ਦੇ ਅਨੁਰੂਪ ਚਿਤ੍ਰਣ ਨੂੰ ਹੀ ਸਵੀਕਾਰ ਕੀਤਾ ਹੈ। ਇਸ ਤਰ੍ਹਾਂ ਰਾਜਨੀਤਿਕ ਪ੍ਰਤਿਬੱਧਤਾ ਸੰਬੰਧੀ ਮਾਰਕਸਵਾਦੀ ਧਾਰਨਾ ਯੁੱਗ ਦੇ ਸੱਚ ਦੇ ਡੂੰਘੇਰੇ ਗਿਆਨ ਉਪਰ ਆਧਾਰਿਤ ਹੈ।

1.3.10 ਲੇਖਕ ਦਾ ਉਦੇਸ਼

ਮਾਰਕਸਵਾਦੀ ਅਲੋਚਨਾ ਵਿਚ ਲੇਖਕ ਨੂੰ ਵੀ ਇਕ ਉਪਜਾਊ ਮਜ਼ਦੂਰ ਸਵੀਕਾਰ ਕੀਤਾ ਜਾਂਦਾ ਹੈ। ਮਾਰਕਸਵਾਦੀ ਵਿਚਾਰਧਾਰਾ ਲੇਖਣੀ/ਕਲਾ ਕਿਰਤਾਂ ਨੂੰ ਮਨੁੱਖੀ ਮਿਹਨਤ ਦਾ ਸਿੱਟਾ ਸਵੀਕਾਰ ਕਰਦੀ ਹੈ। ਲੇਖਕ ਦਾ ਉਦੇਸ਼ ਉਸ ਦੀ ਲੇਖਣੀ ਤੋਂ ਵੱਖਰਾ ਨਹੀਂ ਹੋ ਸਕਦਾ। ਲੇਖਕ ਨੇ ਆਪਣੀਆਂ ਲਿਖਤਾਂ ਰਾਹੀ ਇਕ ਲੁੱਟ- ਖਸੁੱਟ ਤੋਂ ਮੁਕਤ ਅਤੇ ਜਮਾਤ-ਰਹਿਤ ਸਮਾਜ ਦੀ ਸਿਰਜਣਾ ਵਿਚ ਆਪਣਾ ਬਣਦਾ ਯੋਗਦਾਨ ਦੇਣਾ ਹੁੰਦਾ ਹੈ।

ਇਸ ਤੋਂ ਇਹ ਸਿੱਟਾ ਕੱਢਣਾ ਵੀ ਗ਼ਲਤ ਹੋਵੇਗਾ ਕਿ ਕਿਸੇ ਸਮਾਜ ਵਿਚ ਇਨਕਲਾਬੀ ਤਬਦੀਲੀ ਸਿਰਫ਼ ਸਾਹਿਤਕਾਰ ਨੇ ਲਿਆਉਣੀ ਹੁੰਦੀ ਹੈ ਸਗੋਂ ਇਸਦੇ ਉਲਟ ਸਾਹਿਤਕਾਰਾਂ/ਕਲਾਕਾਰਾਂ ਦਾ ਰੋਲ ਸੰਘਰਸ਼ ਕਰ ਰਹੀ ਮਜ਼ਦੂਰ ਜਮਾਤ ਦੇ ਪ੍ਰਤਿ ਇਕ ਸਹਾਇਕ ਦਾ ਰੋਲ ਹੀ ਹੋ ਸਕਦਾ ਹੈ। ਇਕ ਆਗੂ ਦਾ ਰੋਲ ਨਹੀਂ।ਲੂਨਾਚਾਰਸਕੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਲੇਖਕ ਬਾਰੇ ਇਹ ਰਾਇ ਦਿੰਦੇ ਹਨ ਕਿ:

ਉਹ ਲੇਖਕ ਮਹਾਨ ਹੈ ਜਿਹੜਾ ਕਿਸੇ ਜਟਿਲ ਅਤੇ ਕੀਮਤੀ ਸਮਾਜਕ ਵਿਚਾਰ ਨੂੰ ਬਹੁਤ ਹੀ ਸ਼ਕਤੀਸ਼ਾਲੀ ਕਲਾਤਮਕ ਢੰਗ ਅਤੇ ਸਰਲਤਾ ਨਾਲ ਪੇਸ਼ ਕਰਨ ਵਿਚ ਸਫ਼ਲ ਹੁੰਦਾ ਹੈ। ਜਿਸ ਨਾਲ ਉਹ ਲੱਖਾਂ ਹੀ ਲੋਕਾਂ ਦੇ ਦਿਲਾਂ ਵਿਚ ਉੱਤਰ ਜਾਂਦਾ ਹੈ।।29॥

ਇਉਂ ਇਹ ਵਿਚਾਰ ਵੀ ਅਸਿੱਧੇ ਤੌਰ ਉੱਤੇ ਲੇਖਕ ਦੇ ਉਦੇਸ਼ ਭਾਵ ਉਸਦੀ ਕਲਾਤਮਕ ਪ੍ਰਾਪਤੀ ਵੱਲ ਹੀ ਇਸ਼ਾਰਾ ਕਰਦਾ ਹੈ:-

ਲੇਖਕ ਦਾ ਉਦੇਸ਼ ਅਜਿਹੇ ਸਾਹਿਤ ਚਿਤਰ ਨੂੰ ਪੇਸ਼ ਕਰਨਾ ਹੈ ਜਿਸ ਨਾਲ ਉਹ ਨਾ ਕੇਵਲ ਆਪਣੀਆਂ ਕਲਾਤਮਕ ਪ੍ਰਵਿਰਤੀਆਂ ਦਾ ਹੀ ਪ੍ਰਗਟਾਵਾ ਕਰ ਸਕੇ, ਸਗੋਂ ਆਪਣੀਆਂ ਕਿਰਤਾਂ ਰਾਹੀਂ ਸਮਾਜਕ ਜੀਵਨ ਨੂੰ ਅਜਿਹੀ ਗਤੀਸ਼ੀਲਤਾ ਵਿਚ ਪੇਸ਼ ਕਰਨ ਦੇ ਸਮੱਰਥ ਹੋ ਸਕੇ ਜਿਸ ਕਾਰਣ ਉਸਦੇ ਪਾਠਕਾਂ ਦੀ ਨਾ ਕੇਵਲ ਸੁਹਾਜਤਮਕ ਤ੍ਰਿਪਤੀ ਹੀ ਹੋਵੇ, ਸਗੋਂ ਉਹਨਾਂ ਦੀ ਦ੍ਰਿਸ਼ਟੀ ਵਿਸ਼ਾਲਤਾ ਅਤੇ ਡੂੰਘਾਈ ਵੀ ਪ੍ਰਾਪਤ ਕਰ ਸਕੇ।।30॥

ਇਹ ਵਿਚਾਰ ਲੇਖਕ ਦੇ ਕਲਾਤਮਕ/ਸਮਾਜਿਕ ਦੋਹਾਂ ਉਦੇਸ਼ਾਂ ਦੀ ਦਵੰਦਾਤਮਕਤਾ ਨੂੰ ਮੂਰਤੀਮਾਨ ਕਰਦਾ ਹੈ। ਕਿਉਂਕਿ ਮਾਰਕਸਵਾਦੀ ਦ੍ਰਿਸ਼ਟੀ ਇਸ ਤੱਥ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦੀ ਕਿ ਸਮਾਜ ਦੀ ਇਨਕਲਾਬੀ ਕਾਇਆ-ਪਲਟ ਕਰਨ ਲਈ ਕੇਵਲ ਹਥਿਆਰ ਹੀ ਕਾਫ਼ੀ ਨਹੀਂ ਹੁੰਦੇ ਸਗੋਂ ਇਹ ਸੰਘਰਸ਼ ਬਹੁਤ ਹੀ ਜਟਿਲ ਅਤੇ ਬਹੁ-ਪਰਤੀ ਹੁੰਦਾ ਹੈ, ਜਿਸ ਕਾਰਨ ਹਰ ਪੜਾਅ ਉਪਰ ਲੜਾਈ ਲੜ ਕੇ ਹੀ ਮਜ਼ਦੂਰ ਜਮਾਤ ਆਪਣੇ ਸੁਨਿਹਰੇ ਭਵਿੱਖ ਦੇ ਸੁਪਨੇ ਨੂੰ ਸਾਕਾਰ ਕਰਨ ਦੇ ਯੋਗ ਹੋਵੇਗੀ। ਪ੍ਰੰਤੂ ਇਸ ਸੰਬੰਧ ਵਿਚ ਹਰ ਪ੍ਰਕਾਰ ਦੇ ਭਰਮਾਂ ਨੂੰ ਨਵਿਰਤ ਕਰਦਿਆਂ ਮਾਰਕਸ ਨੇ ਇਹ ਵਿਚਾਰ ਅੰਕਿਤ ਕੀਤੇ ਹਨ ਕਿ:-

ਵਿਚਾਰਾਂ ਦੀ ਆਲੋਚਨਾ, ਹਥਿਆਰਾਂ ਦੀ ਆਲੋਚਨਾ ਦੀ ਥਾਂ ਨਹੀਂ ਲੈ ਸਕਦੀ, ਪਦਾਰਥਕ ਸ਼ਕਤੀ ਨੂੰ ਪਦਾਰਥਕ ਸ਼ਕਤੀ ਨਾਲ ਹੀ ਨਜਿੱਠਿਆ ਜਾ ਸਕਦਾ ਹੈ, ਪ੍ਰੰਤੂ ਸਿਧਾਂਤ ਜਦੋਂ ਲੋਕਾਂ ਦੇ ਮਨਾਂ ਵਿਚ ਵਸ ਜਾਂਦਾ ਹੈ, ਉਦੋਂ ਇਹ ਇਕ ਪਦਾਰਥਕ ਸ਼ਕਤੀ ਦਾ ਹੀ ਰੂਪ ਧਾਰ ਲੈਂਦਾ ਹੈ।।31॥

ਇਹ ਦ੍ਰਿਸ਼ਟੀ ਲੇਖਕ ਦੇ ਉਦੇਸ਼ ਦੀ ਸਾਰਥਕਤਾ ਨੂੰ ਬਾਹਰਮੁਖੀ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੀ ਹੈ।

1.3.11 ਰੂਪਕ ਪੱਖ ਦਾ ਸੁਭਾਅ

ਮਾਰਕਸਵਾਦੀ ਵਿਚਾਰਾਂ ਦੇ ਆਗਮਨ ਤੋਂ ਪਹਿਲਾਂ ਪਲੈਟੋ ਦੇ ਵਿਚਾਰ ਅਪ੍ਰਤੱਖ ਢੰਗ ਨਾਲ ਰੂਪ ਅਤੇ ਵਸਤੂ ਦੇ ਸੰਬੰਧਾਂ ਨੂੰ ਇਕ-ਦੂਸਰੇ ਤੋਂ ਵੱਖਰਾ-ਵੱਖਰਾ ਮੰਨਦੇ ਸਨ। ਪਰ ਮਾਰਕਸਵਾਦੀ ਜੀਵਨ ਦਰਸ਼ਨ ਦੇ ਉਦਭਵ ਨਾਲ ਰੂਪ ਅਤੇ ਵਸਤੂ ਦੇ ਸੰਬੰਧਾਂ ਦਾ ਪੁਨਰ ਵਿਸ਼ਲੇਸ਼ਣ ਕਰਕੇ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਗਈ।

ਕਿਸੇ ਵੀ ਸਾਹਿਤ/ਕਲਾ ਕਿਰਤ ਦਾ ਸਮੁੱਚ ਉਸਦੇ ਵਸਤੂ ਅਤੇ ਰੂਪ ਦੇ ਦਵੰਦਾਤਮਕ ਸੰਬੰਧਾਂ ਦਾ ਸਮੁੱਚ ਹੁੰਦਾ ਹੈ। ਰੂਪ ਤੋਂ ਬਿਨਾਂ ਵਸਤੂ ਅਤੇ ਵਸਤੂ ਤੋਂ ਬਿਨਾਂ ਰੂਪ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਫਿਰ ਵੀ ਮਾਰਕਸਵਾਦੀ ਆਲੋਚਨਾ ਵਿਚ ਇਹ ਗੱਲ ਸਰਬ ਪ੍ਰਵਾਨਿਤ ਹੈ ਕਿ ਇਹ ਵਸਤੂ ਅਤੇ ਰੂਪ ਦੇ ਦਵੰਦਾਤਮਕ ਰਿਸ਼ਤੇ ਵਿਚ ਪ੍ਰਾਥਮਿਕਤਾ ਵਸਤੂ ਨੂੰ ਹੀ ਪ੍ਰਦਾਨ ਕਰਦੀ ਹੈ। ਰੂਪ ਭਾਵੇਂ ਵਸਤੂ ਤੋਂ ਪ੍ਰਭਾਵਿਤ ਹੁੰਦਾ ਹੈ ਪਰ ਮੁੜਦੇ ਪੈਰੀਂ ਵਸਤੂ ਨੂੰ ਵੀ ਪ੍ਰਭਾਵਿਤ ਕਰਨ ਦੇ ਸਮੱਰਥ ਹੁੰਦਾ ਹੈ।

ਲੈਨਿਨ ਨੇ ਰੂਪ ਤੇ ਵਸਤੂ ਸੰਬੰਧੀ ਆਪਣੇ ਵਿਚਾਰ ਅੰਕਿਤ ਕੀਤੇ ਹਨ:-

ਰੂਪ ਇਕ ਬਾਹਰੀ ਖੋਲ ਜਾਂ ਨਿਸ਼ਕ੍ਰਿਯ ਵਸਤੂ ਨਹੀਂ ਭਾਵੇਂ ਇਸਨੂੰ ਵਸਤੂ ਹੀ ਨਿਸ਼ਚਿਤ ਕਰਦਾ ਹੈ, ਇਹ ਵਸਤੂ-ਵਿਰੋਧੀ ਨਹੀਂ ਸਗੋਂ ਕਿਰਿਆਸ਼ੀਲ ਹੁੰਦਾ ਹੈ।।32॥

ਮਾਰਕਸ ਨੇ ਵਸਤੂ ਦੀ ਪ੍ਰਾਥਮਿਕਤਾ ਤੇ ਬਲ ਦਿੱਤਾ ਹੈ। ਇਥੇ ਸਾਨੂੰ ਮਾਰਕਸ ਤੇ ਹੀਗਲ ਦੇ ਵਿਚਾਰਾਂ ਵਿਚ ਇਕ ਸਾਂਝ ਸਪੱਸ਼ਟ ਦਿਖਾਈ ਦਿੰਦੀ ਹੈ। ਹੀਗਲ ਦਾ ਵਿਚਾਰ ਸੀ ਕਿ ਹਰ ਵਸਤੂ ਆਪਣੇ ਯੋਗ ਰੂਪ ਨੂੰ ਨਿਸ਼ਚਿਤ ਕਰਦੀ ਹੈ ਅਤੇ ਰੂਪ-ਦੋਸ਼, ਵਸਤੂ-ਦੋਸ਼ 'ਚ ਹੀ ਉਪਜਦਾ ਹੈ। ਮਾਰਕਸ ਵੀ ਹੀਗਲ ਵਾਂਗ ਇਹ ਮੰਨਦਾ ਸੀ ਕਿ ਰੂਪ ਇਤਿਹਾਸ ਰਾਹੀਂ ਨਿਸ਼ਚਿਤ ਹੁੰਦੇ ਹਨ। ਪਰ ਮਾਰਕਸ ਅਨੁਸਾਰ ਰੂਪ ਤੋਂ ਪਹਿਲਾਂ ਵਸਤੂ ਸੀ। ਉਹ ਰੂਪ ਅਤੇ ਵਸਤੂ ਦੀ ਏਕਤਾ ਮੰਨਦਾ ਹੋਇਆ ਵੀ ਪਹਿਲ ਵਸਤੂ ਨੂੰ ਹੀ ਦੇਂਦਾ ਹੈ। ਆਧਾਰ ਵਸਤੂ ਹੈ ਜੋ ਸਮਾਜ ਦੀ ਉਤਪਾਦਨ ਵਿਧੀ ਹੈ, ਆਧਾਰ ਦੇ ਬਦਲਣ ਨਾਲ ਉਸਾਰ ਬਦਲਦੇ ਹਨ। ਇਸ ਤਰ੍ਹਾਂ ਵਸਤੂ ਆਧਾਰ ਵਿਚ ਤੇ ਰੂਪ ਉਸਾਰ ਵਿਚ ਹੈ।

ਜਿਹੜੇ ਲੇਖਕ ਸਾਹਿਤ ਵਿਚ ਨਿਰੋਲ ਰੂਪ ਪੱਖ ਉੱਤੇ ਹੀ ਵਧੇਰੇ ਬਲ ਦੇਂਦੇ ਹਨ ਉਹ ਮਾਰਕਸਵਾਦੀ ਵਿਚਾਰਧਾਰਾ ਦੀ ਬਿਲਕੁਲ ਵਿਰੋਧੀ ਵਿਚਾਰਧਾਰਾ ਜਾਂ ਆਦਰਸ਼ਵਾਦੀ ਰੁਝਾਨਾਂ ਦਾ ਸ਼ਿਕਾਰ ਹੁੰਦੇ ਹਨ। ਕੇਵਲ ਰੂਪ ਪੱਖ ਉਪਰ ਬਲ ਦੇਣ ਵਾਲੇ ਆਲੋਚਕਾਂ ਦੀ ਨਕਾਰਾਤਮਕ ਪ੍ਰਵਿਰਤੀ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਪਲੈਖਾਨੋਵ ਨੇ ਸਪੱਸ਼ਟ ਕੀਤਾ ਹੈ ਕਿ:-

ਜਿਹੜੇ ਲੇਖਕ ਰੂਪ ਉਪਰ ਹੀ ਬਲ ਦਿੰਦੇ ਹਨ ਉਹਨਾਂ ਦੀਆਂ ਰਚਨਾਵਾਂ ਵਿਚ ਵੀ ਸਮਾਜਿਕ ਆਲੇ-ਦੁਆਲੇ ਸੰਬੰਧੀ ਲੇਖਕਾਂ ਦੇ ਨਿਸ਼ਚਿਤ ਰੁਝਾਨ ਦਾ ਪ੍ਰਤੀਬਿੰਬ ਹੁੰਦਾ ਹੈ। ਮੈਂ (ਪਲੈਖਾਨੋਵ) ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਇਹ ਰੁਝਾਨ ਨਕਾਰਾਤਮਕ ਹੁੰਦਾ ਹੈ ਅਤੇ ਇਸ ਪਾਸੋਂ ਕਿਸੇ ਪ੍ਰਚਾਰ ਦੀ ਆਸ ਨਹੀਂ ਰੱਖੀ ਜਾ ਸਕਦੀ।।33॥

ਇਸ ਤਰ੍ਹਾਂ ਮਾਰਕਸਵਾਦੀ ਚਿੰਤਨ ਵਿਚ ਵਸਤੂ ਅਤੇ ਰੂਪ ਦਾ ਰਿਸ਼ਤਾ ਸੰਬਾਦੀ ਮੰਨਿਆ ਗਿਆ ਹੈ ਪਰ ਦਵੈਤੀ ਨਹੀਂ, ਕਿਉਂਕਿ ਇਕ ਤੋਂ ਬਿਨਾਂ ਦੂਸਰੇ ਦੀ ਹੋਂਦ ਸੰਭਵ ਨਹੀਂ ਏਸੇ ਲਈ ਮਾਰਕਸਵਾਦੀ ਵਸਤੂ ਨੂੰ ਵੀ ਰੂਪਮਾਨ-ਵਸਤੂ ਮੰਨਦੇ ਹਨ। ਇਸੇ ਕਾਰਨ ਹੀ ਉਹਨਾਂ ਕਲਾ ਕਿਰਤਾਂ ਦਾ ਸੰਕਲਪ ਪੇਸ਼ ਕਰਦਿਆਂ 'ਰੂਪਾਂਤਰਣ' ਦੀ ਪ੍ਰਕਿਰਿਆ ਤੇ ਬਲ ਦਿੱਤਾ ਹੈ।

ਮਾਰਕਸਵਾਦੀ ਚਿੰਤਕਾਂ ਨੇ ਵਸਤੂ ਅਤੇ ਰੂਪ ਦੇ ਸੰਬੰਧ ਨੂੰ ਵਿਰੋਧ-ਵਿਕਾਸੀ ਮੰਨਦੇ ਹੋਏ ਅੰਤ ਵਿਚ ਰੂਪਾਂ ਨੂੰ ਨਿਸ਼ਚਿਤ ਕਰਦਿਆਂ ਹੋਇਆ ਪ੍ਰਾਥਮਿਕ ਮਹੱਤਵ ਵਸਤੂ ਦਾ ਹੀ ਮੰਨਿਆ ਹੈ। ਪਰ ਇਸਦੇ ਨਾਲ ਹੀ ਸਾਹਿਤ ਕਲਾ ਲਈ ਅਨਿਵਾਰੀ ਤੱਤ ਰੂਪ ਦੀ ਹੋਂਦ ਨੂੰ ਸਵੀਕਾਰਿਆ ਗਿਆ ਹੈ।

ਮਾਰਕਸਵਾਦੀ ਆਲੋਚਨਾ ਰੂਪ ਨੂੰ ਵਸਤੂ ਦੇ ਪ੍ਰਸੰਗ ਵਿਚ ਹੀ ਪਰਖੇ ਜਾਣ ਅਤੇ ਗ੍ਰਹਿਣ ਕਰਨ ਉੱਤੇ ਜ਼ੋਰ ਦਿੰਦੀ ਹੈ। ਰੂਪ ਦੀ ਸਾਪੇਖਕ ਸੁਤੰਤਰਤਾ ਦੇ ਨਾਲ-ਨਾਲ ਇਹ ਉਸਦੀ ਸਮਾਜਕਤਾ, ਗਤੀਸ਼ੀਲਤਾ, ਸਮੁੱਚਤਾ ਅਤੇ ਵਿਲੱਖਣਤਾ ਨੂੰ ਵੀ ਪੂਰਨ ਰੂਪ ਵਿਚ ਪ੍ਰਵਾਨ ਕਰਦੀ ਹੈ। ਰੂਪ ਦੀ ਕਿਸੇ ਵੀ ਕਮਜ਼ੋਰੀ ਨੂੰ ਮੂਲ ਰੂਪ ਵਿਚ ਵਸਤੂ ਵਿਚ ਪਏ ਵਿਗਾੜ ਦਾ ਹੀ ਸਿੱਟਾ ਪ੍ਰਵਾਨ ਕਰਦੀ ਹੈ।

1.3.12 ਆਲੋਚਨਾ ਦਾ ਮੰਤਵ

ਮਾਰਕਸਵਾਦੀ ਦਰਸ਼ਨ ਮਨੁੱਖ ਦੇ ਕਿਸੇ ਸਥੂਲ ਤੋਂ ਸਥੂਲ ਕਾਰਜ ਅਤੇ ਸੂਖਮ ਤੋਂ ਸੂਖਮ ਵਿਚਾਰ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਿਤ ਕੀਤੇ ਜਾਣ ਦੀ ਧਾਰਣਾ ਨੂੰ ਆਪਣਾ ਆਧਾਰ ਬਣਾਉਂਦਾ ਹੈ। ਇਉਂ ਇਹ ਸਾਹਿਤ ਆਲੋਚਨਾ ਵੀ ਕਿਉਂਕਿ ਦਵੰਦਵਾਦੀ ਪਦਾਰਥਵਾਦੀ ਦਰਸ਼ਨ ਨੂੰ ਆਪਣਾ ਮੂਲ ਦਾਰਸ਼ਨਿਕ ਆਧਾਰ ਪ੍ਰਵਾਨ ਕਰਦੀ ਹੈ। ਇਸ ਨੂੰ ਇਸੇ ਪਰਿਪੇਖ ਵਿਚ ਰੱਖ ਕੇ ਹੀ ਸਹੀ ਰੂਪ ਵਿਚ ਸਮਝਿਆ ਜਾ ਸਕਦਾ ਹੈ। ਲੈਨਿਨ ਨੇ ਅਲੋਚਨਾ ਲਈ ਕਿਸੇ ਵਿਸ਼ੇਸ਼ ਜਮਾਤ ਦੇ ਦ੍ਰਿਸ਼ਟੀਕੋਣ ਅਤੇ ਹਿਤ ਨੂੰ ਹੀ ਮੂਲ ਆਧਾਰ ਪ੍ਰਵਾਨ ਕਰਦਿਆਂ ਸਪੱਸ਼ਟ ਕੀਤਾ ਕਿ:

ਕਿਸੇ ਵੀ ਘਟਨਾ ਦੇ ਮੁੱਲਾਂਕਣ ਲਈ ਕਿਸੇ ਨਿਸ਼ਚਿਤ ਸਮਾਜਿਕ ਗਰੁੱਪ ਦੇ ਦ੍ਰਿਸ਼ਟੀਕੋਣ ਨੂੰ ਸਿੱਧੇ ਅਤੇ ਖੁੱਲ੍ਹੇ ਰੂਪ ਵਿਚ ਅਪਣਾਉਣਾ ਹੈ।।34॥

ਅਲੋਚਨਾ ਦਾ ਕਾਰਜ ਨਾ ਕੇਵਲ ਕਿਸੇ ਵਸਤੂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਹੀ ਕਰਨਾ ਹੁੰਦਾ ਹੈ ਸਗੋਂ ਉਸਦੀ ਵਿਆਖਿਆ ਕਰਨਾ ਵੀ ਹੁੰਦਾ ਹੈ। ਰੂਸੀ ਚਿੰਤਕ ਦਾਬਰੋਲਿਊਬੋਵ ਦਾ ਵਿਚਾਰ ਹੈ ਕਿ:

ਆਲੋਚਨਾ ਦਾ ਸਭ ਤੋਂ ਚੰਗਾ ਤਰੀਕਾ ਸਾਡੀ ਸਮਝ ਵਿਚ ਉਹ ਹੈ ਜੋ ਸਥਿਤੀ ਨੂੰ ਇਸ ਢੰਗ ਨਾਲ ਖੋਲ੍ਹ ਕੇ ਰੱਖੇ ਕਿ ਪ੍ਰਸਤੁਤ ਤੱਥਾਂ ਦੇ ਆਧਾਰ ਉੱਤੇ ਪਾਠਕ ਆਪਣੇ- ਆਪ ਸਿੱਟਾ ਕੱਢ ਸਕੇ।।35॥

ਉਹਨਾਂ ਦਾ ਇਹ ਵੀ ਵਿਚਾਰ ਸੀ ਕਿ ਆਲੋਚਨਾ ਵਿਵੇਕ ਉੱਤੇ ਆਧਾਰਿਤ ਹੋਵੇ ਨਾ ਕਿ ਬਣੇ ਬਣਾਏ ਸਿੱਧਾਂਤਾਂ ਉਤੇ ਜਿਵੇਂ ਫ਼ੌਜ ਵਿਚਲੇ ਰੰਗਰੂਟ ਹੁੰਦੇ ਹਨ।

ਮਾਰਕਸਵਾਦੀ ਆਲੋਚਨਾ ਸੰਬੰਧੀ ਇਹ ਵਿਚਾਰ ਸਪੱਸ਼ਟ ਰੂਪ ਵਿਚ ਵੇਖੇ ਜਾ ਸਕਦੇ ਹਨ:

ਮਾਰਕਸਵਾਦੀ ਅਲੋਚਨਾ ਆਪਣੇ ਅਸਲ ਮੰਤਵ ਤੋਂ ਦੂਰ ਜਾ ਰਹੀ ਹੋਵੇਗੀ ਜੇ ਇਹ ਸਾਹਿਤ ਦੇ ਪਾਠਕਾਂ ਅਤੇ ਚਿੰਤਕਾਂ ਦੀ ਸੂਝ ਨੂੰ ਪ੍ਰਚੰਡ ਕਰਦਿਆਂ ਉਹਨਾਂ ਨੂੰ ਸਮਾਜ ਦੀ ਇਨਕਲਾਬੀ ਵਿਚ ਆਪਣਾ ਯੋਗਦਾਨ ਦਿੱਤੇ ਜਾਣ ਦੇ ਰਾਹ ਸੁਚੇਤ ਰੂਪ ਵਿਚ ਨਹੀਂ ਤੋਰ ਰਹੀ ਹੋਵੇਗੀ। ਅਜਿਹੀ ਸਥਿਤੀ ਵਿਚ ਕੇਵਲ ਕਹਿਣੀ ਵਿਚ ਮਾਰਕਸਵਾਦੀ ਅਤੇ ਕਰਨੀ ਵਿਚ ਮਾਰਕਸਵਾਦ ਵਿਰੋਧੀ ਆਲੋਚਨਾ ਪ੍ਰਣਾਲੀ ਬਣ ਕੇ ਰਹਿ ਜਾਵੇਗੀ। ਕਿਉਂਕਿ ਇਹ ਦਰਸ਼ਨ ਕਿਸੇ ਮਨੁੱਖ, ਜਮਾਤ, ਵਿਚਾਰ, ਸੰਕਲਪ ਜਾਂ ਦ੍ਰਿਸ਼ਟੀ ਬਾਰੇ ਆਪਣੇ ਨਿਰਣੇ ਦਾ ਆਧਾਰ ਉਸਦੀ ਕਹਿਣੀ ਦੀ ਥਾਂ ਉਸਦੀ ਕਰਨੀ ਨੂੰ ਬਣਾਉਂਦਾ ਹੈ।।36॥

ਆਲੋਚਨਾ ਅਤੇ ਸਵੈ-ਆਲੋਚਨਾ ਨੂੰ ਆਧਾਰ ਬਣਾਉਂਦਿਆ ਮਾਰਕਸਵਾਦੀ ਅਲੋਚਨਾ ਪ੍ਰਣਾਲੀ ਦੀ ਦੀਰਘ ਪਰੰਪਰਾ ਦੇ ਸਬਰਪੱਖੀ ਅਤੇ ਇਨਕਲਾਬੀ ਵਿਕਾਸ ਹਿਤ ਸਾਨੂੰ ਹੁਣ ਤੱਕ ਦੀਆਂ ਸਥਾਪਿਤ ਪਰੰਪਰਾਵਾਂ, ਸੰਕਲਪ, ਧਾਰਨਾਵਾਂ ਅਤੇ ਸਿੱਟਿਆਂ ਨੂੰ ਵੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਸਮਝਣ ਦੀ ਇਤਿਹਾਸਕ ਲੋੜ ਹੈ।

ਕਿਉਂਕਿ ਮਾਰਕਸਵਾਦੀ ਦਰਸ਼ਨ ਆਪਣੀ ਗਤੀਸ਼ੀਲਤਾ ਅਤੇ ਰਚਨਾਤਮਕਤਾ ਨੂੰ ਆਪਣਾ ਮੂਲ ਆਧਾਰ ਪ੍ਰਵਾਨ ਕਰਦਾ ਹੈ। ਇਸ ਪ੍ਰਸੰਗ ਵਿਚ ਮਾਰਕਸਵਾਦੀ ਅਲੋਚਨਾ ਸਿਧਾਂਤਾਂ ਦੇ ਰਚਨਾਤਮਕ ਵਿਕਾਸ ਦੀ ਲੋੜ ਇਕ ਅਹਿਮ ਲੋੜ ਹੈ ਕਿ ਇਹ ਪ੍ਰਣਾਲੀ ਜੀਵਨ ਦੀ ਗਤੀਸ਼ੀਲਤਾ ਅਤੇ ਵਿਕਾਸ ਦੇ ਨਾਲ-ਨਾਲ ਆਪਣੇ ਕਦਮ ਮਿਲਾ ਕੇ ਤੁਰ ਜਾਣ ਦੇ ਸਮੱਰਥ ਹੋਵੇ।

ਮਾਰਕਸਵਾਦੀ ਦਰਸ਼ਨ ਸੰਸਾਰ ਦੇ ਸਮੁੱਚੇ ਵਰਤਾਰਿਆਂ ਅਤੇ ਵਿਕਾਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਵਿਚ ਮਨੁੱਖ ਦੀ ਸਹਾਇਤਾ ਕਰਨ ਦੇ ਨਾਲ-ਨਾਲ ਸੰਸਾਰ ਦੇ ਸਮੁੱਚੇ ਸ਼ੋਸ਼ਿਤ ਵਰਗ ਦਾ ਹਮੇਸ਼ਾ ਹੀ ਵਿਚਾਰਧਾਰਕ ਹਥਿਆਰ ਅਤੇ ਵਿਸ਼ਵ-ਦ੍ਰਿਸ਼ਟੀਕੋਣ ਵੀ ਰਿਹਾ ਹੈ। ਮਾਰਸਕਵਾਦ ਦੇ ਮੋਢੀ ਕਾਰਲ ਮਾਰਕਸ ਨੇ ਆਪਣੇ ਤੋਂ ਪੁਰਾਣੇ ਫ਼ਿਲਾਸਫਰਾਂ, ਹੀਗਲ ਤੇ ਫਿਊਰਬਾਖ਼ ਵਰਗੇ ਵਿਦਵਾਨਾਂ ਦੀਆਂ ਵਿਚਾਰ ਧਾਰਾਵਾਂ ਦਾ ਲਾਭ ਉਠਾ ਕੇ ਇਕ ਨਵੀਂ ਤੇ ਵਿਗਿਆਨਕ ਵਿਚਾਰਧਾਰਾ ਪੇਸ਼ ਕੀਤੀ। ਫ੍ਰੈਡਰਿਕ ਏਂਗਲਜ਼ ਨੇ ਮਾਰਕਸਵਾਦ ਦੇ ਨੀਂਹ ਅਤੇ ਉਸਾਰ ਦੇ ਸਿਧਾਂਤ ਵਿਚਲੇ ਦਵੰਦਮਈ ਸੰਬੰਧਾਂ ਨੂੰ ਵਧੇਰੇ ਸਪੱਸ਼ਟਤਾ ਸਹਿਤ ਪ੍ਰਸਤੁਤ ਕੀਤਾ ਹੈ। ਜੀ.ਵੀ ਪਲੈਖਾਨੋਵ, ਵੀ.ਆਈ.ਲੈਨਿਨ, ਰੈਲਫ਼ ਫ਼ਾਕਸ, ਲਿਉਨ ਟ੍ਰਾਟਸਕੀ, ਟੈਰੀ ਈਗਲਟਨ ਆਦਿ ਪ੍ਰਮੁੱਖ ਮਾਰਕਸਵਾਦੀ ਸਾਹਿਤ ਚਿੰਤਕਾਂ ਨੇ ਇਸ ਦਰਸ਼ਨ ਨੂੰ ਆਪਣੇ ਜੀਵਨ-ਦ੍ਰਿਸ਼ਟੀਕੋਣ ਵਜੋਂ ਗ੍ਰਹਿਣ ਕਰਕੇ, ਸਾਹਿਤ ਨੂੰ ਇਕ ਨਵੇਂ ਸੰਦਰਭ ਵਿੱਚ ਰੱਖ ਕੇ ਵਿਸ਼ਲੇਸ਼ਿਤ ਕਰਨ ਅਤੇ ਵਿਖਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਮਾਰਕਸਵਾਦੀ ਸਾਹਿਤ ਚਿੰਤਨ ਵਿਚ ਦਵੰਦਾਤਮਕ ਭੌਤਿਕਵਾਦ, ਆਧਾਰ ਅਤੇ ਉਸਾਰ, ਵਿਚਾਰਧਾਰਕ ਸਾਧਨ, ਕਾਵਿ ਅਤੇ ਯਥਾਰਥ, ਪ੍ਰਤਿਬੱਧਤਾ ਆਦਿ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ ਜੋ ਮਾਰਕਸਵਾਦੀ ਆਲੋਚਨਾ ਦੇ ਪ੍ਰਮੁੱਖ ਆਧਾਰ ਬਣਦੇ ਹਨ।

ਮੁੱਢਲੀ ਪੰਜਾਬੀ ਆਲੋਚਨਾ ਆਪਣੇ ਮੂਲ ਸੁਭਾ ਵਿੱਚ ਅੰਤਰਮੁੱਖੀ , ਰੁਮਾਂਟਿਕ , ਪ੍ਰਭਾਵਵਾਦੀ , ਪ੍ਰਸ਼ੰਸਾਤਮਕ ਰੁਝਾਨਾਂ ਦਾ ਮਿਲਗੋਭਾ ਜਾਂ ਇਹਨਾਂ ਦਾ ਮਿਲਿਆ ਇਕ ਰੂਪ ਸੀ । 1950 ਵਿੱਚ ਪੰਜਾਬੀ ਸਾਹਿਤ ਅਤੇ ਪੰਜਾਬ ਦੇ ਜੀਵਨ ਵਿੱਚ ਪ੍ਰਗਤੀਵਾਦੀ ਵਿਚਾਰਾਂ ਦੀ ਜਾਗ ਲੱਗਣੀ ਸ਼ੁਰੂ ਹੋਈ । ਸੰਤ ਸਿੰਘ ਸੇਖੋਂ ਦੀ ਪੁਸਤਕ "ਸਾਹਿਤਿਆਰਥ" ਨਾਲ ਪੰਜਾਬੀ ਵਿੱਚ ਪਹਿਲੀ ਵਾਰ ਮਾਰਕਸਵਾਦੀ ਆਲੋਚਨਾ ਜਾਂ ਸਿੱਧਾਂਤਕ ਆਲੋਚਨਾ ਦਾ ਨੀਂਹ ਪੱਥਰ ਰੱਖਿਆ ਗਿਆ । 1960 ਤੋਂ ਬਾਅਦ ਕਿਸ਼ਨ ਸਿੰਘ ਨੇ ਮਾਰਕਸਵਾਦੀ ਆਲੋਚਨਾ ਖੇਤਰ ਵਿੱਚ ਪ੍ਰਵੇਸ਼ ਕੀਤਾ ।

ਕਿਸ਼ਨ ਸਿੰਘ ਦੀ ਗੁਰਬਾਣੀ , ਕਿੱਸਾ-ਕਾਵਿ, ਸੂਫ਼ੀ ਕਾਵਿ, ਸਿੱਖ ਲਹਿਰ ਅਤੇ ਭਗਤੀ ਲਹਿਰ ਦੇ ਪ੍ਰਸੰਗ ਵਿੱਚ ਪੇਸ਼ ਧਾਰਨਾਵਾਂ ਸੇਖੋਂ ਦੀਆ ਧਾਰਨਾਵਾਂ ਦੇ ਵਿਰੁੱਧ ਜਾਂਦੀਆਂ ਹਨ । ਜਿੱਥੇ ਸੇਖੋਂ ਵਿਚਾਰਧਾਰਕ ਤੇ ਕਾਵਿ-ਸ਼ਾਸਤ੍ਰੀ ਦ੍ਰਿਸ਼ਟੀ ਦੇ ਸਮਨਵੈ ਨੂੰ ਆਪਣੀ ਦ੍ਰਿਸ਼ਟੀ ਦਾ ਆਧਾਰ ਬਣਾਉਂਦਾ ਹੈ ਉੱਥੇ ਕਿਸ਼ਨ ਸਿੰਘ ਦਾ ਚਿੰਤਨ ਰਚਨਾ ਵਿੱਚ ਪੇਸ਼ ਵਿਚਾਰਧਾਰਾ ਤੇ ਸਾਹਿਤ ਨੂੰ ਕਿਸੇ ਸਮੇਂ ਵਿਸ਼ੇਸ਼ ਦੇ ਸਮਾਜ ਵਿੱਚ ਚੱਲ ਰਹੀ ਜਮਾਤੀ ਟੱਕਰ ਦੇ ਕਲਾਤਮਕ ਪ੍ਰਗਟਾਵੇ ਵਜੋਂ ਪਰਿਭਾਸ਼ਿਤ ਕਰਦਾ ਹੈ । ਫਿਰ ਵੀ ਇਸ ਦੌਰ ਦੀ ਮਾਰਕਸਵਾਦੀ ਆਲੋਚਨਾ ਦੀ ਵੱਡੀ ਪ੍ਰਾਪਤੀ ਅੰਤਰਮੁੱਖੀ/ ਪ੍ਰਭਾਵਵਾਦੀ ਅਤੇ ਰੁਮਾਂਸਵਾਦੀ ਆਲੋਚਨਾ ਦੇ ਵਿਰੋਧ ਵਿੱਚ ਸਾਹਿਤ ਨੂੰ ਕਿਸੇ ਇਕ ਬਾਹਰਮੁੱਖੀ ਦ੍ਰਿਸ਼ਟੀਕੋਣ ਅਤੇ ਸਿੱਧਾਂਤਕ ਪਰਿਪੇਖ ਵਿੱਚ ਸਮਝੇ ਜਾਣ ਦੀ ਜਰੂਰਤ ਨੂੰ ਸਥਾਪਿਤ ਅਤੇ ਵਿਕਸਿਤ ਕਰਨ ਵਿੱਚ ਵੇਖੀ ਜਾਣੀ ਚਾਹੀਦੀ ਹੈ । ਸਾਹਿਤਿਕ ਕ੍ਰਿਤ ਦੇ ਕਰਤਾ, ਸਮਾਜ, ਇਤਿਹਾਸ ਸੱਭਿਆਚਾਰ, ਰਾਜਨੀਤੀ, ਸਾਹਿਤਿਕ ਪਰੰਪਰਾ ਆਦਿ ਨਾਲ ਦਵੰਦਾਤਮਕ ਸੰਬੰਧਾਂ ਦੇ ਪ੍ਰਸੰਗਾਂ ਵਿੱਚ ਕਿਸੇ ਰਚਨਾ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁੱਲਾਂਕਣ ਨੂੰ ਆਪਣਾ ਬੁਨਿਆਦੀ ਸਿੱਧਾਂਤ ਪ੍ਰਵਾਨ ਕਰਨਾ ਇਸ ਦੌਰ ਦੀ ਇਕ ਇਤਿਹਾਸਿਕ ਪ੍ਰਾਪਤੀ ਹੈ । ਇਸ ਦੋਰ ਦੀ ਸਮੁੱਚੀ ਆਲੋਚਨਾ ਪ੍ਰਧਾਨ ਰੂਪ ਵਿੱਚ ਮਾਰਕਸਵਾਦੀ ਆਲੋਚਨਾ ਦੇ ਮੂਲ ਸੰਕਲਪਾਂ ਦੇ ਸਮਾਨਾਯ ਪੱਖਾਂ ਉੱਪਰ ਹੀ ਜ਼ੋਰ ਦਿੰਦੀ ਪ੍ਰਤੀਤ ਹੁੰਦੀ ਹੈ ।

ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਮਾਰਕਸਵਾਦੀ ਆਲੋਚਨਾ ਦ੍ਰਿਸ਼ਟੀ ਦੇ ਵਧੇਰੇ ਵਿਗਿਆਨਕ , ਬਾਹਰਮੁੱਖੀ , ਜਟਿਲ ਸਾਹਿਤ ਅਤੇ ਸਾਹਿਤ ਆਲੋਚਨਾ ਦੇ ਆਪਸੀ ਸੰਬੰਧਾਂ, ਇਸਦੇ ਵਸਤੂ- ਖੇਤਰ , ਵਿਧੀ ਵਿਗਿਆਨ, ਦ੍ਰਿਸ਼ਟੀਕੋਣ ਅਤੇ ਪਾਠ ਅਤੇ ਪ੍ਰਸੰਗ ਆਦਿ ਸਾਹਿਤ ਮੁੱਦਿਆ ਉੱਪਰ ਵਧੇਰੇ ਖੁੱਲ੍ਹ ਕੇ ਵਿਚਾਰ ਕੀਤਾ ਗਿਆ ਹੈ।

ਇਸ ਸੰਦਰਭ ਵਿੱਚ 'ਸੇਧ' ਮਾਸਿਕ ਪੱਤਰ ਵਿੱਚ ਛਪੇ ਹਰਭਜਨ ਸਿੰਘ, ਸੁਤਿੰਦਰ ਸਿੰਘ ਨੂਰ , ਤੇਜਵੰਤ ਸਿੰਘ ਗਿੱਲ ਅਤੇ ਰਵਿੰਦਰ ਸਿੰਘ ਰਵੀ ਦੇ ਲੇਖ ਵੇਖੇ ਜਾਣੇ ਚਾਹੀਦੇ ਹਨ । ਭਾਵੇ ਇਹ ਲੇਖ ਸੰਬੰਧਿਤ ਲੇਖਕਾਂ ਦੀਆਂ ਪੁਸਤਕਾਂ ਵਿੱਚ ਵੀ ਛਪ ਚੁੱਕੇ ਹਨ । 1975 ਤੋਂ 1985 ਤੱਕ ਦੀ ਇਸ ਮਾਰਕਸਵਾਦੀ ਪੰਜਾਬੀ ਆਲੋਚਨਾ ਵਿੱਚ ਦੋ ਰੁਝਾਨ ਬੜੇ ਸ਼ਪੱਸਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ ।

ਰਵਿੰਦਰ ਰਵੀ ਦੀ ਆਲੋਚਨਾ ਵਿੱਚ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦੀ ਦੂਸਰੀਆ ਪੱਛਮੀ ਆਲੋਚਨਾ ਪ੍ਰਣਾਲੀਆ ਜਿਵੇ ਸੰਰਚਨਾਵਾਦੀ/ ਰੂਪਵਾਦੀ ਅਤੇ ਚਿਹਨ-ਵਿਗਿਆਨਿਕ ਆਦਿ ਆਲੋਚਨਾ ਪ੍ਰਣਾਲੀਆ ਨਾਲੋਂ ਸਾਹਿਤ ਅਤੇ ਸਮਾਜ ਦੋਹਾਂ ਦੀ ਠੀਕ ਸਮਝ ਲਈ ਸਾਰਥਕਤਾ ਅਤੇ ਸੰਪੂਰਣਤਾ ਨੂੰ ਦ੍ਰਿੜ ਕਰਵਾਉਣ ਦੀ ਰੁਚੀ ਪ੍ਰਧਾਨ ਹੈ ।

ਦੂਸਰੇ "ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ" ਦੀ ਸਰਬਾਂਗੀ ਆਲੋਚਨਾ ਮਾਰਕਸਵਾਦੀ ਦ੍ਰਿਸ਼ਟੀ ਅਨੁਸਾਰ ਕਰਦਿਆ ਸਾਰ ਰੂਪ ਵਿੱਚ ਇਹਨਾ ਨਵੀਨ - ਆਲੋਚਨਾ ਪ੍ਰਣਾਲੀਆਂ ਦੀ ਆਸ਼ਿਕਤਾ, ਪ੍ਰਸੰਗ ਮੁੱਕਤ, ਇਤਿਹਾਸ ਮੁੱਕਤ ਅਤੇ ਵਿਚਾਰਧਾਰਾ ਮੁੱਕਤ ਹੋਣ ਦੇ ਸਿਧਾਂਤਾ ਦਾ ਦਲੀਲ ਪੂਰਵਕ ਖੰਡਨ ਇਨ੍ਹਾਂ ਪ੍ਰਣਾਲੀਆਂ ਦੀ ਸਥਾਪਤੀ ਪੱਖੀ ਅਤੇ ਵਿਗਿਆਨ ਦੇ ਪਰਦੇ ਹੇਠ ਅਵਿਗਿਆਨਿਕ ਅਤੇ ਪੂਰੀ ਤਰ੍ਹਾ ਵਿਚਾਰਧਾਰਕ ਹੋਣ ਦੇ ਮੁਦਿਆ ਨੂੰ ਬੜੀ ਸਪਸ਼ਟਤਾ ਅਤੇ ਤਾਰਕਿਕਤਾ ਨਾਲ ਸਿੱਧ ਕੀਤਾ ਗਿਆ ਹੈ ।

ਇਸਦੀ ਦੂਜੀ ਪ੍ਰਵਿਰਤੀ ਪਹਿਲਾ ਹੋ ਚੁੱਕੀ ਮਾਰਕਸਵਾਦੀ ਆਲੋਚਨਾ ਦੇ ਆਲੋਚਨਾਤਮਕ ਮੁੱਲਾਂਕਣ ਕੀਤੇ ਜਾਣ ਦੀ ਜ਼ਰੂਰਤ ਵਿੱਚ ਵੇਖੀ ਜਾ ਸਕਦੀ ਹੈ । ਹਰਿਭਜਨ ਸਿੰਘ ਭਾਟੀਆ ਹੁਣ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਖੋਜ-ਪ੍ਰਬੰਧ ਇਸ ਦਿਸ਼ਾ ਵਿੱਚ ਪਹਿਲਾ ਬਾਹਰਮੁਖੀ ਅਤੇ ਆਲੋਚਨਾਤਮਕ ਯਤਨ ਹੈ । ਹਰਿਭਜਨ ਸਿੰਘ ਭਾਟੀਆ ਭਾਵੇਂ ਖੁਦ ਮਾਰਕਸਵਾਦੀ ਹੋਣ ਦਾ ਦਾਅਵਾ ਨਹੀ ਕਰਦੇ ਪਰੰਤੂ ਉਨ੍ਹਾ ਸੇਖੋਂ , ਕਿਸ਼ਨ ਸਿੰਘ ਦੀ ਆਲੋਚਨਾ ਦਾ ਬਾਹਰਮੁਖੀ ਮੁੱਲਾਂਕਣ ਕਰਨ ਦਾ ਪਹਿਲਾ ਵਿਗਿਆਨਿਕ ਯਤਨ ਕੀਤਾ ਹੈ । ਮਾਰਕਸਵਾਦੀ ਦ੍ਰਿਸ਼ਟੀ ਤੋ ਸੇਖੋਂ ਕਿਸ਼ਨ ਸਿੰਘ ਤੇ ਨਜ਼ਮ ਹੁਸੈਨ ਸੱਯਦ ਦੀ ਸਮੁੱਚੀ ਆਲੋਚਨਾ ਦਾ ਆਲੋਚਨਾਤਮਕ ਮੁੱਲਾਂਕਣ "ਮਾਰਕਸਵਾਦੀ ਪੰਜਾਬੀ ਆਲੋਚਨਾ" ਪੁਸਤਕ ਵਿੱਚ ਕੀਤਾ ਗਿਆ ਪ੍ਰਾਪਤ ਹੁੰਦਾ ਹੈ ।

ਪੰਜਾਬੀ ਸੰਕਟ ਦਾ ਮਾਰਕਸਵਾਦੀ ਪੰਜਾਬੀ ਆਲੋਚਨਾ ਉੱਪਰ ਪ੍ਰਭਾਵ ਪੈਣਾ ਸੁਭਾਵਿਕ ਸੀ ਪਰੰਤੂ ਬਹੁਤੇ ਮਾਰਕਸਵਾਦੀ ਪੰਜਾਬੀ ਆਲੋਚਕਾਂ ਨੇ ਪੰਜਾਬ ਸੰਕਟ ਦੇ ਬਹੁ-ਪਰਤੀ ਵਿਸ਼ਲੇਸ਼ਣ ਤੋ ਲੈਂ ਕੇ ਇਸ ਸੰਕਟ ਦੇ ਪੰਜਾਬੀ ਸਾਹਿਤ ਉਪਰ ਪੈਣ ਵਾਲੇ ਪ੍ਰਭਾਵਾਂ ਦਾ ਵੀ ਵਿਸ਼ਲੇਸ਼ਣ ਕੀਤਾ । ਪ੍ਰਧਾਨ ਰੂਪ ਵਿੱਚ ਸਾਡੇ ਆਲੋਚਕਾਂ ਨੇ ਇਸ ਸਥਿਤੀ ਦੇ ਮਾਨਵ-ਵਿਰੋਧੀ ਤੇ ਮਜ਼ਦੂਰ ਜਮਾਤ ਵਿਰੋਧੀ ਪੱਖਾਂ ਨੂੰ ਪਰੋਖ ਜਾਂ ਅਪ੍ਰੋਖ ਰੂਪ ਵਿੱਚ ਆਪਣੇ , ਵਿਸ਼ਲੇਸ਼ਣ ਵਿੱਚ ਬੁਨਿਆਦੀ ਸੂਤਰ ਵਜੋਂ ਉਭਾਰਿਆ ।

ਇਸ ਦੌਰ ਦੀ ਆਤੰਕਵਾਦੀ ਲਹਿਰ ਨੇ ਰਾਜਨੀਤਿਕ ਪੱਧਰ ਉਪਰ ਮਾਰਕਸਵਾਦੀ ਆਲੋਚਨਾ ਦੇ ਵਿਕਾਸ ਨੂੰ ਬਹੁਤ ਡੂੰਘੀ ਤਰ੍ਹਾ ਪ੍ਰਭਾਵਿਤ ਕੀਤਾ ਹੈ ਪਰੰਤੂ ਇਸ ਲਹਿਰ ਦੇ ਆਪਣੇ ਵਿਚਾਰਧਾਰਕ ਵਿਆਖਿਆਕਾਰਾਂ ਦੀ ਘਾਟ ਕਾਰਨ ਇਹ ਸੰਕਟ ਕੋਈ ਵਿਚਾਰਧਾਰਕ ਵਿਰੋਧ ਖੜ੍ਹਾ ਨਾ ਕਰ ਸਕਿਆ । ਇਸ ਲਹਿਰ ਨੇ ਸੰਬਾਦ ਦੀ ਦ੍ਰਿਸ਼ਟੀ ਤੋ ਸਮੁੱਚੇ ਅਕਾਦਮਿਕ ਮਾਹੌਲ ਨੂੰ ਨਾਹ-ਪੱਖੀ ਰੋਲ ਨਾਲ ਪ੍ਰਭਾਵਿਤ ਕੀਤਾ ।

ਚੌਥੀ ਪ੍ਰਵਿਰਤੀ ਜੋ ਕਿ ਵਿਧਾਗਤ ਆਲੋਚਨਾ ਦੇ ਵਿਕਾਸ ਵਿੱਚ ਵੇਖੀ ਜਾ ਸਕਦੀ ਹੈ । ਪੰਜਾਬੀ ਗਲਪ ਆਲੋਚਨਾ ਵਿੱਚ ਸੇਖੋਂ, ਕਿਸ਼ਨ ਸਿੰਘ ਦੇ ਮੁੱਢਲੇ ਯੋਗਦਾਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰੰਤੂ ਕਿਸੇ ਇਕ ਵਿਧਾ ਨੂੰ ਆਧਾਰ ਬਣਾਕੇ ਸਮੁੱਚੇ ਰੂਪ ਵਿੱਚ ਵਿਧਾਗਤ ਆਲੋਚਨਾ ਦਾ ਵਿਕਾਸ ਇਸ ਦੌਰ ਦੀ ਇਕ ਵਿਲੱਖਣਤਾ ਹੈ । ਗਲਪ-ਸ਼ਾਸਤ੍ਰ ਦੇ ਨਿਰਮਾਣ ਵਿੱਚ ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ. ਆਰ. ਵਿਨੋਦ ਦਾ ਯੋਗਦਾਨ ਵਿਸ਼ੇਸ ਵਰਣਨ ਦਾ ਅਧਿਕਾਰੀ ਹੈ। ਕਵਿਤਾ ਦੀ ਵਿਧਾਗਤ ਆਲੋਚਨਾ ਦੇ ਖੇਤਰ

ਵਿੱਚ ਡਾ. ਅਤਰ ਸਿੰਘ , ਡਾ. ਕੇਸਰ, ਡਾ. ਕਰਮਜੀਤ ਸਿੰਘ , ਡਾ. ਰਵੀ ਅਤੇ ਡਾ. ਤੇਜਵੰਤ ਗਿੱਲ ਅਤੇ ਨਵੀ ਪੀੜ੍ਹੀ ਵਿਚੋਂ ਸੁਖਦੇਵ ਸਿੰਘ ਸਰਸਾ ਦਾ ਯੋਗਦਾਨ ਮਾਰਕਸਵਾਦੀ ਆਲੋਚਨਾ ਦੀ ਇਕ ਵਿਸ਼ੇਸ਼ ਪ੍ਰਾਪਤੀ ਹੈ ।

**ਸਿੱਟਾ**

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਉੱਪਰ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਮਾਰਕਸਵਾਦੀ ਪੰਜਾਬੀ ਆਲੋਚਨਾ 1950 ਤੋਂ ਆਰੰਭ ਹੋ ਕੇ 1970 ਤੱਕ ਇਕ ਭਾਰੂ ਆਲੋਚਨਾ ਪ੍ਰਣਾਲੀ ਵਜੋਂ ਸਥਾਪਿਤ ਰਹੀ। 1970 ਤੋਂ ਬਾਅਦ ਪੱਛਮ ਦੀਆਂ ਵਿਕਸਿਤ ਆਲੋਚਨਾ ਪ੍ਰਣਾਲੀਆਂ ਨਾਲ ਇਸ ਦਾ ਭਰਭੂਰ ਸੰਵਾਦ ਚਲਦਾ ਰਿਹਾ। 1985 ਤੋਂ ਬਾਅਦ ਮਾਰਕਸਵਾਦ ਪੰਜਾਬੀ ਆਲੋਚਨਾ ਵਿੱਚ ਸਨਾਤਨੀ ਮਾਰਕਸਵਾਦ ਤੋਂ ਤੁਰ ਕੇ ਸਰੰਚਨਾਵਾਦੀ ਮਾਰਕਸਵਾਦੀ, ਨਵ- ਮਾਰਕਸਵਾਦ ਅਤੇ ਦੂਸਰੀਆਂ ਪ੍ਰਣਾਲੀਆਂ ਵਿੱਚ ਪੇਸ਼ ਕੁਝ ਸੰਕਲਪਾਂ ਨੂੰ ਉਹਨਾਂ ਰੂਪਵਾਦੀ ਅਤੇ ਆਦਰਸ਼ਵਾਦੀ ਰੁਝਾਂਨਾ ਤੋਂ ਮੁਕਤ ਕਰਕੇ ਉਹਨਾਂ ਨੂੰ ਮਾਰਕਸਵਾਦੀ ਆਲੋਚਨਾ ਪ੍ਰਣਾਲੀ ਵਿੱਚ ਆਤਮਸਾਤ ਕਰਦਿਆਂ ਇਸ ਨੂੰ ਸਿਧਾਂਤਕ ਅਤੇ ਵਿਹਾਰਕ ਦੋਹਾਂ ਪੱਧਰਾਂ ਉੱਪਰ ਵਿਕਸਿਤ ਕੀਤਾ ਗਿਆ ਹੈ। ਇਸ ਆਲੋਚਨਾ ਨੇ ਸਾਹਿਤ ਦੀ ਹੋਂਦ ਵਿਧੀ ਤੋਂ ਲੈ ਕੇ ਇਸ ਨਾਲ ਜੁੜੀਆਂ ਸਿਧਾਂਤਕ ਸਮੱਸਿਆਵਾਂ ਉੱਪਰ ਆਪਣਾ ਧਿਆਨ ਕੇਂਦਰਿਤ ਕੀਤਾ ਹੈ ਅਤੇ ਆਪਣੇ ਆਪ ਨੂੰ ਨਵੇਂ ਗਿਆਨ ਦੀ ਰੋਸ਼ਨੀ ਵਿੱਚ ਸਮਰਿੱਧ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਪਰੰਤੂ ਮਾਰਕਸਵਾਦੀ ਪੰਜਾਬੀ ਆਲੋਚਨਾ ਅਜੇ ਤੱਕ ਹੀ ਸੀਮਿਤ ਕਰੀ ਬੈਠੀ ਹੈ। ਇਸ ਆਲੋਚਨਾ ਦੇ ਸਰਬਪੱਖੀ ਵਿਕਾਸ ਲਈ ਪੰਜਾਬੀ ਸੱਭਿਆਚਾਰ, ਪੰਜਾਬੀ ਸੁਹਜ ਸ਼ਾਸਤਰ, ਪੰਜਾਬੀ ਸੰਗੀਤ ਅਤੇ ਦੂਸਰੀਆਂ ਲਲਿਤ ਕਲਾਵਾਂ ਦੇ ਅਧਿਐਨ ਹਿਤ ਇਸ ਦਾ ਘੇਰਾ ਵਿਸ਼ਾਲ ਕੀਤੇ ਜਾਣ ਦੀ ਜਰੂਰਤ ਬੜੀ ਅਹਿਮ ਹੈ।

**ਹਵਾਲੇ**


ਗੁਰਬਖਸ਼ ਸਿੰਘ ਫਰੈਂਕ, ਸੰਬਾਦ-1/1984, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਿਰੋਧ ਵਿਕਾਸ ਅਤੇ ਸਾਹਿਤ।

ਰਵਿੰਦਰ ਸਿੰਘ ਰਵੀ, ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ, ਵਿਰਸਾ ਤੇ ਵਰਤਮਾਨ, ਰਵੀ ਚੇਤਨਾ, ਪ੍ਰਗਤੀਵਾਦ ਅਤੇ ਪੰਜਾਬੀ ਸਾਹਿਤ।

ਹਰਿਭਜਨ ਸਿੰਘ, ਰਚਨਾ ਸੰਰਚਨਾ, ਸਾਹਿਤ ਸ਼ਾਸਤਰ, ਅਧਿਅਨ ਅਤੇ ਅਧਿਆਪਨ, ਮੁੱਲ ਤੇ ਮੁਲੰਕਣ, ਸਾਹਿਤ ਅਧਿਐਨ।

ਤੇਜਵੰਤ ਸਿੰਘ ਗਿੱਲ, ਸੰਤ ਸਿੰਘ ਸੇਖੋ: ਚਿੰਤਨ ਤੇ ਕਲਾ, ਪੰਜਾਬੀ ਪ੍ਰਮਾਣ ਪ੍ਰਤਿਮਾਨ, ਪੁਨਰ ਸੰਵਾਦ।

ਟੀ. ਆਰ. ਵਿਨੋਦ , ਸਾਹਿਤ ਅਤੇ ਚਿੰਤਨ , ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ , ਪੰਜਾਬੀ ਨਾਵਲ ਦਾ ਸੰਸਕ੍ਰਿਤਿਕ ਅਧਿਅਐਨ , ਪੰਜਾਬੀ ਕਹਾਣੀ, ਪੰਜਾਬੀ ਆਲੋਚਨਾ ਸ਼ਾਸਤਰ।

ਜੋਗਿੰਦਰ ਸਿੰਘ ਰਾਹੀ, ਪੰਜਾਬੀ ਨਾਵਲ, ਮਸਲੇ ਗਲਪ ਦੇ।

ਸੰਤ ਸਿੰਘ ਸੇਖੋਂ 'ਸਾਹਿਤਿਆਰਥ', ਪ੍ਰਸਿੱਧ ਪੰਜਾਬੀ ਕਵੀ, ਪੰਜਾਬੀ ਕਾਵਿ ਸ਼ਿਰੋਮਣੀ, ਸਮੀਖਿਆ ਪ੍ਰਣਾਲੀਆ , ਭਾਈ ਗੁਰਦਾਸ , ਭਾਈ ਵੀਰ ਸਿੰਘ ਅਤੇ ਉਨਾਂ ਦਾ ਯੁੱਗ।

ਸੁਰਜੀਤ ਸਿੰਘ ਭੱਟੀ. ਪੰਜਾਬੀ ਆਲੋਚਨਾ ਦਸ਼ਾ ਅਤੇ ਦਿਸ਼ਾ।

# ਰੂਪਵਾਦੀ ਅਤੇ ਸੰਰਚਨਾਵਾਦੀ ਆਲੋਚਨਾ: ਸਿਧਾਂਤ ਤੇ ਪਿਛੋਕੜ

ਆਧੁਨਿਕ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਪੱਛਮੀ ਸਿਧਾਂਤਾਂ ਦੇ ਪ੍ਰਭਾਵ ਸਦਕਾ ਵੱਖ-ਵੱਖ ਨਵੀਨ ਆਲੋਚਨਾ ਪ੍ਰਣਾਲੀਆਂ ਦਾ ਆਗ਼ਾਜ਼ ਹੁੰਦਾ ਹੈ। ਇਹਨਾਂ ਆਲੋਚਨਾ ਪ੍ਰਣਾਲੀਆਂ ਵਿੱਚ ਮਨੋਵਿਸ਼ਲੇਸ਼ਣਾਤਮਕ ਆਲੋਚਨਾ, ਚਿਹਨ ਵਿਗਿਆਨਕ ਆਲੋਚਨਾ, ਸੰਰਚਨਾਵਾਦੀ ਆਲੋਚਨਾ, ਸ਼ੈਲੀ ਵਿਗਿਆਨਕ ਆਲੋਚਨਾ, ਥੀਮ ਵਿਗਿਆਨਕ ਆਲੋਚਨਾ ਆਦਿ ਆਲੋਚਨਾ ਪ੍ਰਣਾਲੀਆਂ ਸ਼ਾਮਿਲ ਹਨ। ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਇੱਕ ਅਜਿਹੀ ਵਿਲੱਖਣ ਤੇ ਨਿਵੇਕਲੀ ਕਿਸਮ ਦੀ ਆਲੋਚਨਾ ਪ੍ਰਣਾਲੀ ਹੈ ਜੋ ਰਚਨਾ ਦੇ ਥੀਮਕ ਅਧਿਐਨ ਦੁਆਰਾ ਰਚਨਾ ਦੇ ਆਂਤਰਿਕ ਸੰਗਠਨ ਵਿੱਚ ਕਾਰਜਸ਼ੀਲ ਅਰਥਾਂ ਨੂੰ ਵਿਗਿਆਨਕ ਢੰਗ ਨਾਲ ਉਜਾਗਰ ਕਰਦੀ ਹੈ।

'ਥੀਮ ਵਿਗਿਆਨ' ਤੋਂ ਭਾਵ ਥੀਮਕ ਅਧਿਐਨ ਮੰਨਿਆ ਜਾਂਦਾ ਹੈ। ਇਹ ਥੀਮਾਂ ਦੇ ਅਧਿਐਨ ਦੁਆਰਾ ਸਾਹਿਤ ਚਿੰਤਨ ਤੱਕ ਪਹੁੰਚਣ ਦੀ ਵਿਧੀ ਹੈ। ਥੀਮ ਰਚਨਾ ਦਾ ਉਹ ਕੇਂਦਰੀ ਤੱਤ ਹੈ ਜੋ ਉਸ ਨੂੰ ਰੂਪ ਪ੍ਰਦਾਨ ਕਰਦਾ ਹੈ। ਪੱਛਮੀ ਚਿੰਤਕਾਂ ਵਿੱਚ ਦੋ ਤਰ੍ਹਾਂ ਦੇ ਵਿਚਾਰ ਪ੍ਰਚਲਿਤ ਰਹੇ ਹਨ। ਪਹਿਲੇ ਵਿਚਾਰ ਅਧੀਨ ਥੀਮ ਕਿਸੇ ਵੀ ਸਾਹਿਤਕ ਕਿਰਤ ਦੇ ਅਪ੍ਰਸੰਗਿਕ ਸਾਹਿਤ ਬਾਹਰੇ ਵੇਰਵਿਆਂ ਵੱਲ ਉਲਾਰ ਹੋ ਜਾਂਦਾ ਹੈ। ਸਾਹਿਤਕ ਕਿਰਤ ਦੇ ਥੀਮ ਨੂੰ ਪਕੜਨ ਲਈ ਚਿੰਤਕ ਸਾਹਿਤ ਬਾਹਰੇ ਅਨੁਸ਼ਾਸਨਾ ਦੀ ਮਦਦ ਲੈਂਦੇ ਹਨ। ਦੂਜੇ ਵਿਚਾਰ ਅਧੀਨ ਸਾਹਿਤ ਨੂੰ ਇੱਕ ਜੁਜ਼ ਵਜੋਂ ਗ੍ਰਹਿਣ ਕੀਤਾ ਜਾਂਦਾ ਹੈ। ਇਸ ਵਿਚਾਰ ਤੋਂ ਪ੍ਰਭਾਵਿਤ ਚਿੰਤਕ ਸਾਹਿਤ ਬਾਹਰੇ ਵੇਰਵਿਆਂ ਨੂੰ ਵੀ ਸਾਹਿਤ ਦੀ ਸੰਰਚਨਾ ਵਿੱਚ ਕਾਰਜਸ਼ੀਲ ਹੋਰ ਤੱਤਾਂ ਦੇ ਨਾਲ ਹੀ ਵਿਚਾਰਦੇ ਹਨ। ਇਸ ਵਿਚਾਰ ਤੋਂ ਪ੍ਰਭਾਵਿਤ ਰੂਸੀ ਰੂਪਵਾਦੀ ਤੋਮਾਸ਼ੇਵਸਕੀ ਥੀਮ ਨੂੰ ਰਚਨਾ ਦੇ ਆਰ-ਪਾਰ ਫੈਲਣ ਵਾਲਾ ਅਤੇ ਰਚਨਾ ਨੂੰ ਏਕਤਾ ਪ੍ਰਦਾਨ ਕਰਨ ਵਾਲਾ ਤੱਤ ਮੰਨਦਾ ਹੈ। ਡਾ.ਹਰਿਭਜਨ ਸਿੰਘ ਦੇ ਵਿਚਾਰ ਅਨੁਸਾਰ: ਥੀਮ ਨਾ ਵਾਸਤਵਿਕ ਤੱਤ ਹੈ ਨਾ ਭਾਸ਼ਕ ਬਣਤਰ,ਥੀਮ ਸਾਹਿਤਕ ਹੋਂਦ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਕਿ ਥੀਮ ਵਿਗਿਆਨ ਅਧਿਐਨ ਅਧੀਨ ਅਜਿਹੇ ਥੀਮ ਨੂੰ ਵਿਚਾਰਿਆ ਜਾਂਦਾ ਹੈ ਜੋ ਰਚਨਾ ਦੀ ਸੰਰਚਨਾਤਮਕ ਬਣਤਰ ਵਿੱਚ ਕਾਰਜਸ਼ੀਲ ਹੈ ਅਤੇ ਰਚਨਾ ਨੂੰ ਏਕਤਾ ਪ੍ਰਦਾਨ ਕਰਦਾ ਹੈ। ਇਹ ਰਚਨਾ ਦੇ ਆਦਿ ਤੋਂ ਅੰਤ ਤੱਕ ਆਰ-ਪਾਰ ਫੈਲਿਆ ਹੁੰਦਾ ਹੈ। ਥੀਮ ਨੂੰ ਸੰਗਠਨ ਕਰਨ ਲਈ ਭਿੰਨ-ਭਿੰਨ ਜੁਗਤਾਂ ਤੇ ਵਿਧੀਆਂ ਵਰਤੀਆਂ ਜਾਂਦੀਆਂ ਹਨ। ਥੀਮਕ ਸੰਗਠਨ ਦਾ ਜਿਸ ਵਿਧੀ ਰਾਹੀਂ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ ਉਸ ਵਿਧੀ ਨੂੰ ਹੀ ਥੀਮ-ਵਿਗਿਆਨ ਦਾ ਨਾਂ ਦਿੱਤਾ ਗਿਆ ਹੈ। ਥੀਮ-ਵਿਗਿਆਨ ਦੇ ਇਤਿਹਾਸਕ ਪਰਪੇਖ ਵਲ ਨਜ਼ਰ ਮਾਰਿਆਂ ਤਿੰਨ ਚਿੰਤਨ ਪੱਧਤੀਆਂ ਸਾਹਮਣੇ ਆਈਆਂ ਹਨ:

1. ਰੂਸੀ ਥੀਮਵਾਦੀ ਆਲੋਚਨਾ ਪ੍ਰਣਾਲੀ 2. ਅਮਰੀਕੀ ਥੀਮਵਾਦੀ ਆਲੋਚਨਾ ਪ੍ਰਣਾਲੀ 3. ਫਰਾਂਸੀਸੀ ਥੀਮਵਾਦੀ ਆਲੋਚਨਾ ਪ੍ਰਣਾਲੀ

ਰੂਸੀ ਸਾਹਿਤ ਆਲੋਚਨਾ ਦੇ ਇਤਿਹਾਸ ਵਿੱਚ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿੱਚ ਸਾਹਮਣੇ ਆਈ ਹੈ ਇਸ ਵਿਧੀ ਦੇ ਪ੍ਰਮੁੱਖ ਸਿਧਾਂਤਕਾਰ ਵਿਕਟਰ ਸ਼ਕਲੋਵਸਕੀ, ਬੋਰਿਸ ਤੋਮਾਸ਼ੇਵਸਕੀ, ਬੋਰਿਸ ਈਖਨਬਾਮ ਆਦਿ ਹਨ।

ਅਮਰੀਕੀ ਥੀਮ ਵਿਗਿਆਨ ਨੂੰ ਰੂਸੀ ਥੀਮ ਵਿਗਿਆਨ ਦਾ ਹੀ ਵਿਸਥਾਰ ਮੰਨਿਆ ਜਾਂਦਾ ਹੈ। ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਵਿੱਚ ਅਮਰੀਕੀ ਥੀਮ ਵਿਗਿਆਨੀ ਯੂਜੀਨ ਫ਼ਾਕ ਨੇ ਆਪਣੀ ਪੁਸਤਕ Types of Thematic Structure ਵਿਚ ਥੀਮ-ਵਿਗਿਆਨ ਸੰਬੰਧੀ ਮਹੱਤਵਪੂਰਨ ਸੰਕਲਪ ਪੇਸ਼ ਕੀਤੇ ਹਨ। ਫ਼ਾਕ ਦੇ ਅਧਿਐਨ ਦਾ ਕੇਂਦਰੀ-ਬਿੰਦੂ ਰਚਨਾ ਪਾਠ ਹੈ। ਫ਼ਾਕ ਰਚਨਾ ਦੇ ਪਾਠਗਤ ਅਧਿਐਨ ਰਾਹੀਂ ਰਚਨਾ ਦੇ ਕੇਂਦਰ-ਬਿੰਦੂ ਦੀ ਤਲਾਸ਼ ਕਰਦਾ ਹੈ। ਉਹ ਇਸ ਤੋਂ ਵੀ ਅੱਗੋਂ ਕੇਂਦਰ ਦਾ ਵੀ ਕੇਂਦਰ ਬਿੰਦੂ ਖੋਜਦਾ ਹੈ।

ਫਰਾਂਸੀਸੀ ਥੀਮ ਵਿਗਿਆਨੀਆਂ ਨੇ ਥੀਮ ਵਿਗਿਆਨ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਵਾਚਣ ਦਾ ਯਤਨ ਕੀਤਾ ਹੈ। ਫਰਾਂਸੀਸੀ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਦੇ ਪ੍ਰਮੁੱਖ ਸਿਧਾਂਤਕਾਰ ਜਾਰਜ ਪੂਲੇ ਤੇ ਯਾਂ ਪੀਰੇ ਰਿਚਰਡਜ਼ ਹਨ। ਜਾਰਜ ਪੂਲੇ ਨੇ ਥੀਮ ਵਿਗਿਆਨ ਨੂੰ ਵਿਸ਼ਵ ਵਿਆਪਕ ਦਾਰਸ਼ਨਿਕ ਮਹੱਤਵ ਨਾਲ ਜੋੜਨ ਦਾ ਯਤਨ ਕੀਤਾ ਅਤੇ ਯਾਂ ਪੀਰੇ ਰਿਚਰਡਜ਼ ਭਾਸ਼ਾ-ਵਿਗਿਆਨ

ਅਤੇ ਮਨੋਵਿਗਿਆਨਕ ਦ੍ਰਿਸ਼ਟੀ ਨੂੰ ਆਪਣੀ ਪਹੁੰਚ ਵਿਧੀ ਦਾ ਆਧਾਰ ਬਣਾਉਂਦਾ ਹੈ। ਇਸ ਪ੍ਰਕਾਰ ਫਰਾਂਸੀਸੀ ਥੀਮ ਵਿਗਿਆਨ ਕੇਂਦਰ ਤੋਂ ਭਾਂਜ ਦਾ ਰਸਤਾ ਅਪਣਾਉਂਦਾ ਹੈ।

ਉਪਰੋਕਤ ਤਿੰਨਾਂ ਚਿੰਤਨ ਪੱਧਤੀਆਂ ਦੇ ਚਿੰਤਕਾਂ ਨੇ ਥੀਮ ਵਿਗਿਆਨਕ ਅਧਿਐਨ ਲਈ ਸਿਧਾਂਤਕ ਆਧਾਰ ਪ੍ਰਦਾਨ ਕੀਤੇ। ਇਹਨਾਂ ਚਿੰਤਕਾਂ ਨੇ ਆਪਣੇ ਤੋਂ ਪੂਰਬਲੇ ਚਿੰਤਨ ਦਾ ਪ੍ਰਭਾਵ ਗ੍ਰਹਿਣ ਕੀਤਾ ਅਤੇ ਪਿਛਲੇਰੇ ਚਿੰਤਨ ਨੂੰ ਪ੍ਰਭਾਵਿਤ ਕੀਤਾ। ਇਹਨਾਂ ਦੁਆਰਾ ਪ੍ਰਸਤੁਤ ਹੋਏ ਪ੍ਰਮੁੱਖ ਸਿਧਾਂਤ ਹੇਠ ਲਿਖੇ ਹਨ:

**ਮੋਟਿਫ਼ (MOTIF)**

ਬਿਰਤਾਂਤ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਮੋਟਿਫ਼ ਦਾ ਨਾਮ ਦਿੱਤਾ ਜਾਂਦਾ ਹੈ। ਸਾਹਿਤ ਚਿੰਤਨ ਵਿੱਚ ਮੋਟਿਫ਼ ਦੀ ਵਰਤੋਂ ਕਈ ਅਰਥਾਂ ਵਿੱਚ ਹੁੰਦੀ ਰਹੀ ਹੈ। ਸਾਹਿਤ ਚਿੰਤਨ ਵਿੱਚ ਮੋਟਿਫ਼ ਨੂੰ ਇੱਕ ਅਜਿਹਾ ਤੱਤ ਮੰਨਿਆ ਜਾਂਦਾ ਰਿਹਾ ਹੈ ਜੋ ਇੱਕ ਤੋਂ ਵੱਧ ਸਾਹਿਤਕ ਕਿਰਤਾਂ ਵਿੱਚ ਦੁਹਰਾਇਆ ਜਾਂਦਾ ਹੈ। ਉਦਾਹਰਨ ਵਜੋਂ ਪੰਜਾਬੀ ਕਿੱਸਾ-ਕਾਵਿ ਵਿੱਚ ਬਾਰਾਂ ਸਾਲਾਂ ਦਾ ਵਕਫ਼ਾ (ਪੂਰਨ ਦਾ ਬਾਰਾਂ ਸਾਲ ਭੋਰੇ ਵਿੱਚ ਰਹਿਣਾ, ਰਾਂਝੇ ਦਾ ਬਾਰਾਂ ਸਾਲ ਮੱਝਾ ਚਾਰਨੀਆਂ ਆਦਿ), ਨਾਇਕ-ਨਾਇਕਾ ਦੀ ਦੈਵੀ-ਸ਼ਕਤੀਆਂ ਵਲੋਂ ਮਦਦ ਆਦਿ ਮੋਟਿਫ਼ ਕਾਰਜਸ਼ੀਲ ਹਨ। ਪਰ ਥੀਮ ਵਿਗਿਆਨੀਆਂ ਅਨੁਸਾਰ ਮੋਟਿਫ਼ ਇੱਕ ਅਜਿਹੀ ਇਕਾਈ ਹੈ ਜੋ ਕਿਸੇ ਇੱਕ ਰਚਨਾ ਵਿੱਚ ਪਈ ਹੁੰਦੀ ਹੈ ਤੇ ਇਸ ਦੀ ਸਾਰਥਕਤਾ ਉਸੇ ਰਚਨਾ ਵਿੱਚ ਹੈ ਜਿਸ ਨੂੰ ਕਿਸੇ ਹੋਰ ਰਚਨਾ ਵਿੱਚ ਪ੍ਰਵੇਸ਼ ਕਰਨ ਦੀ ਮਜ਼ਬੂਰੀ ਨਹੀਂ। ਰੂਸੀ ਰੂਪਵਾਦੀਆਂ ਨੇ ਰਚਨਾ ਦੇ ਥੀਮਕ ਅਧਿਐਨ ਲਈ ਮੋਟਿਫ਼ ਨੂੰ ਆਧਾਰ ਬਣਾਇਆ ਹੈ ਅਤੇ ਫ਼ਾਕ ਨੇ ਮੋਟਿਫ਼ ਦੇ ਸੰਗਠਨ ਤੋਂ ਥੀਮ ਦੇ ਕੇਂਦਰੀ ਤੱਤ ਦੀ ਭਾਲ ਕੀਤੀ ਹੈ।

ਮੋਟਿਫ਼ ਨੂੰ ਰਚਨਾ ਦੀ ਮੁੱਢਲੀ ਇਕਾਈ ਵਜੋਂ ਪਛਾਣਿਆ ਜਾ ਸਕਦਾ ਹੈ। ਮੋਟਿਫ਼ ਅਜਿਹੀ ਥੀਮਕ ਇਕਾਈ ਹੈ ਜੋ ਆਪਣੇ ਆਪ ਵਿੱਚ ਪੂਰਨ ਵੀ ਹੈ ਤੇ ਦੂਜੇ ਰਚਨਾਤਮਕ ਮੋਟਿਫ਼ਾਂ ਨਾਲ ਅੰਤਰ ਸੰਬੰਧਿਤ ਵੀ। ਮੋਟਿਫ਼ ਇੱਕ ਰਚਨਾਤਮਕ ਇਕਾਈ ਹੈ ਜੋ ਰਚਨਾ ਦੇ ਇੱਕ ਵਾਕ ਵਿੱਚ ਵੀ ਹੋ ਸਕਦੀ ਹੈ। ਉਦਾਹਰਨ ਦੇ ਤੌਰ 'ਤੇ ਇੱਕ ਆਦਮੀ ਦੂਜੇ ਆਦਮੀ ਨੂੰ ਕਹਿੰਦਾ ਹੈ, "ਮੈਂ ਆਪਣੇ ਪਿੰਡ ਜਾ ਰਿਹਾ ਹਾਂ।" ਇਸ ਵਾਕ ਵਿੱਚ 'ਵਿਅਕਤੀ ਦੁਆਰਾ ਆਪਣੇ ਪਿੰਡ ਜਾਣ' ਦਾ ਮੋਟਿਫ਼ ਪਿਆ ਹੋਇਆ ਹੈ। ਹਰ ਇੱਕ ਮੋਟਿਫ਼ ਵੱਖ-ਵੱਖ ਤੱਤਾਂ ਦੇ ਮੇਲ ਨਾਲ ਹੋਂਦ ਵਿੱਚ ਆਉਂਦਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ ਮੋਟਿਫ਼ ਤਿੰਨ ਤੱਤਾਂ ਦੀ ਰਚਨਾ ਹੈ, ਉਹ ਤਿੰਨ ਤੱਤ ਹਨ: ਸਮੱਗਰੀ, ਜੁਗਤ ਤੇ ਪ੍ਰੇਰਕ। 4 ਮੋਟਿਫ਼ ਵਿਚਲੀ ਸਥਿਤੀ ਹੀ ਮੋਟਿਫ਼ ਦੀ ਸਮੱਗਰੀ ਹੁੰਦੀ ਹੈ। ਰਚਨਾ ਵਿਚਲੀ ਸਥਿਤੀ ਨੂੰ ਸਾਹਿਤਕਾਰ ਜਿਸ ਢੰਗ ਨਾਲ ਪੇਸ਼ ਕਰਦਾ ਹੈ ਉਸ ਨੂੰ ਜੁਗਤ ਕਿਹਾ ਜਾਂਦਾ ਹੈ ਅਤੇ ਪ੍ਰੇਰਕ ਮੋਟਿਫ਼ਾਂ ਵਿੱਚ ਕਾਰਜਾਂ ਨੂੰ ਸੇਧ ਦਿੰਦੇ ਹਨ। ਉਦਾਹਰਨ ਵਜੋਂ: 'ਨਾਇਕ ਦਾ ਘਰ ਛੱਡਣਾ' ਮੋਟਿਫ਼ ਪਿੱਛੇ 'ਨਾਇਕਾ ਦੀ ਭਾਲ', 'ਰੋਜ਼ਗਾਰ ਦੀ ਭਾਲ' ਆਦਿ ਪ੍ਰੇਰਕ ਕੰਮ ਕਰ ਰਹੇ ਹੁੰਦੇ ਹਨ।

ਰਚਨਾਤਮਕ ਲੋੜ ਦੀ ਪੂਰਤੀ ਲਈ ਵਰਤੇ ਗਏ ਮੋਟਿਫ਼ਾਂ ਨੂੰ ਰਚਨਾ ਪ੍ਰੇਰਕ ਕਿਹਾ ਜਾਂਦਾ ਹੈ। ਰਚਨਾ ਵਿੱਚ ਕੁਝ ਮੋਟਿਫ਼ਾਂ ਦੀ ਵਰਤੋਂ ਯਥਾਰਥ ਦਾ ਭਰਮ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਅਜਿਹੇ ਮੋਟਿਫ਼ਾਂ ਨੂੰ ਯਥਾਰਥ ਪ੍ਰੇਰਕ ਜਾਂ ਵਸਤੂ ਪ੍ਰੇਰਕ ਕਿਹਾ ਜਾਂਦਾ ਹੈ। ਇਹ ਮੋਟਿਫ਼ ਯਥਾਰਥ ਦਾ ਭਰਮ ਪੈਦਾ ਕਰਨ ਦੀ ਲੋੜ ਤੋਂ ਪ੍ਰੇਰਿਤ ਹੁੰਦੇ ਹਨ ਇਸ ਲਈ ਇਹਨਾਂ ਵਿੱਚ ਯਥਾਰਥ (ਵਸਤੂ) ਪ੍ਰੇਰਕ ਮੌਜੂਦ ਹੁੰਦੇ ਹਨ। ਤੀਜੀ ਪ੍ਰਕਾਰ ਦੇ ਪ੍ਰੇਰਕ ਕਲਾ-ਪ੍ਰੇਰਕ ਹੁੰਦੇ ਹਨ। ਕਲਾ-ਪ੍ਰੇਰਕ ਲੇਖਕ ਯਥਾਰਥਕ ਸਥਾਨਾਂ/ਘਟਨਾਵਾਂ/ਵਿਅਕਤੀਆਂ ਨੂੰ ਅਜਨਬੀਕਰਨ ਦੀ ਵਿਧੀ ਨਾਲ ਪੇਸ਼ ਕਰਨ ਲਈ ਵਰਤੇ ਜਾਂਦੇ ਹਨ।

**ਮੋਟਿਫ਼ਾਂ ਦਾ ਵਰਗੀਕਰਨ:**

ਮੁੱਖ ਤੌਰ ਤੇ ਮੋਟਿਫ਼ਾਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ : ਖੁਲ੍ਹੇ ਮੋਟਿਫ਼, ਬੰਦ ਮੋਟਿਫ਼, ਗਤੀਸ਼ੀਲ ਮੋਟਿਫ਼, ਗਤੀਹੀਨ ਮੋਟਿਫ਼ ਵਿਸ਼ੇਸ਼ ਮਹੱਤਵ ਰੱਖਦੇ ਹਨ। ਖੁਲ੍ਹੇ ਮੋਟਿਫ਼ ਅਜਿਹੇ ਮੋਟਿਫ਼ ਹੁੰਦੇ ਹਨ ਜਿਹਨਾਂ ਨੂੰ ਰਚਨਾ ਵਿਚੋਂ ਖਾਰਜ ਕਰਨ 'ਤੇ ਰਚਨਾ ਸੰਗਠਨ ਉੱਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ। ਖੁੱਲ੍ਹੇ ਮੋਟਿਫ਼ ਦੇ ਉਲਟ ਬੰਦ ਮੋਟਿਫ਼ ਨੂੰ ਰਚਨਾ ਵਿਚੋਂ ਖਾਰਜ ਕਰਨ ਦੀ ਸਥਿਤੀ ਵਿੱਚ ਇਹ ਰਚਨਾ ਦੇ ਸੰਗਠਨ ਉੱਪਰ ਪ੍ਰਭਾਵ ਪਾਵੇਗਾ। ਬੰਦ ਮੋਟਿਫ਼ ਰਚਨਾ ਦੇ ਸੰਗਠਨ ਦਾ ਹਿੱਸਾ ਹੁੰਦੇ ਹਨ। ਗਤੀਸ਼ੀਲ

ਮੋਟਿਫ਼ ਰਚਨਾ ਵਿਚਲੇ ਕਥਾਨਕ ਨੂੰ ਗਤੀ ਪ੍ਰਦਾਨ ਕਰਦੇ ਹਨ। ਸਾਹਿਤਕ ਕਿਰਤ ਵਿੱਚ ਕੁਝ ਅਜਿਹੇ ਮੋਟਿਫ਼ ਵੀ ਹੁੰਦੇ ਹਨ ਜੋ ਰਚਨਾ ਦੇ ਕਥਾਨਕ ਨੂੰ ਗਤੀ ਪ੍ਰਦਾਨ ਨਹੀਂ ਕਰਦੇ, ਅਜਿਹੇ ਮੋਟਿਫ਼ਾਂ ਨੂੰ ਗਤੀਹੀਨ ਮੋਟਿਫ਼ ਦਾ ਨਾਂ ਦਿੱਤਾ ਗਿਆ ਹੈ।

ਉਪਰੋਕਤ ਮੋਟਿਫ਼ਾਂ ਤੋਂ ਇਲਾਵਾ ਥੀਮ ਵਿਗਿਆਨਕ ਆਲੋਚਨਾ ਪ੍ਰਣਾਲੀ ਵਿੱਚ ਲੀਤ ਮੋਟਿਫ਼ ਤੇ ਰੀਮ ਮੋਟਿਫ਼ ਵਿਸ਼ੇਸ਼ ਮਹੱਤਵ ਦੇ ਲਖਾਇਕ ਹਨ। ਥੀਮ ਵਿੱਚ ਇਕਸਾਰਤਾ ਕਾਇਮ ਕਰਨ ਵਾਲੇ ਮੋਟਿਫ਼ਾਂ ਨੂੰ ਫ਼ਾਕ ਨੇ ਲੀਤ ਮੋਟਿਫ਼ ਦਾ ਨਾਂ ਦਿੱਤਾ ਹੈ। ਫ਼ਾਕ ਅਨੁਸਾਰ ਮੋਟਿਫ਼ਾਂ ਵਿੱਚ ਉਦੈ ਹੋਏ ਥੀਮ ਦੀ ਸੰਰਚਨਾਤਮਕ ਇਕਸਾਰਤਾ ਪਾਠਕ ਦੇ ਆਨੰਦ ਵਿੱਚ ਵਾਧਾ ਕਰਦੀ ਹੈ। ਫ਼ਾਕ ਸੰਰਚਨਾਤਮਕ ਇਕਸਾਰਤਾ ਬਾਰੇ ਗੱਲ ਕਰਦਾ ਹੋਇਆ ਪ੍ਰਸਿਧ ਨਾਵਲਕਾਰ ਥਾਮਸ ਮਨ ਦਾ ਹਵਾਲਾ ਦਿੰਦਾ ਹੈ ਜੋ ਪਾਠਕਾਂ ਨੂੰ ਆਪਣੀ ਪੁਸਤਕ ਵਾਰ-ਵਾਰ ਪੜ੍ਹਨ ਲਈ ਕਹਿੰਦਾ ਹੈ। ਉਸ ਅਨੁਸਾਰ ਪਹਿਲੀ ਵਾਰ ਪਾਠਕ ਥੀਮਕ ਸਮੱਗਰੀ ਪ੍ਰਾਪਤ ਕਰਦਾ ਹੈ। ਦੂਸਰੀ ਵਾਰ ਰਚਨਾ ਵਿਚਲੇ ਪ੍ਰਤੀਕਾਤਮਕ ਅਤੇ ਸੰਕੇਤਾਤਮਕ ਅਰਥ ਗ੍ਰਹਿਣ ਕਰਦਾ ਹੈ। ਫ਼ਾਕ ਅਨੁਸਾਰ ਲੀਤ ਮੋਟਿਫ਼ ਹੀ ਕਿਸੇ ਬਿਰਤਾਂਤਕ ਰਚਨਾ ਵਿੱਚ ਵਿਭਿੰਨ ਥੀਮਾਂ/ਮੋਟਿਫ਼ਾਂ ਨੂੰ ਅੰਤਰ ਸੰਬੰਧਿਤ ਕਰਦਾ ਹੈ। ਇਸ ਤਰ੍ਹਾਂ ਲੀਤ ਮੋਟਿਫ਼ ਰਚਨਾ ਵਿੱਚ ਵਾਰ-ਵਾਰ ਵਾਪਰ ਕੇ ਰਚਨਾ ਵਿੱਚ ਖਿਲਰੇ ਹੋਏ ਥੀਮਾਂ ਵਿਚਕਾਰ ਇਕਸਾਰਤਾ ਕਾਇਮ ਕਰਦੇ ਹਨ।

ਰੀਮ ਮੋਟਿਫ਼, ਮੋਟਿਫ਼ਾਂ ਵਿਚੋਂ ਮੋਟਿਫ਼ ਨਿਕਲਣ ਦੀ ਪਰਕਿਰਿਆ ਹੈ। ਮੋਟਿਫ਼ ਇੱਕ ਸੰਪੂਰਨ ਤੇ ਛੋਟੀ ਤੋਂ ਛੋਟੀ ਇਕਾਈ ਹੈ ਪਰ ਇਸ ਵਿਚੋਂ ਅੱਗੋਂ ਕਈ ਰੀਮਾਂ ਨਿਕਲਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਇਹਨਾਂ ਸੰਭਾਵਿਤ ਰੀਮਾਂ ਵਿਚੋਂ ਕਿਸੇ ਇੱਕ ਰੀਮ ਨੂੰ ਚੁਣ ਲਿਆ ਜਾਂਦਾ ਹੈ। ਮੋਟਿਫ਼ ਵਿਚੋਂ ਰੀਮਾਂ ਨਿਕਲਣ ਦੀ ਪਰਕਿਰਿਆ ਰਚਨਾ ਦੇ ਸ਼ੁਰੂ ਤੋਂ ਲੈ ਕੇ ਅੰਤ ਤਕ ਜਾਰੀ ਰਹਿੰਦੀ ਹੈ।

**ਅਜਨਬੀਕਰਨ:**

ਅਜਨਬੀਕਰਨ ਦਾ ਸਿਧਾਂਤ ਰੂਸੀ ਥੀਮ ਵਿਗਿਆਨੀਆਂ ਦੀ ਮਹੱਤਵਪੂਰਨ ਦੇਣ ਹੈ। ਥੀਮ ਨੂੰ ਰਚਨਾ ਵਿੱਚ ਕਲਾਤਮਕ ਢੰਗ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਕਲਾਤਮਕ ਸਿਰਜਨ ਦੀ ਇਸ ਪਰਕਿਰਿਆ ਨੂੰ ਸ਼ਕਲੋਵਸਕੀ ਨੇ ਅਜਨਬੀਕਰਨ ਦਾ ਨਾਮ ਦਿੱਤਾ ਹੈ। ਦੂਸਰੇ ਸ਼ਬਦਾਂ ਵਿੱਚ ਜਾਣੀਆਂ-ਪਛਾਣੀਆਂ ਵਸਤੂਆਂ ਨੂੰ ਅਜਨਬੀ ਢੰਗ ਰਾਹੀਂ ਪੇਸ਼ ਕਰਨਾ ਹੀ ਅਜਨਬੀਕਰਨ ਹੈ।

**ਥੀਮ ਦੀ ਚੋਣ ਤੇ ਪੇਸ਼ਕਾਰੀ:**

ਥੀਮ ਵਿਗਿਆਨ ਥੀਮ ਵਾਂਗ ਥੀਮ ਦੀ ਚੋਣ ਤੇ ਥੀਮ ਦੀ ਪੇਸ਼ਕਾਰੀ ਨੂੰ ਵੀ ਆਪਣੇ ਵਿਚਾਰ ਦਾ ਕੇਂਦਰ ਬਣਾਉਂਦਾ ਹੈ। ਥੀਮ ਵਿਗਿਆਨੀਆਂ ਅਨੁਸਾਰ ਸਮਕਾਲੀ ਅਤੇ ਸਰਬਕਾਲੀ ਥੀਮਾਂ ਦਾ ਸੁਮੇਲ ਹੀ ਰਚਨਾ ਨੂੰ ਦਿਲਚਸਪੀ ਅਤੇ ਸਦੀਵਤਾ ਪ੍ਰਦਾਨ ਕਰਦਾ ਹੈ।

ਰੂਸੀ ਥੀਮ ਵਿਗਿਆਨੀਆ ਨੇ ਥੀਮ ਦੀ ਪੇਸ਼ਕਾਰੀ ਨਾਲ ਸੰਬੰਧਿਤ ਵਿਗੋਪਨ (exposition) ਦਾ ਮਹੱਤਵਪੂਰਨ ਸੰਕਲਪ ਪੇਸ਼ ਕੀਤਾ ਹੈ। ਕਿਸੇ ਰਚਨਾ ਨੂੰ ਆਰੰਭ ਕਰਨ ਸਮੇਂ ਭੂਮਿਕਾ ਬੰਨ੍ਹਣੀ ਪੈਂਦੀ ਹੈ। ਇਸੇ ਆਰੰਭਿਕ ਭੂਮਿਕਾ ਜਾਂ ਬਿਰਤਾਂਤ ਵਿੱਚ ਪਾਤਰਾਂ ਦੇ ਅੰਤਰ-ਸੰਬੰਧਾਂ ਤੇ ਪਰਸਥਿਤੀਆਂ ਦੇ ਮੁੱਢਲੇ ਵੇਰਵੇ ਦਿੱਤੇ ਜਾਂਦੇ ਹਨ।ਇਸੇ ਨੂੰ ਹੀ ਵਿਗੋਪਨ ਕਿਹਾ ਜਾਂਦਾ ਹੈ। ਜਿਸ ਵਿਗੋਪਨ ਵਿੱਚ ਕਾਰਜ ਵਾਪਰਨ ਤੋਂ ਪਹਿਲਾਂ ਹੀ ਪਾਤਰਾਂ ਦੇ ਆਪਸੀ ਸੰਬੰਧਾਂ ਅਤੇ ਪਰਸਥਿਤੀਆਂ ਬਾਰੇ ਤੁਰੰਤ ਜਾਣਕਾਰੀ ਦੇ ਦਿੱਤੀ ਜਾਂਦੀ ਹੈ, ਉਸ ਵਿਗੋਪਨ ਨੂੰ ਫੌਰੀ ਵਿਗੋਪਨ ਕਿਹਾ ਜਾਂਦਾ ਹੈ। ਜਿਸ ਵਿਗੋਪਨ ਵਿੱਚ ਪਾਤਰਾਂ/ਪਰਸਥਿਤੀਆਂ ਬਾਰੇ ਪ੍ਰਸੰਗਿਕ ਜਾਣਕਾਰੀ ਬਿਰਤਾਂਤ ਵਿੱਚ ਖਿੰਡੀ ਹੁੰਦੀ ਹੈ, ਉਸ ਨੂੰ ਵਿਲੰਬਿਤ ਵਿਗੋਪਨ ਕਿਹਾ ਜਾਂਦਾ ਹੈ। ਸਥਾਨਾਂਤਰਿਤ ਵਿਗੋਪਨ ਵਿੱਚ ਪਾਤਰਾਂ/ਪਰਸਥਿਤੀਆਂ ਬਾਰੇ ਕੁਝ ਜਾਣਕਾਰੀ ਰਚਨਾ ਦੇ ਆਰੰਭ ਵਿੱਚ ਦਿੱਤੀ ਜਾਂਦੀ ਹੈ ਅਤੇ ਕੁਝ ਜਾਣਕਾਰੀ ਘਟਨਾ ਵਾਪਰਨ ਸਮੇਂ ਦਿੱਤੀ ਜਾਂਦੀ ਹੈ।

ਥੀਮ ਵਿਗਿਆਨਕ ਅਧਿਐਨ ਵਿਧੀ ਪੰਜਾਬੀ ਸਾਹਿਤ ਚਿੰਤਕਾਂ ਵੱਲੋਂ ਅਣਗੌਲੀ ਨਹੀਂ ਰਹੀ। ਡਾ.ਹਰਿਭਜਨ ਸਿੰਘ, ਮਨਜੀਤ ਕੌਰ, ਹਰਚਨ ਕੌਰ, ਗੁਰਚਰਨ ਸਿੰਘ ਅਰਸ਼ੀ, ਡਾ.ਕੁਲਦੀਪ ਸਿੰਘ ਧੀਰ ਆਦਿ ਨੇ ਥੀਮ ਵਿਗਿਆਨ ਸੰਬੰਧੀ ਅਤਿ ਮਹੱਤਵਪੂਰਨ ਸੰਕਲਪਾਂ ਨੂੰ ਉਭਾਰਿਆ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਥੀਮ ਵਿਗਿਆਨ ਪ੍ਰਣਾਲੀ ਸਿੱਧੇ ਤੌਰ 'ਤੇ ਪੱਛਮ ਵਿੱਚ ਪ੍ਰਚਲਿਤ ਰੂਸੀ ਰੂਪਵਾਦੀ ਸਿਧਾਂਤ ਵਿਚੋਂ ਵਿਕਸਿਤ ਆਲੋਚਨਾ ਪ੍ਰਣਾਲੀ ਹੈ। ਇਸ ਦੇ ਸਮਾਂਨਾਤਰ ਹੀ ਇਸ ਨੇ ਫਰਾਂਸੀਸੀ ਅਤੇ ਅਮਰੀਕੀ ਚਿੰਤਕਾਂ ਦੇ ਪ੍ਰਭਾਵ ਨੂੰ ਵੀ ਗ੍ਰਹਿਣ ਕੀਤਾ। ਥੀਮ ਵਿਗਿਆਨ ਅਧਿਐਨ ਰਾਹੀਂ ਕਿਸੇ ਵੀ ਸਾਹਿਤਕ ਕਿਰਤ ਦੇ ਆਂਤਰਿਕ ਸੰਗਠਨ ਵਿੱਚ ਕਾਰਜਸ਼ੀਲ ਜੁਜ਼ਾਂ ਨੂੰ ਪਛਾਣਿਆ ਜਾ ਸਕਦਾ ਹੈ।

# ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਆਲੋਚਕ ਹੈ। ਉਸ ਨੂੰ ਆਧੁਨਿਕ ਪੰਜਾਬੀ ਆਲੋਚਨਾ ਦਾ ਮੋਢੀ ਮੰਨਿਆ ਜਾਂਦਾ ਹੈ। ਸੇਖੋਂ ਨੇ ਲੇਖਨ ਦੀ ਸ਼ੁਰੂਆਤ ਅੰਗਰੇਜ਼ੀ ਭਾਸ਼ਾ ਤੋਂ ਕੀਤੀ ਪਰ ਪ੍ਰਿੰ. ਤੇਜਾ ਸਿੰਘ ਦੀ ਪ੍ਰੇਰਨਾ ਹੇਠ ਉਸ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੇ ਸਾਹਿਤਕ ਸਫ਼ਰ ਦੌਰਾਨ ਸਾਹਿਤ ਦੇ ਅਨੇਕਾਂ ਵਿਧਾਵਾਂ ਵਿਚ ਸਾਹਿਤਕ ਰਚਨਾਵਾਂ ਸਿਰਜੀਆਂ ਹਨ, ਜਿਨ੍ਹਾਂ ਵਿਚ ਨਾਟਕ, ਇਕਾਂਗੀ, ਕਹਾਣੀਆਂ, ਨਾਵਲ, ਕਵਿਤਾ, ਨਿਬੰਧ, ਆਲੋਚਨਾ, ਸਵੈ-ਜੀਵਨੀ ਅਤੇ ਅਨੁਵਾਦ ਆਦਿ ਸ਼ਾਮਲ ਹਨ। 'ਪਹਿਲੀ ਵਾਰੀ ਉਸ ਨੇ ਪੰਜਾਬੀ ਆਲੋਚਨਾ ਨੂੰ ਰੋਮਾਂਟਿਕ ਅਤੇ ਭਾਵੁਕ ਪ੍ਰਤੀਕਰਮਾਂ ਵਿਚੋਂ ਕੱਢ ਕੇ ਦਾਰਸ਼ਨਿਕ ਅਧਾਰ ਦਿੱਤੇ। ਉਸ ਨੇ ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਭਾਰਤੀ ਕਾਵਿ-ਸ਼ਾਸਤਰ ਨੂੰ ਅਧਾਰ ਬਣਾ ਕੇ ਮੱਧਕਾਲੀ ਅਤੇ ਆਧੁਨਿਕ ਸਾਹਿਤ ਬਾਰੇ ਮੌਲਿਕ ਸਥਾਪਨਾਵਾਂ ਪੇਸ਼ ਕੀਤੀਆਂ।"[iii] ਸੇਖੋਂ ਨੇ ਕਿੱਸਾ-ਕਾਵਿ, ਗੁਰਮਤਿ-ਕਾਵਿ, ਸੂਫ਼ੀ-ਕਾਵਿ, ਬੀਰ-ਕਾਵਿ ਅਤੇ ਲੋਕ-ਕਾਵਿ ਆਦਿ ਮੱਧਕਾਲੀ ਸਾਹਿਤ ਵਿਚੋਂ ਮੌਲਿਕ ਸਿਧਾਂਤ ਪੇਸ਼ ਕੀਤੇ। ਸੇਖੋਂ ਨੇ ਕੇਵਲ ਮੱਧਕਾਲੀ ਸਾਹਿਤ ਵੱਲ ਰੁਝਾਨ ਨਹੀਂ ਬਣਾਇਆ ਬਲਕਿ ਉਸ ਨੇ ਆਧੁਨਿਕ ਸਾਹਿਤ ਅਧਿਐਨ ਪ੍ਰਣਾਲੀਆਂ ਨਾਲ ਵੀ ਸੰਵਾਦ ਰਚਾਇਆ। ਸੇਖੋਂ ਨੇ ਸਾਹਿਤਿਆਰਥ, ਪੰਜਾਬੀ ਕਾਵਿ ਸ਼੍ਰੋਮਣੀ, ਭਾਈ ਵੀਰ ਸਿੰਘ ਅਤੇ ਉਨ੍ਹਾਂ ਦਾ ਯੁੱਗ, 'ਹੀਰ ਵਾਰਿਸ ਸ਼ਾਹ (ਸੰਪਾਦਿਤ) ਪੰਜਾਬੀ ਸਾਹਿਤ ਦਾ ਇਤਿਹਾਸ, ਪ੍ਰਸਿੱਧ ਪੰਜਾਬੀ ਕਵੀ, ਭਾਈ ਗੁਰਦਾਸ ਅਤੇ ਸਮੀਖਿਆ ਪ੍ਰਣਾਲੀਆਂ ਆਦਿ ਪੁਸਤਕਾਂ ਰਚੀਆਂ ਹਨ।

## ਮੁੱਢਲੀ ਜ਼ਿੰਦਗੀ

ਸੰਤ ਸਿੰਘ ਸੇਖੋਂ ਦਾ ਜਨਮ ਸ: ਹੁਕਮ ਸਿੰਘ ਦੇ ਘਰ ਚੱਕ ਨੰਬਰ 70 ਫ਼ੈਸਲਾਬਾਦ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ। ਬੀਰ ਖਾਲਸਾ ਹਾਈ ਸਕੂਲ ਵਿਚੋਂ ਦਸਵੀਂ ਪਾਸ ਕਰਕੇ ਉਚੇਰੀ ਸਿੱਖਿਆ ਲਈ ਉਹ ਐਫ. ਸੀ. ਕਾਲਜ ਲਾਹੌਰ ਵਿੱਚ ਦਾਖ਼ਲ ਹੋ ਗਿਆ। ਫਿਰ ਉਸ ਨੇ ਅੰਗਰੇਜ਼ੀ ਅਤੇ ਅਰਥ-ਵਿਗਿਆਨ ਵਿਸ਼ਿਆਂ ਵਿੱਚ ਪੋਸਟ-ਗ੍ਰੈਜੂਏਸ਼ਨ ਕੀਤੀ। ਵਿਦਿਆਰਥੀ ਜੀਵਨ 'ਚ ਹੀ ਉਹਨਾਂ ਦਾ ਵਿਆਹ, 1928 ਵਿਚ, ਬੀਬੀ ਗੁਰਚਰਨ ਕੌਰ ਨਾਲ ਹੋ ਗਿਆ, ਜਿਸ ਤੋਂ ਉਨ੍ਹਾਂ ਦੇ ਘਰ ਚਾਰ ਲੜਕੀਆਂ ਅਤੇ ਇੱਕ ਲੜਕੇ ਨੇ ਜਨਮ ਲਿਆ। ਸੇਖੋਂ ਨੇ 1931 ਤੋਂ 1951 ਤੱਕ ਲਗਭਗ 20 ਸਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਅੰਗਰੇਜ਼ੀ ਦੇ ਅਧਿਆਪਕ ਦਾ ਕਾਰਜ-ਭਾਰ ਸੰਭਾਲਿਆ। ਇਸੇ ਦੌਰਾਨ 1937 ਤੋਂ 1940 ਤੱਕ ਉਸ ਨੇ 'ਨਾਰਦਰਨ ਰੀਵਿਊ' ਨਾਂ ਦਾ ਅੰਗਰੇਜ਼ੀ ਸਪਤਾਹਿਕ ਪੱਤਰ ਜਾਰੀ ਰੱਖਿਆ। 1953 ਤੋਂ 1961 ਤੱਕ ਉਹ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ (ਲੁਧਿਆਣਾ) ਵਿਖੇ ਅੰਗਰੇਜ਼ੀ ਦਾ ਲੈਕਚਰਾਰ ਰਿਹਾ। ਪਿਛੋਂ ਕੁਝ ਸਮਾਂ ਉਹ ਕਾਲਜ ਪ੍ਰਿੰਸੀਪਲ ਵੀ ਰਿਹਾ।

## ਸਾਹਿਤਕ ਜੀਵਨ

ਸੰਤ ਸਿੰਘ ਸੇਖੋਂ ਨੇ ਲਿਖਣ ਦੀ ਸ਼ੁਰੂਆਤ ਅੰਗਰੇਜ਼ੀ ਭਾਸ਼ਾ ਤੋਂ ਕੀਤੀ ਪਰ ਪ੍ਰਿੰਸੀਪਲ ਤੇਜਾ ਸਿੰਘ ਦੀ ਪ੍ਰੇਰਨਾ ਅਧੀਨ ਉਸ ਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਦੀਆਂ ਸਾਹਿਤਕ ਕਿਰਤਾਂ ਦੀ ਸੂਚੀ ਬਹੁਤ ਲੰਮੀ ਹੈ, ਜਿਨ੍ਹਾਂ ਵਿੱਚ ਨਾਟਕ, ਇਕਾਂਗੀ, ਕਹਾਣੀਆਂ, ਨਾਵਲ, ਕਵਿਤਾ, ਨਿਬੰਧ, ਆਲੋਚਨਾ, ਸਵੈਜੀਵਨੀ ਅਤੇ ਅਨੁਵਾਦ ਆਦਿ ਸ਼ਾਮਲ ਹਨ। ਸਕੂਲ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀਆਂ ਪਾਠ-ਪੁਸਤਕਾਂ 'ਚ ਉਸ ਦੀਆਂ ਰਚਨਾਵਾਂ ਪੜ੍ਹੀਆਂ-ਪੜ੍ਹਾਈਆਂ ਜਾਂਦੀਆਂ ਹਨ। ਪੇਮੀ ਦੇ ਨਿਆਣੇ, ਇੱਕ ਯੋਧੇ ਦਾ ਚਲਾਣਾ, ਮੁੜ ਵਿਧਵਾ, ਮੀਂਹ ਜਾਵੇ ਹਨੇਰੀ ਜਾਵੇ ਵਰਗੀਆਂ ਰਚਨਾਵਾਂ ਨੂੰ ਪੰਜਾਬੀ ਕਹਾਣੀ 'ਚ ਕਲਾਸਿਕ ਹੋਣ ਦਾ ਮਾਣ ਪ੍ਰਾਪਤ ਹੈ। ਉਸ ਦਾ ਨਾਵਲ 'ਲਹੂ ਮਿੱਟੀ' ਨਿਮਨ ਮੱਧ ਸ਼੍ਰੇਣੀ ਦੇ ਪੰਜਾਬੀ ਕਿਸਾਨੀ ਪਰਿਵਾਰ ਦੇ ਸੰਘਰਸ਼ਮਈ ਜੀਵਨ ਦਾ ਦਸਤਾਵੇਜ਼। ਸੇਖੋਂ ਦੇ ਨਾਟਕ, ਨਾਵਲ ਤੇ ਕਹਾਣੀਆਂ ਇਸ ਧਾਰਨਾ ਉੱਤੇ ਮੋਹਰ ਲਾਉਂਦੇ ਹਨ। ਮਹਾਰਾਜਾ ਰਣਜੀਤ ਸਿੰਘ, ਬੰਦਾ ਬਹਾਦਰ, ਕਾਰਲ ਮਾਰਕਸ ਤੇ ਅਬਰਾਹਮ ਲਿੰਕਨ ਇਨ੍ਹਾਂ ਪੁਰਖਿਆਂ ਦਾ ਸੁਪਨਈ ਸਰੂਪ ਸਨ। ਉਸ ਦੀ ਸੋਚ ਪ੍ਰਗਤੀਵਾਦੀ ਅਤੇ ਉਦਾਰ ਸੀ। 1937 ਵਿੱਚ ਉਸ ਨੇ 'ਨਾਰਦਰਨ ਰੀਵਿਊ' ਨਾਂ ਦਾ ਇੱਕ ਰਸਾਲਾ ਵੀ ਕੱਢਿਆ ਸੀ ਜਿਸ ਵਿੱਚ ਆਪਣੀਆਂ ਅੰਗਰੇਜ਼ੀ ਰਚਨਾਵਾਂ ਛਾਪੀਆਂ। ਉਸ ਨੂੰ

ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੀਆਂ ਸਾਹਿਤਕ ਸੰਸਥਾਵਾਂ ਨੇ ਆਪਣੇ ਖ਼ਰਚ ਉੱਤੇ ਸੱਦਿਆ ਤੇ ਨਿਵਾਜਿਆ। 1958 ਵਿੱਚ ਉਹ ਐਫਰੋ-ਏਸ਼ੀਅਨ ਰਾਈਟਰਜ਼ ਵੱਲੋਂ ਸੋਵੀਅਤ ਯੂਨੀਅਨ ਵੀ ਗਏ।

# ਸਾਹਿਤਿਆਰਥ

## ਸੰਤ ਸਿੰਘ ਸੇਖੋਂ

---

1. ਪੰਜਾਬੀ ਸਾਹਿਤ ਆਲੋਚਨਾ ਦੀ ਪਹਿਲੀ ਪ੍ਰਾਪਤੀ ਇਸ ਤੱਥ ਵਿੱਚ ਦੇਖੀ ਜਾ ਸਕਦੀ ਹੈ ਕਿ ਇਸ ਕੋਲ ਨਿਰੋਲ ਪੰਜਾਬੀ ਕਾਵਿ-ਸ਼ਾਸ਼ਤਰ ਦੀ ਕਿਸੇ ਪ੍ਰੰਪਰਾ ਦੇ ਨਾ ਹੋਣ ਦੇ ਬਾਵਜੂਦ ਇਸਨੇ ਭਾਰਤੀ ਕਾਵਿ-ਸ਼ਾਸ਼ਤਰ ਅਤੇ ਪੱਛਮੀ ਕਾਵਿ-ਸ਼ਾਸ਼ਤਰ ਤੋਂ ਸਿਧਾਂਤਕ ਸੇਧ ਪ੍ਰਾਪਤ ਕਰਦਿਆਂ, ਅੱਜ ਪੰਜਾਬੀ ਸਾਹਿਤ ਦੇ ਆਪਣੇ ਕਾਵਿ-ਸ਼ਾਸ਼ਤਰ ਦੀ ਉਸਾਰੀ ਦੀ ਚੇਤਨਾਂ ਨੂੰ ਨਾ ਕੇਵਲ ਪ੍ਰਚੰਡ ਕੀਤਾ ਹੈ ਸਗੋਂ ਪੰਜਾਬੀ ਦੇ ਮੱਧ ਕਾਲੀਨ ਸਾਹਿਤ ਦੀਆਂ ਪ੍ਰਮੁੱਖ ਕਾਵਿ-ਧਾਰਾਵਾਂ (ਸੂਫ਼ੀ-ਕਾਵਿ, ਗੁਰਬਾਣੀ, ਕਿੱਸਾ-ਕਾਵਿ ਅਤੇ ਬੀਰ-ਕਾਵਿ) ਦੇ ਕਾਵਿ ਸ਼ਾਸ਼ਤਰ ਦੀ ਉਸਾਰੀ ਵਿੱਚ ਆਪਣਾ ਮੌਲਿਕ ਕਾਵਿ-ਸ਼ਾਸ਼ਤਰ ਉਸਾਰਨ ਹਿਤ ਕਾਫ਼ੀ ਵਿਲੱਖਣ ਮੌਲਿਕ ਅਤੇ ਮੁੱਲਵਾਨ ਪ੍ਰਾਪਤੀਆਂ ਕੀਤੀਆਂ ਹਨ। ਇਸੇ ਤਰ੍ਹਾਂ ਆਧੁਨਿਕ ਕਾਲ ਦੇ ਸਾਹਿਤ ਰੂਪਾਂ ਜਿਵੇਂ ਆਧੁਨਿਕ ਕਵਿਤਾ, ਵਾਰਤਕ, ਨਾਵਲ, ਨਾਟਕ, ਨਿੱਕੀ ਕਹਾਣੀ, ਆਦਿ ਸਾਹਿਤ ਰੂਪਾਂ ਦੇ ਪੰਜਾਬੀ ਕਾਵਿ-ਸ਼ਾਸ਼ਤਰ ਦੀ ਉਸਾਰੀ ਵਿੱਚ ਕਾਫ਼ੀ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਇੱਕ ਸਦੀ ਦੇ ਵਕਫ਼ੇ ਵਿੱਚ ਨਿਰੋਲ ਪੰਜਾਬੀ ਕਾਵਿ ਸ਼ਾਸ਼ਤਰੀ ਸੰਕਲਪਾਂ, ਆਲੋਚਨਾ ਸਿਧਾਂਤਾਂ ਅਤੇ ਸੰਦਾ ਦੀ ਅਣਹੋਂਦ ਦੇ ਬਾਵਜੂਦ ਭਾਰਤੀ ਅਤੇ ਪੱਛਮੀ ਚਿੰਤਨ ਤੋਂ ਅਗਵਾਹੀ ਲੈਂਦਿਆਂ ਮੁੱਢੋਂ ਵੱਖ ਰੂਪਾਂ ਧਾਰਵਾਂ ਅਤੇ ਕਾਲਾਂ ਅਨੁਸਾਰ ਆਪਣੇ ਸਾਹਿਤ ਦੇ ਇੱਕ ਹਜ਼ਾਰ ਸਾਲ ਵਿੱਚ ਫ਼ੈਲੇ ਸਾਹਿਤ ਦੇ ਵੱਖ-ਵੱਖ ਰੂਪਾਂ ਧਾਰਵਾਂ ਅਤੇ ਕਾਲਾਂ ਦਾ ਜਿਸ ਗੰਭੀਰਤਾ, ਮੌਲਿਕਤਾ, ਵਿਸ਼ਾਲਤਾ ਨਾਲ ਕਾਵਿ- ਸ਼ਾਸ਼ਤਰੀ ਅਧਿਐਨ ਕੀਤਾ, ਸਾਡੀ ਨਜ਼ਰ ਵਿੱਚ ਇਹ ਪੰਜਾਬੀ ਆਲੋਚਨਾ ਦੀ ਪੰਜਾਬੀ ਕਾਵਿ-ਸ਼ਾਸ਼ਤਰ ਦੀ ਉਸਾਰੀ ਦੇ ਖੇਤਰ ਵਿੱਚ ਮੁੱਲਵਾਨ ਇਤਿਹਾਸਕ ਪ੍ਰਾਪਤੀ ਹੈ।

2. ਪੰਜਾਬੀ ਆਲੋਚਨਾ ਦੀ ਦੂਸਰੀ ਪ੍ਰਾਪਤੀ ਇਸ ਵੱਲੋਂ ਸਾਹਿਤ ਸਿਧਾਂਤ ਦੀ ਸਥਪਤੀ ਦੇ ਖੇਤਰ ਵਿੱਚ ਦੇਖੀ ਜਾ ਸਕਦੀ ਹੈ। ਜਿੱਥੇ 1970 ਤੀਕ ਪੰਜਾਬੀ ਆਲੋਚਨਾ ਸਾਹਿਤ ਨੂੰ ਨਿਰੋਲ ਸਮਾਜਿਕ ਯਥਾਰਥ ਦੇ ਅਨੁਕਰਣ ਨੂੰ ਆਧਾਂਰ ਬਣਾਉਂਦਿਆਂ ਸਾਹਿਤ ਵਿੱਚ ਪੇਸ਼ ਯਥਾਰਥ ਅਤੇ ਸਮਾਜਿਕ ਪ੍ਰਗਤੀ ਨੂੰ ਸਾਹਿਤ ਰਚਨਾ ਦੇ ਵਿਸ਼ਲੇਸ਼ਣ ਅਤੇ ਮੁਲਾਂਕਣ ਦਾ ਆਧਾਰ ਬਣਾਉਂਦੀ ਸੀ, ਉਥੇ 1970 ਤੋਂ ਬਾਅਦ ਸਾਹਿਤ ਅਤੇ ਸਮਾਜ ਦੇ ਵਖਰੇਵੇਂ ਉਪਰ ਵਧੇਰੇ ਜ਼ੋਰ ਦਿੰਦਿਆਂ ਸਾਹਿਤ ਦੀ ਖ਼ੁਦਮੁਖ਼ਤਰ ਹੋਂਦ ਨੂੰ ਸਥਾਪਿਤ ਕਰਨ ਦੇ ਸਿਧਾਂਤਕ ਯਤਨਾ ਨਾਲ ਸਾਹਿਤ ਦੀ ਸਾਹਿਤ ਦੀ ਸਾਹਿਤਕਤਾ ਦੀ ਪਛਾਣ ਨੂੰ ਕੇਂਦਰੀ ਮਹੱਤਵ ਪ੍ਰਵਾਣ ਕਰਦਿਆਂ, ਪੱਛਮੀ ਚਿੰਤਨ ਦੀਆਂ ਨਵੀਨਤਮ ਅੰਤਰ ਦਿਰਸ਼ਟੀਆਂ ਅਤੇ ਭਾਸ਼ਾ-ਵਿਗਿਆਨਕ ਮਾਡਲਾਂ ਵਿੱਚ ਨਵੀਆਂ ਵਿਧੀਆਂ ਰਾਹੀਂ ਸਾਹਿਤ ਸਿਧਾਂਤ, ਸਾਹਿਤ ਇਤਿਹਾਸ, ਸਾਹਿਤ ਸਮਾਜ, ਸਾਹਿਤ ਦਰਸ਼ਨ ਅਤੇ ਨਿਰੋਲ ਸਾਹਿਤ ਸੋਹਜ ਦੇ ਆਪਸੀ ਸਬੰਧਾਂ ਅਤੇ ਵਖ਼ਰੇਵਿਆਂ ਰਾਹੀਂ ਸੰਤ ਸਿੰਘ ਸੇਖੋਂ ਵੱਲੋ ਸਥਾਪਿਤ ਸਿਧਾਂਤ ਚਿੰਤਨੀ ਜਾਂ ਸਾਹਿਤ ਸਿਧਾਂਤ ਦੀ ਚੇਤਨਾਂ ਨੂੰ ਵਧੇਰੇ ਠੋਸ ਰੂਪ ਵਿੱਚ ਅਤੇ ਨਿਖੇੜਾ ਮੂਲਕ ਵਿਧੀ ਨਾਲ ਘੋਖਿਆ ਅਤੇ ਸਥਾਪਿਤ ਕੀਤਾ ਗਿਆ। ਇਸ ਨਾਲ ਪਹਿਲੀ ਵਾਰ ਸਾਹਿਤ ਅਤੇ ਸਮਾਜ ਦੀ ਰਲਗੱਡਤਾ ਦਾ ਨਿਖੇੜਾ ਕਰਦਿਆਂ ਪਹਿਲੀ ਵਾਰ ਸਾਹਿਤਕਤਾ ਦਾ ਵਿਸ਼ੇਸ਼ ਗਿਆਨ ਹਾਸਲ ਕਰਦਿਆਂ ਸਾਹਿਤ ਸਿਧਾਂਤ ਦੇ ਖੇਤਰ ਵਿੱਚ ਨਵੀਆਂ ਦਿਸ਼ਾਵਾਂ ਅਤੇ ਮੁੱਦਿਆਂ ਨੂੰ ਵਿਚਾਰ ਅਧੀਨ ਲਿਆਂਦਾ ਗਿਆ।

3. ਇਸ ਦੀ ਤੀਜੀ ਪ੍ਰਾਪਤੀ ਪੰਜਾਬੀ ਸਾਹਿਤ ਦੇ ਭਿੰਨ- ਭਿੰਨ ਸਾਹਿਤ ਕਾਲਾਂ ਵਿੱਚ ਹੋਂਦ ਵਿੱਚ ਆਈਆਂ ਵਿਭਿੰਨ ਵਿਧਾਵਾ ਨੂੰ ਨਿਰੋਲ ਸਾਹਿਤ ਦੇ ਸਾਂਝੇ ਸੰਕਲਪ ਅਧੀਨ ਵਿਚਾਰਣ ਦੀ ਥਾਂ, ਇਨ੍ਹਾਂ ਵਿਧਾਵਾਂ ਦੀ ਆਪਸੀ ਸਾਂਝ ਅਤੇ ਵਖਰੇਵੇਂ ਨੂੰ ਨਿਰਧਾਰਿਤ ਕੀਤਾ ਗਿਆ ਹੈ। ਨਤੀਜੇ ਵਜੋਂ ਵਿਧਾਗਤ ਆਲੋਚਨਾਂ ਦੇ ਖੇਤਰ ਵਿੱਚ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਰੂਪਾਂ ਦੀ ਵਿਧਾਗਤ ਆਲੋਚਨਾ ਨੇ ਬਹੁਤ ਵਿਕਾਸ ਕੀਤਾ। ਅੱਜ ਵਿਧਾਗਤ ਆਲੋਚਨਾ ਦੇ ਖੇਤਰ ਵਿੱਚ ਪੰਜਾਬੀ ਦੀਆਂ ਸਮੁੱਚੀਆਂ ਸਾਹਿਤ ਵਿਧਾਵਾਂ ਦੇ ਅਧਿਐਨ ਵਿੱਚ ਜ਼ਿਕਰਯੋਗ ਪ੍ਰਗਤੀ ਹੋਈ ਹੈ। ਇਹ ਵਿਕਾਸ ਗਿਣਾਤਮਿਕ ਅਤੇ ਗੁਣਾਤਮਿਕ ਦੋਹਾਂ ਪੱਖਾਂ ਤੋਂ ਸੰਤੁਸ਼ਟੀ ਜਨਕ ਹੈ। ਪੰਜਾਬੀ ਦੀ ਆਧੁਨਿਕ ਗਲਪ ਆਲੋਚਨਾ ਦੇ ਨਾਲ-ਨਾਲ ਪੰਜਾਬੀ ਦੀ ਆਧੁਨਿਕ ਕਵਿਤਾ, ਨਾਟਕ ਅਤੇ ਹੋਰ ਵਿਧਾਵਾਂ ਦੇ ਖੇਤਰ ਵਿੱਚ ਵਿਧਾਗਤ ਆਲੋਚਨਾ ਨੇ ਬਿਲਕੁਲ ਮੁੱਢੋਂ-ਸੁੱਢੋਂ ਆਰੰਭ ਕਰਕੇ ਆਪਣੀ ਵਿਧਾਗਤ ਆਲੋਚਨਾ ਨੂੰ ਸੰਸਾਰ ਪੱਧਰ ਦੀ ਆਲੋਚਨਾ ਖੇਤਰ ਵਿੱਚ ਹੋ ਰਹੇ

ਸਿਧਾਂਤਕ ਕੰਮ ਤੋਂ ਅੰਤਰ ਦ੍ਰਿਸ਼ਟੀਆਂ ਲੈ ਕੇ ਪੰਜਾਬੀ ਦੀ ਵਿਧਾਗਤ ਆਲੋਚਨਾ ਨੂੰ ਕਾਫੀ ਸਮਰਿਧ ਅਤੇ ਸਮਰੱਥ ਕਰਨ ਦੇ ਨਵੇਂ-ਨਵੇਂ ਉਪਰਾਲੇ ਦ੍ਰਿਸ਼ਟੀਗੋਚਰ ਕੀਤੇ ਹਨ।

4. ਸਾਡੀ ਆਲੋਚਨਾ ਦੀ ਚੌਥੀ ਅਤੇ ਅਹਮ ਪ੍ਰਾਪਤੀ ਇਸ ਤੱਥ ਵਿੱਚ ਵੇਖੀ ਜਾ ਸਕਦੀ ਹੈ ਕਿ ਇਸਨੇ ਸਾਹਿਤ ਅਤੇ ਵਿਚਾਰਧਾਰਾ ਦੇ ਮਸਲੇ ਨੂੰ ਜਿਸ ਮਕਾਨਕੀ ਅਤੇ ਸਿੱਧੜ ਪਦਾਰਥਵਾਦੀ ਦ੍ਰਿਸ਼ਟੀ ਤੋਂ ਇਸ ਦਾ ਅਧਿਐਨ ਆਰੰਭ ਕੀਤਾ ਸੀ ਅੱਜ ਇਸ ਜਟਿਲ ਵਰਤਾਰੇ ਦੀ ਸਾਗਿਤ ਲਈ ਗੰਭੀਰਤਾ ਅਤੇ ਸਾਰਥਕਤਾ ਨੂੰ ਪ੍ਰਵਾਨ ਕਰਦਿਆਂ ਸਾਹਿਤ ਆਲੋਚਨਾ ਦੇ ਖੇਤਰ ਵਿੱਚ ਹੋ ਰਹੇ ਸੰਸਾਰ ਪੱਧਰ ਦੇ ਸਾਹਿਤ ਚਿੰਤਨ ਨੂੰ ਆਤਮਸ਼ਾਤ ਕਰਦਿਆਂ ਇਸ ਮਸਲੇ ਵਿੱਚ ਪੇਸ਼ ਸਮੱਸਿਆਵਾਂ, ਜਟਿਲਤਾਵਾਂ ਅਤੇ ਬਾਰੀਕੀਆਂ ਨੂੰ ਵਧੇਰੇ ਧਿਆਨ ਪੂਰਵਕ ਗ੍ਰਿਹਣ ਕਰਦਿਆਂ ਇਸ ਮਸਲੇ ਸਬੰਧੀ ਨਵੇਂ ਸਿਧਾਂਤਾਂ ਅਤੇ ਵਿਹਾਰਕ ਪੱਧਰ ਉੱਪਰ ਨਵੀਆਂ ਪ੍ਰਾਪਤੀਆਂ ਹਾਸਿਲ ਕੀਤੀਆਂ ਹਨ।

5. ਪੰਜਾਬੀ ਆਲੋਚਨਾ ਦੀ ਪੰਜਵੀ ਪ੍ਰਾਪਤੀ ਭਾਰਤੀ ਅਤੇ ਪੱਛਮੀ ਕਾਵਿ-ਸ਼ਾਸ਼ਤਰ ਅਤੇ ਸਾਹਿਤ-ਸਿਧਾਂਤ ਦੇ ਖੇਤਰ ਵਿੱਚੋਂ ਪ੍ਰਾਪਤ ਹੋਣ ਵਾਲੀਆਂ ਨਵੀਨਤਮ ਅਧਿਐਨ ਪ੍ਰਣਾਲੀਆਂ ਤੋਂ ਅੰਤਰ ਦ੍ਰਿਸ਼ਟੀਆਂ ਪ੍ਰਾਪਤ ਕਰਦਿਆਂ ਪੰਜਾਬੀ ਸਾਹਿਤ ਨੂੰ ਸੰਸਾਰ ਪੱਧਰ ਦੀਆਂ ਆਲੋਚਨਾ ਪ੍ਰਣਾਲੀਆਂ ਦੇ ਪ੍ਰਸੰਗ ਵਿੱਚ ਇਸ ਦੀ ਵਿਆਖਿਆ ਕਰਨ ਦੇ ਲਈ ਆਲੋਚਕਾਂ ਵੱਲੋਂ ਕੀਤੇ ਗਏ ਵੱਖ-ਵੱਖ ਯਤਨ, ਪੰਜਾਬੀ ਆਲੋਚਨਾ ਦੇ ਘੇਰੇ ਨੂੰ ਵਿਸ਼ਾਲ ਕਰਨ ਵਿੱਚ ਬਹੁਤ ਹੀ ਮਹੱਤਵਪੂਰਨ ਅਤੇ ਮੁੱਲਵਾਨ ਸਿੱਧ ਹੋਏ ਹਨ। ਅੱਜ ਪੰਜਾਬੀ ਵਿੱਚ ਸੰਸਾਰ ਪੱਧਰ ਉੱਪਰ ਸਿਧਾਂਤ ਚਿੰਤਨ ਦੇ ਖੇਤਰ ਵਿੱਚ ਕਿਸੇ ਵੀ ਸਥਾਂਪਿਤ ਪ੍ਰਣਾਲੀ ਨੂੰ ਆਧਾਰ ਬਣਾ ਕੇ ਸਾਹਿਤ ਰੂਪਾਂ – ਪ੍ਰਵਿਰਤੀਆਂ ਅਤੇ ਧਾਰਾਵਾਂ ਦੇ ਵਿਸ਼ਲੇਸ਼ਣ ਕੀਤੇ ਜਾਣ ਦੇ ਗੰਭੀਰ ਯਤਨ ਸਾਡੀ ਆਲੋਚਨਾ –ਪਰੰਪਰਾ ਨੂੰ ਵਿਸ਼ਾਲ ਕਰਨ ਵਿੱਚ ਅਹਿਮ ਯੋਗਦਾਨ ਦੇ ਰਹੇ ਹਨ। ਇਸ ਸਬੰਧ ਵਿੱਚ ਪੱਛਮੀ ਚਿੰਤਨ ਵਿੱਚ W.H.Hudson, Freud, Marx, Lacan Derrida, Jameson, Terry Egleton, Julia Kristeva ਆਦਿ ਦੇ ਦਰਸ਼ਨ ਅਤੇ ਸਾਹਿਤ-ਸਿਧਾਂਤ ਦੇ ਖੇਤਰ ਵਿੱਚ ਦਿੱਤੇ ਯੋਗਦਾਨ ਨੂੰ ਆਤਮਸਾਤ ਕਰਦਿਆਂ, ਪੰਜਾਬੀ ਦੇ ਸਾਹਿਤ-ਆਲੋਚਕਾਂ ਨੇ, ਰੂਪਵਾਦੀ, ਸੰਰਚਨਾਵਾਦੀ, ਮਾਰਕਸਵਾਦੀ, ਭਾਸ਼ਾ ਵਿਗਿਆਨਿਕ, ਸਮਾਜ-ਵਿਗਿਆਨਕ, ਮਨੋਵਿਸ਼ਲੇਸ਼ਣਵਾਦੀ, ਮਿੱਥ ਵਿਗਿਆਨਕ, ਮਾਨਵ-ਵਿਗਿਆਨਕ, ਬਸਤੀਵਾਦੀ, ਨਾਰੀਵਾਦੀ, ਉੱਤਰ ਸੰਰਚਨਾਵਾਦੀ, ਉੱਤਰ ਆਧੁਨਿਕਤਾਵਾਦੀ, ਵਿਰਚਨਾਵਾਦੀ ਅਤੇ ਉੱਤਰ ਬਸਤੀਵਾਦੀ ਵਰਗੀਆਂ ਪ੍ਰਣਾਲੀਆਂ ਅਤੇ ਅੰਤਰ ਦ੍ਰਿਸ਼ਟੀਆਂ ਨੂੰ ਆਧਾਰ ਬਣਾਉਂਦੀਆਂ ਪੰਜਾਬੀ ਵਿੱਚ ਸਾਹਿਤ-ਆਲੋਚਨਾ ਦੇ ਘੇਰੇ ਨੂੰ ਵਿਸ਼ਾਲਤਾ ਅਤੇ ਡੂੰਘਾਈ ਦੋਵੇਂ ਪ੍ਰਦਾਨ ਕੀਤੀਆਂ ਹਨ। ਭਾਵੇਂ ਪ੍ਰਮੁੱਖ ਰੂਪ ਵਿੱਚ ਪੰਜਾਬੀ ਆਲੋਚਨਾ ਖੇਤਰ ਵਿੱਚ ਸੰਵਾਦ ਮਾਰਕਸਵਾਦੀ। ਪ੍ਰਗਤੀਵਾਦੀ ਆਲੋਚਨਾ ਅਤੇ ਰੂਪਵਾਦੀ/ਸੰਰਚਨਾਵਾਦੀ ਆਲੋਚਨਾ ਵਿਚਕਾਰ ਹੀ ਰਿਹਾ ਹੈ ਪਰੰਤੂ ਸੁਖਾਵੀਂ ਅਤੇ ਤਸੱਲੀਬਖਸ਼ ਪ੍ਰਾਪਤੀ ਇਹ ਹੈ ਕਿ ਹੁਣ ਦੋਵੇਂ ਧਿਰਾਂ ਇੱਕ ਦੂਜੇ ਨੂੰ ਤ੍ਰਿਸਕਾਰਨ ਅਤੇ ਫਿਟਕਾਰਨ ਦੀ ਥਾਂ ਇੱਕ ਦੂਜੇ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਦੀ ਤਰਕਸ਼ੀਲ ਅਤੇ ਬਾਹਰਮੁਖੀ ਢੰਗ ਨਾਲ ਪਛਾਣ ਕਰਨ ਅਤੇ ਚੰਗੇ ਵਿਚਾਰਾਂ ਨੂੰ ਅਪਣਾਉਣ ਦੇ ਰਾਹ ਵੀ ਪੈ ਗਈਆਂ ਹਨ।

6. ਪੰਜਾਬੀ ਆਲੋਚਨਾ ਦੀ ਛੇਵੀਂ ਪ੍ਰਾਪਤੀ ਅੰਤਰੰਗ ਅਤੇ ਬਹਿਰੰਗ ਦੋਹਾਂ ਵਿਧੀਆਂ ਵਿੱਚ ਪੇਸ਼ ਅਤਿਤਾਈਆਂ ਦਾ ਆਲੋਚਨਾਤਮਿਕ ਅਤੇ ਸਿਰਜਣਾਤਮਿਕ ਸੰਯੋਗ ਕਰਦਿਆਂ ਅੱਜ ਕੱਲ੍ਹ ਤਕਰੀਬਨ ਸਾਰੇ ਆਲੋਚਕ ਪਾਠ ਅਤੇ ਪ੍ਰਸੰਗ ਦੋਹਾਂ ਦੀ ਬਰਾਬਰ ਦੀ ਸਮਝ, ਅੰਤਰਕਿਰਿਆ, ਮਹੱਤਵ ਅਤੇ ਦੋਹਾਂ ਦੇ ਦਵੰਦਾਤਮਿਕ ਸੰਬੰਧ ਨੂੰ ਸਵੀਕਾਰਨ ਲੱਗ ਪਏ ਹਨ। ਇਹ ਸਿਰਜਣਾਤਮਿਕ ਅਤੇ ਹਾਂ-ਪੱਖੀ ਰਵੱਈਆ ਹਰਿਭਜਨ ਸਿੰਘ ਦੇ ਉਸ ਉਲਾਂਭੇ ਨੇ ਵੀ ਸ਼ਾਂਤ ਕਰ ਦਿੰਦਾ ਹੈ ਜਿਸ ਵਿੱਚ ਉਨ੍ਹਾਂ ਸਾਡੀ ਨਿੰਦਿਆ ਅਤੇ ਪ੍ਰਸੰਸਾਂ ਦੋਹਾਂ ਉੱਪਰ 'ਕਠੋਰ' ਹੋਣ ਦਾ ਗਿਲ੍ਹਾ ਕੀਤਾ ਸੀ। ਦੋਹਾਂ ਵਿਧੀਆਂ ਦੇ ਸਮਰਥਕ ਇੱਕ ਦੂਸਰੇ ਦੇ ਦ੍ਰਿਸ਼ਟੀਕੋਣ ਦਾ ਨਿਰਾਧਾਰ ਵਿਰੋਧ ਕਰਨ ਦੀ ਥਾਂ ਕਿਸੇ ਸਾਹਿਤ-ਰਚਨਾ ਦਾ ਵਿਸ਼ਲੇਸ਼ਣ ਵਿਆਖਿਆ ਅਤੇ ਮੁਲਾਂਕਣ, ਦੋਹਾਂ ਵਿਧੀਆਂ ਦੇ ਸਮਨਵੈ ਰਾਹੀਂ ਕਰਨ ਦੇ ਲਈ ਯਤਨਸ਼ੀਲ ਹੋਏ ਹਨ।

7. ਪੰਜਾਬੀ ਆਲੋਚਨਾ ਦੀ ਅਗਲੀ ਪ੍ਰਾਪਤੀ ਇਸਦੇ ਇੱਕ ਸੁਤੰਤਰ ਅਤੇ ਵਿਸ਼ੇਸ਼ਕ੍ਰਿਤ ਗਿਆਨ ਹੋਣ ਦੇ ਨਾਲ-ਨਾਲ ਇਸ ਦੀ ਪਹੁੰਚ ਦੇ ਅੰਤਰ-ਅਨੁਸ਼ਾਸਨੀ ਹੋਣ ਵਿੱਚ ਨਿਹਿਤ ਹੈ। ਪੰਜਾਬੀ ਆਲੋਚਕਾਂ ਨੇ ਸਾਹਿਤ ਦੇ ਅਧਿਐਨ ਦੇ ਨਾਲ-ਨਾਲ ਸੱਭਿਆਚਾਰ, ਲੋਕਧਾਰਾ, ਮਾਨਵ-ਵਿਗਿਆਨ, ਸੁਹਜ-ਸ਼ਾਸਤਰ, ਦਰਸ਼ਨ, ਰਾਜਨੀਤੀ, ਇਤਿਹਾਸ ਅਤੇ ਸੰਸਾਰ ਪੱਧਰ ਉੱਪਰ ਫੈਲੇ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਹੋ ਰਹੇ ਨਵੇਂ ਤਜ਼ਰਬਿਆਂ ਅਤੇ ਨਵੀਆਂ ਪ੍ਰਾਪਤੀਆਂ ਦੇ ਪ੍ਰਸੰਗ ਵਿੱਚ ਆਲੋਚਨਾ ਕਾਰਜ ਕੀਤਾ ਹੈ ਇਸ ਤਰ੍ਹਾਂ

ਦੀ ਅੰਤਰ-ਅਨੁਸ਼ਾਸਨੀ ਪਹੁੰਚ ਨੇ ਜਿੱਥੇ ਸਾਹਿਤ ਆਲੋਚਨਾ ਦੇ ਘੇਰੇ ਅਤੇ ਅਧਿਐਨ ਖੇਤਰ ਨੂੰ ਵਿਸ਼ਾਲ ਕੀਤਾ ਹੈ। ਉੱਥੇ ਨਾਲ ਹੀ ਇੱਕ ਤੋਂ ਵੱਧ ਸਾਹਿਤ ਆਲੋਚਨਾ ਪ੍ਰਣਾਲੀਆਂ ਨੂੰ ਜੋੜ ਕੇ ਇਸ ਦੀ ਪ੍ਰਮਾਣਕਿਤਾ ਅਤੇ ਸਮਾਜ ਪ੍ਰਤੀ ਸਾਰਥਕਤਾ ਨੂੰ ਨਵਾਂ ਪਰਿਪੇਖ ਪ੍ਰਦਾਨ ਕੀਤਾ ਹੈ। ਵਿਸ਼ਵੀਕਰਣ, ਉਦਾਰੀਕਰਣ ਅਤੇ ਨਿੱਜੀਕਰਣ ਦੇ ਵਿਸ਼ਵਵਿਆਪੀ ਵਰਤਾਰਿਆਂ ਕਾਰਨ ਹੁਣ ਨਿਰੋਲ ਪੰਜਾਬੀ ਸਾਹਿਤ, ਭਾਸ਼ਾ, ਸੱਭਿਆਚਾਰ ਅਤੇ ਸਾਹਿਤ-ਆਲੋਚਨਾ ਦੇ ਸੀਮਿਤ ਦਾਇਰੇ ਵਿੱਚ ਘਿਰੇ ਰਹਿਣਾ ਸਮੇਂ ਦੇ ਸੰਸਾਰ ਪੱਧਰ ਦੇ ਵਿਕਾਸ ਨਾਲ ਸੰਭਵ ਹੀ ਨਹੀਂ ਕਿ ਅਸੀਂ ਸੰਸਾਰ ਪੱਧਰ ਦੀ ਆਲੋਚਨਾ ਤੋਂ ਵਿਹੂਣੇ ਰਹਿ ਸਕੀਏ।

8. ਪੰਜਾਬੀ ਆਲੋਚਨਾ ਦੀ ਅੱਠਵੀਂ ਅਤੇ ਨਵੀਨ ਪ੍ਰਾਪਤੀ ਇਸਦਾ ਪਰਾ-ਆਲੋਚਨਾ ਦੇ ਖੇਤਰ ਵਿੱਚ ਪ੍ਰਵੇਸ਼ ਹੈ। ਇਸ ਪ੍ਰਸੰਗ ਵਿੱਚ ਸਾਡੇ ਪ੍ਰਮੁੱਖ ਸਾਹਿਤ ਆਲੋਚਕਾਂ ਜਿਵੇਂ ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਨਜਮ ਹੁਸੈਨ ਸੱਯਦ, ਅਤਰ ਸਿੰਘ, ਹਰਿਭਜਨ ਸਿੰਘ, ਰਵਿੰਦਰ ਸਿੰਘ ਰਵੀ, ਤੇਜਵੰਤ ਸਿੰਘ ਗਿੱਲ ਅਤੇ ਜਸਬੀਰ ਸਿੰਘ ਆਹਲੂਵਾਲੀਆ ਆਦਿ ਚਿੰਤਕਾਂ ਦੀ ਆਲੋਚਨਾ ਬਾਰੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਕਾਫੀ ਜ਼ਿਕਰਯੋਗ ਕਾਰਜ ਹੋ ਚੁੱਕਾ ਹੈ। ਇਹ ਖੇਤਰ ਮੁਕਾਬਲਤਨ ਨਵਾਂ ਹੋਣ ਦੇ ਬਾਵਜੂਦ ਇਸ ਵਿੱਚ ਵੀ ਪੰਜਾਬੀ ਆਲੋਚਨਾ ਦੀਆਂ ਪ੍ਰਾਪਤੀਆਂ ਕਾਫ਼ੀ ਸੰਤੋਖਜਨਕ ਹਨ।

9. ਪੰਜਾਬੀ ਆਲੋਚਨਾ ਦੀ ਨੌਂਵੀਂ ਪ੍ਰਾਪਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਲਈ ਨਵੀਆਂ ਅੰਤਰ ਦ੍ਰਿਸ਼ਟੀਆਂ ਲੈ ਕੇ ਪੰਜਾਬੀ ਸਾਹਿਤ ਦੇ ਵਿਭਿੰਨ ਕਾਲਾਂ, ਵਿਧਾਵਾਂ ਅਤੇ ਸਾਹਿਤ ਦੇ ਵੱਖ-ਵੱਖ ਇਤਿਹਾਸਕਾਰਾਂ ਦੀ ਵਿਧੀ, ਦ੍ਰਿਸ਼ਟੀਕੋਣ, ਪ੍ਰਾਪਤੀਆਂ ਅਤੇ ਸੀਮਾਵਾਂ ਦਾ ਆਲੋਚਨਾਤਮਿਕ ਮੁੱਲਾਂਕਣ ਕਰਨ ਦਾ ਵੀ ਯਤਨ ਕੀਤਾ ਗਿਆ ਵੀ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਸਾਹਿਤ ਦੀ ਵਿਗਿਆਨਿਕ ਇਤਿਹਾਸਕਾਰੀ ਦੇ ਖੇਤਰ ਵਿੱਚ ਪੰਜਾਬੀ ਆਲੋਚਨਾ ਦੀ ਪ੍ਰਾਪਤੀ ਵੀ ਕਾਫੀ ਸੰਤੋਖਜਨਕ ਪ੍ਰਾਪਤੀ ਹੈ। ਭਾਵੇਂ ਅੰਤਰ ਅਨੁਸ਼ਾਸਨੀ ਅਤੇ ਬਹੁਤ ਹੀ ਜਟਿਲ ਹੋਣ ਕਾਰਨ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਇੱਕ ਨਿਵੇਕਲੇ ਗਿਆਨ-ਅਨੁਸ਼ਾਸਨ ਦੇ ਆਧਾਰ ਉੱਪਰ ਲਿਖੇ ਜਾਣ ਦੀ ਸੰਭਾਵਨਾ ਅਜੇ ਸੰਪੂਰਣ ਰੂਪ ਵਿੱਚ ਸਾਕਾਰ ਨਹੀਂ ਹੋਈ।

ਪ੍ਰਾਪਤੀਆਂ ਅਤੇ ਚੁਣੌਤੀਆਂ ਇੱਕ ਪ੍ਰਕਾਰ ਨਾਲ ਕਿਸੇ ਵਰਤਾਰੇ ਦੇ ਵਰਤਮਾਨ ਅਤੇ ਇਸਦੇ ਭਵਿੱਖਮੁਖੀ ਵਿਕਾਸ ਦੀਆਂ ਸੰਭਾਵਨਾਵਾਂ ਦੀ ਹੀ ਨਿਸ਼ਾਨਦੇਹੀ ਹੁੰਦੀਆਂ ਹਨ ਕਿਉਂਕਿ ਕੋਈ ਵੀ ਪ੍ਰਾਪਤੀ ਆਪਣੇ ਆਪ ਵਿੱਚ ਨਿਰਪੇਖ ਅਤੇ ਸੰਪੂਰਨ ਨਹੀਂ ਹੁੰਦੀ ਸਗੋਂ ਹਰ ਪ੍ਰਾਪਤੀ ਦੇ ਡੂੰਘੇ ਵਿਸ਼ਲੇਸ਼ਣ ਬਾਅਦ ਇਸ ਪ੍ਰਾਪਤੀ ਦੀ ਸਮੁੱਚਤਾ ਵਿੱਚ ਰਹਿ ਗਈਆਂ ਘਾਟਾਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ। ਉਪਰੋਕਤ ਪ੍ਰਾਪਤੀਆਂ ਦੇ ਆਸ਼ਾਜਨਕ ਹੋਣ ਦੇ ਬਾਵਜੂਦ ਪੰਜਾਬੀ ਆਲੋਚਨਾ ਨੂੰ ਅੱਜ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਥਿਤੀ ਦੇ ਸਮਾਜਕ-ਇਤਿਹਾਸਕ ਪ੍ਰਸੰਗ ਵਿੱਚ ਕੁਝ ਗੰਭੀਰ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ।

**ਸਾਹਿਤਿਆਰਥ -ਸਮੀਖਿਆ ਦੀਆਂ ਸੀਮਾਵਾਂ**

ਪੰਜਾਬੀ ਸਾਹਿਤ-ਸਮੀਖਿਆ ਦੀਆਂ ਸਭ ਤੋਂ ਵੱਧ ਪ੍ਰਚਲਿਤ ਪੱਧਤੀਆਂ ਦਾ ਸੰਬੰਧ ਸਾਹਿਤ-ਬਾਹਰੇ ਕਾਰਣਾਂ ਨਾਲ ਹੈ। ਬਾਹਰੀ-ਹੇਤੂਮੁਖ ਆਲੋਚਨਾ ਸਾਹਿਤ ਦਾ ਅਰਥ ਆਮ ਤੌਰ 'ਤੇ ਸਮਾਜ ਜਾਂ ਜੀਵਨੀ ਦੇ ਸੰਦਰਭ ਵਿੱਚ ਕਰਨ ਦਾ ਯਤਨ ਕਰਦੀ ਹੈ ਪਰ ਬਹੁਤੀ ਵਾਰੀ ਇਸ ਪ੍ਰਕਾਰ ਦੀ ਸਮੀਖਿਆ, ਕਾਰਜ-ਕਾਰਣ ਬਧ ਵਿਆਖਿਆ ਹੀ ਬਣ ਕੇ ਰਹਿ ਜਾਂਦੀ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਰਸਥਿਤੀਆਂ ਦਾ ਗਿਆਨ ਸਾਹਿਤ ਉੱਪਰ ਕਾਫ਼ੀ ਪ੍ਰਭਾਵ ਪਾ ਸਕਦਾ ਹੈ। ਇਸ ਨਾਲ ਵੀ ਕਾਵਿ-ਰਚਨਾ ਦੇ ਵਰਣਨ ਕਾਰਣ ਅਤੇ ਕਾਰਜ ਸਦਾ ਅਨੁਰੂਪ ਨਹੀਂ ਹੁੰਦੇ। ਕਾਵਿ-ਰਚਨਾ ਉੱਪਰ ਬਾਹਰੀ ਹੇਤੂਆਂ ਦੇ ਪਰਿਣਾਮ ਵਲੋਂ ਨਿਸ਼ਚਿਤ ਰੂਪ ਵਿੱਚ ਕੁਝ ਕਹਿ ਸਕਣਾ ਸੰਭਵ ਨਹੀਂ। ਤਰਕ ਦਿੱਤਾ ਜਾ ਸਕਦਾ ਹੈ ਕਿ ਕਾਵਿ-ਰਚਨਾ ਦਾ ਰੂਪ, ਇਤਿਹਾਸ ਅਤੇ ਸਮਕਾਲੀਨ ਪਰਿਸਥਿਤੀਆਂ ਨਿਸ਼ਚਿਤ ਕਰਦੀਆਂ ਹਨ। ਸੰਭਵ ਹੈ, ਇਨ੍ਹਾਂ ਦੇ ਅਧਿਐਨ ਨਾਲ ਸਾਹਿਤ ਦੇ ਕੁਝ ਅੰਸ਼ ਜੋ ਧੁੰਧਲੇ ਹਨ ਸਾਫ਼ ਹੋ ਜਾਣ। ਬਾਹਰੀ ਹੇਤੂਆਂ ਦੇ ਆਧਾਰ ਉੱਪਰ ਸਾਹਿਤ-ਅਧਿਐਨ ਕਰਨ ਵਾਲਿਆਂ ਨੂੰ ਕਈ ਵਰਗਾਂ ਵਿੱਚ ਰੱਖਿਆ ਜਾ ਸਕਦਾ ਹੈ। ਇੱਕ ਆਲੋਚਨਾ ਵਰਗ ਕਾਵਿ ਨੂੰ ਕਵੀ ਦੇ ਵਿਅਕਤੀਗਤ ਜੀਵਨ-ਅਨੁਭਵ ਨਾਲ ਸੰਬੰਧਤ ਕਰਦਾ ਹੈ। ਦੂਸਰਾ ਵਰਗ ਸਾਹਿਤ-ਸਿਰਜਣਾ ਦੇ ਨਿਰਧਾਰਿਤ ਤੱਤਾਂ ਦੀ ਖੋਜ ਮਨੁੱਖ ਦੇ ਸਮਾਜਕ ਜੀਵਨ ਵਿਚੋਂ ਕਰਦਾ ਹੈ। ਪਹਿਲੀ ਪ੍ਰਕਾਰ ਦੇ ਆਲੋਚਕ ਸਾਹਿਤ-ਵਿਸ਼ਲੇਸ਼ਣ ਕਵੀ ਦੀ ਜੀਵਨੀ ਅਤੇ ਮਨੋਵਿਗਿਆਨ ਦੇ ਅਧਿਐਨ ਰਾਹੀਂ ਕਰਨ ਦੀ ਸਲਾਹ ਦਿੰਦੇ ਹਨ ਅਤੇ ਦੂਸਰੀ ਪ੍ਰਕਾਰ ਦੇ ਆਰਥਿਕ, ਸਮਾਜਕ ਅਤੇ

ਰਾਜਨੀਤਿਕ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ। ਸਾਹਿਤ-ਬਾਹਰੀ ਪੱਧਤੀਆਂ ਦਾ ਅਨੁਸਰਣ ਕਰਨ ਵਾਲੇ ਆਲੋਚਕਾਂ ਦੇ ਦੋ ਹੋਰ ਵਰਗ ਵੀ ਹੋ ਸਕਦੇ ਹਨ। ਇੱਕ ਵਰਗ ਕਾਵਿ ਦੀ ਵਿਆਖਿਆ ਮਨੁੱਖੀ ਮਨ ਦੀ ਸਾਮੂਹਿਕ ਸਿਰਜਣਾ ਦੇ ਆਧਾਰ ਤੇ ਕਰਦਾ ਹੈ। ਇਹ ਵਰਗ ਸਾਹਿਤ-ਅਧਿਐਨ ਲਈ ਵਿਚਾਰਾਂ ਦੇ ਇਤਿਹਾਸ, ਧਰਮ ਸ਼ਾਸਤਰ ਅਤੇ ਲਲਿਤ ਕਲਾਵਾਂ ਦੇ ਇਤਿਹਾਸ ਦੇ ਅਧਿਐਨ ਦੀ ਸਲਾਹ ਦੇਂਦਾ ਹੈ। ਸਾਹਿਤ-ਸਮਾਲੋਚਕਾਂ ਦਾ ਇੱਕ ਵਰਗ ਐਸਾ ਵੀ ਹੈ ਜਿਹੜਾ ਕਾਵਿ ਅਧਿਐਨ ਲਈ ਸਮੇਂ ਦੀ ਆਤਮਾ, ਬੌਧਿਕ ਵਾਤਾਵਰਨ ਜਾਂ ਵਿਚਾਰਾਂ ਦੇ ਮਾਹੌਲ, ਅਤੇ ਦੂਸਰੀਆਂ ਕਲਾਵਾਂ ਦੀਆਂ ਵਿਸ਼ੇਸ਼ਤਾਵਾਂ ਤੋਂ ਪ੍ਰਾਪਤ ਸਹਾਇਤਾ ਨਾਲ ਕਰਨਾ ਚਾਹੁੰਦਾ ਹੈ। ਉਂਝ ਤੇ ਪੰਜਾਬੀ ਸਾਹਿਤ-ਸਮੀਖਿਆ ਕੋਲ ਕੋਈ ਨਿਸ਼ਚਿਤ ਸਮੀਖਿਆ ਪੱਧਤੀ ਨਹੀਂ ਪਰ ਉਪਰੋਕਤ ਬਾਹਰੀ ਹੇਤੂ ਮੁਖ ਆਲੋਚਨਾ ਵਿਧੀਆਂ ਦਾ ਰੋਲ ਘਚੋਲ ਹਰ ਪੰਜਾਬੀ ਸਮੀਖਿਆ ਵਿਚੋਂ ਪ੍ਰਾਪਤ ਹੋ ਜਾਵੇਗਾ। ਪੰਜਾਬੀ ਸਮੀਖਿਆ ਹੀ ਨਹੀਂ ਵਿਸ਼ਵ-ਸਾਹਿਤ-ਸਮੀਖਿਆ ਵਿੱਚ ਸਭ ਤੋਂ ਪੁਰਾਣੀ ਅਤੇ ਸਥਾਪਿਤ ਅਧਿਐਨ ਪੱਧਤੀ ਸਾਹਿਤ ਨੂੰ ਸਾਹਿਤਕਾਰ ਦੇ ਜੀਵਨ ਅਤੇ ਵਿਅਕਤੀਤਵ ਦੇ ਪ੍ਰਕਾਸ਼ ਵਿੱਚ ਅਧਿਐਨ ਕਰਨ ਦੀ ਰਹੀ ਹੈ। ਪੱਛਮੀ ਸਮੀਖਿਆ ਵਿੱਚ ਇਹ ਪੱਧਤੀ ਹੁਣ ਆਪਣਾ ਮਹੱਤਵ ਲਗਭਗ ਗੁਆ ਚੁੱਕੀ ਹੈ ਪਰ ਪੰਜਾਬੀ ਸਾਹਿਤ ਸਮੀਖਿਆ ਵਿੱਚ ਅਜੇ ਤੱਕ ਵੀ ਜੀਵਨੀ ਦੀ ਗੱਲ ਕੀਤੇ ਬਗੈਰ ਕਵੀ ਦੀ ਕਵਿਤਾ ਦਾ ਅਧਿਨ ਪੇਸ਼ ਕਰਨ ਦੀ ਰੀਤ ਚਾਲੂ ਨਹੀਂ ਹੋਈ। ਇਹੋ ਕਾਰਣ ਹੈ ਕਿ ਅਜੇ ਵੀ ਕਿਸੇ ਵੀ ਕਵਿਤਾ ਉੱਪਰ ਸਮੀਖਿਆ ਤੋਂ ਪਹਿਲਾਂ ਉਸ ਕਵੀ ਦੀ ਜੀਵਨੀ ਦਿੱਤੀ ਜਾਂਦੀ ਹੈ। ਪਰ ਸਮੁੱਚੇ ਪੰਜਾਬੀ ਸਾਹਿਤ ਦੇ ਅਧਿਐਨ ਬਾਰੇ ਇਹ ਸੰਭਵ ਨਹੀਂ। ਮੱਧਕਾਲੀਨ ਪੰਜਾਬੀ ਸਾਹਿਤ ਦੇ ਬਹੁਤੇ ਸਾਹਿਤਕਾਰਾਂ ਦੇ ਜੀਵਨ ਬਾਰੇ ਸਾਨੂੰ ਭਰੋਸੇਯੋਗ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਇਹ ਹੀ ਨਹੀਂ, ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਕੁਝ ਰਚਨਾਵਾਂ ਦੇ ਰਚਨਹਾਰਾਂ ਸੰਬੰਧੀ ਵੀ ਨਿਰਣੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਸ ਸਥਿਤੀ ਤੋਂ ਇਹ ਗੱਲ ਸਪਸ਼ਟ ਹੈ ਕਿ ਜੀਵਨੀ-ਪਰਕ ਸਮੀਖਿਆ ਸਮੁੱਚੇ ਸਾਹਿਤ ਦੇ ਅਧਿਐਨ ਲਈ ਸਹੀ ਅਧਿਐਨ ਵਿਧੀ ਨਹੀਂ ਕਹੀ ਜਾ ਸਕਦੀ ਪਰ, ਵੇਖਣਾ ਇਹ ਹੈ ਕਿ ਜਿੱਥੇ ਜੀਵਨੀ ਪ੍ਰਾਪਤ ਹੈ, ਉੱਥੇ ਉਹ ਕਾਵਿ-ਰਚਨਾ ਦੇ ਅਧਿਐਨ ਵਿੱਚ ਕਿੱਥੋਂ ਤੱਕ ਸਹਾਈ ਹੋ ਸਕਦੀ ਹੈ? ਕੀ ਕਾਵਿ ਅਤੇ ਜੀਵਨੀ ਦਾ ਸੰਬੰਧ ਸਪਸ਼ਟ ਕਾਰਜ-ਕਾਰਣ ਸੰਬੰਧ ਹੈ? ਜਿੱਥੇ ਅਸੀਂ ਲੇਖਕ ਦੇ ਵਿਅਕਤਿਤਵ ਅਤੇ ਉਸਦੇ ਵਿਚਾਰਾਂ ਬਾਰੇ ਬਹੁਤ ਜਾਣਦੇ ਹੁੰਦੇ ਹਾਂ, ਉੱਥੇ ਵੀ ਅਸੀਂ ਕਵਿਤਾ ਬਾਰੇ, ਜਿੰਨ੍ਹਾਂ ਕਵਿਤਾ ਆਪਣੇ ਆਪ ਬਾਰੇ ਕਹਿੰਦੀ ਹੈ, ਉਸ ਤੋਂ ਵੱਧ ਨਹੀਂ ਜਾਣਦੇ ਹੁੰਦੇ ਕਿਉਂਕਿ ਕਵਿਤਾ ਵਿਅਕਤੀ ਦਾ ਵਿਅਕਤਿਤਵ ਨਹੀ ਪਰ ਕਾਵਿ-ਕਿਰਤ ਦਾ ਆਪਣਾ ਇੱਕ ਵਿਅਕਤਿਤਵ ਹੁੰਦਾ ਹੈ। ਉਹ ਵਿਅਕਤਿਤਵ ਕਵੀ-ਵਿਅਕਤਿਤਵ ਤੋਂ ਵੱਖਰੀ ਹੋਂਦ ਹੈ। ਇਹ ਕਾਵਿ-ਵਿਅਕਤਿਤਵ ਕਾਵਿ ਦੀ ਅਖੰਡਤਾ ਹੈ। ਇਸ ਵਿੱਚ ਰੂਪ ਅਤੇ ਵਸਤੂ ਦੇ ਭੇਦ ਮਿੱਟ ਜਾਂਦੇ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਅਰਥ ਕਾਵਿ ਵਿੱਚ ਮੂਰਤੀਮਾਨ ਹੁੰਦੇ ਹਨ। ਕਾਵਿ-ਮੂਰਤੀ ਜੀਵੰਤ ਵਿਅਕਤਿਤਵ ਵਾਂਗ ਹੀ ਜਿਊਂਦੀ ਹੈ। ਇਸਦਾ ਅਰਥ ਇੱਕ ਸਜੀਵ ਹੁੰਦਾ ਹੈ ਜੋ ਸਰੀਰ ਹੀ ਜੀਉ ਸਕਦੀ ਹੈ। ਸਰੀਰ ਜਾਂ ਮੂਰਤੀ ਤੋਂ ਹੀ ਕਾਵਿ-ਕਿਰਤ ਦੀ ਵਿਲੱਖਣ ਵਿਸ਼ੇਸਤਾ ਦਾ ਸਪਸ਼ਟ ਪਰਿਚਯ ਮਿਲਦਾ ਹੈ। ਇਸ ਪ੍ਰਕਾਰ ਕਲਾ-ਕਿਰਤ ਇੱਕ ਵੱਖਰੇ ਯਥਾਰਥ ਨਾਲ ਸੰਬੰਧਿਤ ਹੁੰਦੀ ਹੈ। ਜਦੋਂ ਉਸ ਦੇ ਕੁਝ ਤੱਤ ਜੀਵਨੀ ਦੇ ਸਮਰੂਪ ਵੀ ਦਿਖਾਈ ਦੇਣ ਤਾਂ ਵੀ ਕਲਾਕਿਰਤ ਵਿੱਚ ਉਨ੍ਹਾਂ ਤੱਤਾਂ ਦਾ ਰੂਪਾਂਤਰਣ ਇਸ ਪ੍ਰਕਾਰ ਹੋਇਆ ਹੁੰਦਾ ਹੈ ਕਿ ਉਹ ਵਿਸ਼ੇਸ਼ ਨਿੱਜੀ ਅਰਥ ਗੁਆ ਬੈਠਦੇ ਹਨ ਅਤੇ ਕਲਾਕਿਰਤ ਦੇ ਅਨਿੱਖੜ ਅੰਗ ਬਣ ਜਾਂਦੇ ਹਨ। ਸਮੀਖਿਕ ਕਲਾ ਨੂੰ ਜੀਵਨ ਦਾ ਪ੍ਰਤੀਬਿੰਬ ਮੰਨਦੇ ਹੋਏ ਇਹ ਭੁੱਲ ਜਾਂਦੇ ਹਨ ਕਿ ਕਲਾਕਿਰਤ ਸਿਰਫ ਭਾਵਾਂ ਦਾ ਮੂਰਤ ਰੂਪ ਹੀ ਨਹੀਂ ਹੁੰਦੀ। ਕਲਾਕਿਰਤ ਦਾ ਸੰਬੰਧ ਵਾਸਤਵਿਕ ਜੀਵਨ ਦੀ ਥਾਂ ਸੁਪਨੇ ਨਾਲ ਵੀ ਹੋ ਸਕਦੀ ਹੈ। ਕਲਾਕਿਰਤ 'ਮੁਖੌਟਾ' ਅਤੇ ਸਵੈ ਵਿਰੋਧੀ ਵੀ ਹੋ ਸਕਦੀ ਹੈ। ਇਹ ਜੀਵਨ ਦੀ ਐਸੀ ਮੂਰਤੀ ਵੀ ਹੋ ਸਕਦੀ ਹੈ ਜਿਸ ਤੋਂ ਲੇਖਕ ਪਲਾਇਨ ਕਰਨਾ ਚਾਹ ਰਿਹਾ ਹੋਵੇ। ਇਹ ਹੀ ਨਹੀਂ ਕਲਾਕਿਰਤ ਅਤੇ ਲੇਖਕ ਦੇ ਜੀਵਨ ਅਨੁਭਵ ਵਿੱਚ ਅੰਤਰ ਆ ਜਾਣਾ ਸੁਭਾਵਿਕ ਹੀ ਹੈ, ਕਿਉਂਕਿ ਜੀਵਨ ਦਾ ਅਨੁਭਵ ਵੀ ਕਲਾ ਵਿੱਚ ਪ੍ਰਵੇਸ਼ ਸਮੇਂ ਉਸ ਦੀਆਂ ਰੂਪਗਤ ਮਜ਼ਬੂਰੀਆਂ ਕਾਰਣ ਪਰਿਵਰਤਿਤ ਹੋ ਜਾਂਦਾ ਹੈ। ਸਪਸ਼ਟ ਗੱਲ ਤਾਂ ਇਹ ਹੈ ਕਿ ਜੀਵਨੀ ਨੂੰ ਕਵਿਤਾ ਦੇ ਦਸਤਾਵੇਜ਼ ਦੇ ਰੂਪ ਵਿੱਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਉਪਰੋਕਤ ਜੀਵਨੀ-ਮੁੱਖ ਸਮਾਲੋਚਨਾ ਵਿਧੀ ਨਾਲ ਮਿਲਦੀ ਜੁਲਦੀ ਪੰਜਾਬੀ ਸਮਾਲੋਚਨਾ ਦੀ ਇੱਕ ਹੋਰ ਵਿਧੀ ਵੀ ਹੈ। ਇਸ ਵਿਧੀ ਦਾ ਖੰਡਨ ਪੱਛਮੀ ਨਵ-ਆਲੋਚਕ ਪ੍ਰਭਾਵ-ਤਰਕਦੋਸ਼ ਕਹਿ ਕੇ ਕਰਦੇ ਹਨ। ਇਹ ਸਮਾਲੋਚਨਾ ਰਚਨਾ-ਅਧਿਐਨ ਪਾਠਕ ਉੱਪਰ ਪਏ ਪ੍ਰਭਾਵ ਦੇ ਆਧਾਰ ਤੇ ਪੇਸ਼ ਕਰਦੀ ਹੈ (ਇਹ ਕੀ ਹੈ ਅਤੇ ਇਹ ਕੀ ਕਰਦੀ ਹੈ)। ਇਹ ਪ੍ਰਮਾਣ ਸੰਬੰਧੀ ਸ਼ੰਕਾਵਾਦ ਦੀ ਗੱਲ ਹੈ। ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਸ ਦਾ ਅਧਿਕਾਰ ਸਾਰੇ ਸ਼ੰਕਾਵਾਦੀ ਰੂਪਾਂ ਤੋਂ ਵਧੇਰੇ ਹੋਵੇ। ਪੰਜਾਬੀ ਆਲੋਚਨਾ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਸਮੀਖਿਆ ਦਾ ਬਹੁਤਾ ਬਲ ਕਾਵਿ ਦੇ ਵਿਸ਼ੇ ਉੱਪਰ ਰਿਹਾ ਹੈ ਪਰ ਮਹੱਤਵਪੂਰਨ ਗੱਲ ਤੇ ਇਹ ਹੈ ਕਿ ਇਹ ਸਮੀਖਿਆ ਕਾਵਿ ਦੇ ਅਖੰਡ ਚਰਿਤਰ ਨੂੰ ਨਹੀਂ ਪਹਿਚਾਣਦੀ। ਇਸ ਸਮੀਖਿਆ ਲਈ ਕਵੀ-ਰਚਨਾ ਪ੍ਰਾਣਾਧਾਰੀ ਇਕਾਈ ਨਹੀਂ, ਟੋਟਿਆਂ ਦਾ ਸਮੂਹ ਹੈ। ਅਸੀਂ ਕਾਵਿ ਦੀ ਇਸ ਮਜ਼ਬੂਰੀ ਤੋਂ ਭਲੀ ਭਾਂਤ ਪਰਿਚਤ ਹਾਂ ਕਿ ਵਿਸ਼ਲੇਸ਼ਨ ਸਮੇਂ ਉਸ ਦੀਆਂ ਵੰਡੀਆਂ ਪੈ ਹੀ ਜਾਂਦੀਆਂ ਹਨ ਪਰ ਪੰਜਾਬੀ ਸਮੀਖਿਆ ਦੀ ਤ੍ਰਾਸਦੀ ਇਹ ਰਹੀ ਹੈ ਕਿ ਇਹ ਅੰਸ਼ ਨੂੰ ਹੀ ਪੂਰਨ ਸਵੀਕਾਰ ਕਰਦੀ ਰਹੀ ਹੈ। ਜਦੋਂ ਇਹ ਵਿਸ਼ੇ ਬਾਰੇ ਗੱਲ ਕਰਦੀ ਹੈ ਤਾਂ ਉਸ ਸਮੇਂ ਰੂਪ ਦੀਆਂ ਮਜ਼ਬੂਰੀਆਂ ਦੇ ਸੰਦਰਭ ਵਿੱਚ ਗੱਲ ਨਹੀਂ ਕਰਦੀ। ਰੂਪ ਦੀ ਇਹ ਅਵਹੇਲਨਾ ਕਾਵਿ ਦੇ ਅਖੰਡ ਚਰਿਤਰ ਦੀ ਅਵਹੇਲਨਾ ਹੈ। ਇੱਥੇ ਨਾਲ ਹੀ ਇਹ ਵੀ ਸਪਸ਼ਟ ਕਰ

ਦੇਣ ਦੀ ਲੋੜ ਮਹਿਸੂਸ ਹੁੰਦੀ ਹੈ ਕਿ ਅਸੀਂ ਕਾਵਿ-ਅਰਥ ਜਾਂ ਕਾਵਿ ਵਿੱਚ ਵਿਸ਼ੇ ਦੇ ਵਿਰੋਧੀ ਨਹੀਂ ਜਿਹੜਾ ਆਲੋਚਕ ਕਵੀ ਦੀ ਰਾਜਨੀਤੀ, ਨੈਤਿਕ ਦਾਵਿਆਂ ਅਤੇ ਜੀਵਨ ਮਾਨਵ ਦੀ ਇੱਛਾ ਜਾਂ ਅਨਿੱਛਾ ਵਲ ਰੁਚਿਤ ਹੋਣ ਉਹਨਾਂ ਨੂੰ ਕਾਵਿ ਰੂਪ ਦਾ ਵਿਚਾਰ ਨਿਸ਼ਚੇ ਹੀ ਬਿਰਥਾ ਪ੍ਰਤੀਤ ਹੋਵੇਗਾ। ਆਧੁਨਿਕ ਪੱਛਮੀ ਆਲੋਚਕ ਕਾਵਿ ਨੂੰ ਇੱਕ ਵਿਲੱਖਣ ਪ੍ਰਕਾਰ ਦਾ ਗਿਆਨ ਮੰਨਦੇ ਹਨ। ਇਹ ਤਰਕਸ਼ੀਲ ਗਿਆਨ ਤੋਂ ਵੱਖਰੀ ਪ੍ਰਕਾਰ ਦਾ ਗਿਆਨ ਹੈ। ਇਹ ਕਾਵਿ ਵਿਲੱਖਣਤਾ ਕਾਵਿ ਦਾ ਕੇਂਦਰੀ ਮਹੱਤਤਾ ਵਾਲਾ ਗੁਣ ਹੈ। ਅਸੀਂ ਸਾਹਿਤ ਅਧਿਐਨ ਅਤੇ ਸਾਹਿਤ ਮੁਲੰਕਣ ਰਾਹੀਂ ਕਿਸੇ ਸਾਰਥਕ ਅਤੇ ਪ੍ਰਮਾਣਿਕ ਸਿੱਟੇ ਤੇ ਪਹੁੰਚਣਾ ਹੈ ਤਾਂ ਸਾਹਿਤ ਦੀ ਵਿਲੱਖਣ ਹੋਂਦ ਨੂੰ ਆਪਣੇ ਅਧਿਐਨ ਦਾ ਆਰੰਭ-ਬਿੰਦੂ ਸਥਾਪਿਤ ਕਰਨਾ ਪਵੇਗਾ। ਯਥਾਰਥ ਦੇ ਕੁੱਝ ਪੱਖ ਕਲਾ-ਮਾਧਿਅਮ ਰਾਹੀ ਹੀ ਗ੍ਰਹਿਣ ਕੀਤੇ ਅਤੇ ਪ੍ਰਗਟਾਏ ਜਾ ਸਕਦੇ ਹਨ। ਕਾਵਿ, ਯਥਾਰਥ ਦੇ ਉਨ੍ਹਾਂ ਪੱਖਾਂ ਨਾਲ ਸੰਬੰਧਿਤ ਹੈ ਜੋ ਤਾਰਕਿਕ ਅਤੇ ਅਮੂਰਤ ਸੰਕਲਪਾਂ ਦੀ ਪਕੜ ਵਿੱਚ ਨਹੀਂ ਆਉਂਦੇ ਉਹ ਪੱਖ ਅਤਾਰਕਿਕ ਪਰ ਸਮੂਰਤ ਪ੍ਰਤੀਕਾਂ ਰਾਹੀਂ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਸੰਖੇਪ ਵਿੱਚ ਕਾਵਿ-ਕਿਰਤ ਵੀ ਇੱਕ ਪ੍ਰਕਾਰ ਦਾ ਵਿਵੇਕ ਹੀ ਹੈ ਪਰ ਵਿਸ਼ੇਸ਼ ਪ੍ਰਕਾਰ ਦਾ ਵਿਵੇਕ, ਸੁਹਜਾਤਮਕ ਵਿਵੇਕ। ਇਹੀ ਕਾਵਿ ਦੀ ਵਿਲੱਖਣਤਾ ਹੈ। ਇਸ ਨੂੰ ਪਹਿਚਾਨਣ ਨਾਲ ਹੀ ਕਾਵਿ ਨਾਲ ਨਿਆਂ ਹੋ ਸਕਦਾ ਹੈ। ਇਹ ਨਵੀਂ ਸਮੀਖਿਆ ਪ੍ਰਣਾਲੀ ਪੰਜਾਬੀ ਸਮੀਖਿਆ ਦੇ ਬਹੁਤ ਸਾਰੇ ਦੋਸ਼ਾਂ ਤੋਂ ਮੁਕਤ ਹੈ। ਪਰ, ਇਸ ਦੀਆਂ ਵੀ ਆਪਣੀਆਂ ਸੀਮਾਵਾਂ ਹਨ। ਸਾਹਿਤ-ਚਿੰਤਨ ਕਿਸੇ ਵੀ ਹੋਰ ਚਿਵਾਂਗ ਅਗਰ ਪ੍ਰਵਾਹੀ ਪ੍ਰਕਿਰਿਆ ਹੈ ਅਤੇ ਇਸ ਪ੍ਰਕਿਰਿਆ ਰਾਹੀਂ ਚਿੰਤਨ ਆਪਣੇ ਪੁਰਾਣੇ ਦੋਸ਼ਾਂ ਤੋਂ ਮੁਕਤ ਹੋਣ ਦਾ ਅਤੇ ਆਪਣੀਆਂ ਪੁਰਾਣੀਆਂ ਸੀਮਾਵਾਂ ਤੋਂ ਪਾਰ ਜਾਣ ਦਾ ਯਤਨ ਕਰਦਾ ਹੈ ਪਰ ਇਸ ਯਤਨ ਵਿੱਚ ਉਹ ਸਫਲ ਹੋ ਕੇ ਪੂਰੀ ਤਰ੍ਹਾਂ ਸਫਲ ਨਹੀਂ ਹੁੰਦਾ। ਇਹ ਅਧੂਰੀ ਸਫਲਤਾ ਹੀ ਗਤੀਸ਼ੀਲ ਚਿੰਤਨ ਦੀ ਹੋਣੀ ਹੈ।

1. ਪੰਜਾਬੀ ਆਲੋਚਨਾ ਦੀ ਮੁੱਖ ਸੱਮਸਿਆ ਬਾਹਰਮੁਖੀ ਦ੍ਰਿਸ਼ਟੀਕੋਣ ਦੀ ਘਾਟ ਹੈ । ਪੰਜਾਬੀ ਸਾਹਿਤ ਦੇ ਆਧੁਨਿਕ ਗਿਆਨ-ਵਿਗਿਆਨ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦੇ ਅਧਿਐਨ ਦੀ ਪਰੰਪਰਾ ਨੂੰ ਸ਼ੁਰੂ ਹੋਇਆਂ ਅਜੇ ਥੋੜ੍ਹਾ ਸਮਾਂ ਹੋਇਆ ਸੀ ਅਤੇ ਆਲੋਚਨਾ ਦੀ ਪਰੰਪਰਾ ਵੀ ਅਜੇ ਥੋੜੀ ਉਮਰ ਦੀ ਧਾਰਨੀ ਹੀ ਕਹੀ ਜਾ ਸਕਦੀ ਹੈ ਕਿਉਂਕਿ ਸਾਡੇ ਕੋਲ ਆਲੋਚਨਾ ਦੀ ਚਲੀ ਆ ਰਹੀ ਕੋਈ ਪਰੰਪਰਾ ਨਹੀਂ ਸੀ । ਨਤੀਜੇ ਵਜੋਂ ਪੰਜਾਬੀ ਆਲੋਚਨਾ ਆਪਣੇ ਵਿਕਾਸ ਦੇ ਮੁੱਢਲੇ ਪੜਾਵਾਂ ਵਿਚ ਹੀ ਕਹੀ ਜਾ ਸਕਦੀ ਹੈ । 1930 ਤਕ ਤਾਂ ਲਗਭਗ ਪ੍ਰਭਾਵਾਂ ਦੀ ਜਾਂ ਪ੍ਰਸ਼ੰਸਾਤਮਕ ਆਲੋਚਨਾ ਦੀ ਹੀ ਪ੍ਰਧਾਨਤਾ ਸੀ ਕੇਵਲ ਪ੍ਰਗਤੀਵਾਦੀ ਆਲੋਚਨਾ ਦੇ ਪ੍ਰਵੇਸ਼ ਕਰਨ ਨਾਲ ਹੀ ਕੁਝ ਇਕ ਬਾਹਰਮੁਖੀ ਦ੍ਰਿਸ਼ਟੀਕੋਣ ਦੀ ਅਣਹੋਂਦ ਅੱਜ ਵੀ ਹੈ। ਆਮ ਤੌਰ ਤੇ ਆਲੋਚਕ ਆਪਣੇ ਨਿਜੀ ਉਲਾਰਾਂ ਅਨੁਸਾਰ ਹੀ ਆਲੋਚਨਾ ਕਰਦੇ ਹਨ। ਨਤੀਜੇ ਵਜੋਂ ਰਚਨਾ ਨਾਲ ਸੰਬੰਧਤ ਬਾਹਰਮੁਖੀ ਜਾਂ ਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕਰ ਸਕਣ ਤੋਂ ਆਖ਼ਰੀ ਰੂਪ ਵਿਚ ਅਸਮਰਥ ਰਹਿ ਜਾਂਦਾ ਹੈ। ਬਹੁਤੀ ਵਾਰੀ ਮਾਰਕਸਵਾਦੀ ਆਲੋਚਕ ਵੀ ਮਾਰਕਸਵਾਦੀ ਸ਼ਬਦਾਂ ਦੀ ਹੀ ਵਰਤੋਂ ਕਰਦੇ ਹਨ । ਜੇ ਗੰਭੀਰਤਾ ਨਾਲ ਉਨ੍ਹਾਂ ਦੀਆਂ ਰਚਨਾਵਾਂ ਦਾ ਵਰਣਨ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਉਹ ਬਹੁਤੀ ਦੇਰ ਅਧਿਆਪਕੀ ਕਿਸਮ ਦੀ ਆਲੋਚਨਾ ਵਿਚ ਤਾਂ ਇਹ ਅੰਤਰਮੁਖਤਾ ਅਤਿ ਅਧਿਕ ਦੇਖੀ ਜਾ ਸਕਦੀ ਹੈ। ਕਿਸੇ ਸਿੱਧਾਂਤ ਜਾਂ ਆਲੋਚਨਾ ਪ੍ਰਣਾਲੀ ਦੇ ਡੂੰਘੇ ਗੰਭੀਰ ਅਧਿਐਨ ਤੋਂ ਬਾਅਦ ਉਸ ਸਿੱਧਾਂਤ ਜਾਂ ਪ੍ਰਣਾਲੀ ਅਨੁਕੂਲ ਬਾਹਰਮੁਖੀ ਆਲੋਚਨਾ ਕਰ ਸਕਣ ਦੀ ਸਮਰੱਥਾ ਕੁਝ ਹਦ ਤਕ ਮਾਰਕਸਵਾਦੀ ਆਲੋਚਕਾਂ ਕੋਲ ਤਾਂ ਹੈ, ਪਰ ਸਮੁੱਚੇ ਤੌਰ ਤੇ ਇਹ ਸਮੱਸਿਆ ਮਾਰਕਸਵਾਦੀ ਤੇ ਗੈਰ ਮਾਰਕਸਵਾਦੀ ਆਲੋਚਕਾਂ ਵਿਚ ਸਹਿਜੇ ਹੀ ਦੇਖੀ ਜਾ ਸਕਦੀ ਹੈ।

2. ਪੰਜਾਬੀ ਆਲੋਚਨਾ ਦੀ ਦੂਜੀ ਸਮੱਸਿਆ ਸਿੱਧਾਂਤਬੱਧ ਸੂਤਰਾਤਮਕ ਆਲੋਚਨਾ ਦੀ ਅਣਹੋਂਦ ਹੈ। ਪ੍ਰਗਤੀਵਾਦੀ ਆਲੋਚਨਾ ਤੋਂ ਪਹਿਲਾਂ ਅਤੇ ਬਾਅਦ ਵੀ ਕੋਈ ਆਲੋਚਨਾਪੱਧਤੀ ਨਹੀਂ ਜਿਸ ਦਾ ਕੋਈ ਆਧਾਰ, ਸਿੱਧਾਂਤ, ਦਰਸ਼ਨ ਹੋਵੇ ਇਸ ਦਾ ਕਾਰਨ ਤਾਂ ਆਲੋਚਨਾ ਪ੍ਰਤੀ ਵਿਸ਼ਵ ਚੇਤਨਾ ਦੇ ਨਾਲ ਨਾਲ ਬਾਹਰਮੁਖੀ ਦ੍ਰਿਸ਼ਟੀਕੋਣ ਦੀ ਘਾਟ ਹੈ। ਸਿਰਜਨਾਤਮਕ ਸਾਹਿਤ ਦਾ ਵਿਸ਼ਲੇਸ਼ਣ ਕਿਸੇ ਅਜਿਹੇ ਮਾਪਦੰਡਾਂ ਦੀ ਮੰਗ ਕਰਦਾ ਹੈ, ਜੋ ਬਾਹਰਮੁਖੀ ਹੋਣ ਅਤੇ ਆਧੁਨਿਕ ਯੁਗ ਦੇ ਅਨੁਕੂਲ ਮੁਹਾਵਰੇ ਵਰਤ ਕੇ ਸਾਹਿਤਕ ਆਲੋਚਨਾ ਕਰ ਸਕਣ | ਪਰ ਪੰਜਾਬੀ ਆਲੋਚਨਾ ਪਾਸ ਮਾਰਕਸਵਾਦੀ, ਪ੍ਰਗਤੀਵਾਦੀ, ਦਾਰਸ਼ਨਿਕ ਆਧਾਰ ਤੋਂ ਬਿਨਾਂ ਕੋਈ ਦ੍ਰਿਸ਼ਟੀਕੋਣ ਨਹੀਂ ਜਿਸ ਨਾਲ ਪੰਜਾਬੀ ਸਾਹਿਤ ਨੂੰ ਪਰਖਿਆ ਜਾ ਸਕਦੇ | ਪਰ ਪ੍ਰਗਤੀਵਾਦੀ ਆਲੋਚਨਾਂ ਵਿਚ ਵੀ ਨਿਜੀ ਪ੍ਰਤੀਕਰਮਾਂ, ਮਾਨਸਿਕ ਉਲਾਰਾਂ ਨੂੰ ਮੁੱਖ ਰੱਖ ਕੇ ਆਲੋਚਨਾ ਕੀਤੀ ਗਈ ਹੈ, ਜਿੱਥੇ ਪੱਛਮ ਵਿਚ ਹਰ 10 ਸਾਲਾਂ ਬਾਅਦ ਕਿਸੇ ਨਵੇਂ ਸਿੱਧਾਂਤ ਦਾ ਆਗਮਨ ਵੇਖਿਆ ਜਾ ਰਿਹਾ ਹੈ । ਮਨੋਵਿਗਿਆਨ, ਸਮਾਜਸ਼ਾਸਤਰ, ਭਾਸ਼ਾ ਵਿਗਿਆਨ ਆਦਿ ਕੁਝ ਅਜਿਹੇ ਦਾਰਸ਼ਨਿਕ ਸਿੱਧਾਂਤਕ ਆਧਾਰ ਹਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਪੱਛਮੀ ਸਾਹਿਤ ਦਾ ਵਿਸ਼ਲੇਸ਼ਣ ਕੀਤਾ ਜਾ ਚੁਕਿਆ ਹੈ। ਪਰੰਤੂ ਪੰਜਾਬੀ ਵਿਚ ਤਾਂ ਅਜੇ ਤਕ ਇਹਨਾਂ ਵਿਚੋਂ ਕਿਸੇ ਇਕ ਦਾਰਸ਼ਨਿਕ ਜਾਂ ਸਿੱਧਾਂਤਕ ਸੰਕਲਪਾਂ ਨੂੰ ਪੂਰੀ ਤਰ੍ਹਾਂ ਸਮਝਿਆ ਤੇ ਲਾਗੂ ਨਹੀਂ ਕੀਤਾ ਜਾ ਸਕਿਆ । ਇਸੇ ਲਈ ਪੰਜਾਬੀ ਆਲੋਚਨਾ ਦਾ

ਸੁਭਾਅ ਇਕਪੱਖੀ, ਇਕ ਦਿਸ਼ਾਵੀ ਤੇ ਉਲਾਰ ਹੈ। ਇਥੋਂ ਤਕ ਜੇ ਪੱਛਮੀ ਅਤੇ ਪੂਰਬੀ ਆਲੋਚਨਾ ਦਾ ਮੁਕਾਬਲਾ ਹੋਵੇ ਤਾਂ ਸਾਡੀ ਆਲੋਚਨਾ ਦੀ ਅਣਹੋਂਦ ਹੀ ਮੰਨੀ ਜਾਂਦੀ ਹੈ।

3. ਨਿੱਜੀ ਜਾਂ ਪ੍ਰਸ਼ੰਸਾਤਮਕ ਉਲਾਰਾਂ ਅਤੇ ਬਾਹਰਮੁਖੀ ਦ੍ਰਿਸ਼ਟੀਕੋਣ ਦੀ ਅਣਹੋਂਦ ਦੇ ਕਾਰਨ ਉਤਪੰਨ ਹੋਈ ਗੁੱਟਬੰਦੀ ਅਤੇ ਸਾਹਿਤਕ ਅਨਾਚਾਰ ਦੀ ਬਹੁਤਾਤ ਹੈ । ਸਾਹਿਤ ਇਕ ਅਜਿਹਾ ਵਿਸ਼ਾਲ ਅਤੇ ਗੁੰਝਲਦਾਰ ਵਿਸ਼ਾ ਹੈ ਜਿਸ ਸੰਬੰਧੀ ਗਿਆਨ, ਵਿਗਿਆਨ ਦੇ ਵੱਖਵੱਖ ਵਿਸ਼ਿਆਂ ਅਤੇ ਆਰਥਿਕ, ਸਮਾਜਿਕ, ਰਾਜਨੀਤਿਕ ਢਾਂਚੇ ਤੇ ਗਿਆਨ ਤੋਂ ਬਿਨਾਂ ਵਿਸ਼ਲੇਸ਼ਣ ਦਾ ਕੋਈ ਵੀ ਵਿਗਿਆਨਕ ਰੂਪ ਨਹੀਂ ਉਸਾਰਿਆ ਜਾ ਸਕਦਾ ਪਰੰਤੂ ਪੰਜਾਬੀ ਆਲੋਚਨਾ ਨੂੰ ਤਾਂ ਸਾਧਾਰਨ ਬੌਧਿਕ ਸਰਗਰਮੀ ਵੀ ਸਵੀਕਾਰਿਆ ਜਾਂਦਾ ਹੈ। ਨਤੀਜੇ ਵਜੋਂ ਆਮ ਸਾਧਾਰਨ ਪਾਠਕ ਦੇ ਨਿਜੀ ਪ੍ਰਤੀਕਰਮ ਅਤੇ ਆਲੋਚਕਾਂ ਦੇ ਸਾਧਾਰਨ ਪ੍ਰਤੀਕਰਮਾਂ ਨੂੰ ਹੀ ਆਲੋਚਨਾ ਦਾ ਨਾਮ ਦੇਣ ਦੀ ਪ੍ਰਵਿਰਤੀ ਹੀ ਭਾਰੂ ਪ੍ਰਤੀਤ ਹੁੰਦੀ ਹੈ । ਪੰਜਾਬੀ ਦੇ ਸੀਮਤ ਘੇਰੇ ਵਿਚ ਆਪਸੀ ਜਾਣ-ਪਹਿਚਾਣ ਜਾਂ ਆਪਸੀ ਵੈਰ-ਵਿਰੋਧ ਸਾਹਿਤਕ ਆਲੋਚਨਾ ਦਾ ਰੂਪ ਧਾਰਨ ਕਰ ਚੁੱਕੇ ਹਨ ਜਿਸ ਨੇ ਸਾਹਿਤਕ ਗੁੱਟਬੰਦੀ ਅਤੇ ਅਨਾਚਾਰ ਨੂੰ ਹੀ ਹਵਾ ਦਿੱਤੀ ਹੈ | ਸਵਾਲ ਰਚਨਾ ਦੇ ਮਹੱਤਵ ਦਾ ਨਹੀਂ ਹੁੰਦਾ ਸਗੋਂ ਆਲੋਚਨਾ ਵਿਅਕਤੀ ਦੀ ਹੀ ਹੁੰਦੀ ਹੈ ਅਤੇ ਉਹ ਜਿਹੜੇ ਮਿਆਰ ਇਸ ਲਈ ਵਰਤਦਾ ਹੈ, ਉਹ ਆਲੋਚਕ ਦੇ ਨਿਜੀ ਹੁੰਦੇ ਹਨ । ਗੁਟਬੰਦੀ ਦੇ ਇਸ ਮਾਹੌਲ ਵਿਚ ਚੰਗੇ ਤੇ ਮਾੜੇ ਸਾਹਿਤ ਦੀ ਪਹਿਚਾਣ ਬਿਲਕੁਲ ਖ਼ਤਮ ਹੋ ਚੁੱਕੀ ਹੈ ।

4. ਇਸ ਵਿਚ ਰਚਨਾ ਦੇ ਪਾਠ (Text) ਦੀ ਥਾਂ ਰਚਨਾਕਾਰ ਜਾਂ ਰਚਨਾ ਦੇ ਸਮਾਜਿਕ ਇਤਿਹਾਸਕ ਪ੍ਰਸੰਗ ਤੋਂ ਬਾਹਰ ਹੋਰ ਪ੍ਰਸੰਗਾਂ ਨੂੰ ਅਧਿਕ ਮਹੱਤਤਾ ਅਤੇ ਵਿਸਤਾਰ ਵਿਚ ਅਧਿਐਨ ਦਾ ਆਧਾਰ ਬਣਾਇਆ ਜਾਂਦਾ ਹੈ । ਇਹ ਪ੍ਰਵਿਰਤੀ ਪੰਜਾਬੀ ਆਲੋਚਨਾ ਵਿਚ ਅਤਿ ਅਧਿਕ ਭਾਰੂ ਹੈ । ਇਸ ਦੇ ਬਿਲਕੁਲ ਉਲਟ ਹਰਿਭਜਨ ਸਿੰਘ ਆਦਿ ਨੇ ਕੇਵਲ ਰਚਨਾ ਦੇ ਪਾਠ ਨੂੰ ਹੀ ਆਧਾਰ ਬਣਾ ਕੇ ਆਲੋਚਨਾ ਦੀ ਪਰਿਪਾਟੀ ਦਾ ਆਰੰਭ ਵੀ ਕੀਤਾ ਹੈ । ਪਰੰਤੂ ਅਜਿਹੀ ਆਲੋਚਨਾ ਪਹਿਲੀ ਖਾਮੀ ਦੇ ਉਲਟ ਦੂਸਰੀ ਹੋਰ ਖਾਮੀ ਦਾ ਸ਼ਿਕਾਰ ਹੋ ਜਾਂਦੀ ਹੈ । ਇਸ ਵਿਚ ਸਾਹਿਤਕ ਰਚਨਾ ਦੇ ਪਾਠ ਨੂੰ ਵੀ ਸਭ ਕੁਝ ਮੰਨ ਲਿਆ ਜਾਂਦਾ ਹੈ । ਕੇਵਲ ਪਾਠ ਆਧਾਰਿਤ ਆਲੋਚਨਾ ਦੀਆਂ ਗੰਭੀਰ ਅਤੇ ਅਧਿਕ ਸੀਮਾਵਾਂ ਹਨ । ਇਹ ਹੀ ਪਾਠ-ਬਾਹਰੀ ਪ੍ਰਸੰਗ ਦੀ ਆਲੋਚਨਾ ਵੀ ਸੰਪੂਰਨ ਆਲੋਚਨਾ ਵਿਚ ਸ਼ਾਮਲ ਨਹੀਂ ਕੀਤੀ ਜਾ ਸਕਦੀ । ਇਸੇ ਲਈ ਪੰਜਾਬੀ ਆਲੋਚਨਾ ਦੀ ਇਹ ਸਮੁੱਚੇ ਤੌਰ ਤੇ ਸਮੱਸਿਆ ਹੈ ਅਤੇ ਪਾਠ ਤੇ ਪ੍ਰਸੰਗ ਦੇ ਸੰਤੁਲਨ ਨੂੰ ਪੂਰੀ ਤਰ੍ਹਾਂ ਕਾਇਮ ਨਹੀਂ ਰਖਿਆ ਗਿਆ।

5. ਪੰਜਾਬੀ ਆਲੋਚਨਾ ਦੀ ਕਮਜ਼ੋਰੀ ਇਸ ਗੱਲ ਵਿਚ ਹੈ ਕਿ ਸਾਹਿਤਕ ਕਿਰਤ ਜਾਂ ਸਾਹਿਤਕ ਲਹਿਰ ਦੇ ਸਮਾਜਿਕ ਅਤੇ ਇਤਿਹਾਸਕ ਪਿਛੋਕੜ ਨੂੰ ਠੀਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਫਲਤਾ ਸਹਿਤ ਨਹੀਂ ਵੇਖ ਸਕੀ । ਸਾਹਿਤ ਦੇ ਇਤਿਹਾਸਾਂ ਜਾਂ ਅਜਿਹੀਆਂ ਹੋਰ ਰਚਨਾਵਾਂ ਜਿਨ੍ਹਾਂ ਵਿਚ ਸਾਹਿਤ ਨੂੰ ਵਿਕਾਸਸ਼ੀਲ ਪਰੰਪਰਾ ਵਜੋਂ ਅਧਿਐਨ ਕਰਨ ਦੇ ਕੁਝ ਯਤਨ ਹੋਏ ਵੀ ਹਨ ਪਰੰਤੂ ਸਮਾਜ-ਸ਼ਾਸਤਰ ਦੇ ਨਵੀਨ ਸਿੱਧਾਂਤਾਂ ਅਤੇ ਪ੍ਰਾਪਤੀਆਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਿਆ ਅਤੇ ਆਲੋਚਕ ਮੁੱਖ ਤੌਰ ਤੇ ਕਿਸੇ ਇਕ ਸਾਹਿਤਕ ਲਹਿਰ ਜਾਂ ਸਾਹਿਤਕ ਰਚਨਾ ਦੇ ਇਤਿਹਾਸਕ ਜਾਂ ਸਮਾਜਿਕ ਪਿਛੋਕੜ ਦੇ ਵਰਣਨ ਕਰਨ ਸਮੇਂ ਕੇਵਲ ਇਤਿਹਾਸਕ ਤੱਥਾਂ ਜਾਂ ਸਾਧਾਰਣ ਰੂਪ ਵਿੱਚ ਪ੍ਰਾਪਤ ਅਸਾਧਾਰਣ ਜੀਵਨ ਦੇ ਆਮ ਪੱਖਾਂ ਨੂੰ ਰਚਨਾ ਦਾ ਸਮਾਜਿਕ ਜਾਂ ਇਤਿਹਾਸਕ ਪਿਛੋਕੜ ਸਮਝ ਲੈਂਦਾ ਹੈ । ਸਮਾਜਿਕ ਯਥਾਰਥ ਅਤੇ ਸਾਹਿਤਕ ਯਥਾਰਥ ਦੇ ਆਪਸੀ ਦਵੰਦਆਤਮਕ ਰਿਸ਼ਤੇ ਦੀਆਂ ਤੈਹਾਂ ਤਕ ਪਹੁੰਚਣ ਦੀ ਸਮਰੱਥਾ ਅਤੇ ਪੰਜਾਬੀ ਆਲੋਚਨਾ ਵਿਚ ਨਹੀਂ ਆਈ ਭਾਵੇਂ ਅਜਿਹੇ ਯਤਨ ਕੁਝ ਨਾ ਕੁਝ ਆਰੰਭ ਜ਼ਰੂਰ ਹੋਏ ਹਨ।

6. ਪੰਜਾਬੀ ਆਲੋਚਨਾ ਦੀ ਇਕ ਹੋਰ ਸਮੱਸਿਆ ਇਸ ਗੱਲ ਵਿਚ ਹੈ ਕਿ ਪੰਜਾਬੀ ਆਲੋਚਨਾ ਵਿਚ ਰੂਪ ਅਧਿਐਨ ਨੂੰ ਅਧਿਕ ਸਹੀ ਵਿਗਿਆਨਿਕ ਤਰੀਕੇ ਨਾਲ ਮਹੱਤਾ ਨਹੀਂ ਦਿੱਤੀ ਗਈ। ਰੂਪਵਾਦੀ ਆਲੋਚਨਾ ਇਕਪੱਖੀ ਅਤੇ ਬੜੀ ਸੀਮਤ ਹੈ ਅਤੇ ਬਾਕੀ ਸਾਰੀ ਆਲੋਚਨਾ ਲਗਭਗ ਰੂਪ ਪੱਖ ਦੇ ਅਧਿਐਨ ਨੂੰ ਅਣਗੌਲਿਆ ਹੀ ਕਰ ਜਾਂਦੀ ਹੈ। ਇਸੇ ਲਈ ਆਲੋਚਨਾ ਇਕਪੱਖੀ ਹੈ । ਰੂਪ ਪੱਖੋਂ ਵੀ ਘਾਟ ਹੈ । ਰੂਪ ਅਤੇ ਦੇ ਆਪਣੇ ਦਵੰਦਆਤਮਕ ਰਿਸ਼ਤੇ ਅਤੇ ਰਚਨਾ ਦੀ ਵਿਸ਼ੇ ਵਸਤੂ ਲਈ ਰੂਪ ਦੇ ਸਿਰਨਾਤਮਕ ਰੋਲ ਨੂੰ ਤਾਂ ਸਾਡੇ ਆਲੋਚਕ ਲਗਭਗ ਛੱਡ ਹੀ ਚੁੱਕੇ ਹਨ ਇਸੇ ਲਈ ਬਹੁਤੀ ਆਲੋਚਨਾ ਨਾ ਤਾਂ ਸਾਹਿਤ ਦੇ ਇਤਿਹਾਸਕ, ਸਮਾਜਿਕ ਪ੍ਰਸੰਗ ਨੂੰ ਭਲੀ ਭਾਂਤ ਸਮਝ ਕੇ ਰਚਨਾ ਦੇ ਵਿਸ਼ੇ ਵਸਤੂ ਨੂੰ ਹੀ ਸਮਝ ਸਕੀ ਹੈ ਤੇ ਨਾ ਹੀ ਰੂਪ ਪੱਖ ਦਾ ਸਹੀ ਵਿਸ਼ਲੇਸ਼ਣ ਕਰਨ ਦੀ ਪ੍ਰਵਿਰਤੀ ਆਰੰਭ ਕਰ ਸਕੀ।

7. ਇਕ ਹੋਰ ਕਮਜ਼ੋਰੀ ਇਸ ਵਿਚ ਉੱਚ ਪੱਧਰ ਦੀ ਖੋਜ ਦੀ ਅਣਹੋਂਦ ਹੈ। ਕਿਸੇ ਵਿਕਾਸ ਕਰ ਰਹੇ ਸਮਾਜ ਦੇ ਪੁਰਾਣੇ ਸਾਹਿਤ ਅਤੇ ਤਤਕਾਲੀਨ ਸਾਹਿਤ ਦੀ ਸੰਭਾਲ, ਪੁਰਾਣੀਆਂ ਹੱਥ ਲਿਖਤਾਂ ਦੀ ਖੋਜ, ਪੀੜ੍ਹੀ ਦਰ ਪੀੜੀ ਜ਼ੁਬਾਨੀ ਚਲੇ ਆ ਰਹੇ ਲੋਕ ਸਾਹਿਤ ਬਹੁਤ ਸਾਰੀਆਂ ਅਣਜਾਣ ਸਾਹਿਤਕ ਕਿਰਤਾਂ ਅਤੇ ਲੇਖਕਾਂ ਨੂੰ ਖੋਜਣ ਅਤੇ ਸੰਭਾਲਣਾ ਹੀ ਜ਼ਰੂਰੀ ਨਹੀਂ ਸਗੋਂ ਵਿਦਵਾਨਾਂ ਦੁਆਰਾ ਉਹਨਾਂ ਦੇ ਸਹੀ ਮੁੱਲਾਂਕਣ ਅਤੇ ਸਾਹਿਤ ਦੀ ਪਰੰਪਰਾ ਵਿਚ ਉਹਨਾਂ ਦੇ ਸਥਾਨਾਂ ਨੂੰ ਨਿਸ਼ਚਤ ਕਰਨਾ ਜ਼ਰੂਰੀ ਹੈ ਤਾਂ ਕਿ ਕਿਸੇ ਸਾਹਿਤ ਦੇ ਇਤਿਹਾਸ ਦਾ ਪੂਰਾ ਅਤੇ ਅਟੁੱਟ ਕ੍ਰਮ ਸਾਹਮਣੇ ਲਿਆਂਦਾ ਜਾ ਸਕੇ ਅਤੇ ਉਸ ਸਾਹਿਤ ਦੇ ਸੁਭਾਅ, ਉਸ ਜ਼ੁਬਾਨ ਦੀਆਂ ਸੰਭਾਵਨਾਵਾਂ, ਮੌਲਿਕਤਾ ਦੇ ਪ੍ਰਸੰਗ ਵਿਚ ਰਚੇ ਜਾ ਰਹੇ ਸਾਹਿਤ ਨੂੰ ਸਮਝਿਆ ਜਾ ਸਕੇ ਪੰਜਾਬ ਦੀਆਂ ਵਿਸ਼ੇਸ਼ ਰਾਜਨੀਤਿਕ, ਸਮਾਜਿਕ ਪਰਿਸਥਿਤੀਆਂ ਵਿਚ ਪੰਜਾਬ ਦੇ ਪੁਰਾਤਨ ਅਤੇ ਨੇੜੇ ਦੇ ਅਤੀਤ ਵਿਚ ਰਚੇ ਗਏ ਬਹੁਤ ਸਾਰੇ ਸਾਹਿਤ ਦੀ ਸੰਭਾਲ ਅਜੇ ਤਕ ਨਹੀਂ ਹੋ ਸਕੀ। ਆਧੁਨਿਕ ਯੁਗਾਂ ਦੀਆਂ ਪਰਿਸਥਿਤੀਆਂ ਅਨੁਕੂਲ ਪੰਜਾਬੀ ਸਾਹਿਤ-ਚੇਤਨਾ ਨੇ ਅਜੇ ਵਿਕਾਸ ਕਰਨਾ ਸ਼ੁਰੂ ਕੀਤਾ ਹੈ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਇਸੇ ਕਰਕੇ ਕੋਈ ਮੁਲਾਂਕਣੀ ਇਤਿਹਾਸ ਨਹੀਂ ਲਿਖਿਆ ਜਾ ਸਕਿਆ। ਇਸ ਦਿਸ਼ਾ ਵਿਚ ਭਾਵੇਂ ਕੁਝ ਕੰਮ ਹੋਇਆ ਵੀ ਹੈ ਪਰੰਤੂ ਫਿਰ ਵੀ ਇਸ ਦਾ ਘੇਰਾ ਤੇ ਪੱਧਰ ਦੋਵੇਂ ਹੀ ਬੜੇ ਸੀਮਤ ਅਤੇ ਮੁੱਢਲੇ ਹਨ। ਵੱਖ-ਵੱਖ ਸਾਹਿਤਕ ਅਤੇ ਜੀਵਨ ਦ੍ਰਿਸ਼ਟੀਕੋਣਾਂ, ਤੱਥਾਂ, ਦਾਰਸ਼ਨਿਕ ਸਿੱਧਾਂਤ ਅਨੁਸਾਰ ਪੰਜਾਬੀ ਸਾਹਿਤ ਦਾ ਅਧਿਐਨ ਅਤੇ ਮੁੱਲਾਂਕਣ ਸਮੁੱਚੀ ਆਲੋਚਨਾ ਦੀ ਵੱਡੀ ਘਾਟ ਹੈ।

ਹਵਾਲੇ


1) ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ

2) ਸੰਤ ਸਿੰਘ ਸੇਖੋਂ, ਸਮੀਖਿਆ ਪ੍ਰਣਾਲੀਆਂ

3) ਡਾ.ਸਤਿਨਾਮ ਸਿੰਘ, ਪੰਜਾਬੀ ਆਲੋਚਨਾ ਸਰੂਪ ਅਤੇ ਸੰਭਾਵਨਾਵਾਂ

# ਸਾਹਿਤਿਆਰਥ ਦਾ ਵਿਚਾਰਧਾਰਕ ਅਧਿਐਨ-2

## ਸੰਤ ਸਿੰਘ ਸੇਖੋਂ : ਪੂਰਵ ਆਲੋਚਨਾ

ਹਰ ਸਾਹਿਤ ਰੂਪ ਕਿਸੇ ਵਿਸ਼ੇਸ਼ ਮਨੁੱਖੀ ਸਮੂਹ ਦੀਆਂ ਸਮਾਜਿਕ, ਇਤਿਹਾਸਕ ਅਤੇ ਰਾਜਨੀਤਿਕ ਪਰਿਸਥਿਤੀਆਂ ਦੀ ਉਪਜ ਹੁੰਦਾ ਹੈ। ਜੇਕਰ ਅਸੀਂ ਸੇਖੋਂ ਤੋਂ ਪਹਿਲਾਂ ਦੀ ਆਲੋਚਨਾ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਪਰੰਪਰਾ ਪ੍ਰਮੁੱਖ ਰੂਪ ਵਿਚ ਵਿਵੇਕਮਈ ਨਾ ਹੋ ਕੇ ਅਨੁਭਵੀ ਹੈ। ਪੰਜਾਬੀ ਸਾਹਿਤ ਦੀ ਆਲੋਚਨਾ ਦੇ ਇਤਿਹਾਸਕਾਰਾਂ ਨੇ ਆਪਣੇ ਵਿਸ਼ੇ-ਵਿਸ਼ੇਸ਼ ਦੇ ਸੀਮਾ ਖੇਤਰ, ਸੁਭਾਅ ਤੇ ਉਸਦੀ ਵਿਸ਼ੇਸ਼ ਹੋਂਦ ਵਿਧੀ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ, ਜਿਸ ਕਾਰਨ ਇਸਦਾ ਮੁੱਢਲਾ ਸਰੂਪ ਸ਼ਰਧਾਮੂਲਕ, ਪ੍ਰਸੰਸਾਤਮਕ ਟਿੱਪਣੀਆਂ ਅਤੇ ਲੇਖਕ ਬਾਰੇ ਮੁੱਢਲੀ ਜਾਣਕਾਰੀ ਦੇਣ ਵਾਲਾ ਹੀ ਰਹਿੰਦਾ ਹੈ।

ਅੰਗਰੇਜ਼ਾਂ ਦੇ ਆਗਮਨ ਨਾਲ ਪੱਛਮੀ ਪ੍ਰਭਾਵਾਂ ਕਾਰਨ ਪੰਜਾਬੀ ਸਾਹਿਤ ਵਿਚ ਮੱਧ-ਯੁੱਗੀ ਚੇਤਨਾ ਜੋ ਅਸਲੋਂ ਧਾਰਮਿਕ ਤੇ ਰਹੱਸਵਾਦੀ ਪ੍ਰਕਾਰ ਦੀ ਸੀ, ਦੀ ਥਾਂ ਵਿਵੇਕਵਾਦੀ ਅਤੇ ਵਿਗਿਆਨ-ਮੁਖੀ ਚੇਤਨਾ ਨੇ ਵੀ ਪਨਪਣਾਂ ਸ਼ੁਰੂ ਕਰ ਦਿੱਤਾ। ਇਸੇ ਕਾਰਣ ਪੰਜਾਬੀ ਵਿਚ ਪਹਿਲੀ ਵਾਰ ਆਧੁਨਿਕ ਸਾਹਿਤ ਰੂਪਾਂ ਵਿਸ਼ੇਸ਼ ਤੌਰ ਤੇ ਨਾਵਲ, ਕਹਾਣੀ, ਆਲੋਚਨਾ ਤੇ ਨਵੀਨ ਕਿਰਤਾਂ ਆਦਿ ਦਾ ਆਰੰਭ ਹੁੰਦਾ ਹੈ। ਜਿਸਨੂੰ ਭਾਈ ਵੀਰ ਸਿੰਘ ਦੀ ਇਤਿਹਾਸਿਕ ਦੇਣ ਵੀ ਗਿਣਿਆ ਜਾ ਸਕਦਾ ਹੈ। ਪੰਜਾਬੀ ਆਲੋਚਨਾ ਵਿਚ ਖੋਜ-ਕਾਰਜ ਆਧੁਨਿਕ ਅਰਥਾਂ ਵਿਚ ਵੀਹਵੀਂ ਸਦੀ ਦੇ ਆਰੰਭ ਤੇ ਉਨੀਵੀਂ ਸਦੀ ਦੇ ਅੰਤ ਵਿਚ ਡਾ. ਚਰਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ ਦੁਆਰਾ ਹੁੰਦਾ ਹੈ। ਇਹਨਾਂ ਦੁਆਰਾ ਰਚਿਤ ਪੁਸਤਕਾਂ ਇਸ ਖੇਤਰ ਦੀਆਂ ਆਰੰਭਿਕ ਪ੍ਰਾਪਤੀਆਂ ਕਹੀਆਂ ਜਾ ਸਕਦੀਆਂ ਹਨ। ਇਸੇ ਆਰੰਭਿਕ ਪੜਾਅ ਵਿਚ ਮੌਲਾ ਬਖਸ਼ ਕੁਸ਼ਤਾ ਨੇ ਆਪਣੀ ਪੁਸਤਕ 'ਪੰਜਾਬ ਦੇ ਹੀਰੇ' ਰਾਹੀਂ ਵੱਖ-ਵੱਖ ਕਿੱਸਾਕਾਰਾਂ ਦੇ ਜੀਵਨ ਬਿਰਤਾਂਤ ਨੂੰ ਆਧਾਰ ਬਣਾ ਕੇ ਪੰਜਾਬੀ ਆਲੋਚਨਾ ਨੂੰ ਧਰਮ ਦੇ ਦਾਇਰੇ ਵਿਚੋਂ ਕੱਢ ਕੇ ਬਾਹਰਮੁਖੀ ਕਵਿਤਾ ਦੇ ਖੇਤਰ ਅੰਦਰ ਪ੍ਰਵੇਸ਼ ਕਰਵਾਇਆ। ਆਲੋਚਨਾ ਦੇ ਇਸ ਆਰੰਭਕ ਦੌਰ ਵਿਚ ਡਾ. ਬਨਾਰਸੀ ਦਾਸ ਜੈਨ ਨੇ 1941 ਈ. ਵਿਚ 'ਪੰਜਾਬੀ ਜਬਾਨ ਅਤੇ ਉਸਦਾ ਲਿਟਰੇਚਰ', ਡਾ. ਗੋਪਾਲ ਸਿੰਘ ਦਰਦੀ ਦੁਆਰਾ ਰਚਿਤ 'ਰੋਮਾਂਟਿਕ ਪੰਜਾਬੀ ਕਵੀ', ਡਾ. ਸੁਰਿੰਦਰ ਸਿੰਘ ਕੋਹਲੀ ਤੇ ਸੁਰਿੰਦਰ ਸਿੰਘ ਨਰੂਲਾ ਦੁਆਰਾ ਰਚਿਤ 'ਪੰਜਾਬੀ ਸਾਹਿਤ ਦਾ ਇਤਿਹਾਸ' ਵੀ ਇਸ ਦਿਸ਼ਾ ਵਿਚ ਕੀਤੇ ਗਏ ਵਿਸ਼ੇਸ਼ ਯਤਨ ਕਹੇ ਜਾ ਸਕਦੇ ਹਨ। ਇਸਤੋਂ ਬਾਅਦ ਪ੍ਰਿੰ. ਤੇਜਾ ਸਿੰਘ ਨੇ ਆਪਣੀ ਆਲੋਚਨਾਤਮਕ ਬਿਰਤੀ ਦਾ ਪ੍ਰਕਾਸ਼ ਕਰਦਿਆਂ 'ਸਾਹਿਤ ਦਰਸ਼ਨ' ਅਤੇ 'ਪੰਜਾਬੀ ਕਿਵੇਂ ਲਿਖੀਏ' ਆਦਿ ਪੁਸਤਕਾਂ ਲਿਖੀਆਂ। ਪ੍ਰੋ. ਪੂਰਨ ਸਿੰਘ ਨੇ ਵੀ ਕੁਝ ਲੇਖ, ਪੁਸਤਕਾਂ ਦੀਆਂ ਭੂਮਿਕਾਵਾਂ ਅਤੇ ਰੀਵਿਊ ਆਦਿ ਲਿਖੇ ਸਨ। ਪਰੰਤੂ ਪ੍ਰੋ. ਪੂਰਨ ਸਿੰਘ ਦੀ ਆਲੋਚਨਾ ਕਾਵਿਕ ਵਧੇਰੇ ਅਤੇ ਆਲੋਚਨਾਤਮਕ ਘੱਟ ਕਹੀ ਜਾ ਸਕਦੀ ਹੈ।

ਇਸ ਸੰਖੇਪ ਇਤਿਹਾਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਤਿਆਰਥ ਤੋਂ ਪਹਿਲਾਂ ਦਾ ਪੰਜਾਬੀ ਆਲੋਚਨਾ-ਚਿੰਤਨ ਸੀਮਿਤ ਦਾਇਰੇ ਵਿਚ ਵਿਚਰਦਾ, ਸਿਧਾਂਤਕ ਚੇਤਨਾ ਤੋਂ ਵਿਰਵਾ ਅਤੇ ਨਿਸ਼ਚਿਤ ਜੀਵਨ-ਦ੍ਰਿਸ਼ਟੀਕੋਣ ਉਪਰ ਆਧਾਰਿਤ ਨਹੀਂ ਸੀ। 1940 ਈ. ਤੱਕ ਦੇ ਸਮੇਂ ਵਿਚ ਪੰਜਾਬੀ ਆਲੋਚਨਾ ਮੁਖ ਰੂਪਾਂ ਵਿਚ ਆਲੋਚਕਾਂ ਦੇ ਨਿਰੋਲ ਮਾਨਸਿਕ ਪ੍ਰਤਿਕਰਮਾਂ, ਅੰਤਰਮੁਖਤਾ, ਉਲਾਰ ਅਤੇ ਇਕ ਪਾਸੜ ਭਾਵ ਹੀ ਕਹੇ ਜਾ ਸਕਦੇ ਹਨ। ਇਸ ਪਰੰਪਰਾ ਕੋਲ ਸਾਹਿਤ ਨੂੰ ਸਮਝਣ ਦੀ ਕੋਈ ਵਿਸ਼ੇਸ਼ ਵਿਧੀ, ਪ੍ਰਤਿਮਾਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਦੀ ਅਣਹੋਂਦ ਸੀ। ਬਾਵਾ ਬੁੱਧ ਸਿੰਘ ਤੇ ਮੌਲਾ ਬਖਸ਼ ਕੁਸ਼ਤਾ ਆਪਣੀਆਂ ਰਚਨਾਵਾਂ ਵਿਚ ਜੀਵਨੀ ਮੂਲਕ ਵੇਰਵੇ ਉਪਭਾਵੁਕਤਾ ਰਾਹੀਂ ਪੇਸ਼ ਕਰਦੇ ਰਹੇ, ਪ੍ਰੋ. ਪੂਰਨ ਸਿੰਘ ਰਹੱਸਵਾਦੀ, ਰੋਮਾਂਟਿਕ ਮੰਡਲਾਂ ਵਿਚੋਂ ਕਾਵਿ ਦੇ ਸਰੂਪ ਨੂੰ ਢੂੰਡਦਾ ਰਿਹਾ ਅਤੇ ਪ੍ਰਿੰ. ਤੇਜਾ ਸਿੰਘ ਸਮਕਾਲੀ ਕਵੀਆਂ ਦੀ ਹੌਂਸਲਾ-ਅਫ਼ਜਾਈ ਤੇ ਪ੍ਰਸੰਸਾਮੂਲਕ ਟਿੱਪਣੀਆਂ ਬਿਆਨ ਕਰਦਾ ਰਿਹਾ।

ਸਾਹਿਤਿਆਰਥ : ਮੁੱਢਲੀ ਜਾਣਕਾਰੀ

ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸੰਤ ਸਿੰਘ ਸੇਖੋਂ ਦੇ ਨਾਲ ਪਹਿਲੀ ਵਾਰ ਆਧੁਨਿਕ ਪੰਜਾਬੀ ਆਲੋਚਨਾ ਦਾ ਵਿਗਿਆਨਕ ਤੇ ਸਿਧਾਂਤਬੱਧ ਮੁਹਾਂਦਰਾ ਸਥਾਪਿਤ ਹੁੰਦਾ ਹੈ। ਸੇਖੋਂ ਬਾਰੇ ਇਹ ਗੱਲ ਸਰਵ-ਪ੍ਰਵਾਨਿਤ ਹੈ ਕਿ ਉਸਨੇ ਪਹਿਲੀ ਵਾਰ ਵਿਚਾਰਾਂ ਦੇ ਸੰਗਠਨ ਦੀ ਸਹਾਇਤਾ ਨਾਲ ਸਾਹਿਤ-ਚਿੰਤਨ ਅਤੇ ਆਲੋਚਨਾ ਦਾ ਕਾਰਜ ਆਰੰਭਿਆ। ਸੇਖੋਂ ਨੇ ਧਾਰਮਿਕ, ਅਧਿਆਤਮਕ, ਪ੍ਰਸੰਸਾਮਈ ਅਤੇ ਰੁਮਾਂਟਿਕ ਬਿਰਤੀ ਦਾ ਤਿਆਗ ਕਰਕੇ ਸਾਹਿਤ ਰਚਨਾਵਾਂ ਨੂੰ ਸਮਾਜਿਕ ਇਤਿਹਾਸਕ ਸੰਦਰਭ ਵਿਚ ਰੱਖ ਕੇ ਵਾਚਣ ਦਾ ਸੁਨੇਹਾ ਦਿੱਤਾ। ਸਿਧਾਂਤਕ ਧਰਾਤਲ ਉਪਰ ਉਸਨੇ ਮਾਰਕਸਵਾਦੀ ਕਾਵਿ ਸ਼ਾਸ਼ਤਰ ਅਤੇ ਭਾਰਤੀ ਕਾਵਿ ਸ਼ਾਸ਼ਤਰ ਦਾ ਮਿਸ਼ਰਣ ਬਣਾਉਣ ਦਾ ਉੱਦਮ ਕੀਤਾ।

ਸੰਤ ਸਿੰਘ ਸੇਖੋਂ ਦੀ ਪੁਸਤਕ ਸਾਹਿਤਿਆਰਥ 1957 ਈ. ਵਿਚ ਪ੍ਰਕਾਸ਼ਿਤ ਹੋਈ। ਸਾਹਿਤਿਆਰਥ ਤੋਂ ਪਹਿਲਾਂ ਦਾ ਪੰਜਾਬੀ ਆਲੋਚਨਾ-ਚਿੰਤਨ ਸੀਮਿਤ ਦਾਇਰੇ ਵਿਚ ਵਿਚਰਦਾ, ਸਿਧਾਂਤਕ ਚੇਤਨਾ ਤੋਂ ਵਿਰਵਾ ਅਤੇ ਨਿਸ਼ਚਿਤ ਜੀਵਨ ਦ੍ਰਿਸ਼ਟੀਕੋਣ ਉਪਰ ਆਧਾਰਿਤ ਨਹੀਂ ਸੀ। ਸਾਹਿਤ ਨੂੰ ਸਮਝਣ ਦੀ ਕੋਈ ਵਿਸ਼ੇਸ਼ ਵਿਧੀ ਨਹੀਂ ਸੀ। ਇਸ ਵਿਚ ਕਿਸੇ ਵਿਸ਼ੇਸ਼ ਪ੍ਰਤੀਮਾਨ ਤੇ ਵਿਸ਼ਵ-ਦ੍ਰਿਸ਼ਟੀਕੋਣ ਦੀ ਅਣਹੋਂਦ ਸੀ। ਇਹ ਸੁਭਾਅ ਵਿਚ ਪ੍ਰਭਾਵਵਾਦੀ ਅਤੇ ਦ੍ਰਿਸ਼ਟੀਕੋਣ ਵਿਚ ਆਦਰਸ਼ਵਾਦੀ ਸੀ। ਸੇਖੋਂ ਨੇ ਪ੍ਰਤਿਬੱਧ ਸਿਧਾਂਤ-ਚਿੰਤਨ ਵੱਲ ਵਧਦਿਆਂ ਸਾਹਿਤਿਆਰਥ ਪੁਸਤਕ ਦੀ ਰਚਨਾ ਕੀਤੀ ਜਿਸ ਨਾਲ ਪਹਿਲੀ ਵਾਰ ਬੱਝਵੇਂ ਰੂਪ ਵਿਚ ਮਾਰਕਸਵਾਦੀ ਸਿਧਾਂਤ- ਚਿੰਤਨ ਦੇ ਕਾਵਿ-ਸ਼ਾਸ਼ਤਰ ਦਾ ਤਰਕ ਕਾਇਮ ਹੁੰਦਾ ਹੈ ਅਤੇ ਆਲੋਚਨਾ ਦੀ ਸੰਜਮ ਵਾਲੀ ਸ਼ੈਲੀ ਕਾਇਮ ਕਰਨ ਵੱਲ ਧਿਆਨ ਦਿੱਤਾ ਗਿਆ। ਵਿਸ਼ੇਸ਼ ਦ੍ਰਿਸ਼ਟੀਕੋਣ ਤਹਿਤ ਕੁੱਝ ਨਵਾਂ, ਮੌਲਿਕ ਪੇਸ਼ ਹੋਇਆ ਤਾਂ ਉਹ ਇਸੇ ਪੁਸਤਕ ਦੇ ਰੂਪ ਵਿਚ ਹੋਇਆ। ਇਸਦੇ ਕਰਤਾ ਸੰਤ ਸਿੰਘ ਸੇਖੋਂ ਨੂੰ ਪੰਜਾਬੀ ਦਾ ਪਹਿਲਾ ਮਾਰਕਸਵਾਦੀ ਆਲੋਚਕ ਮੰਨਿਆ ਗਿਆ ਹੈ।

ਸਾਹਿਤਿਆਰਥ ਵਿਚ ਕਵਿਤਾ ਦੀ ਪਰਿਭਾਸ਼ਾ, ਉਸਦਾ ਸੁਭਾਅ ਅਤੇ ਕਰਤੱਵ, ਇਸਦੇ ਰਚਨਾਤਮਕ ਅੰਗਾਂ, ਅਲੰਕਾਰ ਅਤੇ ਤੋਲ-ਤੁਕਾਂਤ ਦਾ ਮਹੱਤਵ, ਭਾਵੁਕ ਰੰਗਣ, ਵਿਧਾ ਅਤੇ ਸ਼ੈਲੀ ਦੀ ਵਿਲੱਖਣਤਾ, ਵਾਰਤਕ ਨਾਲੋਂ ਨਿਖੇੜਾ, ਕਵੀ ਦੇ ਆਪੇ ਤੋਂ ਚਲ ਕੇ ਸਾਂਸਕ੍ਰਿਤੀ, ਇਤਿਹਾਸ, ਸਮਾਜ ਅਤੇ ਵਿਗਿਆਨ ਨਾਲ ਇਸਦੇ ਆਦਾਨ-ਪ੍ਰਦਾਨ ਤੇ ਬੜੇ ਗੰਭੀਰ ਚਿੰਤਨ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਜਿਸਨੂੰ ਉਸਨੇ ਮਾਰਕਸੀ ਦਵੰਦਾਤਮਕ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਜਿਹੇ ਵਿਭਿੰਨ ਸੰਕਲਪਾਂ ਰਾਹੀਂ ਨੇਪਰੇ ਚਾੜ੍ਹਿਆ ਹੈ।

ਇਸ ਪੁਸਤਕ ਦਾ ਪ੍ਰੇਰਨਾ ਸ੍ਰੋਤ ਕਰਿਸਟੋਫਰ ਕਾਡਵੈੱਲ, ਈ-ਐਮ ਫੋਸਟਰ, ਰੈਲਫ-ਫਾਕਸ ਤੇ ਮੈਕਸਮ ਗੋਰਕੀ ਵਰਗੇ ਲੇਖਕਾਂ ਨੂੰ ਮੰਨਿਆ ਜਾਂਦਾ ਹੈ। ਪਰ ਇਹਨਾਂ ਨੂੰ ਭਾਰਤੀ ਸਾਹਿਤ ਦੇ ਸੰਦਰਭ ਵਿਚ ਪੂਰੀ ਤਰ੍ਹਾਂ ਢਾਲ ਲਿਆ ਗਿਆ। ਡਾ. ਰਘਬੀਰ ਸਿੰਘ ਦਾ ਵਿਚਾਰ ਇਸ ਸੰਬੰਧ ਵਿਚ ਵਧੇਰੇ ਸਾਰਥਕ ਹੈ:

> ਸਾਹਿਤਿਆਰਥ ਪੰਜਾਬੀ ਵਿਚ ਆਪਣੀ ਕਿਸਮ ਦੀ ਇਕੋ ਇਕ ਮੌਲਿਕ ਪੁਸਤਕ ਹੈ। ਜਿਸ ਵਿਚ ਸਾਹਿਤ ਤੇ ਵਿਸ਼ੇਸ਼ ਕਾਵਿ ਲੱਛਣਾ ਦੀ ਇੰਝ ਚਰਚਾ ਕੀਤੀ ਗਈ ਹੈ ਕਿ ਇਸ ਵਿਚਲੀਆਂ ਸਥਾਪਨਾਵਾਂ ਨਾ ਤਾਂ ਕੇਵਲ ਮਾਤਰ ਪੱਛਮ ਦੀ ਕਿਸੇ ਪੁਸਤਕ ਦੀ ਨਕਲ ਪ੍ਰਤੀਤ ਹੁੰਦੀਆਂ ਹਨ ਅਤੇ ਨਾ ਹੀ ਭਾਰਤੀ ਪਰੰਪਰਾ ਦੇ ਚੌਖਟੇ ਤਕ ਸੀਮਤ ਰਹਿੰਦੀਆਂ ਹਨ।।

ਇਸ ਪੁਸਤਕ ਵਿਚ ਕਵਿਤਾ ਕੀ ਹੈ, ਕਵਿਤਾ ਅਤੇ ਅਨੁਭਵ, ਭਾਵਕੁਤਾ, ਉਪਭਾਵੁਕਤਾ, ਅਲੰਕਾਰ, ਛੰਦ, ਧੁਨੀ, ਰਸ ਤੇ ਚਿੰਨ੍ਹ, ਕਵਿਤਾ ਤੇ ਪ੍ਰਕਿਰਤੀ, ਕਵਿਤਾ ਤੇ ਸਾਂਸਕ੍ਰਿਤੀ, ਕਵਿਤਾ ਤੇ ਸਮਾਜਕ ਆਲੋਚਨਾ, ਕਵਿਤਾ ਤੇ ਵਿਗਿਆਨ, ਕਵਿਤਾ ਤੇ ਕਲਾ ਕੌਸ਼ਲ ਆਦਿ ਨੁਕਤਿਆਂ ਨੂੰ ਵਿਸਥਾਰ ਪ੍ਰਾਪਤ ਹੋਇਆ ਹੈ।

ਇਹ ਪਹਿਲੀ ਅਜਿਹੀ ਪੁਸਤਕ ਹੈ ਜੋ ਬੱਝਵੇਂ ਰੂਪ ਵਿਚ ਮਾਰਕਸਵਾਦੀ ਸਿਧਾਂਤ-ਚਿੰਤਨ ਦੇ ਕਾਵਿ- ਸ਼ਾਸਤਰ ਦਾ ਤਰਕ ਕਾਇਮ ਕਰਦੀ ਹੈ। ਸਾਹਿਤ-ਸਿਧਾਂਤ ਦੀ ਪਾਠ-ਉਸਾਰੀ ਵੱਲ ਵੀ ਇਹ ਪਹਿਲਾ ਕਦਮ ਕਿਹਾ ਜਾ ਸਕਦਾ ਹੈ ਕਿਉਂਕਿ ਪੂਰਵ-ਸੇਖੋਂ ਆਲੋਚਨਾ ਵਿਚ ਸਾਹਿਤ/ਕਾਵਿ ਨੂੰ ਸਿਧਾਂਤਕ ਪੱਧਰ ਉਪਰ ਸਮਝਣ ਦੀ ਕੋਸ਼ਿਸ਼ ਘੱਟ ਹੀ ਹੋਈ ਹੈ। ਡਾ. ਹਰਿਭਜਨ ਸਿੰਘ ਦੀ ਸਥਾਪਨਾ ਹੈ ਕਿ:

ਪੰਜਾਬੀ ਦੀ ਪਹਿਲੀ ਉਲੇਖਯੋਗ ਮੌਲਿਕ ਕ੍ਰਿਤ ਹੈ ਜਿਸਨੇ ਸਾਹਿਤ ਦੀ ਪ੍ਰਕਿਰਿਆ ਨੂੰ ਸਿਧਾਂਤਕ ਪੱਧਰ ਉਪਰ ਸਮਝਣ ਦਾ ਯਤਨ ਕੀਤਾ ਹੈ। ਇਹ ਸਾਹਿਤ-ਸਿਰਜਣਾ ਨੂੰ ਨਿਵੇਕਲੇ ਗਿਆਨ ਸੰਜਮ ਵਾਂਗ ਗ੍ਰਹਿਣ ਕਰਕੇ ਆਲੋਚਨਾ-ਕਾਰਜ ਨੂੰ ਇਕ ਵਿਦਿਆ ਵਾਂਗ ਸਥਾਪਿਤ ਕਰਨ ਦਾ ਮੁੱਢਲਾ ਯਤਨ ਹੈ।।

ਸੇਖੋਂ ਨੂੰ ਬਦਲਵੀਂ ਪਹੁੰਚ ਦਾ ਧਾਰਨੀ ਚਿੰਤਕ ਮੰਨਿਆ ਜਾਂਦਾ ਹੈ। ਉਸਨੇ ਆਪਣੀ ਪੁਸਤਕ ਸਾਹਿਤਿਆਰਥ ਵਿਚ ਵੱਖਰੀ ਟੇਕ ਤੋਂ ਅਧਿਐਨ ਪ੍ਰਣਾਲੀ ਵਿਕਸਤ ਕਰਨ ਦਾ ਯਤਨ ਆਰੰਭਿਆ। ਇਹ ਪੁਸਤਕ ਸਾਹਿਤ ਸ਼ਾਸਤਰ ਬਾਰੇ ਸਿੱਧੀ ਚਰਚਾ ਨਹੀਂ ਛੇੜਦੀ। ਸਾਹਿਤਿਆਰਥ ਪੁਸਤਕ ਪ੍ਰਤੱਖ ਰੂਪ ਵਿਚ ਕਾਵਿ ਨੂੰ ਆਪਣੇ ਕੇਂਦਰ ਵਿਚ ਰੱਖਦੀ ਹੈ। ਇਸ ਦਾ ਵੱਖਰਾਪਣ ਇਸ ਗੱਲ ਵਿਚ ਹੈ ਕਿ ਇਸਦਾ ਸੰਬੰਧ ਸਮੁੱਚੀ ਪੰਜਾਬੀ ਕਵਿਤਾ ਨਾਲ ਹੈ ਜਿਸਨੂੰ ਇਸਦੇ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਸਮਝਣ ਲਈ ਵੀਹਵੀਂ ਸਦੀ ਦੀ ਵਿਸ਼ਵ-ਵਿਆਪੀ ਚਿੰਤਨ ਧਾਰਾ (ਮਾਰਕਸਵਾਦ) ਦਾ ਸਹਾਰਾ ਲਿਆ ਗਿਆ ਹੈ।

ਸੰਤ ਸਿੰਘ ਸੇਖੋਂ : ਆਲੋਚਨਾ ਦੇ ਪਛਾਣ ਚਿੰਨ੍ਹ

ਸੰਤ ਸਿੰਘ ਸੇਖੋਂ ਪ੍ਰਗਤੀਵਾਦੀ ਭਾਵਨਾ ਨਾਲ ਜੁੜਿਆ ਲੇਖਕ ਹੈ। ਸੰਤ ਸਿੰਘ ਸੇਖੋਂ ਦਾ ਚਿੰਤਨ ਅਤੇ ਆਲੋਚਨਾ ਪ੍ਰਗਤੀਵਾਦੀ ਲਹਿਰ ਜੋ ਕਿ 1935 ਈ. ਵਿਚ ਭਾਰਤ ਵਿਚ ਪੂਰੇ ਜ਼ੋਰਾਂ ਉੱਤੇ ਸੀ ਅਤੇ ਜਿਸਦਾ ਬੁਨਿਆਦੀ ਪ੍ਰਯੋਜਨ ਅਧਿਆਤਮਕ ਅਤੇ ਰੁਮਾਂਟਿਕ ਦ੍ਰਿਸ਼ਟੀ ਨੂੰ ਖਾਰਜ ਕਰਕੇ ਪਦਾਰਥਵਾਦੀ ਯਥਾਰਥਵਾਦੀ ਦ੍ਰਿਸ਼ਟੀ ਦੀ ਉਸਾਰੀ ਕਰਨਾ ਸੀ, ਤੋਂ ਚੋਖਾ ਪ੍ਰਭਾਵਿਤ ਸੀ। ਪੂਰਵ-ਸੇਖੋਂ ਕਾਲ ਵਿਚ ਸਾਹਿਤ/ਕਾਵਿ ਪ੍ਰਕਿਰਿਆ ਨੂੰ ਸਿਧਾਂਤਕ ਪੱਧਰ ਉਪਰ ਸਮਝਣ ਦਾ ਕੋਈ ਠੋਸ ਯਤਨ ਨਾ ਹੋਣ ਕਰਕੇ ਇਸ ਵਿਚੋਂ ਸਾਹਿਤ ਚਿੰਤਨ ਦਾ ਕੋਈ ਨਿਯਮਬੱਧ ਮੁਹਾਂਦਰਾ ਉਘੜ ਕੇ ਸਾਹਮਣੇ ਨਹੀਂ ਆਉਂਦਾ ਹੈ। ਸੇਖੋਂ ਦੇ ਆਉਣ ਨਾਲ ਪਹਿਲੀ ਵਾਰ ਨਿਯਮਬੱਧ ਆਲੋਚਨਾ ਦਾ ਪ੍ਰਵੇਸ਼ ਹੁੰਦਾ ਹੈ। ਉਸਨੂੰ ਪੰਜਾਬੀ ਆਲੋਚਨਾ ਦਾ ਬਾਨੀ ਅਤੇ ਸੰਚਾਲਕ ਵੀ ਪ੍ਰਵਾਨ ਕੀਤਾ ਜਾਂਦਾ ਹੈ। ਸਾਹਿਤ ਅਧਿਐਨ ਦੇ ਖੇਤਰ ਵਿਚ ਉਹ ਸਿਧਾਂਤ, ਇਤਿਹਾਸ ਅਤੇ ਆਲੋਚਨਾ ਦੇ ਖੇਤਰਾਂ ਵਿਚ ਕਲਮ ਅਜ਼ਮਾਈ ਕਰਦਾ ਹੈ। ਉਸਦੀ ਪੁਸਤਕ 'ਸਾਹਿਤਿਆਰਥ' 1957 ਈ. ਵਿਚ ਪ੍ਰਕਾਸ਼ਿਤ ਹੁੰਦੀ ਹੈ। ਜਿਸਨੂੰ ਪੰਜਾਬੀ ਦੀ ਪਹਿਲੀ ਉਲੇਖਯੋਗ ਤੇ ਮੌਲਿਕ ਕ੍ਰਿਤ ਸਵੀਕਾਰ ਕੀਤਾ ਗਿਆ ਹੈ। ਸੇਖੋਂ ਦੇ ਚਿੰਤਨ ਕਾਰਜ ਵਿਚ ਅਨੇਕਾਂ ਤੱਤਾਂ ਦਾ ਮਿਸ਼ਰਣ ਦਿਖਾਈ ਦਿੰਦਾ ਹੈ। ਜਿਸਦੀ ਪੁਸ਼ਟੀ ਉਸਦੀਆਂ ਰਚਨਾਵਾਂ ਵਿਚ ਮਿਲਦੀ ਹੈ। ਹਰਿਭਜਨ ਸਿੰਘ ਭਾਟੀਆ ਉਸਦੇ ਇਸ ਪੱਖ ਨੂੰ ਦਰਸਾਉਂਦਾ ਲਿਖਦਾ ਹੈ ਕਿ:

> ਉਸਦੇ ਗਿਆਨ ਸੰਗਠਨ ਵਿਚ ਪ੍ਰਗਤੀਵਾਦੀ ਭਾਵਨਾ, ਮਾਰਕਸਵਾਦੀ ਦਰਸ਼ਨ ਪ੍ਰਬੰਧ, ਰਿਚਰਡ ਦਾ ਮਨੋਵਿਗਿਆਨ, ਈਲੀਅਟ ਦਾ ਆਧੁਨਿਕਤਾ ਦਾ ਸੰਕਲਪ, ਪੰਜਾਬ ਦਾ ਸੱਭਿਆਚਾਰਕ ਇਤਿਹਾਸ ਅਤੇ ਭਾਰਤੀ ਕਾਵਿ ਸ਼ਾਸਤਰ ਦੇ ਨੇਮਾਂ ਦਾ ਮਿਸ਼ਰਣ/ਸੰਯੋਗ ਦਿਖਾਈ ਦੇਂਦਾ ਹੈ।

ਸਿਰਜਣਾ ਅਤੇ ਚਿੰਤਨ ਦੇ ਕਾਰਜ ਵਿਚ ਉਹ ਬੁਨਿਆਦੀ ਸੂਝ ਮਾਰਕਸਵਾਦੀ ਦਰਸ਼ਨ ਤੋਂ ਹਾਸਿਲ ਕਰਦਾ ਹੈ। ਆਪਣੀ ਪੁਸਤਕ ਸਾਹਿਤਿਆਰਥ ਵਿਚ ਉਹ ਮਾਰਕਸਵਾਦੀ ਸਿਧਾਂਤ ਚਿੰਤਨ ਅਤੇ ਭਾਰਤੀ ਕਾਵਿ ਸ਼ਾਸਤਰ ਤੋਂ ਅੰਤਰ-ਦ੍ਰਿਸ਼ਟੀ ਗ੍ਰਹਿਣ ਕਰਦਾ ਹੈ। ਸੇਖੋਂ ਦੇ ਸਮੁੱਚੇ ਚਿੰਤਨ ਕਾਰਜ ਵਿਚ ਵਿਚਾਰ, ਸੋਚ ਅਤੇ ਬੁੱਧੀ ਦੇ ਤੱਤ ਵੱਡੇ ਪੈਮਾਨੇ ਤੱਕ ਪ੍ਰਧਾਨ ਤੱਤ ਮੰਨੇ ਜਾਂਦੇ ਹਨ। ਇਸ ਤਰ੍ਹਾਂ ਸੇਖੋਂ ਦੀ ਆਲੋਚਨਾ ਵਿਚ ਕਈ ਤੱਤਾਂ

ਦਾ ਮਿਸ਼ਰਣ ਦ੍ਰਿਸ਼ਟੀਗੋਚਰ ਹੁੰਦਾ ਹੈ। ਸੇਖੋਂ ਦੀ ਆਲਚੋਨਾ ਦ੍ਰਿਸ਼ਟੀ ਨੂੰ ਇਸਦੀ ਪੂਰਵਲੀ ਆਲੋਚਨਾਧਾਰਾ ਦੇ ਆਧਾਰ ਉੱਤੇ ਵੇਖਣ ਨਾਲ ਇਸਦਾ ਗੌਰਵ, ਵੱਖਰਤਾ ਅਤੇ ਇਤਿਹਾਸਕ-ਮਹੱਤਵ ਉਜਾਗਰ ਹੁੰਦਾ ਹੈ। ਜੇਕਰ ਉਸਦੀ ਪਾਰਕਲੀ ਆਲੋਚਨਾ ਦੇ ਆਧਾਰ ਤੇ ਵੇਖਿਆ ਜਾਵੇ ਤਾਂ ਇਸ ਦੀਆਂ ਕੁੱਝ ਸੀਮਾਵਾਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਸੰਤ ਸਿੰਘ ਸੇਖੋਂ ਸਾਹਿਤਿਆਰਥ ਪੁਸਤਕ ਵਿਚ ਆਪਣੇ ਚਿੰਤਨ ਅਧੀਨ ਆਲੋਚਨਾ ਨਾਲ ਸੰਬੰਧਿਤ ਬਹੁਤ ਸਾਰੇ ਪੱਖਾਂ ਨੂੰ ਉਜਾਗਰ ਕਰਦਾ ਹੈ। ਉਸਦੀ ਆਲੋਚਨਾ ਵਿਚ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਪ੍ਰਮੁੱਖ ਰੂਪ ਵਿਚ ਦੇਖਣ ਨੂੰ ਮਿਲਦਾ ਹੈ। ਇਸਦੇ ਨਾਲ ਉਹ ਇਨਕਲਾਬੀ ਸੁਰ ਜੋ ਮਾਰਕਸਵਾਦ ਦੇ ਮੁੱਢਲੇ ਸਿਧਾਂਤਾਂ ਵਿਚੋਂ ਹੈ, ਨੂੰ ਆਪਣੇ ਚਿੰਤਨ ਵਿਚ ਕਦੇ ਵੀ ਘੱਟ ਨਹੀਂ ਹੋਣ ਦਿੰਦਾ। ਸੰਤ ਸਿੰਘ ਸੇਖੋਂ ਅਜਿਹਾ ਚਿੰਤਕ ਹੈ ਜੋ ਵਸਤੂ ਨੂੰ ਪ੍ਰਮੁੱਖ ਇਕਾਈ ਮੰਨਦਾ ਹੋਇਆ ਆਲੋਚਨਾ ਦੇ ਯਥਾਰਥਵਾਦੀ ਪ੍ਰਸੰਗਾਂ ਨੂੰ ਰੂਪਮਾਨ ਕਰਦਾ ਹੈ। ਇਸ ਪ੍ਰਕਾਰ ਉਹ ਅਜਿਹਾ ਆਲੋਚਕ ਸਾਬਿਤ ਹੁੰਦਾ ਹੈ ਜੋ ਆਲੋਚਨਾ ਦੇ ਖੇਤਰ ਵਿਚ ਵੱਖਰੀ ਪਛਾਣ ਬਣਾਉਂਦਾ ਹੈ। ਸੇਖੋਂ ਦੀ ਆਲੋਚਨਾ ਦੇ ਘੇਰੇ ਅੰਦਰ ਵੱਖ-ਵੱਖ ਪਛਾਣ ਚਿੰਨ੍ਹ ਉਘੜਦੇ ਹਨ, ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ।

- ਪ੍ਰਗਤੀਵਾਦੀ ਮਨੋਰਥ
- ਯਥਾਰਥਵਾਦ ਨੂੰ ਅਹਿਮੀਅਤ ਦੇਣਾ
- ਵਿਚਾਰਧਾਰਾ ਅਤੇ ਇਨਕਲਾਬੀ ਧਾਰਨਾ
- ਵਸਤੂ ਤੇ ਰੂਪ
- ਅਸਪੱਸ਼ਟਤਾ
- ਆਦਿਮ ਇਤਿਹਾਸ ਦ੍ਰਿਸ਼ਟੀ

### 4.3.1 ਪ੍ਰਗਤੀਵਾਦੀ ਮਨੋਰਥ

ਸੰਤ ਸਿੰਘ ਸੇਖੋਂ ਆਪਣੀ ਆਲੋਚਨਾ ਵਿਚ ਉਪ-ਭਾਵਕੁਤਾ ਨੂੰ ਤਿਆਗ ਕੇ ਵਿਸ਼ਵ ਦਰਸ਼ਨ, ਵਿਗਿਆਨਕ ਦ੍ਰਿਸ਼ਟੀਕੋਣ, ਬੌਧਿਕਤਾ ਤੇ ਤਰਕਸ਼ੀਲਤਾ ਨੂੰ ਅਪਣਾਉਣ ਦੀ ਗਲ ਕਰਦਾ ਹੈ। ਜਿਸਦੇ ਆਧਾਰ ਤੇ ਲੋਕਾਈ ਦੀ ਮਾਨਸਿਕਤਾ ਨੂੰ ਕ੍ਰਾਂਤੀਕਾਰੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ। ਇਸ ਇਤਿਹਾਸਕ ਲੋੜ ਨੂੰ ਮਹੱਤਤਾ ਦਿੰਦਾ ਹੋਇਆ ਸੇਖੋਂ 'ਪ੍ਰਗਤੀ' ਨੂੰ ਆਪਣੇ ਚਿੰਤਨ ਦਾ ਕੇਂਦਰੀ ਸਰੋਕਾਰ ਬਣਾਉਂਦਾ ਹੈ। ਪ੍ਰਗਤੀਵਾਦੀ ਮਨੋਰਥ ਉਸਦੀ ਸਮੁੱਚੀ ਸਿਰਜਣਾ ਵਿਚਲੇ ਮਸਲਿਆਂ ਦੇ ਆਲੇ-ਦੁਆਲੇ ਵਿਚਰਦਾ ਹੈ। ਉਸਦੇ ਸਾਹਿਤ-ਚਿੰਤਨ ਵਿਚ 'ਕਾਵਿ- ਮਈ ਉਤਮਤਾ'ਦਾ ਸੰਕਲਪ ਵੀ ਇਕ ਪਾਸੇ ਪ੍ਰਗਤੀਵਾਦੀ ਸਿਧਾਂਤ ਅਤੇ ਦੂਸਰਾ ਭਾਰਤੀ ਕਾਵਿ-ਸ਼ਾਸਤਰ ਦੇ ਨੇਮਾਂ ਨਾਲ ਜੁੜਿਆ ਹੋਇਆ ਪ੍ਰਵਾਨਿਤ ਕੀਤਾ ਜਾਂਦਾ ਹੈ।

### 4.3.2 ਯਥਾਰਥਵਾਦ ਨੂੰ ਅਹਿਮੀਅਤ

ਮਾਰਕਸਵਾਦੀ ਸਾਹਿਤ ਚਿੰਤਨ ਵਿਚ ਯਥਾਰਥਵਾਦ ਨੂੰ ਵਿਸ਼ੇਸ਼ ਅਹਿਮੀਅਤ ਪ੍ਰਾਪਤ ਹੈ। ਮਾਰਕਸ ਦੁਆਰਾ ਵੀ ਸੰਸਾਰ ਦੀ ਵਿਆਖਿਆ ਯਥਾਰਥਵਾਦੀ/ਭੌਤਿਕਵਾਦੀ ਆਧਾਰਾਂ ਤੇ ਕੀਤੀ ਗਈ ਹੈ। ਬੇਸ਼ੱਕ ਯਥਾਰਥਵਾਦੀਆਂ ਦਾ ਸੁਹਜਾਤਮਕ ਲਿਖਤਾਂ ਵਿਚ ਤਿੱਖੇ ਸ਼ਬਦਾਂ ਵਿਚ ਵਿਰੋਧ ਕੀਤਾ ਗਿਆ ਹੈ। ਪਰ ਮਾਰਕਸਵਾਦੀ

ਚਿੰਤਨ ਇਸਨੂੰ ਅਹਿਮੀਅਤ ਦਿੰਦਾ ਹੈ ਅਤੇ ਸੰਤ ਸਿੰਘ ਸੇਖੋਂ ਵੀ ਆਪਣੀ ਆਲੋਚਨਾ ਵਿਚ ਇਸ ਨੁਕਤੇ ਨੂੰ ਗ੍ਰਹਿਣ ਕਰਦਾ ਲਿਖਦਾ ਹੈ:

> ਕਵਿਤਾ ਦਾ ਸੁਭਾਵ ਬਦਲ ਰਹੇ, ਵਿਗਸ ਰਹੇ, ਬਣ ਰਹੇ, ਬਣਨ ਵਾਲੇ ਵਾਸਤਵ ਦੀ ਰੂਪ ਰੇਖਾ ਚਿਤਰਨਾ ਅਥਵਾ ਕਲਪਿਤ ਕਰਨਾ ਹੈ... ਪੁਰਾਣੇ ਸਮਿਆਂ ਵਿਚ ਕਵਿਤਾ ਵਿਚ ਵੀ ਵਿਲਾਸ ਦਾ ਅੰਸ਼ ਹੁਣ ਨਾਲੋਂ ਵਧੇਰੇ ਸੀ ਤੇ ਸਮਾਜਿਕ ਅਰਥ ਘੱਟ।

### 4.3.3 ਵਿਚਾਰਧਾਰਾ ਅਤੇ ਇਨਕਲਾਬੀ ਧਾਰਨਾ

ਸੰਤ ਸਿੰਘ ਸੇਖੋਂ ਆਪਣੀ ਆਲੋਚਨਾ ਜਾਂ ਚਿੰਤਨ ਵਿਚ ਇਨਕਲਾਬੀ ਅਨੁਭਵ ਨੂੰ ਵਧੇਰੇ ਮਹੱਤਵ ਦਿੰਦਾ ਹੈ। ਉਹ ਇਨਕਲਾਬੀ ਜਾਂ ਜੀਵਨ-ਸੰਗਰਾਮ ਦੀ ਕਸਵੱਟੀ ਨੂੰ ਅਧਿਐਨ ਵਿਧੀ ਵਜੋਂ ਵਰਤਦਾ ਹੈ। ਜੋ ਲੇਖਕ ਉਹਦੀ ਨਜ਼ਰ ਵਿਚ ਇਨਕਲਾਬੀ ਕੰਮ, ਕਿਸਾਨ ਸਭਾ, ਮਜ਼ਦੂਰ ਸੰਘ ਵਿਚ ਹਿੱਸਾ ਲੈਂਦੇ ਹਨ ਉਹ ਕਰਣੀ ਦੇ ਉੱਚੇ ਤੇ ਸੁੱਚੇ ਹਨ ਅਤੇ ਉਹਨਾਂ ਦਾ ਅਨੁਭਵ ਸ਼ਕਤੀਸ਼ਾਲੀ, ਵਿਸ਼ਾਲ ਤੇ ਤੀਖਣ ਹੈ। ਉਹ ਇਨਕਲਾਬੀ ਅਨੁਭਵ ਨੂੰ ਮਹੱਤਵ ਦਿੰਦਾ ਹੋਇਆ ਕੇਵਲ ਇਨਕਲਾਬੀ ਕਵਿਤਾ ਨੂੰ ਹੀ ਕਵਿਤਾ ਮੰਨਦਾ ਹੈ ਅਤੇ ਉਸ ਅਨੁਸਾਰ ਇਨਕਲਾਬੀ ਕਵਿਤਾ ਲਿਖਣ ਲਈ ਇਨਕਲਾਬੀ ਕੰਮ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਉਹ ਆਪਣੀ ਪੁਸਤਕ ਸਾਹਿਤਿਆਰਥ ਵਿਚ ਇਸ ਨੁਕਤੇ ਤੋਂ ਲਿਖਦਾ ਹੈ:

> ਪਿਆਰਾ ਸਿੰਘ ਸਹਿਰਾਈ ਅਤੇ ਸੰਤੋਖ ਸਿੰਘ ਧੀਰ... ਜੇ ਜੀਵਨ ਦੀਆਂ ਮੁਸ਼ਕਲਾਂ ਦਾ ਇਸੇ ਦਲੇਰੀ ਨਾਲ ਮੁਕਾਬਲਾ ਕਰਦੇ ਰਹੇ ਅਤੇ ਇਸ ਤੋਂ ਉਪਰੰਤ ਕਿਸੇ ਇਨਕਲਾਬੀ ਕੰਮ ਕਿਸਾਨ ਸਭਾ, ਮਜ਼ਦੂਰ ਸਿੰਘ ਆਦਿ ਰਾਹੀਂ ਜੀਵਨ ਸੰਗਰਾਮ ਵਿਚ ਹਿੱਸਾ ਲੈਣ ਲੱਗ ਪਏ ਤਾਂ ਮੈਨੂੰ ਯਕੀਨ ਹੈ, ਉਹਨਾਂ ਦੀ ਕਵਿਤਾ ਹੋਰ ਪ੍ਰਫੁਲਿਤ ਹੋ ਸਕੇਗੀ।

### 4.3.4 ਵਸਤੂ ਤੇ ਰੂਪ

ਵੱਖ-ਵੱਖ ਪੱਛਮੀ ਮਾਰਸਕਵਾਦੀ ਚਿੰਤਕਾਂ ਦੁਆਰਾ ਵਸਤੂ ਤੇ ਰੂਪ ਨੂੰ ਅੰਤਰ-ਸੰਬੰਧਿਤ ਸਮਝਿਆ ਗਿਆ ਹੈ। ਰੂਪ ਨੂੰ ਵਸਤੂ ਦਾ ਹੀ ਰੂਪਾਂਤਰਨ ਮੰਨਿਆ ਗਿਆ ਹੈ। ਪਰ ਮਾਰਕਸੀ ਚਿੰਤਕਾਂ ਦੁਆਰਾ ਇਸਨੂੰ ਅੰਤਰ- ਸੰਬੰਧਿਤ ਮੰਨਣ ਦੇ ਨਾਲ-ਨਾਲ ਵਸਤੂ ਤੇ ਰੂਪ ਦੇ ਸੰਬਾਦੀ ਰਿਸ਼ਤੇ ਨੂੰ ਪ੍ਰਵਾਨ ਕਰਦਿਆਂ ਵੀ ਪ੍ਰਥਮਕਤਾ 'ਵਸਤੂ' ਨੂੰ ਦਿੱਤੀ ਗਈ ਹੈ। ਸੇਖੋਂ ਵੀ ਇਹਨਾਂ ਦੋਹਾਂ ਵਿਚਕਾਰ ਨਿਖੇੜ ਕਰ ਕੇ ਚੱਲਦਾ ਹੈ ਤੇ ਰੂਪ ਨੂੰ ਵਸਤੂ ਦੇ ਮੁਕਾਬਲੇ ਨਿਗੂਣੀ ਅਹਿਮੀਅਤ ਦੇਂਦਾ ਹੈ। 'ਸਾਹਿਤਿਆਰਥ' ਵਿਚ ਉਹ ਕਵਿਤਾ ਦੇ ਰੂਪ ਸੰਬੰਧੀ ਚਰਚਾ ਕਰਨ ਲਈ ਭਾਰਤੀ ਕਾਵਿ-ਸ਼ਾਸਤਰ ਦੀ ਮਦਦ ਲੈਂਦਾ ਹੈ। ਜਿਸਦੇ ਫਲਸਰੂਪ ਕਾਵਿ-ਰਚਨਾ ਵਿਚ ਰਸ, ਛੰਦ, ਚਿੰਨ, ਅਲੰਕਾਰ ਆਦਿ ਪੱਖਾਂ ਦੀ ਨਿਗੂਣੀ ਜਿਹੀ ਚਰਚਾ ਹੋਈ ਹੈ। ਇਸ ਨੁਕਤੇ ਤੋਂ ਸੇਖੋਂ ਸਾਹਿਤਿਆਰਥ ਵਿਚ ਲਿਖਦਾ ਹੈ:

> ਕਵਿਤਾ ਜਾਂ ਕਲਾ ਭਾਵੇਂ ਕਿਤਨੀ ਵੀ ਰੂਪਵਾਦੀ ਕਿਉਂ ਨਾ ਰਵੇ, ਚਿੰਤਨ ਤੋਂ ਵਾਂਝੀ ਨਹੀਂ ਹੋਣੀ ਚਾਹੀਦੀ।

### 4.3.5 ਅਸਪੱਸ਼ਟਤਾ

ਸੰਤ ਸਿੰਘ ਸੇਖੋਂ ਦੀ ਆਲੋਚਨਾ ਵਿਚ ਅਸਪੱਸ਼ਟਤਾ ਕਈ ਥਾਵਾਂ ਤੇ ਦੇਖਣ ਨੂੰ ਮਿਲਦੀ ਹੈ। ਉਸ ਦੁਆਰਾ ਦਿੱਤੇ ਕਥਨ ਜਾਂ ਵਿਚਾਰ ਅਸਪੱਸ਼ਟਤਾ ਦੇ ਧਾਰਨੀ ਹਨ। ਸਾਹਿਤਿਆਰਥ ਪੁਸਤਕ ਵਿਚ 'ਕਵਿਤਾ ਕੀ ਹੈ।' ਵਿਚਲੇ ਨਿਬੰਧ ਵਿਚ ਉਸਦੀ ਅਸਪੱਸ਼ਟਤਾ ਉਜਾਗਰ ਹੁੰਦੀ ਹੈ। ਸੇਖੋਂ ਕਵਿਤਾ ਬਾਰੇ ਕਹਿੰਦਾ ਹੈ ਕਿ

ਪੁਰਾਣੇ ਯੂਨਾਨੀ ਬੁੱਧੀਮਾਨਾਂ ਦੁਆਰਾ ਦੱਸੀਆਂ ਪੰਜ ਸੂਖਮ ਕਲਾਵਾਂ ਕਵਿਤਾ, ਰਾਗ, ਚਿੱਤਰ, ਮੂਰਤੀ ਤੇ ਮੰਦਰਕਲਾ ਵਿਚੋਂ ਕਵਿਤਾ ਸਭ ਤੋਂ ਸੂਖਮ ਮੰਨੀ ਗਈ ਹੈ, ਕਿਉਂਕਿ ਇਸ ਵਿਚ ਕੋਈ ਸਥੂਲ ਅੰਸ਼ ਨਹੀਂ ਹੁੰਦਾ। ਡਾ. ਹਰਿਭਜਨ ਸਿੰਘ ਨੇ ਇਸ ਬਾਰੇ ਆਪਣੇ ਵਿਚਾਰ ਦਿੰਦਿਆ ਦੱਸਿਆ ਹੈ ਕਿ:

ਇਹ (ਕਲਾਵਾਂ) ਸੂਖਮ ਬਹੁਤਾ ਆਪਣੇ ਰੂਪ ਕਰ ਕੇ ਨਹੀਂ ਇਸ ਲਈ ਹੈ ਕਿ ਇਹਨਾਂ ਵਿਚ ਸਥੂਲ ਪਦਾਰਥ ਦੀ ਅਣਹੋਂਦ ਜਾਂ ਘਾਟ ਹੈ, ਸਗੋਂ ਵਧੇਰੇ ਆਪਣੇ ਕਰਮ ਕਰ ਕੇ ਹੈ।

ਇਸ ਧਾਰਨਾ ਵਿਚ ਬਹੁਤਾ ਅਤੇ ਵਧੇਰੇ ਦੀ ਵਰਤੋਂ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਕਥਨ ਆਪਣੇ ਬਾਰੇ ਆਪ ਸੰਦੇਹਸ਼ੀਲ ਹੈ। 'ਸੂਖਮ' ਦੀ ਪ੍ਰਕਿਰਤੀ ਨਿਸ਼ਚਿਤ ਕਰਨ ਦੀ ਬਜਾਏ ਸੇਖੋਂ ਉਸਦੇ ਕਾਰਣ ਵਲ ਰੁਚਿਤ ਹੋ ਗਿਆ ਹੈ। ਸਾਹਿਤ ਸੂਖਮ ਹੈ ਤਾਂ ਸਮਾਜ ਤੋਂ ਭਿੰਨ ਪ੍ਰਕਿਰਤੀ ਕਾਰਣ। ਸੇਖੋਂ ਇਸ ਨਿਖੇੜੇ ਨੂੰ ਨਜਿੱਠਣ ਦੀ ਬਜਾਏ ਰੂਪ ਨੂੰ ਸੁੰਦਰਤਾ ਤੋਂ ਵਖਰਾਉਂਦਾ ਹੈ:

ਇਹਨਾਂ (ਕਲਾਵਾਂ) ਦੀ ਸੁੰਦਰ ਜਾਂ ਹੋਰ ਭਾਵਕ ਸ਼ਕਤੀ ਵਿਚ ਹੀ ਇਹਨਾਂ ਦਾ ਮੁੱਲ ਹੈ ਤੇ ਸੁੰਦਰਤਾ ਜਾਂ ਹੋਰ ਭਾਵਕ ਸ਼ਕਤੀ ਇਕ-ਸੂਖਮ ਗੁਣ ਹੈ, ਇਸ ਲਈ ਇਹ ਕਲਾ ਆਪਣੇ ਰੂਪਕ ਪੱਖ ਨਾਲੋਂ ਵੀ ਵਧ ਜਾਂ ਘਟ ਸੂਖਮ ਹੈ। ਵੱਧ ਜਾਂ ਘੱਟ ਦੀ ਵਰਤੋਂ ਨੇ ਇਸ ਕਥਨ ਨੂੰ ਸਪੱਸ਼ਟ ਨਹੀਂ ਹੋਣ ਦਿੱਤਾ।

4.3.6 ਆਦਿਮ ਇਤਿਹਾਸ ਦ੍ਰਿਸ਼ਟੀ

ਸੇਖੋਂ ਦੀ ਆਲੋਚਨਾ ਵਿਚ ਆਦਿਮਤਾ ਅਨਿੱਖੜ ਅੰਗ ਵਾਂਗ ਉਜਾਗਰ ਹੁੰਦੀ ਹੈ।ਇਹ ਸੱਭਿਆ ਕਾਲ ਤਕ ਕਾਇਮ ਰਹਿੰਦੀ ਹੈ।ਸੇਖੋਂ ਆਪਣੇ ਚਿੰਤਨ ਵਿਚ ਕਿਸੇ ਸਮੂਹਿਕ ਜਿੱਤ, ਕਣਕ ਦੀ ਵਾਢੀ ਤੋਂ ਪ੍ਰਾਪਤ ਹੋਈ ਫਸਲ ਜਾਂ ਜਾਂ ਸ਼ਿਕਾਰ ਮਾਰਨ ਦੀ ਖੁਸ਼ੀ ਨੂੰ ਕਲਾ ਨਾਲ ਸੰਬੰਧਿਤ ਦੱਸਦਾ ਹੈ ਜਾਂ ਕਲਾ ਦਾ ਰੂਪ ਹੀ ਦੱਸਦਾ ਹੈ। ਉਸਦਾ ਕਵਿਤਾ ਮਾਡਲ ਅਸੱਭਿਆ ਤੇ ਸੱਭਿਆ ਯੁੱਗ ਨਾਲ ਹੀ ਸੰਬੰਧਿਤ ਹੈ। ਇਸ ਤੱਥ ਨੂੰ ਹਰਿਭਜਨ ਸਿੰਘ ਆਪਣੇ ਵਿਚਾਰ ਰਾਹੀਂ ਉਜਾਗਰ ਕਰਦਾ ਹੈ,

ਸਾਡੇ ਚਿੰਤਕ ਨੇ ਆਪਣੇ ਚਿੰਤਨ ਦੇ ਅੱਗੇ ਪਿੱਛੇ ਦੋ ਪੱਕੀਆਂ ਕੰਧਾਂ ਉਸਾਰ ਰੱਖੀਆਂ ਹਨ:

ੳ) ਕਾਵਿ-ਰਚਨਾ ਸਮੂਹਕ ਕਾਰਜ ਹੈ।

ਅ) ਕਾਵਿ ਰਚਨਾ ਕਿਸੇ ਮੰਤਵ ਦੀ ਤੁਰਤ-ਫੁਰਤ ਸਿੱਧੀ ਨਾਲ ਸੰਬੰਧਿਤ ਹੈ।

ਹਰਿਭਜਨ ਸਿੰਘ, ਸੇਖੋਂ ਦੇ ਕਾਵਿ-ਸਿਧਾਂਤ ਸੰਬੰਧੀ ਚਿੰਤਨ ਉੱਪਰ ਟਿੱਪਣੀ ਕਰਦਾ ਹੋਇਆ ਉਸਦੀਆਂ ਸੀਮਾਵਾਂ ਨੂੰ ਉਜਾਗਰ ਕਰਦਾ ਹੈ। ਸੇਖੋਂ ਕਾਵਿ ਸਿਧਾਂਤਕਾਰੀ ਵਿਚ ਮਨ ਘੜਤ ਧਾਰਨਾਵਾਂ ਤੋਂ ਪਰ੍ਹੇ, ਜ਼ਿੰਦਗੀ ਦੇ ਧੜਕਦੇ ਅਤੇ ਵਿਸ਼ਵ ਵਿਆਪੀ ਯਥਾਰਥ ਨੂੰ ਸ਼ਾਮਿਲ ਨਹੀਂ ਕਰਦਾ। ਹਰਿਭਜਨ ਸਿੰਘ ਅਨੁਸਾਰ ਉਸਦੀ ਸਿਧਾਂਤਕ ਘਾੜਤ ਵਿਚ ਰਚਨਾ ਦੀ ਸਮੂਹਿਕਤਾ, ਸਮਕਾਲੀ ਸਥਿਤੀ ਦੀ ਵਾਸਤਵਿਕਤਾ ਅਤੇ ਲੋਕ-ਸਾਹਿਤ ਤੋਂ ਉੱਪਰ ਉੱਠ ਕੇ ਸਾਹਿਤ ਦੀਆਂ ਵਿਭਿੰਨ ਦਿਸ਼ਾਵਾਂ ਦੀ ਸ਼ਮੂਲੀਅਤ, ਲੇਖਕ ਦੀ ਸਿਰਜਣਾਤਮਕ ਕਲਪਨਾ ਨੂੰ ਸਵੀਕਾਰਤਾ ਨਹੀਂ ਮਿਲਦੀ।

ਸੇਖੋਂ ਦੇ ਰਚਨਾ ਕਾਰਜ ਨੂੰ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੇਖੋਂ ਅਜਿਹਾ ਆਲੋਚਕ ਹੈ ਜਿਸ ਨੇ ਪੰਜਾਬੀ ਆਲੋਚਨਾ ਨੂੰ ਕਰਮਬੱਧ ਕੀਤਾ ਅਤੇ ਇਸਦੇ ਨਿਯਮਾਂ ਨੂੰ ਪਛਾਣਦੇ ਹੋਏ ਆਪਣੀ ਆਲੋਚਨਾ ਦੇ ਪਛਾਣ ਚਿੰਨ੍ਹਾਂ ਰਾਹੀਂ ਪੰਜਾਬੀ ਆਲੋਚਨਾ ਲਈ ਨਵੀਂ ਰਾਹ ਦਿਖਾਈ ਅਤੇ ਨਵੀਂ ਰੰਗਤ ਪ੍ਰਦਾਨ ਕੀਤੀ।

## ਸਾਹਿਤਿਆਰਥ-ਅਧਿਐਨ ਦ੍ਰਿਸ਼ਟੀ

ਸੰਤ ਸਿੰਘ ਸੇਖੋਂ ਆਪਣੀ ਪੁਸਤਕ 'ਸਾਹਿਤਿਆਰਥ' ਵਿਚ ਸਾਹਿਤ ਦੇ ਅਨੁਭਵ ਦੀ ਪੇਸ਼ਕਾਰੀ ਕਰਦਾ ਹੈ ਅਤੇ ਇਸ ਸੰਬੰਧੀ ਆਪਣੇ ਵਿਚਾਰ ਦੱਸਦਾ ਹੈ। ਉਹ ਕਵਿਤਾ, ਕਵੀ ਤੇ ਅਨੁਭਵ ਦੇ ਆਪਸੀ ਸੰਬੰਧਾਂ ਦੀ ਗੱਲ ਕਰਦਾ ਕਹਿੰਦਾ ਹੈ:

ਕਵਿਤਾ ਲਈ ਵਰਤਮਾਨ ਵਾਸਤਵ ਦਾ ਗਿਆਨ ਬਹੁਤ ਜ਼ਰੂਰੀ ਹੈ। ਇਸ ਗਿਆਨ ਦਾ ਆਧਾਰ ਅੱਗੋਂ ਕਵੀ ਦੇ ਅਨੁਭਵ ਤੇ ਕਰਣੀ ਉੱਤੇ ਹੁੰਦਾ ਹੈ। ਪਰ ਕਵਿਤਾ ਦੇ ਮੰਤਵ ਲਈ ਨਿੱਜੀ ਅਨੁਭਵ ਕਾਫੀ ਨਹੀਂ।।69॥

ਸੇਖੋਂ ਕਵਿਤਾ ਵਿਚਲੀ ਕਲਪਨਾ ਤੇ ਅਨੁਭਵ ਨੂੰ ਬੁੱਧੀ ਨਾਲ ਸੰਬੰਧਿਤ ਸ਼ਕਤੀਆਂ ਮੰਨਦਾ ਹੈ। ਸੇਖੋਂ ਦੀ ਵਿਚਾਰਧਾਰਾ ਵਿਚ ਅਨੁਭਵ ਸੰਬੰਧੀ ਡਾ. ਹਰਿਭਜਨ ਸਿੰਘ ਦੇ ਵਿਚਾਰ ਹਨ ਕਿ:

ਦਵੰਦਾਤਮਕ ਪਦਾਰਥਵਾਦ ਦੇ ਪ੍ਰਭਾਵ ਅਧੀਨ ਸੇਖੋਂ ਸਾਹਿਬ ਨੇ ਕਵਿਤਾ ਦੀ ਪਰਿਭਾਸ਼ਾ ਪੇਸ਼ ਕੀਤੀ ਹੈ। ਉਸ ਵਿਚ ਇਸਦੀ ਸੂਖਮਤਾ ਅਤੇ ਵਿਹਾਰਕ ਜੀਵਨ ਦੇ ਧਰਾਤਲ ਤੇ ਉਸਰੇ ਬੌਧਿਕ ਅਤੇ ਭਾਵੁਕ ਉਸਾਰ ਲਈ ਇਸਦੀ ਉਪਯੋਗਤਾ ਤੇ ਜ਼ੋਰ ਦਿੱਤਾ ਗਿਆ ਹੈ। ਕਾਰਨ ਇਸਦਾ ਇਹ ਹੈ ਕਿ ਵਸਤੂ ਵਜੋਂ ਇਹ ਅਨੁਭਵ ਨੂੰ ਸਵੀਕਾਰ ਕਰਦੀ ਹੈ। ਜਿਸਦੀ ਵਿਆਖਿਆ ਇਤਿਹਾਸਕ ਪਦਾਰਥਵਾਦ ਦੇ ਸੰਕਲਪਾਂ ਅਧੀਨ ਵਿਕਸਿਤ

ਕੀਤੀ ਗਈ ਹੈ ਕਿਉਂਕਿ ਅਨੁਭਵ ਨਿੱਜੀ ਹੋਣ ਦੀ ਥਾਂ ਸਮਾਜਿਕ ਹੁੰਦਾ ਹੈ, ਇਸ ਲਈ ਇਸ "ਸਧਾਰਣ ਬੁੱਧੀ, ਮਨੋਭਾਵ, ਆਸ਼ੇ, ਸੰਕਲਪ ਤੇ ਅੰਤਹਕਰਣ ਦੀਆਂ ਹੋਰ ਸ਼ਕਤੀਆਂ ਸਭ ਕੰਮ ਕਰਦੇ" ਤਸੱਵਰ ਕੀਤੇ ਜਾਂਦੇ ਹਨ। ਅਨੁਭਵ ਬਾਰੇ ਇਹ ਸੇਖੋਂ ਦਾ ਸਾਹਿਬ ਦਾ ਜਟਿਲ ਦ੍ਰਿਸ਼ਟੀਕੋਣ ਹੈ।।70॥

ਸੇਖੋਂ ਕਵਿਤਾ ਤੇ ਅਨੁਭਵ ਦੀ ਗੱਲ ਕਰਦਿਆਂ, ਕਵਿਤਾ ਵਿਚ ਕੰਮ ਕਰਨ ਵਾਲੀਆਂ ਅੰਤਹਕਰਣ ਸ਼ਕਤੀਆਂ ਵਿੱਚੋਂ ਸਭ ਤੋਂ ਮਹਾਨ ਅਨੁਭਵ ਨੂੰ ਮੰਨਦਾ ਹੈ:

ਅੱਜ ਕੱਲ ਜਿਸ ਕਵਿਤਾ ਨੂੰ ਉੱਤਮ ਤੇ ਪ੍ਰਭਾਵਸ਼ਾਲੀ ਕਿਹਾ ਜਾਂਦਾ ਹੈ, ਉਸ ਵਿਚ ਦਸਾਂ ਵਿਚੋਂ ਨੌਂ ਵਾਰੀ ਕਾਰਕ ਗੁਣ ਅਨੁਭਵ ਦਾ ਹੀ ਹੁੰਦਾ ਹੈ।।71॥

ਸੇਖੋਂ 'ਸਾਹਿਤਿਆਰਥ' ਵਿਚਲੇ ਲੇਖ 'ਕਵਿਤਾ ਤੇ ਅਨੁਭਵ' ਵਿਚ ਕਵੀ ਦੇ ਯੋਗ ਅਨੁਭਵ ਦੀ ਗੱਲ ਕਰਦਾ ਹੈ। ਉਸਨੂੰ ਸ਼ਿਕਾਇਤ ਹੈ ਕਿ ਕਿਸੇ ਕਵੀ ਪਾਸ ਯੋਗ ਭਾਂਤ ਦਾ ਅਨੁਭਵ ਨਹੀਂ ਹੈ। ਸੇਖੋਂ ਲਈ ਕਵਿਤਾ ਤੋਂ ਪਹਿਲਾਂ ਦੀ ਲੋੜੀਂਦੀ ਸ਼ਰਤ ਅਨੁਭਵ ਹੈ। ਉਸ ਅਨੁਸਾਰ ਅਨੁਭਵ ਦੀ ਅਣਹੋਂਦ ਕਾਰਣ ਜੇਕਰ ਕੋਈ ਕਿਸੇ ਨਵੇਂ ਦਾਇਰੇ ਲਈ ਨਵੀ ਤਰਜ਼ ਦੀ ਕਵਿਤਾ ਲਿਖੇਗਾ ਤਾਂ ਉਹ ਉਸ ਨਵੇਂ ਦਾਇਰੇ ਨੂੰ ਪਸੰਦ ਨਹੀਂ ਆਏਗੀ:

ਜੇ ਭਾਈ ਵੀਰ ਸਿੰਘ ਜਾਂ ਲਾਲਾ ਧਨੀ ਰਾਮ ਚਾਤ੍ਰਿਕ ਕੋਈ ਕਵਿਤਾ ਕਿਸਾਨ ਮਜ਼ਦੂਰ ਦੀ ਕਿਸੇ ਸਮੱਸਿਆ ਉੱਤੇ ਲਿਖਣ ਜਾਂ ਸ਼ਰਫ ਜਾਂ ਵਿਧਾਤਾ ਸਿੰਘ ਧੀਰ ਜਾਂ ਹਰਿੰਦਰ ਸਿੰਘ ਰੂਪ ਕੋਈ ਇਨਕਲਾਬੀ ਵਿਸ਼ੇ ਵਾਲੀ ਕਵਿਤਾ ਲਿਖਣ ਤਾਂ ਅਸਰ ਓਪਰ ਦੱਸੇ ਅਨੁਸਾਰ ਹੋਵੇਗਾ।।72॥

ਸੇਖੋਂ ਕਵੀ ਦੀ ਕਿਰਤ ਨੂੰ ਜਾਨਣ ਤੋਂ ਪਹਿਲਾਂ ਉਸਦੀ ਨਸਲ ਜਾਂ ਦਾਇਰੇ ਨੂੰ ਤਰਜੀਹ ਦਿੰਦਾ ਹੈ। ਸੇਖੋਂ ਅੱਗੇ ਇਨਕਲਾਬੀ ਅਨੁਭਵ ਅਤੇ ਅਧਿਆਤਮਕ ਅਨੁਭਵ ਦੀ ਗੱਲ ਕਰਦਿਆਂ ਇਹਨਾਂ ਨੂੰ ਆਪਸ ਵਿਚ ਰਲਗੱਡ ਕਰਨ ਦੀ

ਕੋਸ਼ਿਸ਼ ਕਰਦਾ ਪ੍ਰਤੀਤ ਹੁੰਦਾ ਹੈ। ਅਧਿਆਤਮਕ ਅਨੁਭਵ ਦੀ ਕਸਵੱਟੀ ਕਿਸ ਤਰ੍ਹਾਂ ਦੀ ਹੋਵੇ? ਇਸ ਪ੍ਰਸ਼ਨ ਦੇ ਉਤਰ ਵਿਚ ਉਹ ਇਸਨੂੰ ਜੀਵਨ ਸੰਗ੍ਰਾਮ ਨਾਲ ਜੋੜ ਕੇ ਇਨਕਲਾਬੀ ਰੰਗਤ ਦਿੰਦਾ ਹੈ:

ਕੋਈ ਅਧਿਆਤਮਕ ਪੁਰਸ਼ ਜਾਂ ਕਵੀ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ ਜੇ ਉਸਨੇ ਜੀਵਨ-ਸੰਗ੍ਰਾਮ ਵਿਚ ਹਿੱਸਾ ਨਾ ਪਾਇਆ ਹੋਵੇ। ਅਸਲ ਵਿਚ ਕਿਸੇ ਪੁਰਸ਼ ਦੇ ਅਧਿਆਤਮਕ ਗੁਣਾਂ ਦੀ ਪਰਖ ਹੁੰਦੀ ਹੈ, ਜੀਵਨ-ਸੰਗਰਾਮ ਦੀ ਕਸਵੱਟੀ ਉੱਤੇ।।73॥

ਉਸਦਾ ਇਹ ਵਿਚਾਰ ਦੋ-ਪੱਖੀ ਅਨੁਭਵ-ਸਾਂਝ ਉਪਰ ਆਧਾਰਿਤ ਹੈ। ਕਿਉਂਕਿ ਉਹ ਅਧਿਆਤਮਕ ਕਵਿਤਾ ਅਤੇ ਇਨਕਲਾਬੀ ਦਾਇਰੇ ਦੀ ਸਾਂਝ ਨੂੰ ਦਰਸਾਉਂਦਾ ਹੈ।

ਸੇਖੋਂ ਸਾਹਿਤਿਆਰਥ ਵਿਚ ਸਾਹਿਤ ਦੇ ਅਨੁਭਵ ਦੀ ਗੱਲ ਕਰਦਿਆਂ ਪੁਰਾਣੀ ਤੇ ਨਵੀਂ ਕਵਿਤਾ ਵਿਚ ਵੱਡਾ ਭੇਦ ਅਨੁਭਵ ਨੂੰ ਦੱਸਦਾ ਹੈ। ਪੁਰਾਣੀ-ਨਵੀਂ ਕਵਿਤਾ ਦੇ ਅਨੁਭਵ ਨੂੰ ਦਰਸਾਉਂਦਿਆਂ ਉਹ ਇਸ ਵਿਚਲੀ ਉੱਚੀ ਸ਼੍ਰੇਣੀ ਦੀ ਕਵਿਤਾ ਦੇ ਅਨੁਭਵ ਨੂੰ ਪੂਰਣ ਅਨੁਭਵ ਸਵੀਕਾਰ ਨਹੀਂ ਕਰਦਾ:

ਪੁਰਾਣੀ ਕਵਿਤਾ ਵਿਚ ਅਨੁਭਵ ਇਤਨਾ ਵਿਸ਼ਾਲ ਜਾਂ ਡੂੰਘਾ ਨਹੀਂ ਸੀ ਹੁੰਦਾ ਜਿਤਨਾ ਨਵੀਂ ਕਵਿਤਾ ਵਿਚ। ਇਕ ਕਾਰਨ ਇਸਦਾ ਇਹ ਸੀ ਕਿ ਪੁਰਾਣੀ ਕਵਿਤਾ ਵਧੇਰੇ ਕਰਕੇ ਉੱਚੀਆਂ ਸ਼੍ਰੇਣੀਆਂ ਦੀ ਕਵਿਤਾ ਹੁੰਦੀ ਸੀ। ਉੱਚੀਆਂ ਸ਼੍ਰੇਣੀਆਂ ਦਾ ਅਨੁਭਵ ਜੀਵਨ ਦਾ ਪੂਰਣ ਅਨੁਭਵ ਨਹੀਂ ਹੁੰਦਾ। ਇਸਦੇ ਕੁੱਝ ਪੱਖਾਂ ਦਾ ਅਨੁਭਵ ਹੀ ਹੁੰਦਾ ਹੈ।।74॥

ਸੇਖੋਂ ਉੱਚੀ ਸ਼੍ਰੇਣੀ ਦੀ ਕਵਿਤਾ ਵਿਚਲੇ ਅਨੁਭਵ ਦੀ ਗੱਲ ਕਰਦਿਆਂ ਰਾਜਸੀ ਸੰਗ੍ਰਾਮ ਦੇ ਸੰਦਰਭ ਵਿਚ ਕਹਿੰਦਾ ਹੈ ਕਿ ਉਸ ਸਮੇਂ ਲਿਖੀ ਜਾਣ ਵਾਲੀ ਕਵਿਤਾ ਦਾ ਅਨੁਭਵ ਸੌੜਾ ਸੀ ਕਿਉਂਕਿ ਉਸ ਸਮੇਂ ਰਾਜਸੀ ਸੰਗ੍ਰਾਮ ਜਾਂ ਯੁੱਧਾਂ ਵਿਚ ਜਿੱਤੇ ਰਾਜਕੁਮਾਰਾਂ ਦੀ ਪ੍ਰਸੰਸਾ ਅਤੇ ਹਾਰਿਆਂ ਪ੍ਰਤੀ ਹਮਦਰਦੀ ਦੇ ਭਾਵ ਹੀ ਕਵਿਤਾ ਵਿਚ ਅੰਕਿਤ ਮਿਲਦੇ ਹਨ। ਇਸਦਾ ਮੰਤਵ ਉੱਚੀ ਸ਼੍ਰੇਣੀ ਦਾ ਗੁਣਗਾਇਨ ਕਰਨਾ ਹੀ ਸੀ:

ਅਜਿਹੀ ਕਵਿਤਾ ਇਕ ਰਿਵਾਜੀ ਜਿਹੀ ਚੀਜ਼ ਹੁੰਦੀ ਸੀ। ਇਸਦਾ ਅਨੁਭਵ ਇਕ ਸੌੜਾ ਜਿਹਾ ਅਨੁਭਵ ਹੁੰਦਾ ਸੀ। ਇਸ ਵਿਚ ਸਾਰੀ ਜਾਤੀ ਤੇ ਜਨਤਾ ਨੂੰ ਹਲੂਣਾ ਦੇਣ ਵਾਲਾ ਕੋਈ ਪ੍ਰਕਰਣ ਨਹੀਂ ਸੀ ਹੁੰਦਾ। ਇਸ ਕਾਰਣ ਜੋ ਕਵਿਤਾ ਆਦਿ ਲਿਖੀ ਜਾਂਦੀ ਸੀ, ਉਸਦਾ ਮੰਤਵ ਉੱਚੀਆਂ ਸ਼੍ਰੇਣੀਆਂ ਦਾ ਆਨੰਦ ਜਾਂ ਰੰਚਨ ਹੀ ਹੁੰਦਾ ਸੀ।।75॥

ਸੇਖੋਂ ਪੁਰਾਤਨ ਕਾਵਿ ਵਿਚ ਇਸ਼ਕ ਦੇ ਅਨੁਭਵ ਦੀ ਗੱਲ ਕਰਦਿਆਂ ਦੱਸਦਾ ਹੈ ਕਿ ਉਸ ਸਮੇਂ ਇਸ਼ਕ ਦਾ ਅਨੁਭਵ ਸੌੜਾ ਸੀ ਤੇ ਪ੍ਰੇਮ ਕਰਨਾ ਇਸਤਰੀ ਦਾ ਫ਼ਰਜ਼ ਮੰਨਿਆ ਜਾਂਦਾ ਸੀ। ਸੇਖੋਂ ਦੁਆਰਾ ਕਿਹਾ ਗਿਆ ਹੈ ਕਿ ਉਸ ਸਮੇਂ ਬਾਗੀ ਧਿਰਾਂ ਦੀ ਹੋਂਦ ਵਿਚ ਹੀ ਇਹ ਇਸ਼ਕ ਇਸਤਰੀ ਪੁਰਖ ਵਿਚ ਪਰਸਪਰ ਭਗਤੀ ਦਾ ਰੂਪ ਧਾਰਨ ਕਰਦਾ ਸੀ ਤੇ ਇਹ ਭਗਤੀ ਪ੍ਰਧਾਨਤਾ ਇਸਤਰੀ ਨੂੰ ਪ੍ਰਾਪਤ ਸੀ। ਫਿਰ ਸੇਖੋਂ ਉਸ ਸਮੇਂ ਦੇ ਇਸ਼ਕ ਦੇ ਅਨੁਭਵ ਦੇ ਸੱਚਾ ਜਾਂ ਰਸਮੀ ਹੋਣ ਸੰਬੰਧੀ ਆਪਣਾ ਵਿਚਾਰ ਪ੍ਰਗਟ ਕਰਦਾ ਹੈ:

ਸੱਚੇ ਅਰਥਾਂ ਵਿਚ ਇਹ ਕੋਈ ਬਲਵਾਨ ਅਨੁਭਵ ਨਹੀਂ ਸੀ ਹੋ ਸਕਦਾ, ਇਸਤ੍ਰੀ ਪੁਰਖ ਦੋਹਾਂ ਦੀ ਹਾਲਤ ਵਿਚ। ਜਿਥੇ ਇਸਤ੍ਰੀ ਪੁਰਖ ਦਾ ਪਰਸਪਰ ਸੰਬੰਧ ਇਹ ਹੀ ਹੋਵੇ ਕਿ ਇਸਤ੍ਰੀ ਭਗਤ ਜਾਂ ਦਾਸੀ ਹੈ ਤੇ ਪੁਰਖ ਭਗਵਾਨ ਜਾਂ ਪ੍ਰਭੂ ਉੱਥੇ ਕਿਸੇ ਧਿਰ ਵਿਚ ਵੀ ਕੋਈ ਸ਼ਕਤੀਮਾਨ ਅਨੁਭਵ, ਕੋਈ ਬਲਵਾਨ ਉਤਕੰਠਾ ਘੱਟ ਹੀ ਹੋ ਸਕਦੀ ਹੈ।।76॥

ਸੇਖੋਂ ਆਧੁਨਿਕ ਕਾਵਿ ਵਿਚ ਅਨੁਭਵ ਦੀ ਹੋਂਦ ਦੀ ਗੱਲ ਕਰਦਿਆਂ ਕਹਿੰਦਾ ਹੈ ਕਿ ਆਧੁਨਿਕ ਦੌਰ ਦੀ ਕਵਿਤਾ ਵਿਚ ਜੋ ਕੁੱਝ ਨਿਆਇ ਰਾਹੀਂ ਕਿਹਾ ਜਾ ਸਕਦਾ ਸੀ, ਹੁਣ ਗਦ ਵਿਚ ਕਿਹਾ ਜਾਣ ਲਗ ਪਿਆ ਹੈ। ਉਹ ਭਾਈ ਵੀਰ ਸਿੰਘ ਨੂੰ ਅਨੁਭਵ ਦੀ ਕਵਿਤਾ ਲਿਖਣ ਵਾਲਾ ਪਹਿਲਾ ਕਵੀ ਜਾਂ ਆਗੂ ਮੰਨਦਾ ਹੈ:

ਭਾਈ ਵੀਰ ਸਿੰਘ ਪੰਜਾਬੀ ਵਿਚ ਅਨੁਭਵ ਦੀ ਕਵਿਤਾ ਦੇ ਮੋਢੀ ਲਿਖਾਰੀਆਂ ਵਿਚੋਂ ਹਨ,ਇਸਦਾ ਭਾਵ ਜ਼ਰੂਰੀ ਇਹ ਨਹੀਂ ਕਿ ਆਪ ਉੱਚੇ ਅਨੁਭਵ ਦੀ ਕਵਿਤਾ ਲਿਖਦੇ ਹਨ ਭਾਵ ਇਹ ਹੈ ਕਿ ਵਿਅਕਤੀਗਤ, ਨਿੱਜੀ ਅਨੁਭਵ, ਭਾਵੇਂ ਬਹੁਤ ਕਰਕੇ ਇਹ ਕੁਝ ਪੇਤਲਾ ਜਿਹਾ ਅਨੁਭਵ ਹੈ, ਪੰਜਾਬੀ ਕਵਿਤਾ ਵਿਚ ਪਹਿਲੀ ਵਾਰੀ ਵਧੇਰਾ ਭਾਗ ਬਣ ਕੇ ਭਾਈ ਵੀਰ ਸਿੰਘ ਰਾਹੀਂ ਆਇਆ ਹੈ।।77॥

ਦੂਸਰਾ ਭਰਪੂਰ ਅਨੁਭਵ ਵਾਲਾ ਕਵੀ ਸੇਖੋਂ ਪ੍ਰੋ. ਪੂਰਨ ਸਿੰਘ ਨੂੰ ਕਹਿੰਦਾ ਹੈ। ਸੇਖੋਂ ਮੰਨਦਾ ਹੈ ਕਿ ਪੂਰਨ ਸਿੰਘ ਦੀ ਕਵਿਤਾ ਵਿਚ ਅਨੁਭਵ ਦੀ ਬਹੁਲਤਾ ਹੈ ਜੋ ਇਸਨੂੰ ਨਿਰਾਲਾ ਰੰਗ ਦਿੰਦੀ ਹੈ ਤੇ ਉਸਦੇ ਅਨੁਭਵ ਵਿਚਲੀ ਵਿਸ਼ਾਲਤਾ ਹੈਰਾਨੀਜਨਕ ਹੈ:

ਪੂਰਨ ਸਿੰਘ ਦੀ ਕਵਿਤਾ ਨੂੰ ਜੇ ਨਿਰੋਲ ਅਨੁਭਵ ਦੀ ਕਵਿਤਾ ਕਿਹਾ ਜਾਵੇ ਤਾਂ ਕੋਈ ਬਹੁਤ ਅਨਰਥ ਨਹੀਂ। ਘੱਟ ਤੋਂ ਘੱਟ ਇਸ ਵਿਚ ਅਨੁਭਵ ਦਸਾਂ ਵਿਚੋਂ ਨੌਂ ਹਿੱਸੇ ਜ਼ਰੂਰ ਹੀ ਹੋਵੇਗਾ।।78॥

ਪੂਰਨ ਸਿੰਘ ਦਾ ਮਸਤ ਅਨੁਭਵ ਇਕ ਅਚੰਭੇ ਵਾਲਾ ਚਮਤਕਾਰ ਹੈ। ਇਸ ਮਸਤੀ ਨਾਲ ਬੁੱਧੀ ਦਾ ਸੰਯੋਗ ਇਸਨੂੰ ਇਕ ਆਮ ਸੂਫ਼ੀ ਦੀ ਮਸਤੀ ਨਾਲੋਂ ਵਧੇਰੇ ਪ੍ਰਯੋਗੀ ਭਾਵ ਤੇ ਅਨੁਭਵ ਦਾ ਵਸੀਲਾ ਬਣਾ ਦਿੰਦਾ ਹੈ।।79॥

ਸੇਖੋਂ ਅੱਗੇ 'ਸਾਹਿਤਿਅਰਥ' ਪੁਸਤਕ ਵਿਚ ਅਨੁਭਵ ਵਿਚ ਚੇਤਨਤਾ ਦੀ ਗੱਲ ਕਰਦਿਆਂ ਅਨੁਭਵ ਨੂੰ ਨਿਆਇ ਤੇ ਕਲਪਨਾ ਤੋਂ ਡੂੰਘੀ ਸ਼ਕਤੀ ਮੰਨਦਾ ਹੈ। ਉਹ ਇਹ ਵੀ ਮੰਨਦਾ ਹੈ ਕਿ ਕਵੀ ਨੂੰ ਗਿਆਨ ਗ੍ਰਹਿਣ ਕਰਨ ਉੱਤੇ ਜ਼ੋਰ ਦੇਣਾ ਚਾਹੀਦਾ ਹੈ:

ਇਸ ਉੱਤੇ ਇਤਿਹਾਸ, ਸਾਹਿਤ, ਕਲਾ, ਦਰਸ਼ਨ ਅਤੇ ਵਿਗਿਆਨ ਆਦਿ ਬਹੁਤ ਚੀਜ਼ਾਂ ਦਾ ਪ੍ਰਭਾਵ ਪੈਂਦਾ ਹੈ ਅਤੇ ਜਿਤਨਾ ਕੋਈ ਕਵੀ ਵਿਦਵਾਨ, ਇਤਿਹਾਸ ਦਾ ਪ੍ਰੇਮੀ, ਦਰਸ਼ਨ ਅਤੇ ਵਿਚਾਰ ਪ੍ਰਬੰਧ ਦਾ ਜਾਣੂੰ ਹੋਵੇਗਾ ਉਤਨਾ ਹੀ ਉਸਦਾ ਅਨੁਭਵ ਬਲਵਾਨ ਹੋਵੇਗਾ।।80॥

ਸਾਹਿਤਿਆਰਥ ਵਿਚ ਸਾਹਿਤ ਦੇ ਅਨੁਭਵ ਦੀ ਪੇਸ਼ਕਾਰੀ ਪ੍ਰਮੁੱਖ ਰੂਪ ਵਿਚ ਹੋਈ ਹੈ। ਇਸ ਵਿਚ ਕਲਪਨਾ ਤੇ ਅਨੁਭਵ ਦੀ ਪੇਸ਼ਕਾਰੀ ਨੂੰ ਪਰਿਭਾਸ਼ਿਤ ਕਰਦੇ ਹੋਏ ਦੱਸਿਆ ਗਿਆ ਹੈ ਕਿ ਅਨੁਭਵ ਨਿੱਜੀ ਨਾ ਹੋ ਕੇ ਸਮਾਜਿਕ ਪ੍ਰਕਿਰਿਆ ਹੈ। ਸੇਖੋਂ ਕਵਿਤਾ ਵਿਚ ਅਨੁਭਵ ਨੂੰ ਸਭ ਤੋਂ ਮਹਾਨ ਗੁਣ ਮੰਨਦਾ ਹੈ। ਉਸ ਅਨੁਸਾਰ ਕਵੀ ਲਈ ਅਨੁਭਵ ਅਤਿ ਜਰੂਰੀ ਹੈ। ਸਾਹਿਤਿਆਰਥ ਵਿਚ ਦੱਸਿਆ ਗਿਆ ਹੈ ਕਿ ਪੁਰਾਣੀ ਤੇ ਨਵੀਂ ਕਵਿਤਾ ਵਿਚ ਵੱਖਰੇਵੇਂ ਦਾ ਜਨਮ ਵੀ ਅਨੁਭਵ ਹੀ ਹੈ। ਇਸ ਵਿਚ ਇਸ਼ਕ ਦੇ ਅਨੁਭਵ, ਇਨਕਲਾਬੀ ਅਨੁਭਵ, ਅਧਿਆਤਮਕ ਅਨੁਭਵ ਬਾਰੇ ਪ੍ਰਮੁੱਖ ਚਰਚਾ ਕੀਤੀ ਗਈ ਹੈ। ਇਸ ਪ੍ਰਕਾਰ ਸਾਹਿਤਿਆਰਥ ਪੁਸਤਕ ਵਿਚ ਅਨੁਭਵ ਦੇ ਵਿਭਿੰਨ ਪੱਖਾਂ ਨੂੰ ਪੇਸ਼ ਕੀਤਾ ਹੈ ਅਤੇ ਅਨੁਭਵ ਨੂੰ ਸਾਹਿਤ ਦੀ ਮਹੱਤਵਪੂਰਨ ਤੇ ਲੋੜੀਦੀ ਜਰੂਰਤ ਦੱਸਿਆ ਹੈ।

### 4.5 ਭਾਰਤੀ ਕਾਵਿ-ਸ਼ਾਸਤਰ

ਸੰਤ ਸਿੰਘ ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਮਾਰਕਸਵਾਦੀ ਅਤੇ ਭਾਰਤੀ ਕਾਵਿ-ਸ਼ਾਸਤਰ ਰਾਹੀਂ ਆਪਣੀ ਅਧਿਐਨ ਦ੍ਰਿਸ਼ਟੀ ਉਜਾਗਰ ਕਰਦਾ ਹੈ। ਮਾਰਕਸਵਾਦੀ ਅਤੇ ਭਾਰਤੀ ਕਾਵਿ-ਸ਼ਾਸਤਰ ਇਕ ਦੂਜੇ ਤੋਂ ਬਿਲਕੁਲ ਵੱਖਰੇ ਸਿਸਟਮ ਹਨ ਪਰ ਸੇਖੋਂ ਆਪਣੀ ਸਮੀਖਿਆ ਦ੍ਰਿਸ਼ਟੀ ਵਿਚ ਇਹਨਾਂ ਨੂੰ ਮਿਸ਼ਰਿਤ ਰੂਪ ਵਿਚ ਵਰਤਦਾ ਹੈ। ਸੇਖੋਂ ਦੀ

ਮਾਰਕਸਵਾਦੀ ਸਮੀਖਿਆ ਵਿਧੀ ਵਸਤੂ ਤੇ ਰੂਪ ਦੇ ਦਵੰਦ ਦੇ ਆਧਾਰ ਤੇ ਸਾਡੇ ਸਾਹਮਣੇ ਆਉਂਦੀ ਹੈ। ਉਸਦੀ ਅਧਿਐਨ ਵਿਧੀ ਦਾ ਆਧਾਰ ਮਾਰਕਸਵਾਦ ਹੈ ਪਰ ਰੂਪ ਦੀ ਦ੍ਰਿਸ਼ਟੀ ਤੋਂ ਉਹ ਭਾਰਤੀ ਕਾਵਿ-ਸ਼ਾਸਤਰ ਨੂੰ ਆਪਣੀ ਸਮੀਖਿਆ ਦਾ ਆਧਾਰ ਬਣਾਉਂਦਾ ਹੈ।

ਭਾਰਤੀ ਕਾਵਿ-ਸ਼ਾਸਤਰ ਅਧੀਨ ਸੇਖੋਂ ਛੰਦ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਆਰੰਭ ਦੇ ਦੌਰ ਵਿਚ ਵਿਦਵਾਨ ਕਵਿਤਾ ਦਾ ਛੰਦ ਨਾਲ ਸੰਬੰਧ ਅਨਿੱਖੜ ਮੰਨਦੇ ਹਨ ਪਰ ਸਮੇਂ ਦੇ ਨਾਲ-ਨਾਲ ਛੰਦ ਬਾਰੇ ਕਵੀਆ ਤੇ ਆਲੋਚਕਾਂ ਦੇ ਵਿਚਾਰ ਬਦਲਦੇ ਰਹੇ ਹਨ। ਸੇਖੋਂ ਛੰਦ ਦੀ ਗੱਲ ਕਰਦਿਆਂ ਇਸਨੂੰ ਕਵਿਤਾ ਦਾ ਸਰੀਰ ਮੰਨਦਾ ਹੈ। ਇਸ ਬਾਰੇ ਉਹ ਕਹਿੰਦਾ ਹੈ:

ਛੰਦ ਕਵਿਤਾ ਦਾ ਸਰੀਰ ਹੈ... ਗੁਣ ਅਤੇ ਰੂਪ ਦਾ ਆਤਮਾ ਅਤੇ ਸਰੀਰ ਵਾਲਾ ਸੰਬੰਧ ਹੈ, ਉਹ ਸੰਬੰਧ ਕਵਿਤਾ ਅਤੇ ਛੰਦ ਦਾ ਸਮਝਣਾ ਚਾਹੀਦਾ ਹੈ।।81॥

ਵਿਦਵਾਨਾਂ ਦੁਆਰਾ ਛੰਦ ਦਾ ਸੰਬੰਧ ਕਾਵਿ ਦੇ ਵਜ਼ਨ, ਤੋਲ ਤੇ ਮਾਪ ਨਾਲ ਕੀਤਾ ਗਿਆ ਹੈ। ਛੰਦ ਨਿਯਮਾਂ ਵਿਚ ਵਿਚਰਦੇ ਹਨ ਅਤੇ ਇਹਨਾਂ ਵਿਚ ਮਾਤਰਾ, ਅੱਖਰਾਂ, ਵਿਸ਼ਰਾਮ ਦੀ ਖਾਸ ਗਿਣਤੀ/ਮਾਪ ਹੁੰਦਾ ਹੈ। ਸੇਖੋਂ ਵੀ ਛੰਦ ਬਾਰੇ ਇਹਨਾਂ ਵਿਚਾਰਾਂ ਦਾ ਧਾਰਨੀ ਹੈ। ਉਹ ਕਵਿਤਾ ਦਾ ਰਾਗ ਨਾਲੋਂ ਨਿਖੇੜ ਵੀ ਛੰਦ ਕਰਕੇ ਹੀ ਮੰਨਦਾ ਹੈ। ਸੇਖੋਂ ਦਾ ਮੰਨਣਾ ਹੈ ਕਿ ਛੰਦ ਦੀ ਉਪਜ ਤੋਂ ਪਹਿਲਾਂ ਕਵਿਤਾ ਰਾਗ ਮਿਸ਼ਰਤ ਸੀ ਅਤੇ ਛੰਦ ਦੇ ਜਨਮ ਨਾਲ ਕਵਿਤਾ ਰਾਗ ਮੁਕਤ ਹੋ ਗਈ। ਇਸ ਤਰ੍ਹਾਂ ਉਹ ਛੰਦ ਨੂੰ ਰਾਗ ਨਾਲੋਂ ਵੱਖ ਸਮਝਦਾ ਹੈ।

ਭਾਰਤੀ ਸਾਹਿਤ ਦੇ ਅੰਤਰਗਤ ਸੇਖੋਂ ਅਲੰਕਾਰ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਅਲੰਕਾਰ ਸੰਬੰਧੀ ਸੇਖੋਂ ਚਿੰਤਨ 'ਬਾਹਰ-ਤਾਰਕਿਕ' ਅਭਿਵਿਅੰਜਨ ਦਾ ਧਾਰਨੀ ਹੈ। ਬਾਹਰ ਤਾਰਕਿਕ ਅਭਿਵਿਅੰਜਨਾਂ ਦੇ ਅੰਤਰਗਤ ਸੇਖੋਂ ਸ਼ੇਖ ਫਰੀਦ ਦੀ ਤੁਕ 'ਹਥ ਨ ਲਾਈ ਕਸੁੰਭੜੇ' ਦੀ ਉਦਾਹਰਣ ਦਿੰਦਾ ਹੈ। ਸੇਖੋਂ ਅਲੰਕਾਰ ਬਾਰੇ ਆਪਣੇ ਵਿਭਿੰਨ ਮੱਤ ਪ੍ਰਗਟ ਕਰਦਾ ਹੈ। ਸੇਖੋਂ ਅਲੰਕਾਰ ਨੂੰ ਕਵਿਤਾ ਦਾ ਸੁਭਾਅ ਅਤੇ ਕਵਿਤਾ ਦਾ ਗਹਿਣਾ ਮੰਨਦਾ ਹੈ। ਸੇਖੋਂ ਦਾ ਮੰਨਣਾ ਹੈ ਕਿ ਅਲੰਕਾਰ ਕਵਿਤਾ ਨੂੰ ਵਾਰਤਕ ਨਾਲੋਂ ਵੱਖਰਾ ਕਰਦਾ ਹੈ ਅਤੇ ਇਸਨੂੰ ਵਿਸ਼ੇਸ਼ਤਾ ਦਿਵਾਉਂਦਾ ਹੈ। ਇਸ ਬਾਰੇ ਸੇਖੋਂ ਲਿਖਦਾ ਹੈ:

ਅਲੰਕਾਰ ਕਵਿਤਾ ਦਾ ਕੇਵਲ ਗਹਿਣਾ ਹੀ ਨਹੀ... ਸਗੋਂ ਅਲੰਕਾਰ ਕਵਿਤਾ ਦਾ ਸੁਭਾਵ ਹੈ ਜਿਸਤੋਂ ਬਿਨਾਂ ਛੰਦ ਕਵਿਤਾ ਨਹੀਂ ਅਖਵਾ ਸਕਦਾ।।82॥

ਜਿਸ ਤਰ੍ਹਾਂ ਛੰਦ ਰਹਿਤ ਕਵਿਤਾ ਸੰਭਵ ਹੈ, ਸੇਖੋਂ ਦੁਆਰਾ ਅਲੰਕਾਰ ਰਹਿਤ ਕਵਿਤਾ ਦੀ ਵੀ ਕਲਪਨਾ ਕੀਤੀ ਗਈ ਹੈ। ਗੱਦ ਨਾਲੋਂ ਅਲੰਕਾਰ ਦੇ ਨਿਖੇੜੇ ਦੀ ਗੱਲ ਕੀਤੀ ਜਾਵੇ ਤਾਂ ਗੱਦ ਵਿਚ ਵੀ ਅਲੰਕਾਰਮਈ ਚਿਤਰਨ ਵੇਖਣ ਨੂੰ ਮਿਲਦਾ ਹੈ। ਸੇਖੋਂ ਅੱਗੇ ਅਲੰਕਾਰ ਬਾਰੇ ਲਿਖਦਾ ਹੈ:

ਜਿਸ ਤਰ੍ਹਾਂ ਨਾਰੀ ਲਈ... ਅਧਿਕ ਰੂਪ ਵਿਚ ਗਹਿਣੇ ਤੇ ਸ਼ਿੰਗਾਰ ਦੀ ਲੋੜ ਹੈ, ਕਵਿਤਾ ਨੂੰ ਅਲੰਕਾਰ ਦੀ ਲੋੜ ਹੈ।।83॥

ਸੇਖੋਂ ਦੁਆਰਾ ਛੰਦ ਅਤੇ ਅਲੰਕਾਰ ਸੰਬੰਧੀ ਆਪਣੇ ਵਿਚਾਰਾਂ ਨੂੰ ਦ੍ਰਿੜ ਕਰਨ ਲਈ ਭਾਰਤੀ ਕਾਵਿ- ਸ਼ਾਸਤਰ ਦੀ ਮਦਦ ਲਈ ਗਈ ਹੈ। ਜਿਸ ਵਿਚ ਵੱਖ-ਵੱਖ ਰਸ ਉਪਜਾਉਣ ਦੇ ਉਦੇਸ਼ ਅਧੀਨ ਛੰਦ ਤੇ ਅਲੰਕਾਰ ਦੇ ਅਲੱਗ-ਅਲੱਗ ਰੂਪ ਪੂਰਵ ਨਿਸ਼ਚਿਤ ਮੰਨੇ ਹਨ।

ਸੇਖੋਂ ਅੱਗੇ ਭਾਰਤੀ ਕਾਵਿ-ਸ਼ਾਸਤਰ ਦੇ ਅਧੀਨ ਬਿੰਬ ਦੀ ਚਰਚਾ ਕਰਦਾ ਹੈ। ਸੇਖੋਂ ਮੰਨਦਾ ਹੈ ਕਿ ਭਾਵ ਤੇ ਵਿਚਾਰ ਬਿੰਬ ਕਵੀ ਨੂੰ ਮਹਾਨ ਬਣਾਉਂਦੇ ਹਨ। ਸੇਖੋਂ ਦਾ ਮੰਨਣਾ ਹੈ ਕਿ ਬਿੰਬਾਂ ਦੀ ਵਰਤੋਂ ਨਾਲ ਕਵਿਤਾ ਵਿਚ ਇਕ ਵੱਖਰੀ ਤਰ੍ਹਾਂ ਦਾ ਰਸ ਪੈਦਾ ਹੁੰਦਾ ਹੈ। ਇਸ ਬਾਰੇ ਉਸਦਾ ਵਿਚਾਰ ਹੈ:

ਚਿਤਰ ਅਲੰਕਾਰ ਜਾਂ ਬਿੰਬ ਦੀ ਵਰਤੋਂ ਕਵਿਤਾ ਵਿਚ ਇਕ ਅਜਿਹਾ ਰਸ ਲਿਆਂਦੀ ਹੈ ਜੋ ਕਵਿਤਾ ਦੇ ਮੂਲ-ਮਾਧਿਅਮ, ਸ਼ਬਦ ਦਾ ਰਸ ਨਹੀਂ ਹੁੰਦਾ, ਇਹ ਇਕ ਤਰ੍ਹਾਂ ਨਾਲ ਕੋਈ ਬਾਹਰਲਾ ਰਸ ਹੁੰਦਾ ਹੈ।।84॥

ਸੇਖੋਂ ਦਾ ਵਿਚਾਰ ਹੈ ਕਿ ਆਧੁਨਿਕ ਕਾਵਿ ਵਿਚ ਬਿੰਬ ਦਾ ਮਹੱਤਵ ਵਧ ਰਿਹਾ ਹੈ। ਇਸਨੂੰ ਕਾਵਿ- ਕੌਸ਼ਲ ਦਾ ਨਵਾਂ ਭਾਗ ਮੰਨਿਆ ਗਿਆ ਹੈ ਅਤੇ ਕਵਿਤਾ ਦੇ ਸੁਭਾਅ ਦੀ ਪਛਾਣ ਲਈ ਬਿੰਬਾਵਲੀ ਜ਼ਰੂਰੀ ਹੈ। ਇਸ ਤਰ੍ਹਾਂ ਸੇਖੋਂ ਬਿੰਬ ਨੂੰ ਕਵਿਤਾ ਵਿਚ ਰਸ ਉਪਜਾਉਣ ਵਾਲੀ ਸ਼ਕਤੀ ਮੰਨਦਾ ਹੈ।

ਸੇਖੋਂ ਅੱਗੇ ਭਾਰਤੀ ਕਾਵਿ ਸਾਹਿਤ ਦੇ ਅਧੀਨ ਚਿੰਨ੍ਹ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਸੇਖੋਂ ਆਪਣੇ ਚਿੰਤਨ ਵਿਚ ਚਿੰਨਵਾਦ ਨੂੰ ਸਮਾਜਕ ਆਲੋਚਨਾ ਦੇ ਕਰਮ ਵਜੋਂ ਵੇਖਦਾ ਹੈ। ਇਸ ਲਈ ਉਸਨੂੰ ਚਿੰਨ੍ਹ ਦਾ ਸੁਭਾਅ ਰਹੱਸਵਾਦੀ ਪ੍ਰਤੀਤ ਹੁੰਦਾ ਹੈ। ਉਸਦਾ ਮੰਨਣਾ ਹੈ ਕਿ ਜੇਕਰ ਕਵੀ ਇਕੋ ਰਹੱਸ ਵਿਚ ਵਿਚਰਦਾ ਹੈ ਤਾਂ ਉਹ ਅਪਸਾਰਵਾਦੀ ਬਣ ਜਾਂਦਾ ਹੈ। ਜੋ ਕਿ ਉਸਨੂੰ ਮਾਰਕਸਵਾਦੀ ਦ੍ਰਿਸ਼ਟੀ ਦੇ ਉਲਟ ਲੱਗਦਾ ਹੈ। ਸੇਖੋਂ ਚਿੰਨ੍ਹ ਦੇ ਔਗੁਣ ਨੂੰ ਦਰਸਾਉਂਦਾ ਹੈ ਕਿ ਚਿੰਨ੍ਹ ਦਾ ਸੁਭਾਅ ਦੋ ਅਰਥੀ ਹੈ। ਇਸ ਬਾਰੇ ਉਹ ਲਿਖਦਾ ਹੈ:

ਉਹ ਇਕ ਭਾਂਤ ਦਾ ਦੋ-ਅਰਥਾ ਹੋ ਜਾਂਦਾ ਹੈ। ਜੋ ਉਸਦੇ ਸਮਾਜ ਲਈ ਲਾਭਕਾਰੀ ਹੋਣ ਦੀ ਸੰਭਾਵਨਾ ਨੂੰ ਘਟਾਦਾਂ ਹੈ।।85॥

ਇਸ ਤਰ੍ਹਾਂ ਸੇਖੋਂ ਚਿੰਨ੍ਹ ਨੂੰ ਉਸਦੇ ਔਗੁਣਾਂ ਦੇ ਅੰਤਰਗਤ ਨਕਾਰਦਾ ਵੀ ਹੈ ਤੇ ਚਿੰਨ੍ਹ ਨੂੰ ਪ੍ਰਭਾਵਕ ਸ਼ਕਤੀ ਮੰਨਦਿਆ ਸਮਾਜਕ ਨਿੰਦਾ ਦਾ ਮਾਧਿਅਮ ਵੀ ਸਮਝਦਾ ਹੈ।

ਸੇਖੋਂ ਧੁਨੀ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਹਿੰਦਾ ਹੈ ਕਿ ਧੁਨੀ ਵਿਚ ਸ਼ਬਦ ਅਰਥ ਨੂੰ ਪ੍ਰਧਾਨਤਾ ਪ੍ਰਾਪਤ ਨਹੀਂ ਹੁੰਦੀ। ਸੇਖੋਂ ਕਾਵਿ ਵਿਚ ਧੁਨੀ ਨੂੰ ਸੁਭਾਵਕ ਮੰਨਦਾ ਹੈ। ਉਹ ਇਸਨੂੰ ਸੰਗੀਤਕ ਰਸ ਉਪਜਾਉਣ ਵਾਲੀ ਅਤੇ ਅਚੇਤ ਹੋਣ ਵਾਲਾ ਪ੍ਰਗਟਾਉ ਮੰਨਦਾ ਹੈ। ਧੁਨੀ ਸੰਬੰਧੀ ਉਸਦੇ ਵਿਚਾਰ ਭਾਰਤੀ ਕਾਵਿ- ਸ਼ਾਸਤਰ ਤੇ ਅਧਾਰਿਤ ਹਨ। ਸੇਖੋਂ ਇਸ ਸੰਬੰਧੀ ਆਪਣੇ ਵਿਚਾਰ ਦੱਸਦਾ ਹੈ:

ਇਹ ਆਪਣੇ ਸੰਗੀਤਕ ਰਸ ਨਾਲ ਪੰਕਤੀ ਨੂੰ ਮਨੋਹਰ ਬਣਾ ਦੇਂਦਾ ਹੈ, ਤੇ ਕਈ ਵਾਰੀ ਪੜਨ ਵਾਲੇ ਨੂੰ ਇਸਦੀ ਹੋਂਦ ਤੇ ਕਰਮ ਦਾ ਗਿਆਨ ਵੀ ਨਹੀਂ ਹੁੰਦਾ।।86॥

ਸੇਖੋਂ ਧੁਨੀ, ਬਿੰਬ, ਚਿੰਨ੍ਹ ਸੰਬੰਧੀ ਕਹਿੰਦਾ ਹੈ ਕਿ ਇਹਨਾਂ ਪਿੱਛੇ ਤੀਖਣਤਾ, ਨਿਆਇ ਤੇ ਬੁੱਧੀ ਦੀ ਬਹੁਲਤਾ ਅਤੇ ਕਲਪਨਾ ਦੀ ਪਾਣ ਕਾਵਿ ਨੂੰ ਯਥਾਰਥਮੁਖੀ ਤੇ ਸਫਲ ਸਿੱਧ ਕਰਦੇ ਹਨ। ਇਹਨਾਂ ਦੀ ਅਣਹੋਂਦ ਨਾਲ ਕਾਵਿ/ਸਾਹਿਤ ਆਪਣੇ ਸਮਾਜਕ ਕਰਮ ਨੂੰ ਪੂਰੀ ਤਰ੍ਹਾਂ ਨਿਭਾਅ ਨਹੀਂ ਸਕਦਾ।

ਭਾਰਤੀ ਸਾਹਿਤ ਅਧੀਨ ਸੇਖੋਂ 'ਰਸ' ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ। ਸੇਖੋਂ ਦੇ 'ਰਸ' ਸੰਬੰਧੀ ਵਿਚਾਰ ਸ਼੍ਰੇਣੀ ਹਿੱਤਾਂ ਤੋਂ ਪ੍ਰੇਰਿਤ ਹਨ ਤੇ ਸ਼੍ਰੇਣੀ ਹਿੱਤ ਕਿਸੇ ਖਾਸ ਜਮਾਤ ਦੇ ਭਾਵਾਂ ਦੀ ਤ੍ਰਿਪਤੀ ਕਰਮ ਦਾ ਮਾਧਿਅਮ ਮੰਨੇ ਜਾਂਦੇ ਹਨ। ਸੇਖੋਂ ਦਾ ਮੰਨਣਾ ਹੈ ਕਿ 'ਕਲਾ ਕਲਾ ਲਈ' ਦੇ ਸਿਧਾਂਤ ਦਾ ਦੂਜਾ ਰੂਪ ਭਾਰਤੀ ਅਲੋਚਨਾ ਦਾ ਰਸ-ਸਿਧਾਂਤ ਹੈ। ਸੇਖੋਂ ਦਾ ਮੰਨਣਾ ਹੈ ਕਿ ਰਸ ਸਿਧਾਂਤ ਸਮਾਜ ਦੀ ਇਨਕਲਾਬੀ ਤਬਦੀਲੀ ਜਾਂ

ਕਾਇਆ-ਪਲਟੀ ਵਿਚ ਯੋਗਦਾਨ ਨਹੀਂ ਦਿੰਦਾ ਕਿਉਕਿ ਇਹ ਭਾਵਾਂ ਨੂੰ ਜਗਾਉਣ ਤੇ ਮਾਨਸਿਕ ਅਵਸਥਾ ਨੂੰ ਮਾਨਣ ਤੋਂ ਅੱਗੇ ਗਤੀਸ਼ੀਲ ਨਹੀਂ ਹੁੰਦਾ। ਸੇਖੋਂ-ਚਿੰਤਨ ਦਾ ਇਹ ਮੰਨਣਾ ਹੈ ਕਿ ਭਾਰਤੀ ਰਸ ਸਿਧਾਂਤਕਾਰ ਕਲਾ/ਕਵਿਤਾ ਦਾ ਮਨੋਰਥ, ਪਾਠਕ ਨੂੰ ਭਾਵ ਵਿਲਾਸ ਦੇਣਾ ਹੀ ਹੈ।

ਸੇਖੋਂ ਦਾ ਮੰਨਣਾ ਹੈ ਕਿ ਰਸ ਚਿੰਤਨ ਤੋਂ ਵਿਛੁੰਨਾ ਹੈ ਅਤੇ ਕਵਿਤਾ ਕਦੀ ਵੀ ਚਿੰਤਨ ਤੋਂ ਵਿਛੁੰਨੀ ਨਹੀਂ ਹੋਣੀ ਚਾਹੀਦੀ। ਉਹ ਰਸ ਸਿਧਾਂਤ ਦੀ ਆਲੋਚਨਾ ਕਰਦਾ ਕਹਿੰਦਾ ਹੈ ਕਿ ਕਵਿਤਾ ਵਿਚ ਰਸ ਦੀ ਪ੍ਰਧਾਨਤਾ ਇਸਦੇ ਕਰਮ ਨੂੰ ਧੁੰਦਲਾ ਕਰ ਦਿੰਦੀ ਹੈ। ਇਸ ਬਾਰੇ ਉਹ ਕਹਿੰਦਾ ਹੈ:

ਮਹਾਨ ਕਵਿਤਾ ਰਸਾਂ ਆਦਿ ਦੀ ਬਾਹਰਲੀ ਕੈਦ ਵਿਚ ਬੰਦ ਨਹੀਂ ਕੀਤੀ ਜਾ ਸਕਦੀ।।87॥

ਇਸ ਤਰ੍ਹਾਂ ਸੇਖੋਂ ਭਾਰਤੀ ਸਾਹਿਤ ਅਧੀਨ ਆਉਂਦੇ ਤੱਤਾਂ ਛੰਦ, ਅਲੰਕਾਰ, ਧੁਨੀ, ਬਿੰਬ, ਚਿੰਨ੍ਹ ਆਦਿ ਬਾਰੇ ਆਪਣੇ ਵਿਚਾਰ ਸ਼ਪੱਸਟ ਕਰਦਾ ਹੈ। ਉਹ ਕਾਵਿ ਵਿਚ ਛੰਦ, ਯਥਾਰਥਕ ਲਹਿਜ਼ੇ ਵਾਲੇ ਅਲੰਕਾਰ, ਬਿੰਬ, ਧੁਨੀ ਨੂੰ ਸਵੀਕਾਰ ਕਰਦਾ ਹੈ ਪਰ ਚਿੰਨ ਤੇ ਰਸ ਉਪਰ ਕਿੰਤੂ ਕਰਦਾ ਹੈ। ਰਸ ਸਿਧਾਂਤ ਦੇ ਬੰਧਨਾਂ ਨੂੰ ਸੇਖੋਂ ਦੁਆਰਾ ਸਵੀਕਾਰ ਨਹੀਂ ਕੀਤਾ ਗਿਆ ਅਤੇ ਚਿੰਨ੍ਹਾਂ ਵਿਚ ਕਵੀ ਦੁਆਰਾ ਆਪਣੀ ਸੋਚ ਨੂੰ ਸੀਮਿਤ ਕਰ ਲੈਣਾ ਉਸਨੂੰ ਪ੍ਰਵਾਨ ਨਹੀਂ ਹੈ।

### 4.6 ਮੱਧਕਾਲੀ ਸਾਹਿਤ

ਸੰਤ ਸਿੰਘ ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਮੱਧਕਾਲੀ ਸਾਹਿਤ ਬਾਰੇ ਵੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਇਸ ਵਿਚ ਉਸ ਦੁਆਰਾ ਉਸ ਸਮੇਂ ਦੇ ਇਸ਼ਕ ਦੇ ਅਨੁਭਵ ਦੀ ਗੱਲ ਕੀਤੀ ਗਈ ਹੈ। ਸੇਖੋਂ ਉਸ ਸਮੇਂ ਦੌਰਾਨ ਹੋਏ ਵੱਖ-ਵੱਖ ਸੂਫੀ ਕਵੀਆਂ ਦੇ ਮੱਧਕਾਲੀ ਅਨੁਭਵ ਨੂੰ ਉਜਾਗਰ ਕਰਦਾ ਹੈ। ਇਸ ਉਪਰੰਤ ਉਹ ਮੱਧਕਾਲ ਵਿਚ ਸਿੱਖ ਗੁਰੂਆਂ ਦੇ ਅਧਿਆਤਮਕ ਤੇ ਸਮਾਜਿਕ ਅਨੁਭਵ ਨੂੰ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਮੱਧਕਾਲ ਦੇ ਸਮੁੱਚੇ ਪੰਜਾਬੀ ਸਾਹਿਤ ਬਾਰੇ ਆਪਣੇ ਵਿਚਾਰਾਂ ਨੂੰ ਪੇਸ਼ ਕਰਦਾ ਹੈ।

ਸੇਖੋਂ ਪੁਰਾਤਨ ਸਮੇਂ ਦੇ ਇਸ਼ਕ ਬਾਰੇ ਗੱਲ ਕਰਦਾ ਕਹਿੰਦਾ ਹੈ ਕਿ ਉਸ ਸਮੇਂ ਦੇ ਇਸ਼ਕ ਬਾਰੇ ਜੋ ਕਿ ਜ਼ਿਆਦਾਤਰ ਉਸ ਵੇਲੇ ਦੇ ਜੀਵਨ ਦਾ ਵਿਦਰੋਹੀ ਹੀ ਸੀ, ਪੁਰਾਣੇ ਲੋਕ ਗੀਤਾਂ ਤੇ ਕਵਿਤਾਵਾਂ ਤੋਂ ਜਾਣਕਾਰੀ ਮਿਲਦੀ ਹੈ। ਉਹ ਕਹਿੰਦਾ ਹੈ ਕਿ ਉਸ ਸਮੇਂ ਪ੍ਰੇਮ ਕਰਨ ਦਾ ਫ਼ਰਜ਼ ਸਿਰਫ ਇਸਤਰੀ ਦਾ ਸਮਝਿਆ ਜਾਂਦਾ ਹੈ, ਚਾਹੇ ਉਹ ਇਹ ਪ੍ਰੇਮ ਕਿਸੇ ਵੀ ਰੂਪ ਵਿਚ ਕਰੇ। ਇਸ਼ਕ ਦਾ ਇਹੀ ਰੂਪ ਉਸ ਸਮੇਂ ਸਰਵ-ਪ੍ਰਵਾਨਿਤ ਸੀ। ਇਸ ਬਾਰੇ ਸੇਖੋਂ ਲਿਖਦਾ ਹੈ:

ਉਸ ਸਮੇਂ ਪ੍ਰੇਮ ਕਰਨਾ ਇਸਤਰੀ ਦਾ ਫ਼ਰਜ ਸੀ, ਚਾਹੇ ਉਹ ਗੋਪੀ ਬਣ ਕੇ ਕਰੇ, ਚਾਹੇ ਕਾਮਨ ਬਣ ਕੇ, ਚਾਹੇ ਸਿਪਾਹੀ ਦੀ ਵਹੁਟੀ ਬਣ ਕੇ। ਇਸ਼ਕ ਦਾ ਇਹ ਰੂਪ ਇਤਨਾ ਸਰਬ-ਪ੍ਰਵਾਨ ਸੀ ਕਿ ਵਾਹਿਗੁਰੂ ਨੂੰ ਉਸ ਸਮੇਂ ਦੇ ਮਹਾਤਮਾ ਪੁਰਸ਼ਾਂ ਨੇ ਕੰਤ ਰੂਪ ਵਿਚ ਦੇਖਿਆ ਹੈ ਤੇ ਆਪ ਇਸਤ੍ਰੀ ਰੂਪ ਵਿਚ ਉਸ ਦੇ ਚਾਹਣ ਵਾਲੇ, ਪੂਜਣ ਵਾਲੇ ਹੋਏ ਹਨ।।88॥

ਇਸ ਉਪਰੰਤ ਉਹ ਦੱਸਦਾ ਹੈ ਕਿ ਉਸ ਸਮੇਂ ਵੱਖ-ਵੱਖ ਸੂਫੀ ਕਵੀਆਂ ਅਤੇ ਗੁਰੂਆਂ ਦੁਆਰਾ ਰਚੇ ਮੱਧਕਾਲੀ ਸਾਹਿਤ ਵਿਚ ਇਸ ਇਸ਼ਕ ਹਕੀਕੀ ਦਾ ਰੂਪ ਦੇਖਿਆ ਜਾ ਸਕਦਾ ਹੈ। ਇਸਨੂੰ ਉਹ ਸੂਫੀਆਂ ਕਵੀਆਂ ਅਤੇ ਗੁਰੂਆਂ ਦੀਆਂ ਰਚਨਾਵਾਂ ਵਿਚੋਂ ਉਦਾਹਰਣਾ ਦੇ ਕੇ ਸਪੱਸ਼ਟ ਕਰਦਾ ਹੈ।

ਸ਼ੇਖ ਫ਼ਰੀਦ ਦੀ ਰਚਨਾ ਵਿਚ ਉਸ ਸਮੇਂ ਦੇ ਇਸ਼ਕ ਦੇ ਨਕਸ਼ੇ ਇਸ਼ਕ ਹਕੀਕੀ ਦੇ ਰੂਪ ਵਿਚ ਕੁਝ ਇਸ ਤਰ੍ਹਾਂ ਮਿਲਦੇ ਹਨ:

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।

ਬੁੱਲ੍ਹਾ ਵੀ ਹੀਰ ਰੂਪ ਹੋ ਕੇ ਹੀ ਆਪਣੇ ਰੱਬੀ ਇਸ਼ਕ ਦਾ ਪ੍ਰਕਾਸ਼ ਕਰਦਾ ਹੈ:

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ,

ਆਖੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

ਗੁਰੂ ਗੋਬਿੰਦ ਸਿੰਘ ਨੇ ਵੀ ਪਰਮਾਤਮਾ ਦੇ ਪ੍ਰੇਮੀ ਨੂੰ ਇਸਤ੍ਰੀ ਦਾ ਰੂਪ ਹੀ ਦਿੱਤਾ ਹੈ:

ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ।।89॥

ਸੇਖੋਂ ਇਸਤੋਂ ਬਾਅਦ ਇਸ਼ਕ ਦੇ ਇਸ ਅਨੁਭਵ ਦੇ ਸੱਚੇ ਜਾਂ ਰਸਮੀ ਹੋਣ ਸੰਬੰਧੀ ਪ੍ਰਸ਼ਨ ਉਠਾਉਂਦਾ ਹੈ। ਇਸਦੇ ਉਤਰ ਵਿਚ ਉਹ ਇਸਨੂੰ ਬਲਵਾਨ ਅਨੁਭਵ-ਸਵੀਕਾਰ ਨਹੀਂ ਕਰਦਾ। ਉਹ ਲਿਖਦਾ ਹੈ:

ਸੱਚੇ ਅਰਥਾਂ ਵਿਚ ਇਹ ਕੋਈ ਬਲਵਾਨ ਅਨੁਭਵ ਨਹੀਂ ਸੀ ਹੋ ਸਕਦਾ, ਇਸਤ੍ਰੀ ਪੁਰਖ ਦੋਹਾਂ ਦੀ ਹਾਲਤ ਵਿਚ। ਜਿਥੇ ਇਸਤ੍ਰੀ ਪੁਰਖ ਦਾ ਪਰਸਪਰ ਸੰਬੰਧ ਇਹ ਹੀ ਹੋਵੇ ਕਿ ਇਸਤ੍ਰੀ ਭਗਤ ਜਾਂ ਦਾਸੀ ਹੈ ਤੇ ਪੁਰਖ ਭਗਵਾਨ ਜਾਂ ਪ੍ਰਭੂ, ਉਥੇ ਕਿਸੇ ਧਿਰ ਵਿਚ ਵੀ ਕੋਈ ਸ਼ਕਤੀਮਾਨ ਅਨੁਭਵ, ਕੋਈ ਬਲਵਾਨ ਉਤਕੰਠਾ ਘੱਟ ਹੀ ਹੋ ਸਕਦੀ ਹੈ।।90॥

ਸੇਖੋਂ ਇਸ਼ਕ ਮਜਾਜੀ ਦੇ ਪ੍ਰਕਰਣ ਬਾਰੇ ਗੱਲ ਕਰਦਿਆਂ ਇਸਨੂੰ ਵੀ ਨਕਾਰ ਦਿੰਦਾ ਹੈ ਤੇ ਉਸਦਾ ਮੰਨਣਾ ਹੈ ਕਿ ਪੁਰਾਣੇ ਸਮੇਂ ਦੀ ਕਵਿਤਾ ਵਿਚ ਇਸ਼ਕ ਦਾ ਸਹੀ ਅਨੁਭਵ ਹੈ ਹੀ ਨਹੀਂ ਸੀ।

ਇਸ ਪਿੱਛੋਂ ਜੀਵਨ ਦੇ ਹੋਰ ਪੱਖਾਂ ਸੰਬੰਧੀ ਕਵੀਆਂ ਦੇ ਅਨੁਭਵ ਬਾਰੇ ਉਸਦਾ ਕਹਿਣਾ ਹੈ ਕਿ ਉਹਨਾਂ ਦਾ ਇਹ ਅਨੁਭਵ ਵੀ ਸੌੜਾ ਸੀ। ਇਸ ਵਿਚ ਯੁੱਧ ਖੇਤਰ ਦੀ ਗੱਲ ਵੀ ਕਰਦਾ ਹੈ। ਇਸ ਸੌੜੇ ਅਨੁਭਵ ਨੂੰ ਸਪੱਸ਼ਟ ਕਰਨ ਲਈ ਉਹ ਲਿਖਦਾ ਹੈ:

ਪੁਰਾਣੇ ਕਵੀਆਂ ਲਈ ਇਹ ਬਹੁਤ ਕਰਕੇ ਕਿਸੇ ਜੋਧੇ ਜਾਂ ਜੋਧਿਆਂ ਦੀ ਬੀਰਤਾ ਦੀ ਜਾਂ ਕਿਸੇ ਰਾਜੇ ਜਾਂ ਸੈਨਾਪਤੀ ਦੇ ਹਾਰਨ ਜਿੱਤਣ ਦੀ ਕਹਾਣੀ ਹੀ ਹੁੰਦੀ ਸੀ।।91॥

ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਵੀ ਉਸਨੂੰ, ਰਸਮੀ ਜਿਹਾ ਅਫਸੋਸ ਜਾਹਿਰ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਅਤੇ ਵਾਰਿਸ ਸ਼ਾਹ ਬਾਰੇ ਉਹ ਲਿਖਦਾ ਹੈ:

ਵਾਰਿਸ਼ ਸ਼ਾਹ ਦੀ ਹਜ਼ਾਰਾਂ ਤੁਕਾਂ ਦੀ 'ਹੀਰ' ਵਿਚ ਮਸਾਂ ਪੰਦਰਾਂ ਵੀਹ ਤੁਕਾਂ ਜ਼ਮਾਨੇ ਵਿਚ ਯੁੱਧ ਅਰ ਇਸ ਨਾਲ ਹੋ ਰਹੀ ਤਬਦੀਲੀ ਬਾਰੇ ਲੱਭਦੀਆਂ ਹਨ।।92॥

ਉਸਨੂੰ ਮੱਧਕਾਲੀ ਸਾਹਿਤ ਦੇ ਇਹਨਾਂ ਕਵੀਆਂ ਦਾ ਅਨੁਭਵ ਅਲਪ, ਸੰਖੇਪ ਤੇ ਰਸਮੀ ਜਿਹਾ ਹੀ ਪ੍ਰਤੀਤ ਹੁੰਦਾ ਹੈ। ਸੰਤਾਂ ਤੇ ਸੂਫੀ ਫਕੀਰਾਂ ਦੇ ਅਧਿਆਤਮਕ ਅਨੁਭਵ ਬਾਰੇ ਗੱਲ ਕਰਦਿਆਂ ਉਹ ਲਿਖਦਾ ਹੈ:

ਸੰਤਾਂ ਫਕੀਰਾਂ ਨੂੰ ਵੀ ਅਧਿਆਤਮਕ ਅਨੁਭਵ ਤੋਂ ਬਾਹਰ ਕੁੱਝ ਘੱਟ ਹੀ ਪ੍ਰਾਪਤ ਸੀ, ਤੇ ਅਧਿਆਤਮਕ ਅਨੁਭਵ ਤੇ ਸੱਚ ਝੂਠ ਦਾ ਨਿਤਾਰਾ ਬਹੁਤ ਮੁਸ਼ਕਲ ਹੈ।।93॥

ਵਾਰਿਸ਼ ਸ਼ਾਹ ਬਾਰੇ ਉਸਦਾ ਮੰਨਣਾ ਹੈ ਕਿ ਪਹਿਲਾਂ ਦੱਸੇ ਵਿਸ਼ਿਆਂ ਬਾਰੇ ਵੀ ਉਸਨੂੰ ਘੱਟ ਹੀ ਅਨੁਭਵ ਪ੍ਰਾਪਤ ਹੈ ਤੇ ਉਸ ਵਿਚ ਫਕੀਰੀ ਦਾ ਅਨੁਭਵ ਵੀ ਵਿਸ਼ਾਲ ਨਹੀਂ ਹੈ। ਇਸਤੋਂ ਇਲਾਵਾ ਉਸਨੂੰ ਇਸ ਅਨੁਭਵ ਦੀ ਘਾਟ, ਮੱਧਕਾਲੀਨ ਸਮੇਂ ਦੀਆਂ ਵਾਰਾਂ ਤੇ ਕਵਿਤਾਵਾਂ ਜਿੰਨ੍ਹਾਂ ਵਿਚ ਨਜਾਬਤ ਦੀ ਵਾਰ, ਨਾਦਿਰ ਸ਼ਾਹ ਦੀ ਵਾਰ ਤੇ ਸ਼ਾਹ ਮੁਹੰਮਦ ਦਾ ਜੰਗਨਾਮਾ ਸ਼ਾਮਿਲ ਹੈ, ਰੜਕਦੀ ਹੈ।

ਸੇਖੋਂ ਮੱਧਕਾਲੀ ਸਾਹਿਤ ਵਿਚ ਸਿੱਖ ਗੁਰੂਆਂ ਦੀਆਂ ਰਚਨਾਵਾਂ ਬਾਰੇ ਵੀ ਗੱਲ ਕਰਦਾ ਹੈ। ਉਸਨੂੰ ਸਿੱਖ ਗੁਰੂ ਜੀਵਨ ਦੇ ਹੋਰ ਸਮੁੱਚੇ ਅਨੁਭਵ ਉਹਨਾਂ ਦੀਆਂ ਸਮਕਾਲੀ ਸਖਸ਼ੀਅਤਾਂ ਨਾਲੋਂ ਵਧੇਰੇ ਉੱਚੇ ਲੱਗਦੇ ਹਨ। ਕਿਉਂਕਿ ਉਹਨਾਂ ਦਾ ਲੋਕਾਂ ਨਾਲ ਸੰਬੰਧ ਬਹੁਤ ਨੇੜੇ ਦਾ ਸੀ ਜਿਸ ਕਰਕੇ ਉਹਨਾਂ ਦਾ ਜੀਵਨ ਬਾਰੇ ਸਮੁੱਚਾ ਅਨੁਭਵ ਵਿਸ਼ਾਲ ਸੀ। ਸੇਖੋਂ ਇਸ ਬਾਰੇ ਲਿਖਦਾ ਹੈ:

ਕਿਸੇ ਅਧਿਆਤਮਕ ਅਨੁਭਵ ਦੀ ਸਚਾਈ ਸਿੱਧ ਹੀ ਉਸ ਹਾਲਤ ਵਿਚ ਹੁੰਦੀ ਹੈ ਜਦ ਇਹ ਲੋਕ-ਜੀਵਨ ਵਿਚ ਆ ਕੇ ਪ੍ਰਗਟ ਹੋਵੇ। ਗੁਰੂ ਨਾਨਕ ਦੀ ਬਾਣੀ ਤਾਂ ਉਨ੍ਹਾਂ ਦੇ ਮਹਾਨ ਅਨੁਭਵ ਦੀ ਸ਼ਬਦ ਸ਼ਬਦ ਵਿਚ ਗਵਾਹੀ ਹੈ।।94॥

ਸੇਖੋਂ ਇਸਤੋਂ ਪਿੱਛੋਂ ਮੱਧਕਾਲੀ ਸਾਹਿਤ ਵਿਚ ਸਿੱਖ ਗੁਰੂਆਂ ਦੇ ਅਨੁਭਵ ਨੂੰ ਦਰਸਾਉਂਦਾ ਕਹਿੰਦਾ ਹੈ ਕਿ ਉਹਨਾਂ ਦੀਆਂ ਰਚਨਾਵਾਂ ਵਿਚ ਬੁੱਧੀ ਸੰਚਾਰਕ ਸ਼ਕਤੀ ਦੇ ਤੌਰ ਤੇ ਕੰਮ ਕਰਦੀ ਹੈ, ਉਹਨਾਂ ਦੀ ਮਹਾਨ ਪ੍ਰਤਿਭਾ ਤੇ ਥਾਂ-ਥਾਂ ਤੇ ਉਹਨਾਂ ਦਾ ਨਿਰੋਲ ਅਨੁਭਵ ਪ੍ਰਗਟ ਹੁੰਦਾ ਹੈ। ਇਸ ਸੰਬੰਧੀ ਉਹ ਲਿਖਦਾ ਹੈ:

ਗੁਰੂ ਨਾਨਕ ਆਪ ਇਕ ਅਨੂਪ ਅਨੁਭਵ ਹੈ। ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ, ਗੁਰੂ ਨਾਨਕ ਦੇ ਭਗਤ ਹਨ। ਉਨ੍ਹਾਂ ਵਿਚ ਗੁਰੂ ਨਾਨਕ ਦੀ ਭਗਤੀ ਦਾ ਅਨੁਭਵ ਹੈ। ਗੁਰੂ ਅਰਜਨ ਵਿਚ ਇਹ ਅਨੁਭਵ ਫਿਰ ਮਹਾਂ ਵਿਸ਼ਾਲ ਹੋ ਜਾਂਦਾ ਹੈ ਤੇ ਬੁੱਧੀ ਇਸ ਦੇ ਪੱਧਰ ਉੱਤੇ ਆ ਕੇ ਇਕ ਮਹਾਂਕਾਵਿ ਉਪਜਾਂਦੀ ਹੈ।।95॥

ਸੇਖੋਂ ਦਾ ਮੰਨਣਾ ਹੈ ਕਿ ਸ਼ੇਖ ਫਰੀਦ ਤੋਂ ਬਾਅਦ ਸਿੱਖ ਗੁਰੂਆਂ ਦਾ ਅਸਰ ਪੰਜਾਬ ਦੇ ਲੋਕ ਜੀਵਨ ਉੱਤੇ ਸਭ ਤੋਂ ਵੱਧ ਸੀ।

ਸੇਖੋਂ ਸਿੱਖ ਗੁਰੂਆਂ ਦੇ ਵਿਸ਼ਾਲ ਅਨੁਭਵ ਨੂੰ ਸਵੀਕਾਰ ਕਰਦਾ ਹੈ ਅਤੇ ਉਹਨਾਂ ਵਿਚ ਅਗੇਤੇ ਅਨੁਭਵ ਦੀ ਗੱਲ ਵੀ ਕਰਦਾ ਹੈ। ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਉਹ ਲਿਖਦਾ ਹੈ:

'ਸੁਖਮਨੀ ਦਾ ਰਚੇਤਾ ਦੁਨੀਆਂ ਦੇ ਮਾਮੂਲੀ ਬਖੇੜਿਆਂ ਤੋਂ ਉੱਚੇ ਉਠਣ ਉੱਤੇ ਹੀ ਸਾਰਾ ਜ਼ੋਰ ਨਹੀਂ ਦੇ ਰਿਹਾ। ਉਸ ਦੀ ਆਤਮਾ ਤੇ ਬੁੱਧੀ ਨੂੰ ਉਸ ਆ ਰਹੇ ਭਾਣੇ ਦਾ ਜੋ ਉਸ ਦੇ ਜਨਤਾ-ਪਿਆਰ ਦੇ ਕਾਰਨ ਮੁਗ਼ਲ ਸਾਮਰਾਜ ਵੱਲੋਂ ਉਸ ਦੇ ਸਰੀਰ ਉੱਤੇ ਤੇ ਉਸ ਦੇ ਸਿੱਖਾਂ ਦੇ ਜੀਵਨ ਉੱਤੇ ਵਰਤਣ ਵਾਲਾ ਸੀ, ਇਕ ਅਗੇਤਾ ਅਨੁਭਵ ਹੈ।।96॥

ਇਸ ਤਰ੍ਹਾਂ ਸੇਖੋਂ ਮੱਧਕਾਲੀ ਪੰਜਾਬੀ ਸਾਹਿਤ ਬਾਰੇ ਗੱਲ ਕਰਦਿਆਂ ਇਸ ਵਿਚਲੇ ਸੂਫੀਆਂ ਦੇ ਇਸ਼ਕ ਤੇ ਜੀਵਨ ਦੇ ਹੋਰ ਪੱਖਾਂ ਬਾਰੇ ਅਨੁਭਵ ਨੂੰ ਪੇਸ਼ ਕਰਦਾ ਹੈ। ਸਿੱਖ ਗੁਰੂਆਂ ਦੇ ਅਨੁਭਵ ਤੋਂ ਉਹ ਚੋਖਾ ਪ੍ਰਭਾਵਿਤ ਪ੍ਰਤੀਤ ਹੁੰਦਾ ਹੈ। ਪਰ ਸਮੁੱਚੇ ਰੂਪ ਵਿਚ ਜੇ ਗੱਲ ਕਰੀਏ ਤਾਂ ਉਸਨੂੰ ਮੱਧਕਾਲੀ ਕਵੀਆਂ ਦਾ ਅਨੁਭਵ ਸੌੜਾ ਲੱਗਦਾ ਹੈ ਤੇ ਉਹ ਇਸਨੂੰ ਨਕਾਰਦਾ ਹੈ।

## 4.7 ਆਧੁਨਿਕ ਸਾਹਿਤ

ਸੰਤ ਸਿੰਘ ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਆਧੁਨਿਕ ਸਾਹਿਤ ਬਾਰੇ ਵੀ ਵਿਚਾਰ ਚਰਚਾ ਕਰਦਾ ਹੈ। ਸੇਖੋਂ ਆਧੁਨਿਕ ਸਾਹਿਤ ਬਾਰੇ ਗੱਲ ਕਰਦਿਆਂ ਕਹਿੰਦਾ ਹੈ ਕਿ ਪੁਰਾਣੇ ਸਮੇਂ ਵਿਚ ਹਰ ਪ੍ਰਕਾਰ ਦਾ ਵਿਚਾਰ ਜਾਂ ਅਨੁਭਵ ਵਧੇਰੇ ਕਵਿਤਾ ਰਾਹੀਂ ਹੀ ਪ੍ਰਗਟ ਹੁੰਦਾ ਸੀ ਪਰ ਪਿਛਲੇ ਕੁੱਝ ਸਮੇਂ ਤੋਂ ਕਵਿਤਾ ਦਾ ਵਧੇਰੇ ਕੰਮ ਗੱਦ ਸਾਹਿਤ ਦੇ ਹਿੱਸੇ ਆ ਗਿਆ ਹੈ। ਜਿਸ ਗੱਲ ਜਾਂ ਵਿਸ਼ੇ ਵਿਚ ਤਰਕ ਤੇ ਨਿਆਇ ਦਾ ਅੰਗ ਵਧੇਰੇ ਸੀ, ਉਹ ਗੱਦ ਦੇ ਰੂਪ ਵਿਚ ਪ੍ਰਗਟ ਹੋਣ ਲੱਗ ਪਏ। ਇਸ ਬਾਰੇ ਸੇਖੋਂ ਆਪਣੇ ਵਿਚਾਰ ਪ੍ਰਗਟ ਕਰਦਾ ਲਿਖਦਾ ਹੈ:

ਜੋ ਕੁੱਝ ਵੀ ਨਿਆਇ ਰਾਹੀਂ ਕਿਹਾ ਜਾ ਸਕਦਾ, ਗਦਿ ਵਿਚ ਕਿਹਾ ਜਾਣ ਲੱਗ ਪਿਆ ਹੈ, ਤੇ ਕਵਿਤਾ ਕੇਵਲ ਨਿਆਇ ਤੋਂ ਕੁਝ ਉਚੇਰੇ ਅਨੁਭਵ ਦਾ ਵਾਹਨ ਹੀ ਰਹਿ ਗਈ ਹੈ।।97॥

ਸੇਖੋਂ ਆਧੁਨਿਕ ਸਾਹਿਤ ਅਜਿਹੇ ਅਨੁਭਵ ਵਾਲਾ ਪਹਿਲਾ ਕਵੀ ਭਾਈ ਵੀਰ ਸਿੰਘ ਨੂੰ ਮੰਨਦਾ ਹੈ। ਭਾਈ ਵੀਰ ਸਿੰਘ ਨੂੰ ਜਿਆਦਾਤਰ ਅਧਿਆਤਮਕ ਕਵੀ ਮੰਨਿਆ ਜਾਂਦਾ ਹੈ ਪਰ ਸੇਖੋਂ ਦਾ ਮੰਨਣਾ ਹੈ ਕਿ ਇਹ ਗੱਲ ਪੂਰਨ ਰੂਪ ਵਿਚ ਸਹੀ ਨਹੀਂ ਹੈ। ਕਿਉਂਕਿ ਭਾਈ ਵੀਰ ਸਿੰਘ ਨੇ ਰਾਜਸੀ, ਪਰਾਧੀਨਤਾ, ਦੇਸ਼ ਪਿਆਰ, ਰਾਜਸੀ ਗਿਰਾਵਟ, ਆਚਰਣ ਬਾਰੇ ਸਿੱਖਿਆ ਆਦਿ ਵਿਸ਼ਿਆਂ ਬਾਰੇ ਵੀ ਕਵਿਤਾਵਾਂ ਲਿਖੀਆਂ ਹਨ। ਉਹ ਕਹਿੰਦਾ ਹੈ ਵਧੇਰੇ ਅਧਿਆਤਮਕ ਕਵਿਤਾ ਲਿਖਣ ਪਿੱਛੇ ਭਾਈ ਵੀਰ ਸਿੰਘ ਦਾ ਕੋਈ ਮੰਤਵ ਵੀ ਹੋ ਸਕਦਾ ਹੈ। ਉਹ ਭਾਈ ਵੀਰ ਸਿੰਘ ਦੇ ਅਨੁਭਵ ਨੂੰ ਕੁੱਝ ਹੱਦ ਤੱਕ ਯਥਾਰਥਵਾਦੀ ਤੇ ਇਸ ਵਿਚਲੇ ਅਲੰਕਾਰ ਨੂੰ ਦੋ ਪੱਖਾ ਦੱਸਦਾ ਹੈ, ਜਿਸ ਵਿਚੋਂ ਅਧਿਆਤਮਕ ਤੇ ਸਰੀਰਕ ਦੋਹਾਂ ਤਰ੍ਹਾਂ ਦੇ ਭਾਵ ਪ੍ਰਗਟ ਹੁੰਦੇ ਹਨ। ਇਸ ਸੰਬੰਧੀ ਉਹ ਭਾਈ ਵੀਰ ਸਿੰਘ ਦੀ ਕਵਿਤਾ ਦੀਆਂ ਤੁਕਾਂ ਦੇ ਕੇ ਗੱਲ ਸਪੱਸ਼ਟ ਕਰਦਾ ਹੈ:

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ਅਸਾਂ ਧਾ ਗਲਵੱਕੜੀ ਪਾਈ ਨਿਰਾ ਨੂਰ ਤੁਸੀਂ ਹੱਥ ਨਾ ਆਏ ਸਾਡੀ ਕੰਬਦੀ ਰਹੀ ਕਲਾਈ।।98॥

ਇਸ ਬਾਰੇ ਸੇਖੋਂ ਕਹਿੰਦਾ ਹੈ ਕਿ ਇਹਨਾਂ ਤੁਕਾਂ ਨੂੰ ਪੜ੍ਹ ਕੇ ਇਕ ਜਵਾਨ ਯੁਵਤੀ ਆਪਣੇ ਮਨੁੱਖ ਪ੍ਰੀਤਮ ਤੋਂ ਬਾਹਰ ਅਰਥ ਘੱਟ ਹੀ ਦੇਖ ਸਕਦੀ ਹੈ ਜਦਕਿ ਭਾਈ ਵੀਰ ਸਿੰਘ ਨੇ ਇਸ ਵਿਚ ਅਧਿਆਤਮਕਤਾ ਨੂੰ ਦਰਸਾਇਆ ਹੈ। ਸੇਖੋਂ ਨੂੰ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਪੁਰਾਣੇ ਸਮੇਂ ਦੀ ਕਵਿਤਾ ਵਾਲਾ ਬਿਰਤਾਂਤ ਅੰਸ਼ ਵੀ ਪ੍ਰਤੀਤ ਹੁੰਦਾ ਹੈ।

ਆਧੁਨਿਕ ਸਾਹਿਤ ਵਿਚ ਸੇਖੋਂ ਦੂਜਾ ਪ੍ਰਮੁੱਖ ਕਵੀ ਪ੍ਰੋ. ਪੂਰਨ ਸਿੰਘ ਨੂੰ ਮੰਨਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਨੂੰ ਉਹ ਨਿਰੋਲ ਅਨੁਭਵ ਦੀ ਕਵਿਤਾ ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਅਨੁਭਵ ਦੀ ਬਹੁਲਤਾ ਉਸਦੀ ਕਵਿਤਾ ਵਿਚ ਵੇਖਣ ਨੂੰ ਮਿਲਦੀ ਹੈ ਜੋ ਉਸਦੀ ਕਵਿਤਾ ਨੂੰ ਨਿਰਾਲਾ ਰੰਗ ਪ੍ਰਦਾਨ ਕਰਦੀ ਹੈ। ਪ੍ਰੋ. ਪੂਰਨ ਸਿੰਘ ਦੇ ਅਨੁਭਵ ਬਾਰੇ ਸੇਖੋਂ ਲਿਖਦਾ ਹੈ:

> ਇਸ ਅਨੁਭਵ ਦੀ ਵਿਸ਼ਾਲਤਾ ਵੀ ਹੈਰਾਨ ਕਰ ਦੇਣ ਵਾਲੀ ਹੈ। ਇਕ ਵਿਸ਼ਾਲ ਅਨੁਭਵ ਵਾਲਾ ਵਿਅਕਤੀ ਹੀ ਕਹਿ ਸਕਦਾ ਸੀ : ਪੰਜਾਬ ਜੀਂਦਾ ਗੁਰਾਂ ਦੇ ਨਾਂ ਤੇ।।99॥

ਸੇਖੋਂ ਪ੍ਰੋ. ਪੂਰਨ ਸਿੰਘ ਨੂੰ ਸੂਫੀਆਂ ਮਲੰਗਾਂ ਵਾਲੀ ਮਸਤੀ ਵਾਲਾ ਕਵੀ ਮੰਨਦਾ ਹੈ। ਇਸਤੋਂ ਉਪਰੰਤ ਉਹ ਪੂਰਨ ਸਿੰਘ ਦੇ ਮਸਤ ਕਾਵਿ ਅਨੁਭਵ ਦੀ ਆਲੋਚਨਾ ਕਰਦਾ ਵੀ ਪ੍ਰਤੀਤ ਹੁੰਦਾ ਹੈ ਅਤੇ ਕਹਿੰਦਾ ਹੈ ਸੋਹਣੇ ਪੰਜਾਬ ਦੇ ਚਿਤਰਨ ਵਿਚ ਉਸਦੀ ਕਵਿਤਾ ਵਿਚ ਸਮਾਜਕ ਭਾਵ ਸੰਕੇਤਕ ਰੂਪ ਵਿਚ ਹੀ ਦੇਖਣ ਨੂੰ ਮਿਲਦੇ ਹਨ, ਪੰਜਾਬ

ਨੂੰ ਇਸ ਉੱਤੇ ਲਗਾਏ ਜਾ ਰਹੇ ਬੰਧਨਾ ਤੋਂ ਬਚਾਉਣ ਦੀ ਸੋਝੀ ਉਸਦੀ ਕਵਿਤਾ ਵਿਚ ਨਹੀਂ ਮਿਲਦੀ। ਇਸ ਸੰਬੰਧੀ ਸੇਖੋਂ ਲਿਖਦਾ ਹੈ:

ਇਸ ਪੰਜਾਬ ਉੱਤੇ ਪੂੰਜੀਵਾਦ ਪ੍ਰਬੰਧ ਤੋਂ ਪਹਿਲਾਂ ਵਾਲੇ ਜਗੀਰਦਾਰੀ, ਫੌਜਦਾਰੀ ਤੇ ਰਜਵਾੜਾ ਸ਼ਾਹੀ ਪ੍ਰਬੰਧਾਂ ਨੇ ਕੀ ਕੀ ਜਬਤ ਕੀਤੀ ਰਖੇ ਹਨ ਤੇ ਪੂੰਜੀਵਾਦੀ ਪ੍ਰਬੰਧ ਇਸ ਦੀਆਂ ਜ਼ੰਜੀਰਾਂ ਨੂੰ ਕਿਸ ਤਰ੍ਹਾਂ ਹੋਰ ਵਧੇਰੇ ਤੇ ਤਕੜੀਆਂ ਕਰ ਰਿਹਾ ਹੈ, ਇਸਦੀ ਪੂਰਨ ਸਿੰਘ ਵਿਚ ਕੋਈ ਸੋਝੀ ਨਹੀਂ ਜਾਪਦੀ।।100॥

ਸੇਖੋਂ ਇਸ ਆਧੁਨਿਕ ਸਾਹਿਤ ਵਿਚ ਅਗਲਾ ਮਹੱਤਵਪੂਰਣ ਕਵੀ ਕਿਰਪਾ ਸਾਗਰ ਨੂੰ ਮੰਨਦਾ ਹੈ। ਉਹ ਉਸਦੇ ਅਨੁਭਵ ਨੂੰ ਸੋਹਣੀ ਭਾਂਤ ਦਾ ਅਨੁਭਵ ਕਹਿੰਦਾ ਹੈ ਪਰ ਇਸਦੇ ਨਿਰੋਲ ਅਨੁਭਵ ਹੋਣ ਤੋਂ ਇਨਕਾਰੀ ਹੈ। ਇਸ ਬਾਰੇ ਸੇਖੋਂ ਲਿਖਦਾ ਹੈ:

ਕਿਰਪਾ ਸਾਗਰ ਦਾ ਅਨੁਭਵ ਇਕ ਬਹੁਤ ਸੁਹਾਣੀ ਭਾਂਤ ਦਾ ਅਨੁਭਵ ਹੈ। ਅਸਲ ਵਿਚ ਇਹ ਨਿਰੋਲ ਅਨੁਭਵ ਨਹੀਂ, ਇਹ ਬਹੁਤ ਹਦ ਤਕ ਉਸ ਦਾ ਕਲਪਿਤ ਤੇ ਅਪਣਾਇਆ ਹੋਇਆ, ਉਸਦੇ ਸਥਾਨਕ ਭਾਵਾਂ, ਇਤਿਹਾਸਕ ਰੁਚੀਆਂ ਤੇ ਦੇਸ਼ ਪਿਆਰ ਦਾ ਸੰਗ੍ਰਹਿ ਹੈ।।101॥

ਸੇਖੋਂ ਉਸਦੇ ਸ਼ਾਹਕਾਰ 'ਲਕਸ਼ਮੀ ਦੇਵੀ' ਦੀ ਗੱਲ ਕਰਦਾ ਹੈ। ਉਹ ਕਹਿੰਦਾ ਹੈ ਕਿ ਇਹ ਸ਼ਾਹਕਾਰ ਬੇਸ਼ੱਕ ਅੰਗਰੇਜੀ ਵਾਰਤਕ ਕਵਿਤਾ 'ਝੀਲ ਦੀ ਸੁੰਦਰੀ' ਦਾ ਅਨੁਵਾਦ ਹੈ ਪਰ ਇਸ ਵਿਚ ਕਿਰਪਾ ਸਾਗਰ ਦਾ ਆਪਣਾ ਮੌਲਿਕ ਅਨੁਭਵ ਕੰਮ ਕਰਦਾ ਹੈ।

ਸੇਖੋਂ ਅੱਗੇ ਕਿਰਪਾ ਸਾਗਰ ਦੀ ਸਖਸ਼ੀਅਤ ਬਾਰੇ ਗੱਲ ਕਰਦਿਆਂ ਉਸਦੇ ਜੀਵਨ ਵੇਰਵਿਆਂ ਸੰਬੰਧੀ ਜਾਣਕਾਰੀ ਦਿੰਦਾ ਹੈ ਤੇ ਕਹਿੰਦਾ ਹੈ ਮਹਾਰਾਜਾ ਰਣਜੀਤ ਸਿੰਘ ਦੀ ਪਰਜਾ ਦਾ ਅੰਗ ਬਣ ਕੇ ਉਸਦੇ ਮਨ ਵਿਚ ਇਸ ਕੌਮ ਲਈ ਸਤਿਕਾਰ ਤੇ ਅਪਣੱਤ ਦੇ ਭਾਵ ਸਨ।

ਆਧੁਨਿਕ ਸਾਹਿਤ ਨੂੰ ਅੱਗੇ ਤੋਰਦਿਆਂ ਸੇਖੋਂ ਧਨੀ ਰਾਮ ਚਾਤ੍ਰਿਕ ਦਾ ਨਾਂ ਦ੍ਰਿਸ਼ਟੀਗੋਚਰ ਕਰਦਾ ਹੈ। ਉਸਨੂੰ ਉਸਦੀ ਕਵਿਤਾ ਵਿਚ ਵੀ ਅਨੁਭਵ ਦਾ ਪ੍ਰਕਾਸ਼ ਪ੍ਰਤੀਤ ਹੁੰਦਾ ਹੈ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿਚਲੇ ਅਨੁਭਵ ਨੂੰ ਸੇਖੋਂ ਸਮਾਜਿਕ ਤੇ ਮੱਧ ਸ਼੍ਰੇਣੀ ਆਲੋਚਨਾਤਮਕ ਬਿਰਤੀ ਅਪਣਾਉਂਦਿਆ ਕਹਿੰਦਾ ਹੈ ਕਿ ਉਸਦੀ ਕਵਿਤਾ ਵਿਚ ਵਿਸ਼ਾਲ ਅਨੁਭਵ ਦੀ ਕਮੀ ਹੈ। ਇਸ ਬਾਰੇ ਉਹ ਲਿਖਦਾ ਹੈ:

ਮੱਧ ਸ਼੍ਰੇਣੀ ਸਮਾਜ ਦੀਆਂ ਉਪਰਲੀਆਂ ਤਰੁਟੀਆਂ, ਵਿਧਵਾ ਦੇ ਦੁੱਖ, ਇਸਤ੍ਰੀ ਦਾ ਨਿਰਾਦਰ, ਵਿਵਾਹ ਪ੍ਰਬੰਧ ਦੇ ਔਗੁਣ, ਅਜਿਹੀਆਂ ਸਿਧੀਆਂ ਗੱਲਾਂ ਹੀ ਧਨੀ ਰਾਮ ਦੇ ਅਨੁਭਵ ਹੇਠ ਆ ਸਕੀਆਂ ਹਨ। ਉਹ ਡੂੰਘੇ ਤੇ ਵਿਸ਼ਾਲ ਅਨੁਭਵ ਜਿੰਨ੍ਹਾਂ ਵਿਚੋਂ ਉੱਚ ਕੋਟੀ ਦੀ ਕਵਿਤਾ ਪੈਦਾ ਹੁੰਦੀ ਹੈ ਧਨੀ ਰਾਮ ਨੂੰ ਪ੍ਰਾਪਤ ਨਹੀਂ।।102॥

ਸੇਖੋਂ ਅੱਗੇ ਆਧੁਨਿਕ ਸਾਹਿਤ ਵਿਚ ਮੋਹਨ ਸਿੰਘ ਦੀਆਂ ਕਵਿਤਾਵਾਂ ਦਾ ਜਿਕਰ ਕਰਦਾ ਹੈ। ਉਹ ਦੱਸਦਾ ਹੈ ਕਿ ਮੋਹਨ ਸਿੰਘ ਵਿਚ ਕਵਿਤਾ ਪ੍ਰੇਮ ਦੇ ਅਨੁਭਵ ਤੋਂ ਉਪਜਦੀ ਹੈ। ਆਪਣੀ ਪਤਨੀ ਦੇ ਸਦੀਵੀ ਵਿਛੋੜੇ ਕਾਰਨ ਮੋਹਨ ਸਿੰਘ ਦੀਆਂ ਆਰੰਭਲੀਆਂ ਕਵਿਤਾਵਾਂ ਦੇ ਵਿਸ਼ੇ ਇਸ ਪ੍ਰੇਮ ਨਾਲ ਹੀ ਸੰਬੰਧਿਤ ਰਹੇ। ਸੇਖੋਂ ਦੱਸਦਾ ਹੈ ਕਿ ਫਿਰ ਹੌਲੀ-ਹੌਲੀ ਉਸਦੇ ਅਨੁਭਵ ਵਿਚ ਪਕਿਆਈ ਤੇ ਡੂੰਘਾਈ ਆਉਂਦੀ ਗਈ ਤੇ ਉਸਨੇ ਰਾਜਸੀ ਝੁਕਾਉ ਤੇ ਸਮਾਜਵਾਦੀ ਵਿਚਾਰਾਂ ਅਧੀਨ ਰਚਨਾਵਾਂ ਲਿਖੀਆਂ। ਸੇਖੋਂ ਮੋਹਨ ਸਿੰਘ ਬਾਰੇ ਕਹਿੰਦਾ ਹੈ ਕਿ ਉਸਦੀ ਸਖਸ਼ੀਅਤ ਵਿਚ ਤੀਖਣ ਭਾਵ ਪ੍ਰਬਲ ਸਨ ਤੇ ਇਹਨਾਂ ਦਾ ਘੇਰਾ ਪ੍ਰੇਮ ਤੋਂ ਇਨਕਲਾਬ ਤੱਕ ਫੈਲਿਆ ਹੋਇਆ ਮਿਲਦਾ ਹੈ। ਫਿਰ ਸੇਖੋਂ ਉਸਦੇ ਅਨੁਭਵ ਬਾਰੇ ਕਿੰਤੂ

ਕਰਦਾ ਕਹਿੰਦਾ ਹੈ ਕਿ ਉਹ ਆਪਣੇ ਇਸ ਅਨੁਭਵ ਬਾਰੇ ਕਿੰਤੂ ਜਨਤਕ ਖੇਤਰ ਵਿਚ ਪ੍ਰਾਪਤ ਕਰਨ ਤੋਂ ਅਸਮਰੱਥ ਰਿਹਾ ਹੈ। ਇਸ ਬਾਰੇ ਸੇਖੋਂ ਆਪਣੇ ਵਿਚਾਰ ਲਿਖਦਾ ਹੈ:

ਕੁਝ ਦੁਨਿਆਵੀ ਝਮੇਲਿਆਂ ਨੇ ਤੇ ਕੁਝ ਅਸੰਤੁਸ਼ਟ ਰਹੀ ਪ੍ਰੇਮ -ਭੁਖ ਨੇ ਮੋਹਨ ਸਿੰਘ ਨੂੰ ਡਟ ਕੇ ਜਨਤਕ ਖੇਤਰ ਵਿਚ ਅਨੁਭਵ ਪ੍ਰਾਪਤ ਕਰਨ ਦਾ ਮੌਕਾ ਨਹੀਂ ਦਿੱਤਾ।।103॥

ਇਸਤੋਂ ਪਿੱਛੋਂ ਸੇਖੋਂ ਆਧੁਨਿਕ ਸਾਹਿਤ ਵਿਚ ਅੰਮ੍ਰਿਤਾ ਪ੍ਰੀਤਮ ਦੀ ਗੱਲ ਕਰਦਾ ਹੈ। ਉਹ ਕਹਿੰਦਾ ਹੈ ਕਿ ਅੰਮ੍ਰਿਤਾ ਆਪਣੀਆਂ ਕਵਿਤਾਵਾਂ ਵਿਚ ਇਸਤਰੀ ਲਈ ਖੁੱਲ੍ਹ ਤੇ ਸਮਾਜਿਕ ਬੰਧਨਾ ਤੋਂ ਛੁਟਕਾਰਾ ਪਾਉਣਾ ਲੋਚਦੀ ਹੈ। ਉਸਦੀਆਂ ਪਹਿਲੀਆਂ ਕਵਿਤਾਵਾਂ ਬਹੁਤਾ ਕਰਕੇ ਰੁਮਾਂਟਿਕ ਭਾਵਾਂ ਨੂੰ ਉਜਾਗਰ ਕਰਦੀਆਂ ਹਨ। ਇਹਨਾਂ ਵਿਚ ਸਮਾਜਿਕ ਘਾਟਿਆਂ ਦੀ ਵੀ ਕੁੱਝ ਸੂਝ ਦੇਖਣ ਨੂੰ ਮਿਲਦੀ ਹੈ ਪਰ ਸੇਖੋਂ ਦਾ ਮੰਨਣਾ ਹੈ ਕਿ ਇਹਨਾਂ ਵਿਚ ਸ਼ੁੱਧ ਇਨਕਲਾਬੀ ਅੰਸ਼ ਦੇਖਣ ਨੂੰ ਨਹੀਂ ਮਿਲਦਾ। ਫਿਰ ਹੌਲੀ-ਹੌਲੀ ਅੰਮ੍ਰਿਤਾ ਪ੍ਰੀਤਮ ਦਾ ਅਨੁਭਵ ਵਿਸ਼ਾਲ ਹੁੰਦਾ ਹੈ ਅਤੇ 'ਪੱਥਰ ਗੀਟੇ' ਅਤੇ 'ਲੰਮੀਆਂ ਵਾਟਾਂ' ਵਿਚ ਉਸਨੂੰ ਕਾਫ਼ੀ ਸਫਲਤਾ ਮਿਲਦੀ ਹੈ। ਸੇਖੋਂ ਕਹਿੰਦਾ ਹੈ ਕਿ ਇਸ ਪੜਾਵ ਉੱਤੇ ਪਹੁੰਚ ਕੇ ਉਹ ਮੱਧ ਸ਼੍ਰੇਣੀ ਦੀ ਇਸਤਰੀ ਦੀ ਹਾਲਤ ਨੂੰ ਖੁੱਲ੍ਹ ਕੇ ਬਿਆਨ ਕਰਦੀ ਹੈ। ਸੇਖੋਂ ਇਸਨੂੰ ਉਸਦੀ ਕਵਿਤਾ ਦੀ ਉਦਾਹਰਣ ਦੇ ਕੇ ਸਪੱਸ਼ਟ ਕਰਦਾ ਹੈ।

ਅੰਮ੍ਰਿਤਾ ਮੱਧ ਸ਼੍ਰੇਣੀ ਵਿਚ ਇਸਤਰੀ ਦੀਆਂ ਮਜਬੂਰੀਆਂ ਅਰ ਬੰਧਨਾ ਨੂੰ ਬੜੇ ਭਾਵਕ ਢੰਗ ਨਾਲ ਵਰਣਨ ਕਰਦੀ ਹੈ:

ਅੰਨ ਦਾਤਾ! ਕਾਮੇ ਮਾਂ ਬਾਪ ਦਿਤੇ ਕਾਮੇ ਨੇ ਜੰਮ,

ਕਾਮੇ ਦਾ ਕੰਮ ਹੈ ਸਿਰਫ ਕੰਮ!

ਬਾਕੀ ਵੀ ਤਾਂ ਕੰਮ ਕਰਦਾ ਇਹ ਚੰਮ,

ਉਹ ਵੀ ਇਕ ਕੰਮ, ਇਹ ਵੀ ਇਕ ਕੰਮ!।104॥

ਸੇਖੋਂ ਅੰਮ੍ਰਿਤਾ ਪ੍ਰੀਤਮ ਬਾਰੇ ਅੱਗੇ ਕਹਿੰਦਾ ਹੈ ਕਿ ਇਸ ਪਿੱਛੋਂ ਉਸਨੂੰ ਜਨਤਾ ਦੀਆਂ ਸਮਾਜਿਕ ਮਜਬੂਰੀਆਂ ਦਾ ਵਧੇਰੇ ਅਨੁਭਵ ਹੋ ਗਿਆ ਜਾਪਦਾ ਹੈ। ਉਹ 1947 ਈ. ਦੀ ਵੰਡ ਦੇ ਦੁਖਾਂਤ ਨੂੰ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕਰਦੀ ਹੈ। ਸੇਖੋਂ ਇਸ ਬਾਰੇ ਲਿਖਦਾ ਹੈ:

ਇਸ ਸਮੇਂ ਤੋਂ ਅੰਮ੍ਰਿਤਾ ਦੀਆਂ ਅੱਖਾਂ ਜਨਤਾ ਦੀਆਂ ਸਮਾਜਿਕ ਮਜਬੂਰੀਆਂ ਨੂੰ ਵਧੇਰੇ ਸੋਝੀ ਨਾਲ ਦੇਖਣ ਲਗ ਜਾਂਦੀਆਂ ਹਨ, ਭਾਵੇਂ ਵਧੇਰੇ ਕਰਕੇ ਅਜੇ ਵੀ ਉਹ ਪੰਜਾਬ ਦੀ ਵੰਡ ਅਰ ਇਸ ਤੋਂ ਉਪਜੇ ਦੁੱਖਾਂ ਦੇ ਰੋਣ ਹੀ ਰੋਂਦੀ ਹੈ।।105॥

ਸੇਖੋਂ ਆਧੁਨਿਕ ਸਾਹਿਤ ਬਾਰੇ ਅੱਗੇ ਗੱਲ ਕਰਦਿਆਂ ਪ੍ਰੀਤਮ ਸਿੰਘ ਸਫੀਰ ਦੇ ਅਨੁਭਵ ਨੂੰ ਦਰਸਾਉਂਦਾ ਹੈ। ਸੇਖੋਂ ਨੂੰ ਉਸਦਾ ਅਨੁਭਵ ਰਹੱਸਵਾਦ ਦੇ ਅੰਸ਼ਾਂ ਨਾਲ ਭਰਪੂਰ ਲੱਗਦਾ ਹੈ। ਸੇਖੋਂ ਦੱਸਦਾ ਹੈ ਕਿ ਉਸ ਦੀਆਂ ਕੁੱਝ ਕਵਿਤਾਵਾਂ ਜਿਵੇਂ 'ਹਸਤਨਾਪੁਰ ਦਾ ਜਮਾਨਾ ਨਹੀਂ ਹੁਣ' ਅਤੇ 'ਕੀ ਲੈਨਾ ਏਂ ਰੱਬ ਦਾ ਨਾਂ ਬੀਬਾ' ਆਦਿ ਵਿਚ ਇਨਕਲਾਬੀ ਅੰਸ਼ ਅਤੇ ਕ੍ਰਾਂਤੀ ਦੇ ਭਾਵ ਦੇਖਣ ਨੂੰ ਮਿਲਦੇ ਹਨ। ਸੇਖੋਂ ਕਹਿੰਦਾ ਹੈ ਕਿ ਭਾਵੇਂ ਉਸਦੀ ਕਵਿਤਾ ਵਿਚ ਵਰਤਮਾਨ ਸਮੇਂ ਦੇ ਆਰਥਿਕ ਬੰਧਨਾ ਤੇ ਸਮਾਜਿਕ ਪਾਖੰਡਾਂ ਦੇ ਵਿਸ਼ੇ ਵੀ ਦ੍ਰਿਸ਼ਟੀਗਚੋਰ ਹੋਏ ਪਰ ਰਹੱਸ ਉਸਦੀ ਕਵਿਤਾ ਦਾ ਅਹਿਮ ਲੱਛਣ ਹੈ। ਇਸ ਬਾਰੇ ਸੇਖੋਂ ਲਿਖਦਾ ਹੈ:

ਉਸਦੇ ਅਨੁਭਵ ਵਿਚ ਇਕ ਡੂੰਘ ਹੈ, ਇਕ ਰਹੱਸ ਹੈ, ਜੋ ਬਣਾਵਟੀ ਨਹੀਂ ਦਿਸਦਾ, ਸਗੋਂ ਇਸ ਤੋਂ ਪਾਰ ਦੀਆਂ ਕੰਨਸੋਆਂ ਦੇਂਦਾ ਹੈ।।106॥

4.8 ਸਿਧਾਂਤਕਾਰੀ

ਸਾਹਿਤਿਆਰਥ ਪੁਸਤਕ ਵਿਚ ਸੇਖੋਂ ਸਭ ਤੋਂ ਪਹਿਲਾਂ ਇਸਦੇ ਵਿਸ਼ੇ ਖੇਤਰ ਬਾਰੇ ਦੱਸਦਾ ਹੈ। ਉਹ ਇਸ ਪੁਸਤਕ ਦੇ 'ਮੁਖ ਵਾਕ' ਪੰਨੇ ਉੱਤੇ ਲਿਖਦਾ ਹੈ ਕਿ ਪੁਸਤਕ ਕੇਵਲ ਕਵਿਤਾ ਤਕ ਸੀਮਤ ਹੈ। ਉਹ ਲਿਖਦਾ ਹੈ:

ਮੇਰਾ ਵੀ ਸੰਕਲਪ ਪਹਿਲਾਂ ਇਸ ਨੂੰ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਦੀ ਧਾਰਨੀ ਬਣਾਣ ਦਾ ਸੀ ਪਰ ਕਈ ਭਾਂਤ ਦੇ ਰੁਝੇਵਿਆਂ ਵਿਚ ਕਈ ਸਾਲਾਂ ਵਿਚ ਮੈਨੂੰ ਕੇਵਲ ਕਵਿਤਾ ਬਾਰੇ ਹੀ ਇਹ ਕੁਝ ਲਿਖਣ ਦਾ ਅਵਸਰ ਮਿਲਿਆ ਹੈ।

ਇਸਤੋਂ ਇਲਾਵਾ ਇਸ ਪੁਸਤਕ ਦੀ ਵਿਸ਼ੇ ਸੂਚੀ ਵਿਚ ਕਵਿਤਾ ਕੀ ਹੈ, ਕਵਿਤਾ ਤੇ (ਮੱਧਕਾਲੀ/ਆਧੁਨਿਕ) ਅਨੁਭਵ, ਭਾਵੁਕਤਾ, ਉਪਭਾਵੁਕਤਾ, ਕਵਿਤਾ ਤੇ ਪ੍ਰਕਿਰਤੀ, ਕਵਿਤਾ ਤੇ ਸੰਸਕ੍ਰਿਤੀ, ਕਵਿਤਾ ਤੇ ਵਿਗਿਆਨ, ਕਵਿਤਾ ਤੇ ਸਮਾਜਿਕ ਆਲੋਚਨਾ, ਕਵਿਤਾ ਤੇ ਕਲਾ-ਕੌਸ਼ਲ, ਕਵਿਤਾ ਤੇ ਰਸ ਸਿਧਾਂਤ ਕਵਿਤਾ ਤੇ ਪਰਾ ਆਦਿ ਵਿਸ਼ਿਆ ਤੋਂ ਇਲਾਵਾ ਅਲੰਕਾਰ, ਛੰਦ, ਧੁਨੀ, ਬਿੰਬ ਚਿੰਨ੍ਹ ਅਤੇ ਕਵੀ ਦਾ ਆਪਾ ਆਦਿ ਬਾਰੇ ਸਿਧਾਂਤਕ ਚਰਚਾ ਕੀਤੀ ਮਿਲਦੀ ਹੈ, ਜਿਸਨੂੰ ਸੇਖੋਂ ਨੇ ਮਾਰਕਸੀ ਦਵੰਦਾਤਮਕ ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਨਾਮੀ ਵਿਭਿੰਨ ਸੰਕਲਪਾਂ ਰਾਹੀਂ ਨੇਪਰੇ ਚਾੜ੍ਹਿਆ ਹੈ।

ਸੇਖੋਂ ਸਿਧਾਂਤ ਚਿੰਤਨ ਇਸ ਪੁਸਤਕ ਵਿਚ ਕਾਵਿ ਕੀ ਹੈ, ਦੇ ਪ੍ਰਸ਼ਨਾਮੂਲਕ ਸੰਕਲਪ ਰਾਹੀਂ ਗੱਲ ਸ਼ੁਰੂ ਕਰਦਾ ਹੈ। ਇਸਦੇ ਉਤਰ ਵਿਚ ਉਹ ਕਵਿਤਾ ਨੂੰ ਇਕ ਸੂਖਮ ਕਲ੍ਹਾ ਮੰਨਦਾ ਹੈ। ਉਹ ਇਸਨੂੰ ਬੁੱਧੀ ਤੋਂ ਪਰ੍ਹੇ ਦੇ ਵਿਚਾਰਾਂ ਦਾ ਪ੍ਰਗਟਾਅ ਅਤੇ ਗਤੀਸ਼ੀਲ ਮਨਾਂ ਨੂੰ ਗਤੀ ਦੇਣ ਵਾਲੀ ਮੰਨਦਾ ਹੈ। ਉਸਦਾ ਵਿਚਾਰ ਹੈ:

ਜਿਹੜੇ ਮਨੁੱਖੀ ਅਨੁਭਵ ਜਾ ਵਿਚਾਰ ਵੀ ਬੁੱਧੀ ਦੀ ਪਕੜ ਵਿਚ ਨਹੀਂ ਆ ਸਕਦੇ ਕਵਿਤਾ ਉਹਨਾਂ ਦੇ ਪ੍ਰਗਟਾਉ ਦਾ ਮਾਧਿਅਮ ਹੈ।।107॥

ਸੇਖੋਂ ਕਵਿਤਾ ਨੂੰ ਸੂਖਮ ਕਲਾ ਕਹਿੰਦਾ ਹੈ ਤੇ ਬਾਕੀ ਵਿਭਿੰਨ ਸੂਖਮ ਕਲਾਵਾਂ (ਰਾਗ, ਚਿਤਰ, ਮੂਰਤੀ ਤੇ ਮੰਦਰ ਕਲਾ ਆਦਿ) ਵਿਚੋਂ ਕਾਵਿ ਨੂੰ ਸਭ ਤੋਂ ਸੂਖਮ ਦੱਸਦਾ ਹੈ। ਇਸਦੀ ਸੂਖਮਤਾ ਸੰਬੰਧੀ ਉਸਦਾ ਵਿਚਾਰ ਹੈ:

ਕਵਿਤਾ ਭਾਵੇਂ ਇਹਨਾਂ ਸਭਨਾਂ ਵਿਚੋਂ ਵੱਧ ਸੂਖਮ ਹੈ, ਕਿਉਂਕਿ ਇਸਦੀ ਹੋਂਦ ਵਿਚ ਕੋਈ ਵੀ ਸਥੂਲ ਅੰਸ਼ ਨਹੀਂ।।108॥

ਕਵਿਤਾ ਦੀ ਉਤਪਤੀ ਨੂੰ ਉਹ ਅਪ੍ਰਤੱਖ ਰੂਪ ਵਿਚ ਸੂਖਮ ਮੰਨਦਾ ਹੈ ਅਤੇ ਇਸ ਵਿਚ ਮਨੁੱਖ ਦੇ ਭਾਵ ਸੂਖਮ ਰੂਪ ਵਿਚ ਅਨੁਭਵ ਦੇ ਪ੍ਰਤੱਖਣ ਨਾਲ ਪੈਦਾ ਹੁੰਦੇ ਹਨ ਤੇ ਸਥੂਲ ਰੂਪ ਗ੍ਰਹਿਣ ਕਰਦਿਆਂ ਸਮਾਜਕ ਕਰਮ ਵਜੋਂ ਸਾਹਮਣੇ ਆਉਂਦੇ ਹਨ।

ਇਸ ਪੁਸਤਕ ਵਿਚ ਸੇਖੋਂ ਕਵਿਤਾ ਦੇ ਸੁਭਾਅ ਦੀ ਗੱਲ ਕਰਦਿਆਂ ਕਹਿੰਦਾ ਹੈ ਕਿ ਇਸਦਾ ਮਹੱਤਵਪੂਰਨ ਲੱਛਣ ਨਿਆਇ ਤੇ ਬੁੱਧੀ ਹੈ। ਸੇਖੋਂ ਕਵਿਤਾ ਲਈ ਇਸਨੂੰ ਜ਼ਰੂਰੀ ਵੀ ਮੰਨਦਾ ਹੈ। ਉਸਦਾ ਮੰਨਣਾ ਹੈ ਕਿ ਇਸਤੋਂ ਬਿਨਾਂ ਕੋਈ ਵੀ ਰਚਨਾ ਅਹਿਮੀਅਤ ਨਹੀਂ ਰੱਖਦੀ। ਇਸ ਸੰਬੰਧੀ ਉਸਦਾ ਵਿਚਾਰ ਹੈ ਕਿ:

ਕਾਵਿਮਈ ਉਤਮਤਾ ਲਈ ਛੰਦ-ਬੱਧ ਸ਼ਬਦਾਂ ਨੂੰ ਹੋਰ ਗੁਣਾਂ ਦੀ ਵੀ ਲੋੜ ਹੈ। ਇਨ੍ਹਾਂ ਵਿਚ ਸਭ ਤੋਂ ਪਹਿਲਾ ਗੁਣ ਤਾਂ ਨਿਆਇ ਤੇ ਬੁਧੀ ਦਾ ਹੀ ਹੈ, ਕਿਉਂ ਜੋ ਕੋਈ ਰਚਨਾ ਵੀ, ਪਦ ਹੋਵੇ ਭਾਵੇਂ ਗੱਦ, ਨਿਆਇ ਤੇ ਬੁਧੀ ਤੋਂ ਬਿਨਾ ਮਨੁਖ ਲਈ ਬਹੁਤ ਅਰਥ ਨਹੀਂ ਰੱਖ ਸਕਦੀ।।109॥

ਨਿਆਇ ਅਤੇ ਬੁੱਧੀ ਦੀ ਗੱਲ ਕਰਨ ਤੋਂ ਬਾਅਦ ਸੇਖੋਂ ਕਲਪਨਾ ਨੂੰ ਵੀ ਕਵਿਤਾ ਦਾ ਸੁਭਾਅ ਮੰਨਦਾ ਹੈ ਅਤੇ ਇਸਨੂੰ ਬੁੱਧੀ ਨਾਲ ਜੋੜਦਾ ਹੈ। ਉਸਦਾ ਮੰਨਣਾ ਹੈ ਕਿ ਕਾਵਿ-ਸਿਧਾਂਤ ਦੇ ਰੂਪਕ ਪੱਖ ਦਾ ਆਧਾਰ ਕਲਪਨਾ ਹੀ ਹੈ। ਇਸ ਸੰਬੰਧੀ ਉਸਦਾ ਵਿਚਾਰ ਹੈ:

ਕਵਿਤਾ ਦਾ ਸੁਭਾਅ ਬਦਲ ਰਹੇ, ਵਿਗਸ ਰਹੇ, ਬਣ ਰਹੇ, ਬਣਨ ਵਾਲੇ ਵਾਸਤਵ ਦੀ ਰੂਪ-ਰੇਖਾ ਚਿਤਰਨਾ ਅਥਵਾ ਕਲਪਿਤ ਕਰਨਾ ਹੈ। ਕਲਪਨਾ ਕਵਿਤਾ ਦਾ ਸੁਭਾਵ ਹੈ।।110॥

ਸੇਖੋਂ ਦਾ ਮੰਨਣਾ ਹੈ ਕਿ ਕਲਪਨਾ ਚੇਤਨਤਾ ਦਾ ਅੰਗ ਅਤੇ ਅਨੁਭਵ ਦਾ ਕਲਾਤਮਕ ਪ੍ਰਗਟਾਅ ਹੈ। ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਕਵਿਤਾ ਦੇ ਸਰੋਤਾਂ ਦੀ ਵੀ ਗੱਲ ਕਰਦਾ ਹੈ। ਇਸ ਪੁਸਤਕ ਵਿਚ 'ਰਾਜਸੀ ਸੰਗ੍ਰਾਮ' ਅਤੇ 'ਇਸ਼ਕ' ਨੂੰ ਕਵਿਤਾ ਦੇ ਦੋ ਵੱਡੇ ਸੋਮਿਆਂ ਵਜੋਂ ਪ੍ਰਵਾਨ ਕੀਤਾ ਗਿਆ ਹੈ। ਇਹਨਾਂ ਨੂੰ ਅਨੁਭਵ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਪੁਰਾਣੇ ਸਾਹਿਤ ਵਿਚ ਸੰਗ੍ਰਾਮ ਤੇ ਇਸ਼ਕ ਦਾ ਅਨੁਭਵ ਕੇਵਲ ਉੱਚ ਵਰਗ ਦਾ ਅਨੁਭਵ ਹੀ ਸੀ। ਆਧੁਨਿਕ ਸਾਹਿਤ ਵਿਚ ਇਹ ਸੇਖੋਂ ਲਈ ਅਨੁਭਵ ਦੀ ਪੇਸ਼ਕਾਰੀ ਵਿਚ 'ਵਿਸ਼ਾਲ' ਅਤੇ 'ਸਰਵੱਤਰ' ਹੈ। ਪੁਰਾਣੇ ਸਾਹਿਤ ਵਿਚ ਇਸ਼ਕ ਦਾ ਸੰਕਲਪ ਸਮਾਜ ਵਿਚ ਤਬਦੀਲੀ ਲਿਆਉਣ ਦਾ ਕਾਰਨ ਨਹੀਂ ਬਣਦਾ ਕੇਵਲ ਸਾਮਿਅਕ ਬਗਾਵਤ ਹੀ ਸੀ। ਇਸ ਸੰਬੰਧੀ ਉਸਦਾ ਵਿਚਾਰ ਹੈ:

ਰਾਜਸੀ ਸੰਗ੍ਰਾਮ ਜਾਂ ਇਸ਼ਕ ਦਾ ਵੀ ਜੋ ਅਨੁਭਵ ਉੱਚੀਆਂ ਸ਼੍ਰੇਣੀਆਂ ਨੂੰ ਹੁੰਦਾ ਹੈ ਉਹ ਸਦੀਵੀ ਨਹੀਂ ਹੁੰਦਾ ਤੇ ਨਾ ਹੀ ਸਰਵੱਤਰ। ਕਿਸੇ ਕਿਸੇ ਨੂੰ ਇਸ ਇਸ਼ਕ ਦਾ ਅਨੁਭਵ ਹੁੰਦਾ ਹੈ ਤੇ ਕਦੀ-ਕਦੀ। ਇਨ੍ਹਾਂ ਕਦੇ ਕਦਾਈਂ ਦੇ ਮੌਕਿਆਂ ਤੋਂ ਉਪਰੰਤ ਬਹੁਤ ਲਿਖਾਰੀਆਂ ਨੂੰ ਇਹ ਅਨੁਭਵ ਕੇਵਲ ਸਾਮਿਅਕ, ਰਿਵਾਜੀ ਰੂਪ ਵਿਚ ਕਲਪਨਾ ਰਾਹੀਂ ਹੀ ਹੁੰਦਾ ਹੈ।।111॥

ਕਾਵਿ ਦੇ ਸਰੋਤਾਂ, ਰਾਜਸੀ ਸੰਗ੍ਰਾਮ ਤੇ ਇਸ਼ਕ ਅਤੇ ਹੋਰ ਜੀਵਨ ਦੇ ਪੱਖਾਂ ਸੰਬੰਧੀ ਸੇਖੋਂ ਸਿਧਾਂਤ-ਚਿੰਤਨ ਪੁਰਾਣੇ ਕਵੀਆਂ ਦੇ ਅਨੁਭਵ ਨੂੰ ਸੌੜਾ ਅਤੇ ਆਧੁਨਿਕ ਕਵੀਆਂ ਦੇ ਅਨੁਭਵ ਨੂੰ ਵਿਸ਼ਾਲ ਮੰਨਦਾ ਹੈ।

ਕਵਿਤਾ ਦੇ ਅਨੁਭਵ ਦੇ ਸੰਬੰਧਾਂ ਦੀ ਗੱਲ ਕਰਦਿਆਂ, ਸੇਖੋਂ ਸਿਧਾਂਤ-ਚਿੰਤਨ ਵਿਚ ਇਕ ਪਹਿਲੂ ਕਵਿਤਾ ਵਿਚ ਪੇਸ਼ ਮਨੁੱਖੀ ਅਨੁਭਵ ਦੀ ਵਿਲੱਖਣਤਾ ਹੈ। ਦੋ ਵੱਖ-ਵੱਖ ਕਵੀਆਂ ਦੁਆਰਾ ਇਕੋ ਜਿਹੀਆਂ ਰਚਨਾਵਾਂ ਕਰਨ ਵਿਚ ਉਹ ਅਨੁਭਵ ਦੇ ਅੰਤਰ ਸੰਬੰਧੀ ਗੱਲ ਕਰਦਾ ਹੈ। ਉਸਦਾ ਮੰਨਣਾ ਹੈ ਕਿ ਕਵਿਤਾ ਦੇ ਸੱਚੀ-ਸੁੱਚੀ ਹੋਣ ਵਿਚ ਅਨੁਭਵ ਦੀ ਸੱਚਾਈ ਹੀ ਵਧੇਰੇ ਕੰਮ ਕਰਦੀ ਹੈ। ਇਸ ਸੰਬੰਧੀ ਉਹ ਆਪਣਾ ਵਿਚਾਰ ਸਪੱਸ਼ਟ ਕਰਦਾ ਲਿਖਦਾ ਹੈ:

ਮਨੁੱਖ ਉੱਤੇ ਜੋ ਵਰਤਦੀ ਘਟਦੀ ਹੈ, ਉਸਦੀ ਸੂਝ ਅਤੇ ਇਸ ਸੂਝ ਦੇ ਸੁਭਾਅ ਅਰ ਕਰਮ ਰਾਹੀਂ ਪ੍ਰਗਟ ਹੋਣ ਨੂੰ ਅਸੀਂ ਉਸਦੇ ਅਨੁਭਵ ਦਾ ਪ੍ਰਕਾਸ਼ ਕਹਿ ਸਕਦੇ ਹਾਂ।।112॥

ਇਥੇ ਸੇਖੋਂ ਅਨੁਭਵ ਨੂੰ ਵਿਅਕਤੀ ਤੱਕ ਹੀ ਸੀਮਤ ਕਰ ਦਿੰਦਾ ਹੈ।

ਸੇਖੋਂ ਕਾਵਿ ਵਿਚ ਪ੍ਰਕਿਰਤੀ ਦੇ ਅੰਸ਼ਾਂ ਬਾਰੇ ਗੱਲ ਕਰਦਾ ਇਸਨੂੰ ਇਕ ਮਹੱਤਵਪੂਰਨ ਵਿਸ਼ਾ ਮੰਨਦਾ ਹੈ। ਕਿਉਂਕਿ ਮਨੁੱਖ ਦੇ ਹਰ ਕਰਮ ਵਿਚ, ਪ੍ਰਕਿਰਤੀ ਦੀ ਪੇਸ਼ਕਾਰੀ ਤੇ ਮੌਜੂਦਗੀ ਰਹੀ ਹੈ। ਜਿਸ ਵਿਚੋਂ

ਸਾਹਿਤ ਸਿਰਜਣਾ ਵੀ ਇਕ ਕਰਮ ਮੰਨਿਆ ਗਿਆ ਹੈ। ਇਸ ਵਿਚ ਆਰੰਭ ਤੋਂ ਹੁਣ ਤੱਕ ਕਈ ਵੱਖ-ਵੱਖ ਪੜਾਵਾਂ ਵਿਚ ਪ੍ਰਕਿਰਤੀ ਦਾ ਚਿਤਰਨ ਮਾਨਸਿਕ ਸੁੱਖ-ਸ਼ਾਂਤੀ ਦਾ ਸਾਧਨ ਬਣਿਆ ਹੈ। ਸੇਖੋਂ ਆਉਣ ਵਾਲੇ ਸਮਾਜਵਾਦੀ ਪ੍ਰਬੰਧ ਦੀ ਆਸ ਕਰਦਿਆਂ ਕਹਿੰਦਾ ਹੈ:

ਇਹ ਸਮਾਜਿਕ ਚੇਤਨਾ ਤੇ ਚੇਸ਼ਟਾ ਨੂੰ ਵਧਾਣ ਦਾ ਇਕ ਸਾਧਨ ਬਣੇਗਾ।।113॥

ਕਾਵਿ ਦੇ ਰੂਪ ਬਾਰੇ ਵੀ ਸੇਖੋਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਸੇਖੋਂ ਦਾ ਪਹਿਲਾ ਵਿਚਾਰ 'ਛੰਦ' ਸੰਬੰਧੀ ਦੇਖਣ ਨੂੰ ਮਿਲਦਾ ਹੈ। ਸੇਖੋਂ ਕਵਿਤਾ ਤੇ ਛੰਦ ਨੂੰ ਇਕ ਹੀ ਸਿੱਕੇ ਦੇ ਦੋ ਪਹਿਲੂਆਂ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਜਿਸਨੂੰ ਅਲੱਗ ਨਹੀਂ ਕੀਤਾ ਜਾ ਸਕਦਾ। ਸੇਖੋਂ ਛੰਦ ਨੂੰ ਕਵਿਤਾ ਦਾ ਸਰੀਰ ਮੰਨਦਾ ਹੈ:

ਛੰਦ ਕਵਿਤਾ ਦਾ ਸਰੀਰ, ਲਿੰਗ ਰੂਪ ਹੈ। ਛੰਦ-ਰਹਿਤ ਕਾਵਿਮਈ ਰਚਨਾ ਲਿੰਗ- ਰਹਿਤ ਇਸਤਰੀ ਰੂਪ ਜੀਵ ਵਾਕਰ ਹੈ।।114॥

ਵਿਦਵਾਨਾਂ ਦੁਆਰਾ ਛੰਦ ਦਾ ਸੰਬੰਧ ਕਾਵਿ ਦੇ ਵਜ਼ਨ, ਤੋਲ ਤੇ ਮਾਪ ਨਾਲ ਕੀਤਾ ਗਿਆ ਹੈ ਪਰ ਸੇਖੋਂ ਲਈ ਛੰਦ ਕਵਿਤਾ ਦੀ ਜਾਣ-ਪਛਾਣ ਦਾ ਬੁਨਿਆਦੀ ਆਧਾਰ ਬਣ ਗਿਆ ਹੈ, ਜਿਸਦਾ ਜਿਕਰ ਉਸ ਦੁਆਰਾ ਬਾਰ-ਬਾਰ ਕੀਤਾ ਗਿਆ ਹੈ:

ਕੇਵਲ ਛੰਦ-ਬਧ ਰਚਨਾ ਹੀ ਕਵਿਤਾ ਹੈ।

ਛੰਦ ਦੇ ਨਿਯਮਾਂ ਵਿਚ ਬੱਧੇ ਸ਼ਬਦ ਕਵਿਤਾ ਹਨ।।115॥

ਸੇਖੋਂ ਲਈ ਛੰਦ ਬਧ ਰਚਨਾ ਹੀ ਕਵਿਤਾ ਹੈ। ਇਸਦਾ ਦੂਜਾ ਪੱਖ ਛੰਦ ਰਹਿਤ ਕਵਿਤਾ ਜਾਂ ਖੁੱਲ੍ਹੀ ਕਵਿਤਾ ਹੈ, ਜਿਸਦੀ ਉਸ ਲਈ ਕੋਈ ਹੋਂਦ ਨਹੀਂ। ਸੇਖੋਂ ਲਈ ਖੁੱਲ੍ਹੀ ਕਵਿਤਾ ਇਕ ਮਸਤੀ ਹੈ:

ਛੰਦ ਤੇ ਤੁਕਾਂਤ ਰਹਿਤ ਕਵਿਤਾ ਕਹਿਣਾ ਇਕ ਮਸਤੀ ਹੈ, ਜਿਸ ਨੂੰ ਉਹ ਨਿਭਾ ਸਕਦਾ ਹੈ ਜੋ ਸਚਮੁੱਚ ਹੀ ਮਸਤ ਹੋਵੇ। ।116॥

ਸੇਖੋਂ ਅਲੰਕਾਰ ਬਾਰੇ ਵੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਕਿ ਜੋ ਕਿ ਵਿਭਿੰਨ ਕਿਸਮ ਦੇ ਹਨ। ਉਸਦਾ ਮੰਨਣਾ ਹੈ ਕਿ ਅਲੰਕਾਰ ਕਾਵਿ ਨੂੰ ਵਾਰਤਕ ਨਾਲੋਂ ਵੱਖਰਾ ਕਰਦਾ ਹੈ, ਵਿਸ਼ੇਸ਼ਤਾ ਦਿਵਾਉਂਦਾ ਹੈ, ਕਾਵਿ ਦਾ ਸੁਭਾਵ ਹੈ, ਗਹਿਣਾ ਹੈ ਆਦਿ:

ਅਲੰਕਾਰ ਕਵਿਤਾ ਦਾ ਕੇਵਲ ਗਹਿਣਾ ਹੀ ਨਹੀਂ ... ਸਗੋਂ ਅਲੰਕਾਰ ਕਵਿਤਾ ਦਾ ਸੁਭਾਵ ਹੈ ਜਿਸਤੋਂ ਬਿਨਾ ਛੰਦ ਕਵਿਤਾ ਨਹੀਂ ਅਖਵਾ ਸਕਦਾ।।117॥

ਚਿੰਨ੍ਹਵਾਦ ਦੀ ਗੱਲ ਕਰਦਿਆਂ ਸੇਖੋਂ ਚਿੰਨ੍ਹਵਾਦ ਨੂੰ ਸਮਾਜਕ ਆਲੋਚਨਾ ਦੇ ਕਰਮ ਵਜੋਂ ਦੇਖਦਾ ਹੈ। ਉਸਨੂੰ ਇਸਦਾ ਸੁਭਾਅ ਰਹੱਸਮਈ ਲੱਗਦਾ ਹੈ। ਚਿੰਨ੍ਹ ਦੀ ਦੋ-ਅਰਥੀ ਪ੍ਰਕਿਰਤੀ ਨੂੰ ਉਹ ਨਾ-ਪਸੰਦ ਕਰਦਾ ਹੈ। ਉਸਦਾ ਮੰਨਣਾ ਹੈ ਕਿ ਕਵੀ ਇਕੋ ਰਹੱਸ ਵਿਚ ਵਿਚਰਦਾ ਹੋਇਆ ਅਪਸਾਰਵਾਦੀ ਬਣ ਜਾਂਦਾ ਹੈ ਤੇ ਸਮਾਜਿਕ ਆਲੋਚਨਾ ਦਾ ਕਰਮ ਅਸਪੱਸ਼ਟ ਹੁੰਦਾ ਹੈ, ਜੋ ਕਿ ਮਾਰਕਸਵਾਦੀ ਦ੍ਰਿਸ਼ਟੀ ਦੇ ਉਲਟ ਹੈ। ਸੇਖੋਂ ਚਿੰਨ੍ਹ ਦੇ ਦੋ ਪ੍ਰਮੁੱਖ ਔਗੁਣਾਂ ਬਾਰੇ ਲਿਖਦਾ ਹੈ:

ਉਹ ਇਕ ਭਾਂਤ ਦਾ ਦੋ ਅਰਥੀ ਹੋ ਜਾਂਦਾ ਹੈ ਜੋ ਉਸਦੇ ਸਮਾਜ ਲਈ ਲਾਭਕਾਰੀ ਹੋਣ ਦੀ ਸੰਭਾਵਨਾ ਨੂੰ ਘਟਾਂਦਾ ਹੈ।।118॥

ਸੇਖੋਂ ਕਾਵਿ ਵਿਚ ਧੁਨੀ ਬਾਰੇ ਗੱਲ ਕਰਦਿਆਂ ਕਹਿੰਦਾ ਹੈ ਕਿ ਧੁਨੀ ਵਿਚ ਸ਼ਬਦ ਅਰਥ ਨੂੰ ਪ੍ਰਧਾਨਤਾ ਪ੍ਰਾਪਤ ਨਹੀਂ ਹੁੰਦੀ। ਸੇਖੋਂ ਕਾਵਿ ਵਿਚ ਧੁਨੀ ਨੂੰ ਸੁਭਾਵਕ, ਸੰਗੀਤਕ ਰਸ ਉਪਜਾਉਣ ਵਾਲੀ, ਅਚੇਤ ਹੋਣ ਵਾਲਾ ਪ੍ਰਗਟਾਉ ਮੰਨਦਾ ਹੈ। ਧੁਨੀ ਸੰਬੰਧੀ ਉਸਦੇ ਵਿਚਾਰ ਭਾਰਤੀ ਕਾਵਿ-ਸ਼ਾਸ਼ਤਰ ਦੇ ਅਨੁਸਾਰ ਜੋ ਕਿ ਧੁਨੀ ਦਾ ਸੌਂਦਰਯ ਉਸਦੇ ਅਨਅਭਿਵਿਅਕਤੀ ਅਰਥ ਵਿਚ ਮੰਨਦੇ ਹਨ ਦੇ ਵਿਚਾਰ ਤੇ ਆਧਾਰਿਤ ਹਨ। ਇਸ ਬਾਰੇ ਉਸਦਾ ਵਿਚਾਰ ਹੈ:

ਇਹ ਆਪਣੇ ਸੰਗੀਤਕ ਰਸ ਨਾਲ ਪੰਕਤੀ ਨੂੰ ਮਨੋਹਰ ਬਣਾ ਦੇਂਦਾ ਹੈ, ਤੇ ਕਈ ਵਾਰੀ ਪੜ੍ਹਨ ਵਾਲੇ ਨੂੰ ਇਸਦੀ ਹੋਂਦ ਤੇ ਕਰਮ ਦਾ ਗਿਆਨ ਵੀ ਨਹੀਂ ਹੁੰਦਾ। ।119॥

ਉਸਦਾ ਮੰਨਣਾ ਹੈ ਕਿ ਬਿੰਬ, ਚਿੰਨ੍ਹ, ਧੁਨੀ ਪਿੱਛੇ ਅਨੁਭਵ ਦੀ ਤੀਖਣ ਨਿਆਇ ਤੇ ਬੁੱਧੀ ਦੀ ਬਹੁਲਤਾ ਅਤੇ ਕਲਪਨਾ ਦੀ ਸ਼ਕਤੀ ਕਾਵਿ ਨੂੰ ਵਧੇਰੇ ਯਥਾਰਥਮੁਖੀ ਤੇ ਸਫਲ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਰਸ ਸਿਧਾਂਤ ਸੰਬੰਧੀ ਸੇਖੋਂ ਦਾ ਮੱਤ ਹੈ ਕਿ 'ਕਲਾ ਕਲਾ ਲਈ' ਦੇ ਸਿਧਾਂਤ ਦਾ ਦੂਜਾ ਰੂਪ ਭਾਰਤੀ ਆਲੋਚਨਾ ਦਾ ਰਸ-ਸਿਧਾਂਤ ਹੈ। ਉਸਦਾ ਮੰਨਣਾ ਹੈ ਕਿ ਰਸ ਸਿਧਾਂਤ ਮਨੁੱਖ ਨੂੰ ਭਾਵੁਕ ਤੇ ਜ਼ਜਬਾਤੀ ਕਰਦਾ ਹੈ ਅਤੇ ਭਾਵ ਮਗਨ ਵੀ। ਇਹ ਕਾਵਿ ਵਿਚ ਪੇਸ਼ ਵਿਚਾਰ ਤੇ ਅਸਲੀ ਚਿੰਤਨ ਤੋਂ ਪਾਠਕ ਨੂੰ ਵਾਂਝਿਆ ਕਰਦਾ ਹੈ। ਕਵਿਤਾ ਚਿੰਤਨ ਤੋਂ ਵਾਂਝੀ ਨਹੀਂ ਹੋਣੀ ਚਾਹੀਦੀ। ਸੇਖੋਂ ਦੁਆਰਾ ਰਸ-ਸਿਧਾਂਤ ਉਪਰ ਕਿੰਤੂ ਕੀਤਾ ਗਿਆ ਹੈ। ਕਿਉਂਕਿ ਇਸਦੀ ਪ੍ਰਧਾਨਤਾ ਕਾਵਿ ਦੇ ਕਰਮ ਨੂੰ ਧੁੰਦਲਾ ਕਰਦੀ ਹੈ:

ਕਵਿਤਾ ਜਾਂ ਕਲਾ ਭਾਵੇਂ ਕਿਤਨੀ ਵੀ ਰੂਪਵਾਦੀ ਕਿਉਂ ਨਾ ਹੋਵੇ, ਚਿੰਤਨ ਤੋਂ ਵਾਂਝੀ ਨਹੀਂ ਹੋਣੀ ਚਾਹੀਦੀ, ਕਵਿਤਾ ਦਾ ਰਸ ਸਿਧਾਂਤ ਇਸਨੂੰ ਚਿੰਤਨ ਤੋਂ ਵਾਂਝੀ ਰੱਖਣਾ ਲੋੜਦਾ ਹੈ ਇਹ ਸਥਿਤੀ ਅਜੋਕੇ ਸਮਾਜ ਨੂੰ ਭਾਵੇਂ ਉਹ ਪੂੰਜੀਵਾਦੀ ਹੀ ਹੋਵੇ ਪ੍ਰਵਾਨ ਨਹੀ।।120॥

ਸਮੁੱਚੇ ਵਿਚਾਰਾਂ ਵਿਚ ਸੇਖੋਂ ਸਾਹਿਤ ਦੀ ਪ੍ਰਕਿਰਤੀ ਨਿਸ਼ਚਿਤ ਕਰਨ ਦੀ ਥਾਂ ਉਸਦੀ ਉਪਯੋਗਤਾ ਦਾ ਵਰਣਨ ਕਰਦਾ ਹੈ। ਸੇਖੋਂ ਨੇ ਸਾਹਿਤ ਦੇ ਪ੍ਰਯੋਜਨ ਨੂੰ ਸਮਾਜਵਾਦੀ ਸਮਾਜ ਦੀ ਉਸਾਰੀ ਨਾਲ ਜੋੜ ਕੇ ਦ੍ਰਿਸ਼ਟੀਗੋਚਰ ਕੀਤਾ ਹੈ।

ਸੇਖੋਂ ਸਾਹਿਤਿਆਰਥ ਪੁਸਤਕ ਵਿਚ ਮਾਰਕਸਵਾਦੀ ਸਿਧਾਂਤ-ਚਿੰਤਨ ਅਤੇ ਭਾਰਤੀ-ਕਾਵਿ ਸ਼ਾਸ਼ਤਰ ਤੋਂ ਦ੍ਰਿਸ਼ਟੀ ਗ੍ਰਹਿਣ ਕਰਦਾ ਹੈ। ਸਮੁੱਚੀ ਲੋਕਾਈ ਦੀ ਮਾਨਸਿਕਤਾ ਨੂੰ ਕ੍ਰਾਂਤੀਕਾਰੀ ਦਿਸ਼ਾ ਵੱਲ ਮੋੜਨ ਦੀ ਇਤਿਹਾਸਕ ਲੋੜ ਦੇ ਮਹੱਤਵ ਨੂੰ ਪਛਾਣਦਿਆਂ ਸੇਖੋਂ ਪ੍ਰਗਤੀ ਨੂੰ ਆਪਣੇ ਚਿੰਤਨ ਦੇ ਕੇਂਦਰ ਵਿਚ ਰੱਖਦਾ ਹੈ। ਮਾਰਕਸਵਾਦੀ ਸਾਹਿਤ ਸਿਧਾਂਤ ਦੇ ਆਧਾਰ ਤੇ ਵੀ 'ਸਾਹਿਤਿਆਰਥ' ਪੁਸਤਕ ਵਿਚ ਸੇਖੋਂ ਨੇ ਕੁੱਝ ਸਿਧਾਂਤ ਪੇਸ਼ ਕੀਤੇ ਹਨ।

ਮਾਰਕਸਵਾਦੀ ਸਾਹਿਤ ਸਿਧਾਂਤ ਦੁਆਰਾ ਸਾਹਿਤ ਨੂੰ ਮਜਦੂਰ ਜਮਾਤ ਦਾ ਸ਼ਕਤੀਸ਼ਾਲੀ ਹਥਿਆਰ ਸਵੀਕਾਰਿਆ ਗਿਆ ਹੈ। ਵਿਚਾਰਧਾਰਕ ਤੇ ਜਮਾਤੀ ਸਮਾਨਤਾ ਦੇ ਰੂਪ ਕਾਰਣ ਸਾਹਿਤਕਾਰ ਨੂੰ ਵੀ 'ਮਜ਼ਦੂਰ' ਹੀ ਮੰਨਿਆ ਗਿਆ ਹੈ। ਉਸ ਵਿਚ ਉਚੀ ਸਿਰਜਣਾਤਮਕ ਚੇਤਨਾ ਹੋਣ ਕਾਰਣ ਉਹ ਸਮਾਜ ਦਾ 'ਉਪਜਾਊ ਮਜਦੂਰ' ਕਹਾਉਂਦਾ ਹੈ। ਇਸ ਨੁਕਤੇ ਨੂੰ ਸਪੱਸ਼ਟ ਕਰਦਿਆਂ ਸੇਖੋਂ ਲਿਖਦਾ ਹੈ:

ਭਵਿੱਖ ਦੇ ਸਮਾਜਵਾਦੀ ਪ੍ਰਬੰਧ ... ਵਿਚ ਕਵੀ, ਕਲਾਕਾਰ ਤੇ ਸਾਹਿਤਕਾਰ ਵੀ ਦੂਜਿਆਂ ਕਿੱਤਾਕਾਰਾਂ ਵਾਕਰ ਕਿੱਤਾਕਾਰ ਕਾਮੇ ਸਮਝੇ ਜਾਇਆ ਕਰਨਗੇ।।122॥

ਮਾਰਕਸਵਾਦੀ ਸਿਧਾਂਤ ਅਨੁਸਾਰ ਸਾਹਿਤ ਅਤੇ ਸਮਾਜ ਦੇ ਅਨਿੱਖੜਵੇਂ ਸੰਬੰਧਾਂ ਨੂੰ ਸਵੀਕਾਰਿਆ ਗਿਆ ਹੈ। ਉਹ ਮੰਨਦੇ ਹਨ ਕਿ ਸਾਹਿਤ ਸਮਾਜਿਕ ਯਥਾਰਥ ਵਿਚੋਂ ਪੈਦਾ ਹੁੰਦਾ ਹੈ। ਸੇਖੋਂ ਇਸ ਪੱਖ ਨੂੰ ਆਪਣੇ ਸਿਧਾਂਤ ਨਿਬੰਧਾਂ ਵਿਚ ਸਵੀਕਾਰ ਕਰਦਾ ਲਿਖਦਾ ਹੈ:

ਕਲਾ, ਸਾਹਿਤ, ਕਵਿਤਾ ਸਮਾਜਕ ਕਰਮ ਹਨ, ਸਮਾਜ ਤੋਂ ਬਾਹਰੇ ਕਰਮ ਨਹੀਂ। ਇਹਨਾਂ ਦਾ ਵਸਤੂ ਸਮਾਜਕ ਆਲੋਚਨਾ, ਸਮਾਜਕ ਭਾਵਾਂ ਤੇ ਵਿਚਾਰਾਂ ਦੇ ਢਾਣ ਤੇ ਉਸਾਰਨ ਤੋਂ ਬਿਨਾ ਥੋਥਾ ਰਹੇਗਾ। ।123॥

ਮਾਰਕਸਵਾਦੀ ਸਾਹਿਤ ਸਿਧਾਂਤ, ਨੀਂਹ ਅਤੇ ਉਸਾਰ ਦੇ ਸਿਧਾਂਤ ਨੂੰ ਸਭ ਤੋਂ ਮਹੱਤਵਪੂਰਨ ਮੰਨਦਾ ਹੈ। ਮਾਰਕਸਵਾਦੀ ਦਰਸ਼ਨ ਦਾ ਮੰਨਣਾ ਹੈ ਕਿ ਸਮਾਜਿਕ ਉਤਪਾਦਨ ਦੇ ਸੋਮੇ, ਪੈਦਾਵਾਰੀ ਸ਼ਕਤੀਆਂ ਅਤੇ ਉਹਨਾਂ ਦੇ ਆਪਸੀ ਸੰਬੰਧ, ਸਮਾਜ ਦੇ ਆਰਥਿਕ ਆਧਾਰ ਨੂੰ ਨਿਸ਼ਚਿਤ ਕਰਦੇ ਹਨ।

ਸੇਖੋਂ ਵੀ ਆਪਣੇ ਸਾਹਿਤ ਸਿਧਾਂਤ-ਚਿੰਤਨ ਵਿਚ ਨੀਂਹ ਤੇ ਉਸਾਰ ਦੀ ਇਸ ਧਾਰਨਾ ਨੂੰ ਮਹੱਤਤਾ ਦਿੰਦਾ ਹੈ। ਉਹ ਕਲਾ ਨੂੰ ਉਪਰਲੀ ਉਸਾਰੀ ਨਾਲ ਸੰਬੰਧਿਤ ਦੱਸਦਿਆਂ ਇਸਨੂੰ ਇਨਕਲਾਬ ਦੇ ਸਹਾਇਕ ਸਾਧਨ ਵਜੋਂ ਸਵੀਕਾਰ ਕਰਦਾ ਹੈ। ਇਸ ਬਾਰੇ ਉਹ ਲਿਖਦਾ ਹੈ:

ਮਾਰਕਸਵਾਦੀ ਸਿਧਾਂਤ ਅਨੁਸਾਰ ... ਅਧਿਆਤਮਵਾਦ ਸਮਾਜ ਦੀਆਂ ਆਰਥਿਕ ਨੀਹਾਂ ਉੱਤੇ ਖੜੀ ਉਪਰਲੀ ਉਸਾਰੀ ਹੈ। ਅੱਜ ਤੱਕ ਸਮੇਂ-ਸਮੇਂ ਸਮਾਜ ਦੀਆਂ ਆਰਥਿਕ ਨੀਹਾਂ ਬਦਲਦੀਆਂ ਰਹੀਆਂ ਹਨ ਤੇ ਉਹਨਾਂ ਅਨੁਸਾਰ ਇਸ ਦੀ ਉਪਰਲੀ ਉਸਾਰੀ ਵੀ ਬਦਲਦੀ ਰਹੀ ਹੈ। ।124॥

ਮਾਰਕਸਵਾਦੀ ਚਿੰਤਕਾਂ ਦੀ ਧਾਰਨਾ ਮੁਤਾਬਿਕ 'ਕਲਾ-ਕਲਾ ਲਈ' ਹੈ ਪਰ ਇਸਦੇ ਉਲਟ ਮਾਰਕਸਵਾਦੀ ਆਲੋਚਨਾ 'ਕਲਾ ਸਮਾਜ ਲਈ' ਦੀ ਧਾਰਨਾ ਨੂੰ ਮੰਨਦੀ ਹੈ। ਇਸ ਸਿਧਾਂਤ ਬਾਰੇ ਸੇਖੋਂ ਲਿਖਦਾ ਹੈ:

ਜਿਹੜੇ ਲੋਕ 'ਕਲਾ ਕਲਾ ਲਈ' ਦੇ ਸਿਧਾਂਤ ਨੂੰ ਮੰਨਦੇ ਹਨ ਉਹ ਅਸਲ ਵਿਚ ਚਿੰਤਨ ਨੂੰ ਜੋ ਹਮੇਸ਼ਾ ਕ੍ਰਾਂਤੀਕਾਰੀ ਤੇ ਨਵੀਨਤਾ ਵੱਲ ਉਲਰਿਆ ਹੋਇਆ ਹੁੰਦਾ ਹੈ, ਕਲਾ ਵਿਚੋਂ ਕਢਣਾ ਚਾਹੁੰਦੇ ਹਨ। ਇਹ ਸਿਧਾਂਤ ਰੂਪਵਾਦੀ ਯੁਗ ਦਾ ਪ੍ਰਧਾਨ ਸਿਧਾਂਤ ਹੀ ਸੀ। ।125॥

ਮਾਰਕਸਵਾਦੀ ਸਾਹਿਤ-ਚਿੰਤਨ ਵਿਚ ਯਥਾਰਥਵਾਦ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ। ਮਾਰਕਸ ਨੇ ਵੀ ਇਸ ਸੰਸਾਰ ਦੀ ਯਥਾਰਥਵਾਦੀ/ਭੌਤਿਕਵਾਦੀ ਵਿਆਖਿਆ ਕੀਤੀ ਹੈ। ਸੁਹਜਾਤਮਕ ਲਿਖਤਾਂ ਵਿਚ ਵੀ ਯਥਾਰਥਵਾਦੀਆਂ ਉੱਤੇ ਤਿੱਖੇ ਹਮਲੇ ਦੇਖਣ ਨੂੰ ਮਿਲਦੇ ਹਨ, ਪਰ ਫਿਰ ਵੀ ਮਾਰਕਸੀ ਸਾਹਿਤ ਸਿਧਾਂਤ ਸੰਸਾਰ ਦੀ ਕਲਾਤਮਕ ਯਥਾਰਥਵਾਦੀ ਪੇਸ਼ਕਾਰੀ ਨੂੰ ਅਹਿਮੀਅਤ ਦਿੰਦਾ ਹੈ। ਇਸ ਨੁਕਤੇ ਤੇ ਸੇਖੋਂ ਲਿਖਦਾ ਹੈ:

ਕਵਿਤਾ ਦਾ ਸੁਭਾਵ ਬਦਲ ਰਹੇ, ਵਿਗਸ ਰਹੇ, ਬਣ ਰਹੇ, ਬਣਨ ਵਾਲੇ ਵਾਸਤਵ ਦੀ ਰੂਪ-ਰੇਖਾ ਚਿਤਰਨਾ ਅਥਵਾ ਕਲਪਿਤ ਕਰਨਾ ਹੈ।... ਪੁਰਾਣੇ ਸਮਿਆਂ ਵਿਚ ਕਵਿਤਾ ਵਿਚ ਵੀ ਵਿਲਾਸ ਦਾ ਅੰਸ਼ ਹੁਣ ਨਾਲੋਂ ਵਧੇਰੇ ਸੀ ਤੇ ਸਮਾਜਿਕ ਅਰਥ ਘੱਟ। ।126॥

ਮਾਰਕਸੀ ਸਾਹਿਤ-ਸਿਧਾਂਤ ਅਨੁਸਾਰ ਸਾਹਿਤ ਦਾ ਉਦੇਸ਼ ਯਥਾਰਥ ਦੀ ਪੇਸ਼ਕਾਰੀ ਦੇ ਨਾਲ-ਨਾਲ ਭਵਿੱਖ ਵਿਚ ਯਥਾਰਥ ਵਿਚ ਕ੍ਰਾਂਤੀਕਾਰੀ ਪਰਿਵਰਤਨ ਦੀ ਸੰਭਾਵਨਾ ਨੂੰ ਚਿਤਰਨਾ ਅਤੇ ਸਮਾਜਿਕ ਵਿਕਾਸ ਦੇ ਅਮਲ ਦੀ ਦਿਸ਼ਾ ਨੂੰ ਸਹੀ ਸੇਧ ਦੇਣਾ ਵੀ ਹੈ। ਸੇਖੋਂ ਇਸ ਨੁਕਤੇ ਸੰਬੰਧੀ ਲਿਖਦਾ ਹੈ:

ਕਵਿਤਾ ਦਾ ਇਕ ਕਰਤੱਵ ਮਨੁੱਖ ਨੂੰ ਪ੍ਰਾਪਤੀ ਲਈ ਪ੍ਰੇਰਣਾ ਤੇ ਸ਼ਕਤੀ ਮਨੁੱਖ ਦੇ ਮਨੋਭਾਵਾਂ ਨੂੰ ਉਤੇਜਿਤ ਕਰਕੇ ਉਸਦੇ ਕਰਮ ਨੂੰ ਪ੍ਰਭਾਵਿਤ ਕਰਦੀ ਹੈ।।127॥

ਮਾਰਕਸੀ ਸਾਹਿਤ ਚਿੰਤਨ ਦੁਆਰਾ ਲੇਖਕ ਦੀ ਪ੍ਰੋਲੋਤਾਰੀ ਵਰਗ ਅਤੇ ਅਗਾਂਹਵਧੂ ਸ਼ਕਤੀਆਂ ਨਾਲ ਪ੍ਰਤਿਬੱਧਤਾ ਉਪਰ ਜ਼ੋਰ ਦਿੱਤਾ ਗਿਆ ਹੈ। ਉਹਨਾਂ ਦਾ ਮੰਨਣਾ ਹੈ ਕਿ ਸਾਹਿਤਕਾਰ ਦੀ ਪ੍ਰਤਿਬੱਧਤਾ ਸਮਾਜਕ ਵਿਕਾਸ ਲਈ ਯਤਨਸ਼ੀਲ ਅਜਿਹੇ ਪ੍ਰਗਤੀਸ਼ੀਲ ਤਾਕਤਾਂ ਨਾਲ ਹੋਣੀ ਚਾਹੀਦੀ ਹੈ ਜਿਹੜੀਆਂ ਸਮਾਜਕ ਉਤਪਾਦਨ ਅਤੇ ਆਤਮਿਕ ਵਿਕਾਸ ਦੀ ਉਚੇਰੀ ਅਵਸਥਾ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹਨ। ਸੇਖੋਂ ਇਸ ਬਾਰੇ ਲਿਖਦਾ ਹੈ:

ਕਵਿਤਾ ਦਾ ਸੰਸਕ੍ਰਿਤੀ ਦੇ ਨਿਰਮਾਣ ਤੇ ਵਿਕਾਸ ਵਿਚ ਹਿੱਸਾ ਪਾਣਾ ਤੇ ਸਦਾ ਪਾਂਦੇ ਰਹਿਣਾ ਇਕ ਅਟੁੱਟ ਸੱਚਾਈ ਹੈ। ਇਸ ਹਿੱਸਾ ਪਾਣ ਦਾ ਅਰਥ ਇਹ ਹੈ ਕਿ ਸਾਹਿਤ, ਕਲਾ ਜਾਂ ਕਵਿਤਾ ਸੰਸਕ੍ਰਿਤੀ ਦੇ ਕਈ ਪੁਰਾਣੇ ਅੰਸ਼ਾਂ ਨੂੰ ਢਾਂਦੀ ਦੇ ਕਈ ਨਵੇਂ ਅੰਸ਼ਾਂ ਦਾ ਪ੍ਰਵੇਸ਼ ਤੇ ਨਿਰਮਾਣ ਕਰਦੀ ਰਹਿੰਦੀ ਹੈ।।128॥

ਮਾਰਕਸਵਾਦੀ ਸੁਹਜ-ਸ਼ਾਸਤਰ ਵਿਚ ਵਸਤੂ ਅਤੇ ਰੂਪ ਦੇ ਆਪਸੀ ਸੰਬੰਧਾਂ ਨੂੰ ਵਿਸ਼ੇਸ਼ ਅਹਿਮੀਅਤ ਪ੍ਰਾਪਤ ਹੈ। ਮਾਰਕਸਵਾਦੀ ਚਿੰਤਕਾਂ ਦੁਆਰਾ ਵਸਤੂ ਤੇ ਰੂਪ ਨੂੰ ਅੰਤਰ-ਸੰਬੰਧਿਤ ਦੱਸਿਆ ਗਿਆ ਹੈ। ਉਹਨਾਂ ਦਾ ਮੰਨਣਾ ਹੈ ਕਿ ਰੂਪ, ਵਸਤੂ ਦਾ ਹੀ ਰੂਪਾਂਤਰਨ ਹੈ। ਉਹਨਾਂ ਦੁਆਰਾ ਵਸਤੂ ਅਤੇ ਰੂਪ ਦੇ ਸੰਵਾਦੀ ਰਿਸ਼ਤੇ ਨੂੰ ਪ੍ਰਵਾਨ ਕਰਦੇ ਹੋਏ ਪ੍ਰਥਮਤਾ 'ਵਸਤੂ' ਨੂੰ ਹੀ ਦਿੱਤੀ ਗਈ ਹੈ। ਸੇਖੋਂ ਇਸ ਨੁਕਤੇ ਸੰਬੰਧੀ ਲਿਖਦਾ ਹੈ:

ਕਵਿਤਾ ਜਾਂ ਕਲਾ ਭਾਵੇਂ ਕਿਤਨੀ ਵੀ ਰੂਪਵਾਦੀ ਕਿਉਂ ਨਾ ਰਵ੍ਹੇ, ਚਿੰਤਨ ਤੋਂ ਵਾਂਝੀ ਨਹੀਂ ਹੋਣੀ ਚਾਹੀਦੀ।।129॥

### 4.9 ਸੇਖੋਂ ਆਲੋਚਨਾ ਦੀਆਂ ਸੀਮਾਵਾਂ

ਸੰਤ ਸਿੰਘ ਸੇਖੋਂ ਦੁਆਰਾ ਲਿਖੀ 'ਸਾਹਿਤਿਆਰਥ' ਪੁਸਤਕ ਪੰਜਾਬੀ ਸਾਹਿਤ-ਆਲੋਚਨਾ ਦੇ ਖੇਤਰ ਵਿਚ 'ਇਤਿਹਾਸਕ-ਪੁਸਤਕ' ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਸੇਖੋਂ ਦੁਆਰਾ ਇਸ ਪੁਸਤਕ ਰਾਹੀਂ ਮਾਰਕਸਵਾਦੀ ਸਿਧਾਂਤ-ਚਿੰਤਨ ਨੂੰ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸਥਾਪਿਤ ਕੀਤਾ ਗਿਆ। ਇਹ ਪੁਸਤਕ ਉਸ ਸਮੇਂ ਦੇ ਅਨੁਸਾਰ ਬਹੁਤ ਸਾਰੀਆਂ 'ਸੰਭਾਵਨਾਵਾਂ' ਨੂੰ ਸਾਹਮਣੇ ਰੱਖ ਕੇ ਲਿਖੀ ਗਈ ਸੀ, ਪਰ ਜਿਉਂ-ਜਿਉਂ ਪੰਜਾਬੀ ਆਲੋਚਨਾ ਤੇ ਮੈਟਾ-ਆਲੋਚਨਾ ਨੇ ਵਿਕਾਸ ਕੀਤਾ ਹੈ ਉਵੇਂ ਉਵੇਂ ਹੀ ਸੇਖੋਂ ਦੇ ਚਿੰਤਨ ਦੀਆਂ ਅਨੇਕਾਂ 'ਸੀਮਾਵਾਂ' ਉਜਾਗਰ ਹੁੰਦੀਆਂ ਹਨ ਜੋ ਇਸ ਪੁਸਤਕ ਵਿਚ ਵੇਖੀਆਂ ਜਾ ਸਕਦੀਆਂ ਹਨ।

#### 4.9.1 ਮੱਧਕਾਲੀ ਅਨੁਭਵ ਨੂੰ ਨਕਾਰਨਾ

ਸੰਤ ਸਿੰਘ ਸੇਖੋਂ ਆਪਣੀ ਪੁਸਤਕ ਸਾਹਿਤਿਆਰਥ ਵਿਚ ਕਵਿਤਾ ਤੇ ਅਨੁਭਵ ਦੀ ਗੱਲ ਕਰਦਿਆਂ ਇਸਨੂੰ ਮੱਧਕਾਲੀ ਅਤੇ ਆਧੁਨਿਕ ਦੋ ਵਰਗਾਂ ਵਿਚ ਵੰਡ ਕੇ ਇਸਦਾ ਅਧਿਐਨ ਕਰਦਾ ਹੈ। ਮੱਧਕਾਲੀ ਅਨੁਭਵ, ਉਹ ਜਗੀਰਦਾਰੀ ਆਰਥਿਕ ਪ੍ਰਬੰਧ ਵਿਚਲੇ ਸਾਹਿਤ ਦੇ ਅਨੁਭਵ ਨੂੰ ਮੰਨਦਾ ਹੈ। ਉਹ ਇਸ ਅਨੁਭਵ ਨੂੰ ਇਸ ਕਰਕੇ ਨਕਾਰਦਾ ਹੈ ਕਿਉਂਕਿ ਉਸਦਾ ਮੰਨਣਾ ਹੈ ਕਿ ਇਸ ਵਿਚ ਪ੍ਰਯੋਗਵਾਦੀ ਤੱਤਾਂ ਦੀ ਘਾਟ ਹੈ। ਜਿਹੜਾ ਅਨੁਭਵ ਪੂੰਜੀਵਾਦੀ ਪ੍ਰਬੰਧ ਦੇ ਆਧਾਰ ਤੇ ਉਸਰਿਆ ਹੈ ਉਸਨੂੰ ਉਹ ਆਧੁਨਿਕ ਸਾਹਿਤ ਅਨੁਭਵ ਆਖਦਾ ਹੈ ਤੇ ਇਸਨੂੰ ਪ੍ਰਗਤੀਵਾਦੀ ਤੇ ਅਗਾਂਹਵਧੂ ਮੰਨਦਾ ਹੈ। ਇਸ ਕਰਕੇ ਉਸਨੂੰ ਪਿਆਰਾ ਸਿੰਘ ਸਹਿਰਾਈ ਤੇ ਸੰਤੋਖ ਸਿੰਘ ਧੀਰ ਇਨਕਲਾਬੀ ਚੇਤਨਾ ਵਾਲੇ ਕਵੀ ਲੱਗਦੇ ਹਨ ਅਤੇ ਮੱਧਕਾਲੀ ਕਵੀਆਂ ਵਿਚੋਂ ਉਹ ਬੁੱਲ੍ਹੇ ਸ਼ਾਹ ਦੇ ਕਾਵਿ-

ਅਨੁਭਵ ਨੂੰ ਨਾ-ਪਸੰਦ ਕਰਦਾ ਹੈ। ਨਾ ਹੀ ਵਾਰਿਸ ਸ਼ਾਹ ਅਤੇ ਨਾ ਹੀ ਨਜ਼ਾਬਤ ਦੀ ਵਾਰ ਉਸਨੂੰ ਪਸੰਦ ਆਉਂਦੀ ਹੈ। ਇਸ ਨੁਕਤੇ ਤੋਂ ਉਹ ਲਿਖਦਾ ਹੈ:

(ੳ) ਪੁਰਾਣੇ ਸਮਿਆਂ ਦੀ ਕਵਿਤਾ ਵਿਚ ਇਸ਼ਕ ਦਾ ਸਹੀ ਅਨੁਭਵ ਕਰੀਬ-ਕਰੀਬ ਹੈ ਹੀ ਨਹੀਂ।

(ਅ) ਜੀਵਨ ਦੇ ਹੋਰ ਪੱਖਾਂ ਵਿਚ ਵੀ ਪੁਰਾਣੇ ਕਵੀਆਂ ਦਾ ਅਨੁਭਵ ਬਹੁਤ ਸੌੜਾ ਸੀ।।130॥

4.9.2 ਸਵੈ ਵਿਰੋਧ

ਸੇਖੋਂ ਸਾਹਿਤਿਆਰਥ ਪੁਸਤਕ ਵਿਚ ਕਈ ਥਾਵਾਂ ਉੱਤੇ ਸਵੈ-ਵਿਰੋਧ ਦਾ ਸ਼ਿਕਾਰ ਹੁੰਦਾ ਹੈ। ਪਹਿਲਾਂ ਉਹ ਖੁਦ ਹੀ ਕਿਸੇ ਵਿਸ਼ੇ ਬਾਰੇ ਮੱਤ ਪ੍ਰਗਟ ਕਰਦਾ ਹੈ ਤੇ ਫਿਰ ਉਸਦਾ ਵਿਰੋਧ ਵੀ ਕਰਦਾ ਹੈ। ਉਹ ਇਸ ਪੁਸਤਕ ਵਿਚ ਕਈ ਥਾਵਾਂ ਤੇ ਇਕ ਹੀ ਮੱਤ ਨੂੰ ਰੱਦਦਾ ਵੀ ਹੈ ਤੇ ਕਬੂਲਦਾ ਵੀ ਹੈ:

ਸੂਫੀ ਫਕੀਰ ਤਾਂ ਬਹੁਤ ਦਾਇਰਿਆਂ ਵਿਚ ਬੈਠ ਕੇ ਭੰਗ ਪੀ ਕੇ ਮਹਿਬੂਬ ਦੇ ਸੁਪਨੇ ਲੈਣ ਵਾਲੇ ਹੀ ਸਨ।।131॥

(ਪੂਰਨ ਸਿੰਘ ਦੀ) ਇਹ ਮਸਤੀ ਸੂਫੀਆਂ ਮਲੰਗਾਂ ਵਾਲੀ ਮਸਤੀ ਹੈ। ਇਸ ਵਿਚ ਇਕ ਆਤਮ ਪ੍ਰਕਾਸ਼ਕ ਸ਼ਕਤੀ ਹੈ ਜੋ ਇਕ ਸਧਾਰਨ ਨਿਆਇ- ਅਧੀਨ ਮਨ ਜਾਂ ਬੁੱਧੀ ਨੂੰ ਪ੍ਰਾਪਤ ਨਹੀਂ ਹੁੰਦੀ।।132॥

ਸਾਹਿਤਿਆਰਥ ਪੁਸਤਕ ਵਿਚ ਸੰਤ ਸਿੰਘ ਸੇਖੋਂ ਦਾ ਚਿੰਤਨ ਤੱਤਵਾਦੀ ਬਿਰਤੀ ਦਾ ਧਾਰਨੀ ਪ੍ਰਤੀਤ ਹੁੰਦਾ ਹੈ। ਅਨੁਭਵ ਬਾਰੇ ਅਧਿਐਨ ਕਰਦਿਆਂ ਉਹ ਇਸਨੂੰ ਅਧਿਆਤਮਕ, ਰੋਮਾਂਸਕ ਤੇ ਇਨਕਲਾਬੀ ਆਦਿ ਵਰਗਾਂ ਵਿਚ ਵੰਡ ਕੇ ਇਹਨਾਂ ਵਿਚੋਂ ਇਨਕਲਾਬੀ ਅਨੁਭਵ ਨੂੰ ਸਰਬ-ਸ਼੍ਰੇਸ਼ਟ ਮੰਨਦਾ ਹੈ। ਸੇਖੋਂ ਆਪਣੇ ਮਨੋਰਥ ਅਨੁਸਾਰ ਭਾਰਤੀ ਕਾਵਿ ਸ਼ਾਸਤਰ ਵਿਚੋਂ ਕੁਝ ਤੱਤਾਂ ਦੀ ਹੀ ਚੋਣ ਕਰਦਾ ਹੈ। ਉਹ ਰੀਤੀ, ਧੁਨੀ ਅਤੇ ਔਚਿਤਯ ਆਦਿ ਕਾਵਿ-ਸਿਧਾਤਾਂ ਨੂੰ ਅੱਖੋਂ-ਪਰੋਖੇ ਕਰ ਦਿੰਦਾ ਹੈ:

ਬੁੱਲ੍ਹੇ ਸ਼ਾਹ ਦੀਆਂ ਇਕ-ਦੋ ਕਾਫੀਆਂ ਉਹਨਾਂ ਤਬਦੀਲੀਆਂ ਦਾ ਰੋਣਾ ਰੋਂਦੀਆਂ ਹਨ ਜੋ ਮੁਗਲਾਂ ਦੀ ਅਧੋਗਤੀ ਤੇ ਸਿੱਖਾਂ ਦੀ ਜਿੱਤ ਨਾਲ ਦੇਸ਼ ਵਿਚ ਹੋ ਰਹੀਆਂ ਸਨ। ।133॥

ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਕਈ ਥਾਵਾਂ ਤੇ ਆਰੋਪਣ ਬਿਰਤੀ ਦਾ ਧਾਰਨੀ ਪ੍ਰਤੀਤ ਹੁੰਦਾ ਹੈ। ਉਹ ਆਪਣੇ ਸਿਧਾਂਤ ਚਿੰਤਨ ਵਿਚ ਆਰੋਪਣ-ਜੁਗਤ ਨੂੰ ਵਿਸ਼ੇਸ਼ ਅਹਿਮੀਅਤ ਦਿੰਦਾ ਹੈ:

ਸੁਖਮਨੀ ਦਾ ਰਚੇਤਾ, ਦੁਨੀਆ ਦੇ ਮਮੂਲੀ ਬਖੇੜਿਆਂ ਤੋਂ ਉੱਚੇ ਉਠਣ ਉੱਤੇ ਹੀ ਸਾਰਾ ਜ਼ੋਰ ਨਹੀਂ ਦੇ ਰਿਹਾ। ਉਸਦੀ ਆਤਮਾ ਤੇ ਬੁਧੀ ਨੂੰ, ਉਸ ਆ ਰਹੇ ਭਾਣੇ ਦਾ, ਜੋ ਉਸ ਦੇ ਜਨਤਾ-ਪਿਆਰ ਦੇ ਕਾਰਨ ਮੁਗਲ ਸਾਮਰਾਜ ਵੱਲੋਂ ਉਸ ਦੇ ਸਰੀਰ ਉੱਤੇ ਤੇ ਉਸ ਦੇ ਸਿੱਖਾਂ ਦੇ ਜੀਵਨ ਉੱਤੇ ਵਰਤਣ ਵਾਲਾ ਸੀ, ਇਕ ਅਗੇਤਾ ਅਨੁਭਵ ਹੈ।।134॥

4.9.3 ਤਰਕ ਦੀ ਥਾਂ ਉਪਮਾਵਾਦੀ ਚਿੰਤਨ

ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਤਰਕਵਾਦੀ ਦੀ ਥਾਂ ਉਪਮਾਵਾਦੀ ਚਿੰਤਕ ਦੇ ਤੌਰ ਤੇ ਉਭਰਦਾ ਹੈ। ਉਹ ਕਿਸੇ ਨੁਕਤੇ ਜਾਂ ਵਿਚਾਰ ਦੀ ਵਿਆਖਿਆ ਕਰਨ ਦੀ ਥਾਂ ਤਸ਼ਬੀਹਾਂ ਦੇਣ ਲੱਗਦਾ ਹੈ। ਕਈ ਤਸ਼ਬੀਹਾਂ ਤਾਂ ਮੂਲ ਵਿਸ਼ੇ ਨਾਲ ਕਿਸੇ ਪੱਖ ਤੋਂ ਕੋਈ ਸੰਬੰਧ ਨਹੀਂ ਰੱਖਦੀਆਂ:

ਰਸਾਂ ਦਾ ਮਿਸ਼ਰਨ ਵੀ ਹੋ ਸਕਦਾ ਹੈ ਜਿਵੇਂ ਰੰਗਾਂ ਦਾ। ਰਾਗ ਵਿਚ ਸੁਰਾਂ ਦਾ ਮਿਸ਼ਰਨ ਵੀ ਕੁੱਝ ਇਸੇ ਭਾਂਤ ਦੀ ਘਟਨਾ ਹੈ। ।135॥

ਇਥੇ ਉਹ ਅਮੂਰਤ ਰਸਾਂ ਨੂੰ ਸਮੂਰਤ ਰੰਗਾਂ ਵਿਚ ਉਪਮਾਉਣ ਲੱਗ ਪੈਂਦਾ ਹੈ, ਜਿੰਨ੍ਹਾਂ ਦਾ ਆਪਸ ਵਿਚ ਕਿਸੇ ਪੱਖ ਤੋਂ ਵੀ ਕੋਈ ਸੰਬੰਧ ਨਹੀਂ ਹੈ।

ਸੇਖੋਂ ਉਪਮਾਵਾਦੀ ਚਿੰਤਕ ਹੋਣ ਦੇ ਨਾਲ-ਨਾਲ ਇਸਤਰੀ ਉਪਮਾਵਾਦੀ ਵੀ ਹੈ। ਸਾਹਿਤਿਆਰਥ ਪੁਸਤਕ ਵਿਚ ਸੇਖੋਂ ਆਪਣੇ ਸਿਧਾਂਤ-ਨੁਕਤੇ ਸਮਝਾਉਣ ਲਈ ਜਿਹੜੀਆਂ ਉਪਮਾਵਾਂ ਦਿੰਦਾ ਹੈ, ਉਹਨਾਂ ਵਿਚੋਂ ਵਧੇਰੇ 'ਇਸਤਰੀ' ਨਾਲ ਸੰਬੰਧਿਤ ਹਨ। ਉਹ ਕਿਸੇ ਵੀ ਵਿਸ਼ੇ ਬਾਰੇ ਗੱਲ ਕਰਦਿਆਂ ਮਿਸਾਲ 'ਇਸਤਰੀ' ਦੀ ਹੀ ਦਿੰਦਾ ਹੈ:

ਛੰਦ ਰਹਿਤ ਕਾਵਿਮਈ ਰਚਨਾ ਲਿੰਗ ਰਹਿਤ ਇਸਤ੍ਰੀ ਰੂਪ ਜੀਵ ਵਾਕਰ ਹੈ। ।136॥

ਕਲਪਨਾ ਹੀ ਵਧੇਰੇ ਕਵਿਤਾ ਦੇ ਅਲੰਕਾਰਾਂ ਦਾ ਆਧਾਰ ਹੁੰਦੀ ਹੈ ਜਿਸ ਤਰ੍ਹਾਂ ਇਸਤ੍ਰੀ ਦੇ ਸ਼ਿੰਗਾਰ ਦਾ ਆਧਾਰ ਉਸਦੀ ਕਲਪਨਾ ਹੁੰਦੀ ਹੈ।।137॥

4.9.4 ਕਵਿਤਾ ਨੂੰ ਗੱਦ ਦੇ ਵਿਰੋਧ ਵਜੋਂ ਪੇਸ਼ ਕਰਨਾ

'ਸਾਹਿਤਿਆਰਥ' ਪੁਸਤਕ ਵਿਚ ਸੇਖੋਂ ਦੇ ਸਾਹਿਤ ਸਿਧਾਂਤ ਦਾ ਸਭ ਤੋਂ ਵੱਡਾ ਭੁਲੇਖਾ ਇਹ ਪ੍ਰਤੀਤ ਹੁੰਦਾ ਹੈ ਕਿ ਉਸਨੇ ਆਪਣੇ 'ਕਵਿਤਾ ਚਿੰਤਨ' ਵਿਚ ਕਵਿਤਾ ਨੂੰ ਪਦ ਦੇ ਵਿਰੋਧ ਵਿਚ ਰੱਖ ਕੇ ਸਮਝਿਆ ਹੈ। ਉਹ ਸਾਹਿਤਿਆਰਥ ਵਿਚ ਇਸ ਨੁਕਤੇ ਨੂੰ ਪ੍ਰਗਟ ਕਰਦਾ ਲਿਖਦਾ ਹੈ:

ਗਦਿ ਸਾਹਿਤ ਵਿਚ ਤਰਕ, ਨਿਆਇ ਆਦਿ ਬੌਧਿਕ ਸ਼ਕਤੀਆਂ ਵਧੇਰੇ ਪ੍ਰਬਲ ਹੁੰਦੀਆਂ ਹਨ। ਅਨੁਭਵ ਉਥੇ ਵੀ ਹੁੰਦਾ ਹੈ ਪਰ ਨਿਆਇ ਦੇ ਵਧੇਰੇ ਹੀ ਅਧੀਨ ਹੋ ਕੇ, ਜਿਸ ਤਰ੍ਹਾਂ ਕਵਿਤਾ ਵਿਚ ਨਹੀਂ ਹੁੰਦਾ।।138॥

4.9.5 ਜੀਵਨੀ- ਮੂਲਕ ਅਧਿਐਨ

ਸੇਖੋਂ ਆਪਣੀ ਆਲੋਚਨਾ ਵਿਚ ਰਚਨਾਕਾਰ ਦੀ ਕਿਰਤ ਬਾਰੇ ਗੱਲ ਕਰਨ ਦੀ ਬਜਾਇ ਉਸਦੇ ਜੀਵਨ ਸਮਾਚਾਰਾਂ ਤੋਂ ਗੱਲ ਸ਼ੁਰੂ ਕਰਦਾ ਹੈ ਤੇ ਉਸ ਅਨੁਸਾਰ ਹੀ ਉਸਦਾ ਪ੍ਰਭਾਵ ਪ੍ਰਗਟ ਕਰਦਾ ਹੈ। ਉਸਦੀ ਇਸ ਅਧਿਐਨ ਵਿਧੀ ਬਾਰੇ ਡਾ. ਹਰਿਭਜਨ ਸਿੰਘ ਲਿਖਦੇ ਹਨ:

ਸੇਖੋਂ, ਕਵੀ ਦੀ ਕਿਰਤ ਨੂੰ ਪਰਖਣ ਤੋਂ ਪਹਿਲਾਂ ਹੀ ਅਸਲ ਨਸਲ ਜਾਣ ਲੈਣਾ ਚਾਹੁੰਦਾ ਹੈ ਅਤੇ ਉਸ ਨੂੰ ਜਾਣ ਲੈਣ ਬਾਦ ਕਵਿਤਾ ਨੂੰ ਜਾਣਨਾ ਜਰੂਰੀ ਨਹੀਂ ਸਮਝਦਾ। ਕਵੀ ਦੇ ਦਾਇਰੇ ਬਾਰੇ ਨਿਰਣਾ ਹੀ ਉਸਦੀ ਕਵਿਤਾ ਬਾਰੇ ਨਿਰਣਾ ਹੈ।।139॥

ਸੇਖੋਂ 'ਸਾਹਿਤਿਆਰਥ' ਪੁਸਤਕ ਵਿਚ ਕੁੱਝ ਸ਼ਬਦ ਇਸ ਤਰ੍ਹਾਂ ਦੇ ਵਰਤਦਾ ਹੈ ਜਿਸਤੋਂ ਉਸਦੀ ਪ੍ਰਭਾਵਮੂਲਕ ਚਿੰਤਨ ਵਿਧੀ ਬਾਰੇ ਪਤਾ ਲੱਗਦਾ ਹੈ ਜਿਵੇਂ ਅਸਰ, ਪ੍ਰਭਾਵ, ਇਨਕਲਾਬੀ ਕਸਵੱਟੀ, ਸੱਚਾ ਅਨੁਭਵ ਆਦਿ। ਉਸਦੀ ਇਸ ਵਿਧੀ ਦੀ ਵਰਤੋਂ ਦੇ ਫਲਸਰੂਪ ਸਾਹਿਤ ਅਤੇ ਅ-ਸਾਹਿਤ ਵਿਚ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ। ਇਸ ਵਿਧੀ ਦੇ ਆਧਾਰ ਤੇ ਹੀ ਉਸਨੂੰ ਲੱਗਦਾ ਹੈ ਕਿ ਬਾਵਾ ਬਲਵੰਤ ਤੇ ਅਵਤਾਰ ਸਿੰਘ ਅਜ਼ਾਦ ਦੀ ਕਵਿਤਾ ਯੋਗ ਪ੍ਰਭਾਵ ਪੈਦਾ ਨਹੀਂ ਕਰ ਰਹੀ, ਅਤੇ ਇਸ ਪ੍ਰਭਾਵਵਾਦੀ ਰੁਚੀ ਕਰਕੇ ਉਹ ਭਾਈ ਵੀਰ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਫਿਰੋਜ਼ਦੀਨ ਸ਼ਰਫ, ਵਿਧਾਤਾ ਸਿੰਘ ਤੀਰ ਜਾਂ ਹਰਿੰਦਰ ਸਿੰਘ ਮਹਿਬੂਬ ਤੋਂ ਇਨਕਲਾਬੀ ਵਿਸ਼ੇ ਵਾਲੀ ਕਵਿਤਾ ਲਿਖੇ ਜਾਣ ਦੀ ਆਸ ਕਰਦਾ ਹੈ।

4.9.6 ਆਪਹੁਦਰਾ ਮਾਰਕਸਵਾਦ

ਸੇਖੋਂ ਦੇ ਚਿੰਤਨ ਵਿਚ ਆਪਹੁਦਰਾ ਮਾਰਕਸਵਾਦ ਦੇਖਣ ਨੂੰ ਮਿਲਦਾ ਹੈ। ਸੇਖੋਂ-ਆਲੋਚਨਾ ਵਿਚ ਮਾਰਕਸਵਾਦ/ਲੈਨਿਨਵਾਦ ਅਤੇ ਉਸ ਦੁਆਰਾ ਆਪਣੇ ਘੜੇ ਮਾਰਕਸਵਾਦ ਦਾ ਰਲਗੱਡ ਹੋਣਾ ਉਜਾਗਰ ਹੁੰਦਾ ਹੈ। 'ਸਾਹਿਤਿਆਰਥ' ਪੁਸਤਕ ਵਿਚ ਦੇਖਣ ਨੂੰ ਮਿਲਦਾ ਹੈ ਕਿ ਸੇਖੋਂ ਮਾਰਕਸਵਾਦੀ ਦਰਸ਼ਨ ਦੇ ਜਨਮ ਤੋਂ ਪਹਿਲਾਂ ਦੇ ਸਾਹਿਤਕਾਰਾਂ ਕੋਲੋਂ ਇਹ ਆਸ ਕਰਦਾ ਹੈ ਕਿ 'ਉਹਨਾਂ ਨੂੰ ਸੋਚ ਪੱਖੋਂ ਮਾਰਕਸਵਾਦੀ ਹੋਣਾ ਚਾਹੀਦਾ ਸੀ।' ਉਸਦੀ ਇਹ ਸੋਚ ਅਜੀਬ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ:

ਲੈਨਿਨ ਨਾਸਤਕ ਹੁੰਦਾ ਹੋਇਆ ਵੀ ਅਧਿਆਤਮਕ ਪੱਖ ਤੋਂ ਬਹੁਤ ਆਸਤਕ ਨਾਲੋਂ ਉੱਚਾ ਸੀ। ।140॥

ਸੇਖੋਂ ਆਪਣੀ ਆਲੋਚਨਾ ਵਿਚ ਦਵੈਤਵਾਦੀ ਸਾਹਿਤ ਚਿੰਤਨ ਵਿਧੀ ਦੀ ਵਰਤੋਂ ਕਰਦਾ ਹੈ। ਉਹ ਸਾਹਿਤ ਦੇ ਵਸਤੂ ਅਤੇ ਰੂਪ ਨੂੰ ਅਲੱਗ-ਅਲੱਗ ਇਕਾਈਆਂ ਦੇ ਤੌਰ ਤੇ ਗ੍ਰਹਿਣ ਕਰਦਾ ਹੈ ਅਤੇ ਰੂਪ ਨੂੰ ਵਸਤੂ ਦੇ ਮੁਕਾਬਲੇ ਨਿਗੂਣੀ ਅਹਿਮੀਅਤ ਦਿੰਦਾ ਹੈ। ਉਸ ਦੁਆਰਾ 'ਸਾਹਿਤਿਆਰਥ' ਪੁਸਤਕ ਵਿਚ ਕਵਿਤਾ ਦੇ ਰੂਪ ਸੰਬੰਧੀ ਚਰਚਾ ਕਰਨ ਲਈ ਭਾਰਤੀ ਕਾਵਿ-ਸ਼ਾਸਤਰ ਦੀ ਮਦਦ ਲਈ ਗਈ ਹੈ। ਜਿਸਦੇ ਫਲਸਰੂਪ ਕਾਵਿ-ਰਚਨਾ ਵਿਚ ਰਸ, ਛੰਦ, ਚਿੰਨ੍ਹ, ਅਲੰਕਾਰ, ਆਦਿ ਪੱਖਾਂ ਦੀ ਵਿਕੋਲਿੱਤਰੀ ਜਿਹੀ ਚਰਚਾ ਹੋਈ ਹੈ।

ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਮਾਰਕਸਵਾਦ ਤੇ ਭਾਰਤੀ ਕਾਵਿ-ਸ਼ਾਸਤਰ ਦਾ ਮਿਲਗੋਭਾ ਬਣ ਗਈ ਪ੍ਰਤੀਤ ਹੁੰਦੀ ਹੈ। ਸਾਹਿਤਿਆਰਥ 'ਸਾਹਿਤ ਦੇ ਅਰਥਾਂ' ਦੀ ਸੋਝੀ ਕਰਾਉਣ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋਈ। ਉਹ ਭਾਰਤੀ ਕਾਵਿ ਸ਼ਾਸਤਰ ਦੇ ਨੇਮਾਂ ਨੂੰ ਵੀ ਮਾਰਕਸਵਾਦ ਦੇ ਸੰਗਠਿਤ ਦਰਸ਼ਨ ਪ੍ਰਬੰਧ ਦੇ ਕੋਣ ਤੋਂ ਵੇਖਦਾ ਹੈ ਅਤੇ ਇਹਨਾਂ ਨੂੰ ਮੁੱਢੋਂ ਹੀ ਰੱਦ ਕਰ ਦੇਂਦਾ ਹੈ। ਹਰਿਭਜਨ ਸਿੰਘ ਭਾਟੀਆ ਇਸ ਬਾਰੇ ਲਿਖਦੇ ਹਨ:

ਉਸਦੇ ਚਿੰਤਨ ਵਿਚਲਾ ਸਮੁੱਚਾ ਤਰਕਸ਼ੀਲ ਮੁਹਾਂਦਰਾ, ਸੁਹਜ-ਪਰਿਪੇਖ, ਸੁਹਜ-ਸੋਮੇ, ਰਚਨਾ-ਪ੍ਰਭਾਵ ਅਤੇ ਸੰਕਲਪੀ ਭਾਸ਼ਾ ਮਾਰਕਸੀ ਦਰਸ਼ਨ ਪ੍ਰਬੰਧ ਤੇ ਭਾਰਤੀ ਕਾਵਿ- ਸ਼ਾਸਤਰ ਦੇ ਮਿਸ਼ਰਨ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ।141॥

ਸੇਖੋਂ ਇਸ ਪੁਸਤਕ ਰਾਹੀਂ ਕਾਵਿ-ਸ਼ਾਸਤਰੀ ਅਤੇ ਸੁਹਜ-ਸ਼ਾਸਤਰੀ ਨੇਮਾਂ ਨੂੰ ਘੜਨ ਅਤੇ ਮਾਰਕਸਵਾਦੀ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਦਾ ਯਤਨ ਕਰਦਾ ਹੈ ਪਰ ਉਸ ਦੁਆਰਾ ਸਿਧਾਂਤਕ ਨੇਮਾਂ ਦੀ ਘਾੜਤ ਵਿਚ ਦਾਰਸ਼ਨਿਕਤਾ ਅਤੇ ਸੰਤੁਲਿਤ ਨਜ਼ਰੀਏ ਦੀ ਘਾਟ, ਪੱਛਮੀ ਸਾਹਿਤ ਉਪਰ ਕੀਤੀਆਂ ਗਈਆਂ ਟਿੱਪਣੀਆਂ ਵਿਚ ਮਨਘੜਤ ਨਿਰਣੇ, ਇਕਹਿਰੇ ਤੇ ਪੇਤਲੇ ਦ੍ਰਿਸ਼ਟੀਕੋਣ ਅਤੇ ਕਾਵਿਕ ਸੁਹਜ ਪ੍ਰਤੀ ਦਿੱਤੀਆਂ ਗਈਆਂ ਸੁਹਜ ਵਿਹੂਣੀਆਂ ਅਤੇ ਅਸੁਭਾਵਿਕ ਧਾਰਨਾਵਾਂ ਉਸਦੇ ਦ੍ਰਿਸ਼ਟੀਕੋਣ ਦੇ ਇਕਹਿਰੇ ਅਤੇ ਅਸੰਤੁਲਿਤ ਪੱਖਾਂ ਨੂੰ ਦਰਸਾਉਂਦੇ ਹੋਏ, 'ਸਾਹਿਤਿਆਰਥ' ਪੁਸਤਕ ਵਿਚ ਸਿਧਾਂਤਕ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਉਜਾਗਰ ਹੁੰਦੀਆਂ ਹਨ। ਇਹਨਾਂ ਸੀਮਾਵਾਂ ਦੇ ਬਾਵਜੂਦ ਵੀ ਸੇਖੋਂ ਦੁਆਰਾ ਕਾਵਿ-ਸ਼ਾਸਤਰ ਦੇ ਨੇਮਾਂ ਨੂੰ ਵਿਸ਼ੇਗਤ, ਰੂਪਕ, ਪ੍ਰਕਿਰਤੀ, ਸੰਸਕ੍ਰਿਤੀ ਅਤੇ ਆਲੋਚਨਾਤਮਕ ਪੱਧਰ ਤੇ ਵਿਸਥਾਰਿਤ ਕਰਨਾ, ਇਸ ਪੁਸਤਕ ਦੀ ਪ੍ਰਾਪਤੀ ਹੈ। ਇਸ ਪੁਸਤਕ ਵਿਚਲੇ ਸਮੁੱਚੇ ਵਿਸਥਾਰ ਨੂੰ ਆਲੋਚਨਾਤਮਕ ਨਜ਼ਰੀਏ ਰਾਹੀਂ ਅਤੇ ਵਿਗਿਆਨਕ ਤੇ ਵਿਧੀਵਤ ਢੰਗ ਨਾਲ ਪੇਸ਼ ਕਰਨ ਨਾਲ ਪੰਜਾਬੀ ਸਾਹਿਤ ਆਲੋਚਨਾ ਵਿਚ 'ਸਾਹਿਤਿਆਰਥ' ਉੱਤਮ ਆਲੋਚਨਾਤਮਕ ਕਿਰਤ ਵਜੋਂ ਸਥਾਪਿਤ ਹੁੰਦੀ ਹੈ। ਇਹ ਪੁਸਤਕ ਸਾਹਿਤ ਸਿਧਾਂਤਾ ਦੀ ਗੱਲ ਕਰਨ ਦੇ ਨਾਲ-ਨਾਲ ਵਿਗਿਆਨਿਕ ਵਿਧੀ ਵੀ ਅਪਣਾਉਂਦੀ ਹੈ ਤੇ ਭਾਸ਼ਾ ਵੀ ਕਾਇਮ ਕਰਦੀ ਹੈ। ਸੰਤ ਸਿੰਘ ਸੇਖੋਂ ਵੱਲੋਂ ਲਿਖੀ ਗਈ 'ਸਾਹਿਤਿਆਰਥ' ਪੁਸਤਕ ਸਾਹਿਤ- ਸਿਧਾਂਤ ਦੀ ਵਿਸਤਰਿਤ ਪੁਸਤਕ ਹੈ। ਸੇਖੋਂ ਇਸ ਪੁਸਤਕ ਰਾਹੀਂ ਮਾਰਕਾਸਵਾਦੀ ਸਿਧਾਂਤ-ਚਿੰਤਨ ਨੂੰ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸਥਾਪਤ ਕਰਦਾ ਹੈ। ਸੇਖੋਂ ਨੇ ਇਸ ਪੁਸਤਕ ਵਿਚ ਮਾਰਕਸਵਾਦੀ ਚਿੰਤਨ ਦੇ ਨਾਲ- ਨਾਲ ਭਾਰਤੀ

ਕਾਵਿ-ਸ਼ਾਸਤਰ ਨੂੰ ਜੋੜ ਕੇ ਪੰਜਾਬੀ ਆਲੋਚਨਾ ਦਾ ਘੇਰਾ ਵਿਸ਼ਾਲ ਕਰਨ ਵਿਚ ਅਹਿਮ ਯੋਗਦਾਨ ਦਿੱਤਾ ਹੈ। ਇਸ ਤਰ੍ਹਾਂ 'ਸਾਹਿਤਿਆਰਥ' ਪੁਸਤਕ ਦੀ ਇਤਿਹਾਸਕ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਮਾਰਕਸਵਾਦ ਅਜਿਹੀ ਵਿਚਾਰਧਾਰਕ ਦ੍ਰਿਸ਼ਟੀ ਹੈ ਜੋ ਸਮਾਜਿਕ ਯਥਾਰਥਵਾਦ ਨੂੰ ਕੇਂਦਰ ਵਿੱਚ ਰੱਖਦੇ ਹੋਏ ਵਿਗਿਆਨ ਦੀਆਂ ਨਵੀਆਂ ਕਾਢਾਂ ਨੂੰ ਆਧਾਰ ਬਣਾਉਂਦੀ ਹੈ ਅਤੇ ਕ੍ਰਾਂਤੀਕਾਰੀ ਰੂਪ ਅਪਣਾਉਂਦੀ ਹੈ। ਇਹ ਵਿਚਾਰਧਾਰਾ ਜਰਮਨ ਦਾਰਸ਼ਨਿਕ ਹੀਗਲ ਦੀ ਦਵੰਦਾਤਮਕ ਵਿਧੀ ਨੂੰ ਪਦਾਰਥਵਾਦੀ ਚਿੰਤਨ ਦੇ ਪ੍ਰਸੰਗ ਵਿਚ ਗ੍ਰਹਿਣ ਕ੍ਰਾਂਤੀਕਾਰੀ ਸ਼੍ਰੇਣੀ ਦੇ ਰੂਪ ਵਿਚ 19ਵੀਂ ਸਦੀ ਵਿਚ ਸਾਡੇ ਸਾਹਮਣੇ ਆਉਂਦੀ ਹੈ। ਮਾਰਕਸਵਾਦ ਆਪਣੇ ਕਲੇਵੇ ਵਿਚ ਨਵੀਆਂ ਵਿਗਿਆਨਕ ਲੱਭਤਾਂ ਤੇ ਵਿਚਾਰਾਤਮ ਖੋਜਾਂ ਨੂੰ ਆਪਣੀਆਂ ਮੂਲ ਸਥਾਪਨਾਵਾਂ ਦੇ ਪ੍ਰਸੰਗ ਵਿਚ ਰੱਖ ਕੇ ਆਪਣੇ ਘੇਰੇ ਅੰਦਰ ਵਿਆਖਿਆਉਂਦਾ ਹੈ। ਮਾਰਕਸਵਾਦੀ ਦਰਸ਼ਨ ਸੰਸਾਰ ਦੇ ਸਮੁੱਚੇ ਵਰਤਾਰਿਆਂ ਅਤੇ ਵਿਕਾਸ ਨੂੰ ਵਿਗਿਆਨਕ ਢੰਗ ਨਾਲ ਸਮਝਣ ਵਿਚ ਮਨੁੱਖ ਦੀ ਸਹਾਇਤਾ ਕਰਨ ਦੇ ਨਾਲ-ਨਾਲ ਸੰਸਾਰ ਦੇ ਸਮੁੱਚੇ ਸ਼ੋਸ਼ਿਤ ਵਰਗ ਦਾ ਹਮੇਸ਼ਾ ਹੀ ਵਿਚਾਰਧਾਰਕ ਹਥਿਆਰ ਅਤੇ ਵਿਸ਼ਵ ਦ੍ਰਿਸ਼ਟੀਕੋਣ ਵੀ ਰਿਹਾ ਹੈ।

ਮਾਰਕਸਵਾਦੀ ਸਾਹਿਤ-ਚਿੰਤਨ ਦੇ ਸਿਧਾਂਤਕ ਅਤੇ ਇਤਿਹਾਸਕ ਪੱਖਾਂ ਉੱਤੇ ਚਰਚਾ ਕੀਤੀ ਗਈ ਹੈ। ਖੋਜ ਨਿਬੰਧ ਦੇ ਪਹਿਲੇ ਅਧਿਆਇ ਵਿਚ ਮਾਰਕਸਵਾਦੀ ਸਾਹਿਤ-ਚਿੰਤਨ ਦਾ ਸਿਧਾਂਤਕ ਪੱਖ ਨਿਰਧਾਰਿਤ ਕੀਤਾ ਗਿਆ ਹੈ। ਇਸ ਵਿਚ ਮਾਰਕਸਵਾਦ ਦੀ ਪ੍ਰੀਭਾਸ਼ਾ, ਇਸਦੇ ਸ਼ੁਰੂਆਤੀ ਦੌਰ ਅਤੇ ਵਿਚਾਰਧਾਰਾ, ਪ੍ਰਮੁੱਖ ਪੱਛਮੀ ਮਾਰਕਸਵਾਦੀ ਚਿੰਤਕਾਂ, ਮਾਰਕਸਵਾਦ ਦੇ ਸਿਧਾਂਤ ਅਤੇ ਸਥਾਪਨਾਵਾਂ ਸੰਬੰਧੀ ਵਿਚਾਰ ਪੇਸ਼ ਕੀਤੇ ਗਏ ਹਨ। ਮਾਰਕਸਵਾਦ ਦੇ ਮੋਢੀ ਕਾਰਲ ਮਾਰਕਸ ਨੇ ਆਪਣੇ ਤੋਂ ਪੁਰਾਣੇ ਫਿਲਾਸਫਰ ਹੀਗਲ ਤੇ ਫ਼ਿਉਰਬਾਖ ਵਰਗੇ ਵਿਦਵਾਨਾਂ ਦੀਆਂ ਵਿਚਾਰਧਾਰਾਵਾਂ ਤੋਂ ਅੰਤਰ ਦ੍ਰਿਸ਼ਟੀਆਂ ਲੈਂਦਿਆ ਇਕ ਨਵੀਂ ਤੇ ਵਿਗਿਆਨਕ ਵਿਚਾਰਧਾਰਾ ਪੇਸ਼ ਕੀਤੀ। ਫ੍ਰੈਡਰਿਕ ਏਂਗਲਜ਼ ਨੇ ਮਾਰਕਸਵਾਦ ਦੇ ਨੀਂਹ ਅਤੇ ਉਸਾਰ ਦੇ ਸਿਧਾਂਤ ਵਿਚਲੇ ਦਵੰਦਵਾਦੀ ਸੰਬੰਧਾਂ ਨੂੰ ਵਧੇਰੇ ਸਪੱਸ਼ਟਤਾ ਸਹਿਤ ਪ੍ਰਸਤੁਤ ਕੀਤਾ ਹੈ। ਜੀ. ਵੀ. ਪਲੈਖਾਨੋਵ, ਵੀ. ਆਈ. ਲੈਨਿਨ, ਰੈਲਫ਼ ਫ਼ਾਕਸ, ਲਿਉਨ ਟ੍ਰਾਟਸਕੀ, ਟੈਰੀ ਈਗਲਟਨ ਆਦਿ ਪ੍ਰਮੁੱਖ ਮਾਰਕਸਵਾਦੀ ਸਾਹਿਤ ਚਿੰਤਕਾਂ ਨੇ ਇਸ ਦਰਸ਼ਨ ਨੂੰ ਆਪਣੇ ਜੀਵਨ-ਦ੍ਰਿਸ਼ਟੀਕੋਣ ਵਜੋਂ ਗ੍ਰਹਿਣ ਕਰਕੇ, ਸਾਹਿਤ ਨੂੰ ਇਕ ਨਵੇਂ ਸੰਦਰਭ ਵਿਚ ਰੱਖ ਕੇ ਵਿਸ਼ਲੇਸ਼ਿਤ ਕਰਨ ਅਤੇ ਵਿਆਖਿਆ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮਾਰਕਸਵਾਦੀ ਸਾਹਿਤ-ਚਿੰਤਨ ਵਿਚ ਦਵੰਦਾਤਮਕ ਭੌਤਿਕਵਾਦ, ਆਧਾਰ ਅਤੇ ਉਸਾਰ, ਵਿਚਾਰਧਾਰਕ ਸਾਧਨ, ਕਾਵਿ ਅਤੇ ਯਥਾਰਥ, ਪ੍ਰਤਿਬੱਧਤਾ ਆਦਿ ਸਿਧਾਂਤਾਂ ਨੂੰ ਪੇਸ਼ ਕੀਤਾ ਗਿਆ ਹੈ ਜੋ ਮਾਰਕਸਵਾਦੀ ਆਲੋਚਨਾ ਦੇ ਪ੍ਰਮੁੱਖ ਆਧਾਰ ਬਣਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਪ੍ਰੋ.ਗੁਰਜੀਤ ਕੌਰ, ਮਾਰਕਸਵਾਦ ਅਤੇ ਸਾਹਿਤ ਆਲੋਚਨਾ, ਪੰਨਾ 12.
2. ਡਾ.ਟੀ.ਆਰ ਵਿਨੋਦ, ਪੰਜਾਬੀ ਆਲੋਚਨਾ ਸ਼ਾਸਤਰ (ਆਲੋਚਨਾ), ਪੰਨਾ 40.
3. ਪ੍ਰੋ. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਆਲੋਚਨਾ, ਆਰੰਭ, ਵਿਕਾਸ ਤੇ ਪ੍ਰਣਾਲੀਆਂ, ਪੰਨਾ 48.
4. ਹਰਿਭਜਨ ਸਿੰਘ ਭਾਟੀਆ, (ਸੰਪ.), ਸਾਹਿਤ ਅਧਿਐਨ ਵਿਧੀਆਂ ਵਰਤਮਾਨ ਪਰਿਪੇਖ, ਪੰਨਾ 73-74.
5. ਡਾ. ਭੀਮ ਇੰਦਰ ਸਿੰਘ, ਮਾਰਕਸਵਾਦ ਨਵ-ਮਾਰਕਸਵਾਦ ਅਤੇ ਉੱਤਰ-ਆਧੁਨਿਕਤਾਵਾਦ, ਪੰਨਾ 59.
6. ਸੰਪ. ਰਵਿੰਦਰ ਭੱਠਲ-ਸੁਖਦੇਵ ਸਿੰਘ, ਮਾਰਕਸਵਾਦੀ ਸਾਹਿਤ ਚਿੰਤਨ ਸਮਕਾਲੀ ਸਰੋਕਾਰ, ਪੰਨਾ 13.
7. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 11.
8. ਡਾ. ਭੀਮ ਇੰਦਰ ਸਿੰਘ, ਮਾਰਕਸਵਾਦ ਨਵ-ਮਾਰਕਸਵਾਦ ਅਤੇ ਉੱਤਰ ਆਧੁਨਿਕਤਾਵਾਦ, ਪੰਨਾ 54.
9. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 12.
10. ਸੁਰਜੀਤ ਸਿੰਘ ਭੱਟੀ, ਵਾਦ-ਚਿੰਤਨ, ਪੰਨਾ 59.

11. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 13.
12. ਸੁਰਜੀਤ ਸਿੰਘ, ਭੱਟੀ, ਵਾਦ ਚਿੰਤਨ, ਪੰਨਾ 60.
13. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 12.
14. ਉਹੀ, ਪੰਨਾ 13-14.
15. ਉਹੀ, ਪੰਨਾ 15.
16. ਉਹੀ, ਪੰਨਾ 16.
17. ਸੰਪਾ. ਸੁਤਿੰਦਰ ਸਿੰਘ ਨੂਰ, ਰਵੇਲ ਸਿੰਘ, ਸਮਕਾਲੀ ਪੱਛਮੀ ਚਿੰਤਕ, ਪੰਨਾ 135-136.
18. ਉਹੀ, ਪੰਨਾ 137.
19. ਸੁਰਜੀਤ ਸਿੰਘ ਭੱਟੀ, ਵਾਦ-ਚਿੰਤਨ, ਪੰਨਾ 74.
20. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 8-9
21. ਉਹੀ, ਪੰਨਾ 7.
22. ਉਹੀ, ਪੰਨਾ 19.
23. ਉਹੀ, ਪੰਨਾ 21.
24. ਉਹੀ, ਪੰਨਾ 22.
25. ਸੁਰਜੀਤ ਸਿੰਘ ਭੱਟੀ, ਵਾਦ-ਚਿੰਤਨ, ਪੰਨਾ 77.
26. ਉਹੀ, ਪੰਨਾ 78.
27. ਉਹੀ, ਪੰਨਾ 79.
28. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀਆਂ ਆਲੋਚਨਾ, ਪੰਨਾ 27-28.
29. ਸੁਰਜੀਤ ਸਿੰਘ ਭੱਟੀ, ਵਾਦ-ਚਿੰਤਨ, ਪੰਨਾ 79-80.
30. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ 30.
31. ਸੁਰਜੀਤ ਸਿੰਘ ਭੱਟੀ, ਵਾਦ ਚਿੰਤਨ, ਪੰਨਾ 80.
32. ਉਹੀ, ਪੰਨਾ 79.
33. ਉਹੀ, ਪੰਨਾ 81.
34. ਉਹੀ, ਪੰਨਾ 82.
35. ਉਹੀ, ਪੰਨਾ 82-83.
36. ਉਹੀ, ਪੰਨਾ 84.
37. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ-41.
38. ਉਹੀ, ਪੰਨਾ-44.
39. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸਕ, ਪੰਨਾ-93.
40. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ-44
41. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-103.
42. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ-45.
43. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-113.
44. ਸੁਰਜੀਤ ਸਿੰਘ ਭੱਟੀ, ਮਾਰਕਸਵਾਦੀ ਪੰਜਾਬੀ ਆਲੋਚਨਾ, ਪੰਨਾ-114.
45. ਉਹੀ, ਪੰਨਾ-130.
46. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-118.

47. ਉਹੀ, ਪੰਨਾ-124.
48. ਉਹੀ, ਪੰਨਾ-126-127.
49. ਉਹੀ, ਪੰਨਾ-132-133.
50. ਉਹੀ, ਪੰਨਾ-137.
51. ਉਹੀ, ਪੰਨਾ- 201.
52. ਡਾ. ਸਾਧੂ ਸਿੰਘ ਰੰਧਾਵਾ, ਮਾਰਕਸਵਾਦੀ ਪੰਜਾਬੀ ਸਾਹਿਤ ਆਲੋਚਨਾ, ਪੰਨਾ-7-8.
53. ਡਾ. ਨਰੇਸ਼ ਕੁਮਾਰ, ਮਾਰਕਸਵਾਦੀ ਸਾਹਿਤ ਚਿੰਤਨ (ਤੁਲਨਾਤਮਕ ਪਰਿਪੇਖ), ਪੰਨਾ-68-69.
54. ਖੋਜ ਦਰਪਣ (ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ), ਪੰਨਾ-179.
55. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-210.
56. ਡਾ. ਨਰੇਸ਼ ਕੁਮਾਰ, ਮਾਰਕਸਵਾਦੀ ਸਾਹਿਤ ਚਿੰਤਨ (ਤੁਲਨਾਤਮਕ ਪਰਿਪੇਖ), ਪੰਨਾ-42.
57. ਉਹੀ, ਪੰਨਾ-44.
58. ਹਰਿਭਜਨ ਸਿੰਘ, ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ-229.
59. ਡਾ. ਨਰੇਸ਼ ਕੁਮਾਰ, ਮਾਰਕਸਵਾਦੀ ਸਾਹਿਤ ਚਿੰਤਨ (ਤੁਲਨਾਤਮਕ ਪਰਿਪੇਖ), ਪੰਨਾ-79.
60. ਰਘੂਬੀਰ ਸਿੰਘ, ਪੰਜਾਬੀ ਸਾਹਿਤ ਦਾ ਬਾਬਾ ਬੋਹੜ : ਸੰਤ ਸਿੰਘ ਸੇਖੋਂ, ਆਲੋਚਨਾ ਜਨਵਰੀ-ਮਾਰਚ, ਪੰਨਾ 21.
61. ਹਰਿਭਜਨ ਸਿੰਘ ਭਾਟੀਆ, ਚਿੰਤਨ : ਪੁਨਰ-ਚਿੰਤਨ, ਪੰਨਾ 112.
62. ਉਹੀ, ਪੰਨਾ 111.
63. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ 207.
64. ਉਹੀ, ਪੰਨਾ 22.
65. ਉਹੀ, ਪੰਨਾ 20.
66. ਹਰਿਭਜਨ ਸਿੰਘ, ਪਾਰਗਾਮੀ, ਪੰਨਾ 91.
67. ਉਹੀ, ਪੰਨਾ 92.
68. ਉਹੀ, 93.
69. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ 14.
70. ਹਰਿਭਜਨ ਸਿੰਘ ਭਾਟੀਆ (ਸੰਪਾ.), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਸੰਵਾਦ ਤੇ ਮੁਲਾਂਕਣ, ਪੰਨਾ 244.
71. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ 16.
72. ਉਹੀ, ਪੰਨਾ 17.
73. ਉਹੀ, ਪੰਨਾ 18.
74. ਉਹੀ, ਪੰਨਾ 20.
75. ਉਹੀ, ਪੰਨਾ 21.
76. ਉਹੀ, ਪੰਨਾ 26.
77. ਉਹੀ, ਪੰਨਾ 34.
78. ਉਹੀ, ਪੰਨਾ 35.
79. ਉਹੀ, ਪੰਨਾ 36.
80. ਉਹੀ, ਪੰਨਾ 40.

81. ਉਹੀ, ਪੰਨਾ 116.
82. ਉਹੀ, ਪੰਨਾ 131.
83. ਉਹੀ, ਪੰਨਾ 14.
84. ਉਹੀ, ਪੰਨਾ 144.
85. ਉਹੀ, ਪੰਨਾ 145.
86. ਉਹੀ, ਪੰਨਾ 143.
87. ਉਹੀ, ਪੰਨਾ 210.
88. ਉਹੀ, ਪੰਨਾ 25.
89. ਉਹੀ, ਪੰਨਾ 24.
90. ਉਹੀ, ਪੰਨਾ 26.
91. ਉਹੀ, ਪੰਨਾ 25.
92. ਉਹੀ, ਪੰਨਾ 27.
93. ਉਹੀ, ਪੰਨਾ 28.
94. ਉਹੀ, ਪੰਨਾ 29.
95. ਉਹੀ, ਪੰਨਾ 31.
96. ਉਹੀ, ਪੰਨਾ 32.
97. ਉਹੀ, ਪੰਨਾ 33.
98. ਉਹੀ, ਪੰਨਾ 34.
99. ਉਹੀ, ਪੰਨਾ 35.
100. ਉਹੀ, ਪੰਨਾ 36.
101. ਉਹੀ, ਪੰਨਾ 38.
102. ਉਹੀ, ਪੰਨਾ 40.
103. ਉਹੀ, ਪੰਨਾ 41.
104. ਉਹੀ, ਪੰਨਾ 42.
105. ਉਹੀ, ਪੰਨਾ 44.
106. ਉਹੀ, ਪੰਨਾ 43.
107. ਉਹੀ, ਪੰਨਾ 130.
108. ਉਹੀ, ਪੰਨਾ 9.
109. ਉਹੀ, ਪੰਨਾ 13.
110. ਉਹੀ, ਪੰਨਾ 14.
111. ਉਹੀ, ਪੰਨਾ 20.
112. ਉਹੀ, ਪੰਨਾ 44.
113. ਉਹੀ, ਪੰਨਾ 155.
114. ਉਹੀ, ਪੰਨਾ 13.
115. ਉਹ, ਪੰਨਾ 14.
116. ਉਹੀ, ਪੰਨਾ 36.

117. ਉਹੀ, ਪੰਨਾ 131.
118. ਉਹੀ, ਪੰਨਾ 145.
119. ਉਹੀ, ਪੰਨਾ 143.
120. ਉਹੀ, ਪੰਨਾ 210.
121. ਉਹੀ, ਪੰਨਾ 11.
122. ਉਹੀ, ਪੰਨਾ 204.
123. ਉਹੀ, ਪੰਨਾ 170.
124. ਉਹੀ, ਪੰਨਾ 99.
125. ਉਹੀ, ਪੰਨਾ 208.
126. ਉਹੀ, ਪੰਨਾ 14.
127. ਉਹੀ, ਪੰਨਾ 15.
128. ਉਹੀ, ਪੰਨਾ 167.
129. ਉਹੀ, ਪੰਨਾ 210.
130. ਉਹੀ, ਪੰਨਾ 26.
131. ਉਹੀ, ਪੰਨਾ 28.
132. ਉਹੀ, ਪੰਨਾ 35.
133. ਉਹੀ, ਪੰਨਾ 27.
134. ਉਹੀ, ਪੰਨਾ 32.
135. ਉਹੀ, ਪੰਨਾ 206.

# ਡਾ. ਹਰਿਭਜਨ ਸਿੰਘ

ਡਾ. ਹਰਿਭਜਨ ਸਿੰਘ ਦਾ ਜਨਮ 18 ਅਗਸਤ, 1920 ਈ. ਨੂੰ ਆਸਾਮ ਵਿੱਚ ਸ. ਗੰਡਾ ਸਿੰਘ ਦੇ ਘਰ ਹੋਇਆ। ਸਾਹਿਤ ਪੜ੍ਹਨ ਦੀ ਚੇਟਕ ਉਸ ਨੂੰ ਬਚਪਨ ਤੋਂ ਹੀ ਲਗ ਗਈ ਸੀ। ਪਹਿਲਾਂ ਪਹਿਲ ਉਸਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਅਤੇ ਆਪਣੇ ਅੰਤ ਤੱਕ ਕਵਿਤਾ ਰਚਦਾ ਰਿਹਾ। ਸਾਹਿਤਕ ਖੇਤਰ ਵਿਚ ਉਸ ਦੀ ਦੇਣ ਸਿਰਫ਼ ਕਵਿਤਾ ਤੱਕ ਹੀ ਸੀਮਤ ਨਹੀਂ ਬਲਕਿ ਉਹ ਇੱਕ ਸਮਰੱਥ ਆਲੋਚਕ ਅਤੇ ਸਮੀਖਿਆਕਾਰ ਵੀ ਹੈ। ਡਾ. ਹਰਿਭਜਨ ਸਿੰਘ ਪੰਜਾਬੀ ਸਾਹਿਤ ਦਾ ਪਹਿਲਾ ਸੰਰਚਨਾਵਾਦੀ ਚਿੰਤਕ ਸੀ ਜੋ ਉਸ ਸਮੇਂ ਚੱਲ ਰਹੀ ਸੰਤ ਸਿੰਘ ਸੇਖੋਂ ਪਰੰਪਰਾ ਨਾਲੋਂ ਅਲੱਗ ਹੋ ਕੇ ਆਲੋਚਨਾਤਮਕ ਪੱਧਰ 'ਤੇ ਆਪਣੀ ਵੱਖਰਤਾ ਸਥਾਪਿਤ ਕਰਨ ਦੇ ਆਹਰ ਵਿੱਚ ਦਿਖਾਈ ਦਿੰਦਾ ਹੈ। ਡਾ. ਹਰਿਭਜਨ ਸਿੰਘ ਨੇ ਸਾਹਿਤ ਚਿੰਤਨ ਅਤੇ ਆਲੋਚਨਾ ਦੇ ਅੰਤਰਮੁਖੀ ਰੁਮਾਂਟਿਕ, ਪ੍ਰਭਾਵਵਾਦੀ, ਭਾਰਤੀ ਕਾਵਿ-ਸ਼ਾਸਤਰ, ਮਾਰਕਸਵਾਦੀ ਆਲੋਚਨਾ ਦੇ ਪ੍ਰਤੀਕਰਮ ਵਜੋਂ ਆਪਣਾ ਵਜੂਦ ਗ੍ਰਹਿਣ ਕੀਤਾ। ਉਸਨੇ ਪੰਜਾਬੀ ਪ੍ਰਗਤੀਵਾਦੀ ਅਲੋਚਨਾ ਦੀਆਂ ਸੀਮਾਵਾਂ ਦੀ ਪਛਾਣ ਰਾਹੀਂ ਸਥਾਪਤੀ ਅਤੇ ਪ੍ਰਚਲਿੱਤ ਸਿਧਾਤਾਂ ਤੋਂ ਆਪਣੀ ਵੱਖਰਤਾ ਨੂੰ ਇਸ ਚਿੰਤਨ ਰਾਹੀਂ ਸਥਾਪਿਤ ਕੀਤਾ। ਉਸਨੇ ਚਿੰਤਨ ਦੇ ਪੱਧਰ ਤੇ ਆਰੋਪਣ ਵਿਧੀ ਦਾ ਹਮੇਸ਼ਾ ਵਿਰੋਧ ਕੀਤਾ ਅਤੇ ਸਾਹਿਤਕ ਕਿਰਤਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਸਮੇਂ ਉਨ੍ਹਾਂ ਹਮੇਸ਼ਾਂ ਅੰਦਰਲੇ ਸੁਹਜ ਅਤੇ ਸਾਹਿਤ ਕਿਰਤ ਨੂੰ ਧਿਆਨ ਵਿੱਚ ਰੱਖਿਆ।

ਡਾ. ਹਰਿਭਜਨ ਸਿੰਘ ਨੇ ਕਵੀ ਹੋਣ ਦੇ ਨਾਲ-ਨਾਲ ਆਲੋਚਨਾ ਦੇ ਪੱਧਰ 'ਤੇ ਵੀ ਕਾਫ਼ੀ ਕੰਮ ਕੀਤਾ ਉਸ ਦੀਆਂ ਆਲੋਚਨਾ ਨਾਲ ਸੰਬੰਧਤ ਪੁਸਤਕਾਂ ਅਧਿਐਨ ਅਤੇ ਅਧਿਆਪਨ (1970), ਮੁਲ ਤੇ ਮੁਲਾਂਕਣ (1972), ਸਾਹਿਤ ਸ਼ਾਸਤਰ (1973), ਸਾਹਿਤ ਤੇ ਸਿਧਾਂਤ (1973), ਪਾਰਗਾਮੀ (1976), ਰਚਨਾ-ਸੰਰਚਨਾ (1977), ਰੂਪਕੀ (1977), ਸਾਹਿਤ-ਵਿਗਿਆਨ (1978), ਸਿਸਟਮੀ (1979), ਸਾਹਿਤ-ਅਧਿਐਨ (1981), ਪਤਰਾਂਜਲੀ (1981), ਪੂਰਨ ਸਿੰਘ : ਰਚਨਾ ਵਿਰਚਨਾ (1983), ਪਿਆਰ ਅਤੇ ਪਰਿਵਾਰ (1988) ਅਤੇ ਖ਼ਾਮੋਸ਼ੀ ਜਜ਼ੀਰਾ (1988) ਹਨ। ਪੰਜਾਬੀ ਸਾਹਿਤ ਅਧਿਐਨ ਨਾਲ ਸੰਬੰਧਿਤ ਇਹ ਉਨ੍ਹਾਂ ਦੀਆਂ ਗੌਲਣਯੋਗ ਪੁਸਤਕਾਂ ਹਨ।

ਡਾ. ਹਰਿਭਜਨ ਸਿੰਘ ਦੇ ਚਿੰਤਨ ਦਾ ਘੇਰਾ ਸਿਰਫ਼ ਸਾਹਿਤ ਦੀ ਪ੍ਰਕਿਰਤੀ, ਪ੍ਰਯੋਜਨ ਹੋਂਦ ਵਿਧੀ, ਰੂਪ ਵਿਧੀ ਸੰਬੰਧੀ ਤੱਤਾਂ ਦੀ ਪੇਸ਼ਕਾਰੀ ਹੀ ਨਹੀਂ ਕਰਦਾ ਸਗੋਂ ਹੋਰ ਸਮੀਖਿਆ ਜਾਂ ਆਲੋਚਨਾ ਦ੍ਰਿਸ਼ਟੀਆਂ ਜਿਵੇਂ ਰੂਸੀ ਰੂਪਵਾਦ, ਅਮਰੀਕੀ ਨਵ ਆਲੋਚਨਾ, ਸੰਰਚਨਾਵਾਦ, ਚਿਹਨਾਲੋਚਨਾ ਅਤੇ ਸ਼ੈਲੀ ਸ਼ਾਸਤਰ ਦੇ ਮੂਲ ਸਿਧਾਤਾਂ ਤੱਤਾਂ, ਸੰਕਲਪਾਂ ਅਤੇ ਵਿਸ਼ੇਸ਼ ਚਿੰਤਕਾਂ ਵੱਲੋਂ ਦਿੱਤੀਆਂ ਮੂਲ ਧਾਰਨਾਵਾਂ ਨੂੰ ਵੀ ਪ੍ਰਗਟਾਉਂਦਾ ਹੈ। ਡਾ. ਹਰਿਭਜਨ ਸਿੰਘ ਸਾਹਿਤ ਨੂੰ ਇੱਕ ਭਾਸ਼ਾ ਮੰਨਦਾ ਹੈ ਜਿਸ ਦੇ ਅੰਤਰਗਤ ਹੀ 'ਸਾਹਿਤਕ ਨੇਮ' ਕਾਰਜਸ਼ੀਲ ਹੁੰਦੇ ਹਨ ਇਸੇ ਨੂੰ ਉਹ ਆਪਣਾ ਸਾਹਿਤ ਚਿੰਤਨ ਸਵੀਕਾਰਦਾ ਹੈ। ਉਪਰੋਕਤ ਨੇਮਾਂ ਦੀ ਪਛਾਣ ਲਈ ਉਹ ਸਾਹਿਤ ਵਿਗਿਆਨ ਨੂੰ ਵਿਸ਼ੇ ਵਜੋਂ ਵਰਤਦਾ ਹੈ ਤੇ ਸੰਰਚਨਾਵਾਦੀ ਵਿਗਿਆਨ ਮਾਡਲ ਦੀ ਵਰਤੋਂ ਕਰਦਾ ਹੈ, ਨਾ ਕਿ ਇਤਿਹਾਸਿਕ ਮਾਡਲ ਦੀ। ਸੰਰਚਨਾਵਾਦ ਵਿਚਲੀ ਸੰਰਚਨਾ ਨੂੰ ਉਹ ਇੱਕ ਅਜਿਹੀ ਪ੍ਰਣਾਲੀ ਮੰਨਦਾ ਹੈ। ਜਿਸ ਦੇ ਅੰਗ ਇੱਕ-ਦੂਜੇ ਨਾਲ ਸਾਰਥਕ ਰੂਪ ਵਿਚ ਅੰਤਰ-ਸੰਬੰਧਿਤ ਹੁੰਦੇ ਹਨ। ਡਾ. ਹਰਿਭਜਨ ਸਿੰਘ ਦੇ ਸਾਹਿਤ ਸਿਧਾਂਤ ਚਿੰਤਨ ਵਿੱਚ ਤਿੰਨ ਸੰਕਲਪ ਸਾਹਿਤ-ਸ਼ਾਸਤਰ, ਸਾਹਿਤ ਦਾ ਸਿਧਾਂਤ, ਅਤੇ ਸਾਹਿਤ-ਵਿਗਿਆਨ ਪ੍ਰਾਪਤ ਹਨ। ਉਹ ਇੱਕ ਦਾਰਸ਼ਨਿਕ ਵਾਂਗ ਦ੍ਰਿਸ਼ ਪਿੱਛੇ ਲੁਕੀ ਦ੍ਰਿਸ਼ਟੀ ਦੀ ਭਾਲ ਕਰਨ ਦੀ ਬਜਾਏ ਅਧਿਐਨ ਵਸਤੂ ਦੀ ਹੋਂਦ-ਯਥਾਰਥ ਅਤੇ ਉਸ ਦੀ ਤਹਿ ਵਿੱਚ ਕੰਮ ਕਰਦੇ ਨੇਮਾਂ, ਜੁਗਤਾਂ ਦੀ ਭਾਲ ਕਰਦਾ ਹੈ ਸਾਹਿਤ-ਵਿਗਿਆਨ ਬਾਰੇ ਉਹ ਇਹ ਕਹਿੰਦਾ ਹੈ ਕਿ ਸਾਹਿਤ ਵਿਗਿਆਨ ਸੀਮਿਤ ਜਾਂ ਬੰਦ ਸੰਸਾਰ ਹੈ। ਜਿਵੇਂ ਭਾਸ਼ਾ ਵਿਗਿਆਨੀ ਭਾਸ਼ਾ ਦੀ ਵਿਆਕਰਣ ਵੱਲ ਰੁਚਿਤ ਹੁੰਦੇ ਹਨ, ਉਸ ਤਰ੍ਹਾਂ ਹੀ ਸਾਹਿਤ-ਵਿਗਿਆਨੀ ਨੂੰ ਪ੍ਰਵਚਨ ਦੀ ਵਿਆਕਰਣ ਵੱਲ ਰੁਚਿਤ ਹੋਣਾ ਚਾਹੀਦਾ ਹੈ ਨਾ

ਕਿ ਉਸ ਦੀ ਸਾਰਥਿਕਤਾ ਵੱਲ। ਡਾ. ਹਰਿਭਜਨ ਸਿੰਘ ਪਹਿਲਾ ਸੰਰਚਨਾਵਾਦੀ ਪੰਜਾਬੀ ਚਿੰਤਕ ਸੀ ਜਿਸ ਨੇ ਇਸ ਅਧਿਐਨ ਦ੍ਰਿਸ਼ਟੀ ਨੂੰ ਅਪਨਾਇਆ ਤੇ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦਾ ਸੰਰਚਨਾਤਮਕ ਅਧਿਐਨ ਵੀ ਕੀਤਾ।

**ਡਾ. ਹਰਿਭਜਨ ਸਿੰਘ ਦਾ ਆਲੋਚਨਾ ਕਾਰਜ**

ਡਾ. ਹਰਿਭਜਨ ਸਿੰਘ ਪੰਜਾਬੀ ਦਾ ਸੰਰਚਨਾਵਾਦੀ ਅਤੇ ਰੂਪਵਾਦੀ ਆਲੋਚਕ ਹੈ। ਡਾ. ਹਰਿਭਜਨ ਸਿੰਘ ਨੇ ਪੰਜਾਬੀ ਚਿੰਤਨ ਕਾਰਜ ਨੂੰ ਅਸਲੋਂ ਵੱਖਰੇ ਤੇ ਨਿਵੇਕਲੇ ਮਾਰਗ ਉੱਪਰ ਤੋਰਿਆ। ਪੂਰਵ ਮਿਥਿਤ ਧਾਰਨਾਵਾਂ ਦਾ ਤਿਆਗ, ਨਿਸ਼ਚੇਵਾਦੀ ਮੁੱਲਵਾਦੀ ਵਿਧੀ ਤੋਂ ਗੁਰੇਜ਼, ਲੇਖਕ ਦੇ ਜੀਵਨ ਤੇ ਰਚਨਾ ਦੇ ਪ੍ਰਭਾਵ ਤੋਂ ਲਾਂਭੇ ਵਿਚਰਨਾ, ਸਾਹਿਤਕਤਾ ਦੀ ਪਹਿਚਾਣ, ਵਸਤੂ ਤੇ ਰੂਪ ਦੀ ਅਦਵੈਤ ਅਤੇ ਰੂਪ ਵਿਧਾਨਕ ਸ਼ਬਦਾਬਲੀ ਦਾ ਪ੍ਰਯੋਗ ਆਦਿ ਉਸਦੀ ਅਧਿਐਨ ਵਿਧੀ ਦੇ ਪਛਾਨਣ ਯੋਗ ਨੁਕਤੇ ਹਨ। ਡਾ. ਹਰਿਭਜਨ ਸਿੰਘ ਦਾ ਸਭ ਤੋਂ ਮਹੱਤਵਪੂਰਨ ਪੱਖ ਉਸਦੀ ਵਿਹਾਰਕ ਸਮੀਖਿਆ ਦਾ ਹੈ ਜਿਹੜਾ ਕਵਿਤਾ, ਕਹਾਣੀ, ਨਾਵਲ ਅਤੇ ਨਾਟਕ ਤਕ ਫੈਲ ਕੇ ਉਸਦੀ ਸਮੁੱਚੀ ਪੰਜਾਬੀ ਸਮੀਖਿਆ ਦੇ ਇਤਿਹਾਸ ਵਿੱਚ ਵਿਲੱਖਣਤਾ ਨੂੰ ਸਿਰਜਦਾ ਹੈ।[4]

ਡਾ. ਹਰਿਭਜਨ ਸਿੰਘ ਪੱਛਮੀ ਸਾਹਿਤ ਚਿੰਤਨ ਵਿੱਚ ਪ੍ਰਚਲਿਤ ਦ੍ਰਿਸ਼ਟੀਆਂ ਸੰਰਚਨਾਤਮਕ ਭਾਸ਼ਾ ਵਿਗਿਆਨ, ਰੂਸੀ ਰੂਪਵਾਦ, ਅਮਰੀਕੀ ਨਵੀਨ ਆਲੋਚਨਾ, ਚਿੰਨ੍ਹ ਵਿਗਿਆਨ ਆਦਿ ਦੇ ਮੂਲ ਸੰਕਲਪਾਂ ਨੂੰ ਸਿਧਾਂਤਕ ਪੱਤਰ 'ਤੇ ਗ੍ਰਹਿਣ ਕਰਕੇ ਜਿੱਥੇ ਪੰਜਾਬੀ ਸਾਹਿਤ ਆਲੋਚਨਾ ਖੇਤਰ ਵਿੱਚ ਨਵੇਂ ਪ੍ਰਤਿਮਾਨ ਸਥਾਪਿਤ ਕਰਦਾ ਹੈ, ਉੱਥੇ ਇਨ੍ਹਾਂ ਦੇ ਅਧਾਰ 'ਤੇ ਪੰਜਾਬੀ ਸਾਹਿਤ ਦੇ ਵਿਭਿੰਨ ਰੂਪਾਂ ਨੂੰ ਆਪਣੇ ਸਿਧਾਂਤਕ ਤੇ ਵਿਹਾਰਕ ਅਧਿਐਨ ਦਾ ਕੇਂਦਰ ਬਣਾਉਂਦਾ ਹੈ। ਡਾ. ਗੁਰਚਰਨ ਸਿੰਘ "ਨਵੀਨ ਪੰਜਾਬੀ ਆਲੋਚਨਾ ਦੀਆਂ ਪ੍ਰਵਿਰਤੀਆਂ" ਸਿਰਲੇਖ ਅਧੀਨ "ਸਾਹਿਤ ਸ਼ਾਸਤਰ ਅਨੁਸਾਰ ਸਾਹਿਤ ਨੂੰ ਪੜ੍ਹਨ-ਪੜ੍ਹਾਉਣ ਦੀ ਪਿਰਤ ਦਾ ਆਰੰਭ" ਡਾ. ਹਰਿਭਜਨ ਸਿੰਘ ਤੋਂ ਮੰਨਦਾ ਹੈ। ਰਘਬੀਰ ਸਿੰਘ ਹਰਿਭਜਨ ਸਿੰਘ ਨੂੰ ਦੂਜੀ ਪੀੜ੍ਹੀ ਦੇ ਪੰਜਾਬੀ ਆਲੋਚਕਾਂ ਵਿੱਚ "ਇਕੋਂ ਇੱਕ ਗਿਣਨਯੋਗ ਵਿਦਵਾਨ" ਕਹਿੰਦਾ ਹੈ, ਜਿਸਨੇ ਮਾਰਕਸਵਾਦ ਦੀਆਂ ਪ੍ਰਚਲਿਤ ਦਿਸ਼ਾਵਾਂ ਤੋਂ ਹਟ ਕੇ ਆਪਣਾ ਵੱਖਰਾ ਰਾਹ ਚੁਣਿਆ। ਡਾ. ਜੀਤ ਸਿੰਘ ਸੀਤਲ, ਡਾ. ਹਰਿਭਜਨ ਸਿੰਘ ਨਾਲ ਨਵੀਨ ਆਲੋਚਨਾਂ ਨੂੰ "ਆਪਣੇ ਸਿਖਰ 'ਤੇ ਪੂਰੇ ਜੋਬਨ 'ਪੁੱਜਦੀ" ਕਹਿੰਦਾ ਹੈ।

ਡਾ. ਹਰਿਭਜਨ ਸਿਘ ਨੇ ਕਈ ਆਲੋਚਨਾਤਮਕ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ, ਜਿਵੇਂ-

- *ਅਧਿਐਨ ਤੇ ਅਧਿਆਪਨ (1970)*
- *ਮੂਲ ਤੇ ਮੁਲੰਕਣ (1972)*
- *ਸਾਹਿਤ ਸ਼ਾਸ਼ਤਰ (1973)*
- *ਸਾਹਿਤ ਤੇ ਸਿਧਾਂਤ (1973)*
- *ਪਾਰਗਾਮੀ (1976)*
- *ਰਚਨਾ ਸੰਰਚਨਾ (1977)*
- *ਰੂਪਕੀ (1977)*
- *ਸਾਹਿਤ ਵਿਗਿਆਨ (1978)*
- *ਸਿਸਟਮੀ (1979)*
- *ਸਾਹਿਤ ਅਧਿਐਨ (1981)*
- ਪਤਰਾਂਜਲੀ( *1981)*
- *ਪਿਆਰ ਤੇ ਪਰਿਵਾਰ (1988)*
- *ਖ਼ਾਮੋਸ਼ੀ ਦਾ ਜੰਜੀਰਾ (1988)*

- ***ਕਾਵਿ ਸੰਗ੍ਰਹਿ***

- ਲਾਸਾਂ (1956)
- ਅਧਰੈਣੀ(1962)
- ਨਾ ਧੁੱਪੇ ਨਾ ਛਾਵੇਂ (1967)
- ਸੜਕ ਦੇ ਸਫੇ ਉਤੇ (1970)
- ਮੈਂ ਜੋ ਬੀਤ ਗਿਆ (1970)
- ਅਲਫ ਦੁਪਹਿਰ (1972)
- ਟੁੱਕੀਆਂ ਜੀਭਾਂ ਵਾਲੇ (1977)
- ਮਹਿਕਾਂ ਨੂੰ ਜਿੰਦਰੇ ਨਾ ਮਾਰੀਂ (1983)
- ਅਲਵਿਦਾ ਤੋਂ ਪਹਿਲਾਂ (1984)
- ਮਾਵਾਂ ਧੀਆਂ (1989)
- ਨਿੱਕ ਸੁੱਕ (1989)
- ਮੇਰੀ ਕਾਵਿ ਯਾਤਰਾ (1989)
- ਚੌਥੇ ਦੀ ਉਡੀਕ (1991)
- ਰੁੱਖ ਤੇ ਰਿਸ਼ੀ (1992)
- ਮੇਰਾ ਨਾਉਂ ਕਬੀਰ (2000)
- **ਸਵੈ ਜੀਵਨੀ- ਚੋਲਾ ਟਾਕੀਆਂ ਵਾਲਾ**

**ਡਾ. ਹਰਿਭਜਨ ਸਿੰਘ ਦਾ ਚਿੰਤਨ/ ਵਿਸ਼ੇਸ਼ਤਾਵਾਂ**

ਰੂਪ ਅਤੇ ਵਸਤੂ ਅਦਵੈਤ

ਡਾ. ਹਰਿਭਜਨ ਸਿੰਘ ਦੀ ਆਲੋਚਨਾ ਦਾ ਪ੍ਰਮੁੱਖ ਤੱਤ ਰੂਪ ਅਤੇ ਵਸਤੂ ਨੂੰ ਇੱਕ ਸਮਝਣਾ ਹੈ। ਉਸਦੇ ਵਿਚਾਰ ਅਨੁਸਾਰ ਕਿਸੇ ਸਾਹਿਤਿਕ ਰਚਨਾ ਵਿੱਚ ਰੂਪ ਅਤੇ ਵਸਤੂ ਆਪਸ ਵਿੱਚ ਇੰਨੇ ਇਕਮਿਕ ਹੋਏ ਹੁੰਦੇ ਹਨ, ਕਿ ਉਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹਨਾਂ ਦਾ ਵੱਖੋ-ਵੱਖਰਾ ਅਧਿਐਨ ਸੰਭਵ ਹੀ ਨਹੀਂ। ਸਾਹਿਤ ਦਾ ਸਮੁੱਚਾ ਅਧਿਐਨ ਰੂਪ ਅਤੇ ਵਸਤੂ ਨੂੰ ਇੱਕ ਸਾਂਝੀ ਇਕਾਈ ਮੰਨ ਕੇ ਕੀਤਾ ਜਾ ਸਕਦਾ ਹੈ। ਡਾ. ਹਰਿਭਜਨ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਨਿਸਚਿਤ ਰੂਪ ਵਿੱਚ ਢਲਣ ਤੋਂ ਬਾਅਦ ਵਿਸ਼ਾ ਰੂਪ ਦਾ ਹੀ ਅੰਗ ਬਣ ਜਾਂਦਾ ਹੈ। ਇਸੇ ਕਰਕੇ ਵਿਸ਼ੇ ਦਾ ਅਧਿਐਨ ਰੂਪ ਦੇ ਅਧਿਐਨ ਨਾਲ ਹੀ ਕੀਤਾ ਜਾ ਸਕਦਾ ਹੈ। ਰੂਪ ਦਾ ਅਧਿਐਨ ਹੀ ਸਮੁੱਚੇ ਰੂਪ ਵਿੱਚ ਵਸਤੂ ਦਾ ਅਧਿਐਨ ਹੈ। ਡਾ. ਹਰਿਭਜਨ ਸਿੰਘ ਨੇ ਪੰਜਾਬੀ ਆਲੋਚਨਾ ਨੂੰ ਰੂਪਵਾਦ, ਅਮਰੀਕੀ ਨਵ ਆਲੋਚਨਾਂ, ਸੰਰਚਨਾਵਾਦ ਤੇ ਭਾਸ਼ਾ ਵਿਗਿਆਨ ਵਿੱਚ ਵਰਤੀ ਜਾਂਦੀ ਸ਼ਬਦਾਵਲੀ ਨੂੰ ਆਲੋਚਨਾਂ ਦੀ ਸ਼ਬਦਾਵਲੀ ਬਣਾਇਆ। ਇਹਨਾਂ ਸ਼ਬਦਾਂ ਵਿੱਚ ਮੋਟਿਫ ਜਾਂ ਥੀਮ, ਰੀਮ, ਇਕਾਲਕੀ ਅਤੇ ਦੁਕਾਲਕੀ ਸਬੰਧ, ਕਾਲਕ੍ਰਮਿਕ, ਪੈਰਾਡਾਈਮ, ਚਿਹਨਕ, ਚਿਹਨਤ ਆਦਿ ਸ਼ਬਦ ਵਧੇਰੇ ਪ੍ਰਯੋਗ ਹੋਏ ਹਨ। ਡਾ. ਹਰਿਭਜਨ ਸਿੰਘ ਨੇ ਯਥਾਰਥ ਦੇ ਅਜਨਬੀਕਰਨ ਨੂੰ ਆਪਣੀ ਆਲੋਚਨਾਂ ਦਾ ਪ੍ਰਮੁੱਖ ਸਿਧਾਂਤ ਬਣਾਇਆ ਹੈ। ਉਸਨੇ ਇਹ ਸਿਧਾਂਤ ਰੂਸੀ ਰੂਪਵਾਦ ਵਿਚੋਂ ਗ੍ਰਹਿਣ ਕੀਤਾ ਹੈ। ਰੂਸੀ ਰੂਪਵਾਦ ਅਨੁਸਾਰ ਸਾਹਿਤਕ ਰਚਨਾ ਵਿੱਚ ਯਥਾਰਥ ਨੂੰ ਉਸੇ ਰੂਪ ਵਿੱਚ ਹੀ ਪੇਸ਼ ਨਹੀਂ ਕੀਤਾ ਜਾਂਦਾ, ਸਗੋਂ ਬਦਲਵੇਂ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ, ਉਸੇ ਬਦਲਵੇਂ ਰੂਪ ਨੂੰ ਹੀ ਸਾਹਿਤਕ ਯਥਾਰਥ ਕਿਹਾ

ਜਾਂਦਾ ਹੈ, ਜੋ ਯਥਾਰਥ ਦਾ ਅਜਨਬੀ ਕ੍ਰਿਤ ਰੂਪ ਹੈ। ਡਾ. ਹਰਿਭਜਨ ਸਿੰਘ ਕਿਸੇ ਰਚਨਾ ਦੀ ਆਲੋਚਨਾਂ ਕਰਨ ਲੱਗਿਆ ਉਸ ਵਿੱਚ ਯਥਾਰਥ ਦੇ ਅਜਨਬੀਕਰਨ ਦਾ ਸਿਧਾਂਤ ਪੇਸ਼ ਕਰਦਾ ਹੈ।

**ਡਾ. ਹਰਿਭਜਨ ਸਿੰਘ ਦੀਆਂ ਮੂਲ ਧਾਰਨਾਵਾਂ/ ਸਥਾਪਨਾਵਾਂ**

- ਸਾਹਿਤ ਅਤੇ ਸਮਾਜ
- ਸਾਹਿਤਕਤਾ ਅਤੇ ਵਾਸਤਵਿਕਤਾ
- ਸਾਹਿਤ ਕਿਰਤ ਦੀ ਹੋਂਦ ਵਿਧੀ
- ਸਾਹਿਤ ਤੇ ਸੰਚਾਰ
- ਸਾਹਿਤ ਤੇ ਵਰਗ ਬਿੰਬ
- ਸਾਹਿਤ ਤੇ ਪਰੰਪਰਾ
- ਸਾਹਿਤ ਆਲੋਚਨਾ ਦਾ ਵਿਗਿਆਨਿਕ ਆਧਾਰ
- ਸਾਹਿਤ ਰੂਪਾਂ ਦੇ ਸੰਗਠਨ ਸਿਧਾਂਤ

**ਸਾਹਿਤ ਅਤੇ ਸਮਾਜ**:- ਡਾ. ਹਰਿਭਜਨ ਸਿੰਘ ਸਾਹਿਤ ਅਤੇ ਸਮਾਜ ਦੇ ਪਰਮਪਰ ਸੰਬੰਧਾਂ ਦੀਆਂ ਮੂਲ ਸਥਾਪਨਾਵਾਂ ਬਾਰੇ ਲਿਖਦੇ ਹਨ ਕਿ ਸਾਹਿਤ ਵੀ ਇੱਕ ਤਰ੍ਹਾਂ ਦਾ ਸੰਸਾਰ ਹੈ ਤੇ ਉਸ ਵਿੱਚ ਵੀ ਇੱਕ ਸਮਾਜ-ਪ੍ਰਬੰਧ ਤੇ ਸਮਾਜ ਭਾਵਨਾ ਦਾ ਚਿੱਤਰ ਮਿਲ ਸਕਦਾ ਹੈ। ਜੇ ਪੁਰਾਣੇ ਸਾਹਿਤ ਦਾ ਰੂਹ ਨਾਲ ਅਧਿਐਨ ਕੀਤਾ ਜਾਵੇ ਤਾਂ ਉਸ ਵਿੱਚ ਤੱਤਕਾਲੀਨ ਸਮਾਜ ਦੀ ਰਹਿਣੀ-ਬਹਿਣੀ, ਪਹਿਨ-ਪੁਸ਼ਾਕ, ਵਿਚਾਰ-ਵਿਸ਼ਵਾਸ, ਰੀਤੀ-ਰਿਵਾਜ ਬਾਰੇ ਖਾਸੀ (ਕਾਫ਼ੀ) ਜਾਣਕਾਰੀ ਮਿਲ ਸਕਦੀ ਹੈ। ਪੁਰਾਤਨ ਸਾਹਿਤ ਦੇ ਇਤਿਹਾਸ ਦੇ ਲੇਖਕਾਂ ਨੇ ਪੁਰਾਤਨ ਸਾਹਿਤ ਦੀ ਸਹਾਇਤਾ ਨਾਲ ਹੀ ਤੱਤਕਾਲੀਨ ਸਮਾਜ ਦਾ ਚਿੱਤਰ ਉਸਾਰਿਆ ਹੈ। ਸਾਹਿਤ ਵੀ ਸਮਾਜਿਕ ਮੁੱਲਾਂ ਨੂੰ ਜੀਵੰਤ ਅਵਸਥਾ ਵਿੱਚ ਰੱਖਣ ਦਾ ਰੋਲ ਨਿਭਾਉਂਦਾ ਹੈ। ਸਾਹਿਤ ਸਮਕਾਲੀ ਸਮਾਜਿਕ ਮੁੱਲਾਂ ਨੂੰ ਪ੍ਰਤੀਬਿੰਬਤ ਹੀ ਨਹੀਂ ਕਰਦਾ, ਉਹਨਾਂ ਉੱਪਰ ਟਿੱਪਣੀ ਵੀ ਕਰਦਾ ਹੈ, ਦੂਜੇ ਉਹ ਕੇਵਲ ਪ੍ਰਾਪਤ ਮੁੱਲਾਂ ਨਾਲ ਹੀ ਕੰਮ ਨਹੀਂ ਸਾਰਦਾ, ਸਗੋਂ ਨਵੀਂ ਮੁੱਲ ਸਿਰਜਣਾ ਵੱਲ ਸੰਕੇਤ ਵੀ ਕਰਦਾ ਹੈ।

**ਸਾਹਿਤ ਤੇ ਵਰਗ-ਬਿੰਬ:-** ਡਾ. ਹਰਿਭਜਨ ਸਿੰਘ ਸਾਹਿਤ-ਕਿਰਤ ਨੂੰ ਜਮਾਤੀ-ਸਮਾਜ ਦੀ ਉਪਜ ਨਹੀਂ ਮੰਨਦਾ। ਉਸ ਅਨੁਸਾਰ ਸਮਾਜ ਅਤੇ ਸਾਹਿਤ ਦਾ ਵਿਆਪਕ ਸੰਬੰਧ ਇੱਕ ਬੁਨਿਆਦੀ ਹਕੀਕਤ ਹੈ, ਪਰ ਕਦੀ-ਕਦੀ ਇਸਨੂੰ ਸੀਮਿਤ ਅਰਥਾਂ ਵਿੱਚ ਗ੍ਰਹਿਣ ਕੀਤਾ ਜਾਂਦਾ ਹੈ। ਪੁਰਾਣੇ ਸਮੇਂ ਤੋਂ ਸਾਹਿਤਕਾਰ ਆਪਣੇ ਵਰਗ ਦੇ ਅਨੁਕੂਲ ਅਤੇ ਪ੍ਰਤਿਕੂਲ ਰਚਨਾ ਕਰਦੇ ਰਹ ਹਨ। ਜ਼ਰੂਰੀ ਨਹੀਂ ਕਿ ਲੇਖਕ ਦੀ ਵਰਗ ਸਥਿਤੀ ਉਸਦੀ ਰਚਨਾ ਵਿੱਚ ਪ੍ਰਗਟ ਹੋਵੇ। ਮੱਧਯੁਗ ਦੀਆਂ ਧਾਰਮਿਕ ਸਾਹਿਤ ਦੀ ਰਚਨਾ ਨਿਮਨ, ਉੱਚ ਤੇ ਮੱਧ ਤਿੰਨ ਵਰਗਾਂ ਦੇ ਵਿਅਕਤੀ ਕਰਦੇ ਹਨ।

ਉਦਾਹਰਨ ਦੇ ਤੌਰ 'ਤੇ ਅਸੀਂ ਕਬੀਰ, ਮੀਰਾ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਦੇਖ ਸਕਦੇ ਹਾਂ।

ਡਾ. ਹਰਿਭਜਨ ਸਿੰਘ ਰੂਪਵਾਦੀ ਚਿੰਤਨ ਅਨੁਸਾਰ ਸਾਹਿਤ-ਕਿਰਤ ਵਿਚੋਂ ਵਰਗ-ਵੇਰਵੇ ਦੇ ਬਿੰਬ ਸਿਰਜਣ ਦਾ ਵਿਰੋਧ ਕਰਦਾ ਹੈ। ਡਾ. ਅਤਰ ਸਿੰਘ ਵੀ ਰੂਪਵਾਦੀਆਂ ਦੇ ਇਸੇ ਪੱਖ ਨੂੰ ਉਘਾੜਦਾ ਹੋਇਆ ਲਿਖਦਾ ਹੈ:- ਰੂਪਵਾਦੀਆਂ ਦਾ ਕਹਿਣਾ ਹੈ ਕਿ ਸਾਡਾ ਇਸ ਗੱਲ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ ਕਿ "ਸਾਹਿਤਕਾਰ ਕਿਹੜੇ ਪੱਖ ਤੇ ਪੜ੍ਹਦਾ ਜਾਂ ਲਿਖਦਾ ਹੈ। ਸਾਹਿਤਕਾਰ ਨੂੰ ਆਪਣੀ ਮਨਮਰਜੀ ਮੁਤਾਬਿਕ ਵਿਸ਼ੇ ਦੀ ਚੋਣ ਕਰਨ ਅਤੇ ਉਸਨੂੰ ਪੇਸ਼ ਕਰਨ ਦੀ ਖੁੱਲ ਹੋਣੀ ਚਾਹੀਦੀ ਹੈ।

**ਸਾਹਿਤ ਤੇ ਪਰੰਪਰਾ:-** ਡਾ. ਹਰਿਭਜਨ ਸਿੰਘ ਸਾਹਿਤ ਕਿਰਤ ਦੀ ਸਿਰਜਣਾ ਵਿੱਚ ਸਾਹਿਤਕ ਰੂੜ੍ਹੀਆਂ 'ਤੇ ਸਾਹਿਤਕ-ਪਰੰਪਰਾ ਦੇ ਪਾਏ ਯੋਗਦਾਨ ਨੂੰ ਸਵੀਕਾਰ ਕਰਦਾ ਹੈ। ਉਹ ਇਸ ਸਬੰਧੀ ਲਿਖਦਾ ਹੈ, ਕਿ ਸਾਹਿਤ-ਕਿਰਤਾਂ ਦਾ ਜਨਮ ਨਿਰੋਲ, ਵਾਸਤਵਿਕਤਾ ਵਿਚੋਂ ਨਹੀਂ ਹੁੰਦਾ। 'ਸਾਹਿਤਕਤਾ' ਜਾਂ 'ਸਾਹਿਤ-ਪਰੰਪਰਾ' ਵੀ ਇੱਕ ਠੋਸ ਹਕੀਕਤ ਵਾਂਗ ਸਾਹਿਤਕਾਰ ਦੇ ਅੰਗ-ਸੰਗ ਹੁੰਦੀ ਹੈ। ਉਹ ਸੁਚੇਤ ਜਾਂ ਅਚੇਤ ਰੂਪ ਵਿੱਚ ਕੁਝ ਪ੍ਰਚਲਿਤ ਸਾਹਿਤ ਰੂੜ੍ਹੀਆਂ ਦਾ ਪਾਲਣ ਕਰ ਰਿਹਾ ਹੁੰਦਾ ਹੈ। ਸਾਹਿਤ ਸਿਰਜਣਾ ਦਾ ਵੀ ਆਪਣਾ ਇਤਿਹਾਸ ਹੈ। ਇਤਿਹਾਸ ਅਤੇ ਪਰੰਪਰਾ ਦੇ ਦਬਾਓ ਹੇਠ ਹੀ ਕਿਸੇ ਲੇਖਕ ਨੂੰ ਆਪਣੀ ਰਚਨਾ-ਵਿਧੀ ਨਿਸ਼ਚਿਤ ਕਰਨੀ ਪੈਂਦੀ ਹੈ।

ਇਸ ਸਬੰਧ ਵਿੱਚ ਡਾ. ਰਵਿੰਦਰ ਸਿੰਘ ਰਵੀ ਵਧੇਰੇ ਸਪਸ਼ਟਤਾ ਦਾ ਧਾਰਨੀ ਹੈ, ਉਸ ਅਨੁਸਾਰ:-

> "ਕਵੀ ਮੂਲੋਂ ਨਵੀਨ ਜਾਂ ਕ੍ਰਾਂਤੀਕਾਰੀ ਨਹੀਂ ਹੁੰਦਾ। ਉਸਦਾ ਸਮੁੱਚਾ ਪਿਛੋਕੜ ਉਸਦੀ ਕਲਾਕ੍ਰਿਤ ਲਈ ਬੁਨਿਆਦੀ ਹੁੰਦਾ ਹੈ। ਜਦੋਂ ਇਹ ਪਿਛੋਕੜ ਕਲਾਕਾਰ ਲਈ ਸਾਰਥਕ ਜਾਂ ਢੁੱਕਵਾਂ ਨਹੀਂ ਰਹਿੰਦਾ ਤਾਂ ਉਹ ਆਪਣੇ ਅਨੁਭਵ ਦੇ ਅਧਾਰ 'ਤੇ ਇਸ ਨੂੰ ਨਵਾਂ ਰੂਪ ਅਤੇ ਸਾਰ ਬਖਸ਼ਦਾ ਹੈ। ਉਹ ਪਰੰਪਰਾ ਅੱਗੇ ਸਮਰਪਣ ਨਹੀਂ ਕਰਦਾ, ਸਗੋਂ ਉਸਦਾ ਰੂਪਾਤਰਨ ਕਰਦਾ ਹੈ।"

**ਸਾਹਿਤ-ਆਲੋਚਨਾ ਦਾ ਵਿਗਿਆਨਕ ਆਧਾਰ:-** ਡਾ. ਹਰਿਭਜਨ ਸਿੰਘ ਸਾਹਿਤ ਤੇ ਆਲੋਚਨਾ ਨੂੰ ਵੀ ਮੂਲੋਂ ਨਿਖੇੜ ਕੇ ਦੇਖਦਾ ਹੈ। ਡਾ. ਹਰਿਭਜਨ ਸਿੰਘ ਨੇ ਪੰਜਾਬੀ ਸਾਹਿਤ-ਆਲੋਚਨਾਂ ਦੀਆਂ ਸੀਮਾਵਾਂ ਤੇ ਕਮਜ਼ੋਰੀਆਂ ਵੱਲ ਸੰਕੇਤ ਕਰਦੇ ਹੋਏ ਆਲੋਚਨਾ ਨੂੰ ਵਿਗਿਆਨਕ ਆਧਾਰਾਂ 'ਤੇ ਉਸਾਰਨ ਦੇ ਤਰਕ ਪੇਸ਼ ਕੀਤੇ ਹਨ।

ਡਾ. ਹਰਿਭਜਨ ਦਾ ਇਹ ਮਤ ਤਰਕਸੰਗਤ ਹੈ ਕਿ ਪੰਜਾਬੀ ਆਲੋਚਨਾ ਲੰਮੇ ਸਮੇਂ ਤੱਕ ਟੀਕਾ ਟਿੱਪਣੀ, ਵਿਰੋਧ, ਰੋਸ, ਦੋਸ਼ ਪ੍ਰਗਟਾਉਣ ਤੱਕ ਹੀ ਸੀਮਿਤ ਰਹੀ ਹੈ। ਪੰਤੂ ਉਸਦਾ 'ਸਾਹਿਤ ਸ਼ਾਸਤਰ' ਵਿਚਲਾ ਇਹ ਨਿਬੰਧ 'ਸਾਹਿਤ ਅਤੇ ਸਮਾਲੋਚਨਾ'1973 ਵਿੱਚ ਲਿਖਿਆ ਹੋਣ ਕਰਕੇ, ਉਸ ਤੋਂ ਪਹਿਲਾਂ ਦੀ ਪੰਜਾਬੀ ਆਲੋਚਨਾ ਦੀਆਂ ਸੀਮਾਵਾਂ ਵੱਲ ਇਸ਼ਾਰਾ ਕਰਦਾ ਹੈ। ਜਦਕਿ ਹੁਣ ਆਲੋਚਨਾ ਖੇਤਰ ਵਿੱਚ ਬਦਲਾਅ ਆਏ ਹਨ। ਹੁਣ ਪੰਜਾਬੀ ਆਲੋਚਨਾ ਸੁਯੋਗ ਖੋਜੀ ਵਿਦਵਾਨਾਂ ਦੇ ਯਤਨਾਂ ਨਾਲ ਤਰਕਮਈ ਵਿਗਿਆਨਕਤਾ ਤੇ ਬਾਹਰਮੁੱਖਤਾ ਦੀ ਧਾਰਣੀ ਬਣੀ ਹੈ। ਜਿਸ ਨਾਲ ਸਾਹਿਤ ਕਿਰਤ ਦੇ ਅਧਿਐਨ ਸਮੇਂ ਸਾਹਿਤ-ਬਿੰਬਾਂ ਦੇ ਵਿਸ਼ਲੇਸ਼ਣ ਦੁਆਰਾ ਪਾਠਕ ਨੂੰ ਕਿਰਤ ਵਿੱਚ ਪੇਸ਼ ਵਿਚਾਰਾਂ ਤੇ ਭਾਵਾਂ ਤੋਂ ਜਾਣੂ ਕਰਾਉਣ ਦੇ ਸਾਰਥਕ ਯਤਨ ਹੋਏ ਹਨ।

ਉਪਰੋਕਤ ਸਮੁੱਚੇ ਵਿਸ਼ਲੇਸਣ ਤੇ ਮੁਲਾਂਕਣ ਤੋਂ ਸਪਸ਼ਟ ਹੈ ਕਿ ਹਰਿਭਜਨ ਸਿੰਘ ਦੀ ਆਲੋਚਨਾ ਪੱਛਮੀ ਨਵੀਨ ਆਲੋਚਨਾ ਪ੍ਰਣਾਲੀਆਂ ਦੇ ਵਿਭਿੰਨ ਸੰਕਲਪਾਂ ਨੂੰ ਅਧਾਰ ਬਣਾ ਕੇ ਸਾਹਿਤ-ਕਿਰਤਾਂ ਦੀ ਹੋਂਦ ਵਿਧੀ ਦਾ ਨਿਰਣਾ ਕਰਨ ਦਾ ਯਤਨ ਕਰਦੀ ਹੈ। ਅਜਿਹਾ ਕਰਦੇ ਸਮੇਂ ਉਹ ਸਾਹਿਤ ਕਿਰਤ ਨੂੰ ਲੇਖਕ, ਪਾਠਕ, ਸਮਾਜ, ਆਰਥਿਕਤਾ ਤੇ ਰਾਜਨੀਤਿਕ ਪ੍ਰਸੰਗ ਨਾਲੋਂ ਮੂਲੋਂ ਨਿਖੇੜ ਕੇ ਇੱਕ ਸਵੈਸੁਤੰਤਰ, ਖੁਦ ਮੁਖਤਿਆਰ, ਤੇ ਸਵੈਪੂਰਣ ਹੋਂਦ ਹੋਣ 'ਤੇ ਬਲ ਦਿੰਦੀ ਹੈ।

ਜੇਕਰ ਡਾ. ਹਰਿਭਜਨ ਸਿੰਘ ਸਾਹਿਤ-ਚਿੰਤਨ ਸੰਬੰਧੀ ਹੋਏ ਚਿੰਤਨ ਨੂੰ ਵਿਸ਼ਲੇਸ਼ਣ-ਮੁਲਾਂਕਣ ਦੀ ਕਸਵੱਟੀ 'ਤੇ ਪਰਖੇ ਬਿਨ੍ਹਾਂ, ਦ੍ਰਿਸ਼ਟੀ ਅਧੀਨ ਰੱਖੀਏ ਤਾਂ ਉਸਦੇ ਚਿੰਤਨ ਸੰਬੰਧੀ ਪ੍ਰਾਪਤ ਸਮੱਗਰੀ ਦਾ ਘੇਰਾ ਭੂਮਿਕਾਵਾਂ, ਮੁੱਖ-ਬੰਦਾਂ, ਪੱਤ੍ਰ-ਪੱਤ੍ਰਿਕਾਵਾਂ ਵਿੱਚ ਉਪਲੱਬਧ ਸਮੱਗਰੀ, ਆਲੋਚਨਾਤਮਕ ਮਜ਼ਬੂਨਾਂ, ਪੁਸਤਕਾਂ, ਡਾ. ਹਰਿਭਜਨ ਸਿੰਘ ਸੰਬੰਧੀ ਨਿਕਲੇ ਵਿਸ਼ੇਸ਼ ਅੰਕਾਂ ਜਾਂ ਵਿਸ਼ੇਸ਼ ਪੁਸਤਕਾਂ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਦੀਆਂ ਪੁਸਤਕਾਂ ਵਿੱਚ ਦਰਜ ਟਿੱਪਣੀਆਂ ਤੱਕ ਫੈਲਿਆ ਹੋਇਆ ਹੈ।

'ਡਾ. ਹਰਿਭਜਨ ਸਿੰਘ ਭਾਟੀਆ' ਉਸਦੀ ਆਲੋਚਨਾ-ਵਿਧੀ ਦਾ ਮੂਲਾਂਕਣ ਕਰਦਾ ਹੋਇਆ ਲਿਖਦਾ ਹੈ:-

ਉਸਨੇ ਰਚਨਾਵਾਂ ਨੂੰ 'ਦ੍ਰਿਸ਼ਟਾਂਤ' ਵਜੋਂ ਵਰਤਣ ਦੀ ਬਜਾਇ ਉਹਨਾਂ ਨਾਲ ਕਰੀਬੀ ਨਾਤਾ ਜੋੜਨ ਦੀ ਜਾਂਚ ਦੱਸੀ ਹੈ। ਪੂਰਵ ਮਿਥਿਤ ਵਿਚਾਰਧਾਰਾ ਦਾ ਤਿਆਗ, ਨਿਸ਼ਚੇਵਾਦੀਗੁਰੇਜ ਲੇਖਕ ਤੇ ਰਚਨਾ ਦੇ ਪ੍ਰਭਾਵ ਤੋਂ ਲਾਂਭੇ ਵਿਚਰਣ ਮੁੱਲਵਾਦੀ ਆਲੋਚਨਾ ਦੀ ਵਰਤੋਂ ਤੋ-

ਸਾਹਿਤਕਤਾ ਦੀ ਪਛਾਣ ਕਰਨ, ਵਸਤੂ ਤੇ ਰੂਪ ਦੀ ਅਦਵੈਦ ਅਤੇ ਰੂਪ ਵਿਧਾਨਕ ਸ਼ਬਦਾਵਲੀ ਦਾ ਪ੍ਰਯੋਗ ਉਸਦੀ ਅਧਿਐਨ ਵਿਧੀ ਦੇ ਪਛਾਣਨਯੋਗ ਨੁਕਤੇ ਹਨ।"

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਡਾ. ਹਰਿਭਜਨ ਸਿੰਘ ਆਪਣੇ ਤੋਂ ਪੂਰਵ ਪ੍ਰਚਲਿਤ ਪ੍ਰਭਾਵਵਾਦੀ, ਮਕਾਨਕੀ ਭਾਂਤ ਦੀ ਅਤੇ ਸਮਾਜ-ਸਾਪੇਖ ਆਲੋਚਨਾ ਤੋਂ ਅਸਲੋਂ ਵੱਖਰੀ ਭਾਂਤ ਦੀ ਭਾਵ ਸਾਹਿਤ-ਆਲੋਚਨਾਂ ਕਰਨ ਸਦਕਾ ਉਹ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿੱਚ ਅਸਲੋਂ ਵੱਖਰਾ ਤੇ ਨਿਵੇਕਲਾ ਹਸਤਾਖਰ ਹੈ।

### ਆਲੋਚਨਾ ਵਿਧੀ ਦੇ ਪ੍ਰਮੁੱਖ ਦੋਸ਼

ਭਾਵੇਂ ਹਰਿਭਜਨ ਸਿੰਘ ਨੇ ਪੰਜਾਬੀ ਆਲੋਚਕਾਂ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ, ਪਰ ਉਸਦੀ ਆਲੋਚਨਾ ਵਿੱਚ ਕਈ ਦੋਸ਼ ਹਨ।

- ਉਹ ਰਚਨਾ ਵਿੱਚ ਵਿਸ਼ੇ ਨਾਲੋਂ ਕਲਾ ਨੂੰ ਪ੍ਰਮੁੱਖਤਾ ਦਿੰਦਾ ਹੈ, ਉਸਦੀ ਆਲੋਚਨਾ ਸਿਰਫ਼ ਕਲਾ ਅਧਿਐਨ ਤੱਕ ਹੀ ਸੀਮਿਤ ਹੈ।
- ਉਸਦੇ ਸ਼ਬਦ ਜਟਿਲ ਹੁੰਦੇ ਹਨ, ਜੋ ਸਾਧਾਰਨ ਜਾਂ ਆਮ ਲੋਕਾਂ ਦੀ ਸਮਝ ਵਿੱਚ ਨਹੀਂ ਆਉਂਦੇ।
- ਉਹ ਸਿਰਫ਼ ਸਾਹਿਤਿਕ ਭਾਸ਼ਾ ਜਾਂ ਕਲਾ ਦਾ ਹੀ ਅਧਿਐਨ ਕਰਦਾ ਹੈ। ਸਾਹਿਤ ਪ੍ਰਯੋਜਨ ਜਾਂ ਇਸਦੇ ਸਾਹਿਤਿਕ ਪ੍ਰਸੰਗ ਵੱਲ ਧਿਆਨ ਨਹੀਂ ਦਿੰਦਾ।

### ਹਰਿਭਜਨ ਸਿੰਘ ਦੇ ਸਾਹਿਤ ਸਿਧਾਂਤ . ਵਿੱਚ ਤਿੰਨ ਸੰਕਲਪ

- *ਸਾਹਿਤ ਸ਼ਾਸ਼ਤਰ*
- *ਸਾਹਿਤ ਸਿਧਾਂਤ*
- *ਸਾਹਿਤ ਵਿਗਿਆਨ*

### ਰੂਸੀ ਰੂਪਵਾਦ, ਫਰਾਂਸੀਸੀ ਸੰਰਚਨਾਵਾਦ ਅਤੇ ਨਵਸੇਧ ਪ੍ਰਾਪਤ ਕੀਤੀ ਅਮਰੀਕਨ ਆਲੋਚਨਾ ਤੋਂ-

ਆਪਣੀ ਅਧਿਐਨ ਪ੍ਰਣਾਲੀ ਨੂੰ ਰਚਨਾ ਕੇਂਦਰਿਤ ਬਣਾਉਣ ਲਈ ਉਹ ਰੂਸੀ ਰੂਪਵਾਦ ਤੋਂ ਅਜਨਬੀਕਰਨ ਦੀ ਜੁਗਤ ਲੈਂਦਾ ਹੈ। ਅਮਰੀਕੀ ਆਲੋਚਨਾ ਤੋਂ ਸਮਝ ਉਧਾਰੀ ਲੈ ਕੇ ਉਹ ਸਾਹਿਤ ਦਾ ਵਿਗਿਆਨ ਉਸਾਰਨ ਦੀ ਗੱਲ ਕਰਦਾ ਹੈ। ਰਚਨਾ ਨੂੰ ਸਵੈ ਨਿਰਭਰ ਬੰਦ ਸਿਸਟਮ ਵਜੋਂ ਗ੍ਰਹਿਣ ਕਰਨ ਦੀ ਵਿਧੀ ਉਹ ਫਰਾਂਸੀਸੀ ਸੰਰਚਨਾਵਾਦ ਤੋਂ ਪ੍ਰਾਪਤ ਕਰਦਾ ਹੈ।।[6]

ਉਸਦੀ ਅਧਿਐਨ ਵਿਧੀ ਦੀ ਸਤਹੀ ਪੱਧਰ ਉਪੱਰ ਪਛਾਣ ਲਈ 'ਸੁਹਜਵਾਦੀ', ਰੂਪਵਾਦੀ, ਸੌਂਦਰਯਵਾਦੀ ਅਤੇ ਸ਼ਿਲਪ ਸਾਸ਼ਤਰੀ ਆਦਿ ਵਿਸ਼ੇਸ਼ਣ ਵੀ ਆਮ ਹੀ ਦਿੱਤੇ ਜਾਂਦੇ ਹਨ। ਉਸਦੀ ਰਚਨਾ ਦਾ ਵਿਸ਼ਲੇਸ਼ਣ ਭਾਵੇਂ ਇੱਕ ਪੱਖੀ ਰਹਿ ਜਾਂਦਾ ਹੈ ਪਰ ਇਸ ਇੱਕ ਪੱਖ ਦੇ ਦਰਸ਼ਨ ਸਾਨੂੰ ਇੱਕ ਸ਼ੀਸ਼ ਮਹਿਲ ਵਾਕਰ ਕਰਾ ਦਿੰਦਾ ਹੈ।

## ਮੂਲ ਤੇ ਮੁਲੰਕਣ-ਵਿਚਾਰਧਾਰਾਈ ਅਧਿਐਨ

ਡਾ. ਹਰਿਭਜਨ ਸਿੰਘ ਨੇ ਨਵ-ਆਲੋਚਨਾ ਭਾਵ ਰੂਸੀ ਰੂਪਵਾਦੀਆਂ ਦੇ ਇਤਿਹਾਸ ਨੂੰ ਬਿਆਨਦਿਆਂ ਅਰਸਤੂ ਦੇ ਵੇਲੇ ਤੋਂ ਗੱਲ ਛੇੜੀ ਜਿਸ ਵਿੱਚ ਅਰਸਤੂ ਦੁਆਰਾ ਕੀਤੇ ਵਸਤੂ ਅਤੇ ਰੂਪ ਵਿਚਕਾਰ ਬੁਨਿਆਦੀ ਕਿਸਮ ਦੇ ਨਿਖੇੜੇ ਬਾਰੇ ਗੱਲ ਕੀਤੀ ਹੈ। ਇਹ ਨਿਖੇੜਾ ਉਸ ਨੇ ਕਰਣ-ਅਨੁਕਰਣ, ਸੰਭਾਵਨਾ-ਸੰਭਾਵਿਤਾ, ਇਤਿਹਾਸ-ਸਾਹਿਤ, ਆਦਿ ਜੁੱਟਾਂ ਰਾਹੀਂ ਕੀਤਾ। ਉਸ ਨੇ ਸਾਹਿਤ ਵਿਦਿਆ ਦੇ ਨਿਵੇਕਲੇ ਖੇਤਰ ਨੂੰ ਨਿਸ਼ਚਿਤ ਕਰਨ ਲਈ ਵਸਤੂ (ੳਟਟਣਰ) ਵਿਧੀ (ੌਦੲ) ਤੇ ਅੰਦਾਜ਼ (ੳਨਨਣਰ) ਨੂੰ ਆਧਾਰ ਬਣਾਇਆ ਇਨ੍ਹਾਂ ਉਪਰੋਕਤ ਆਧਾਰਾਂ ਉੱਤੇ ਹੀ ਰੂਸੀ ਰੂਪਵਾਦੀ ਚਿੰਤਨ ਹੋਂਦ ਵਿਚ ਆਇਆ। ਵੀਹਵੀਂ ਸਦੀ ਵਿਚ ਰੂਸੀ ਰੂਪਵਾਦੀਆਂ ਵੱਲੋਂ ਇਸ ਦਿਸ਼ਾ ਵਿਚ ਸਪਸ਼ਟ ਸੰਕੇਤ ਦੇ ਦਿੱਤੇ ਗਏ ਸਨ, ਭਾਵੇਂ ਉਹ ਆਪਣੇ ਹੀ ਦੇਸ਼ ਵਿੱਚ ਕੁਝ ਸਮੇਂ ਲਈ ਗਤੀਸ਼ੀਲ ਰਹੇ ਕਿਉਂਕਿ ਫੇਰ ਉਨ੍ਹਾਂ ਨੂੰ ਕਾਨੂੰਨਨ ਦਬਾ ਦਿੱਤਾ ਗਿਆ ਸੀ। ਡਾ. ਹਰਿਭਜਨ ਸਿੰਘ ਨੇ ਰੂਪਵਾਦੀਆਂ ਦੀਆਂ ਮੂਲ ਸਥਾਪਨਾਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. ਰੂਸੀ ਰੂਪਵਾਦੀਆਂ ਨੇ ਸਾਹਿਤ ਵਿੱਦਿਆ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ ਉਪਰ ਜ਼ੋਰ ਦਿੱਤਾ।

2. ਬਾਅਦ ਵਿੱਚ ਸਾਹਿਤ-ਸਮੀਖਿਆ ਕਾਰ ਸਾਹਿਤ ਸਮੀਖਿਆ ਲਈ ਕਿਸੇ ਵੀ ਵਿੱਦਿਆ ਦੀਆਂ ਕਸਵੱਟੀਆਂ ਨੂੰ ਵਰਤਣ ਲਈ ਆਪਣੇ-ਆਪ ਨੂੰ ਸੁਤੰਤਰ ਸਮਝਣ ਲੱਗੇ।

3. ਰੂਪਵਾਦੀ ਸਾਹਿਤ ਦੀ ਸਾਹਿਤਿਕਤਾ ਤੋਂ ਇਲਾਵਾ ਹੋਰ ਕਿਸੇ ਵੀ ਕਿਸਮ ਦੇ ਅਧਿਐਨ ਨੂੰ ਬੇਲੋੜਾ ਸਮਝਦੇ ਸਨ। ਉਨ੍ਹਾਂ ਦਾ ਕੇਂਦਰ-ਬਿੰਦੂ ਸਾਹਿਤ ਦੀ ਭਾਸ਼ਾ ਹੈ। ਉਹ ਸਾਹਿਤ ਭਾਸ਼ਾ ਤੇ ਵਿਹਾਰਿਕ ਭਾਸ਼ਾ ਦਾ ਨਿਖੇੜਾ ਕਰਨਾ ਜ਼ਰੂਰੀ ਸਮਝਦੇ ਹਨ। ਰੂਪਵਾਦੀਆਂ ਨੇ ਸਾਹਿਤ ਭਾਸ਼ਾ ਨੂੰ ਵਿਹਾਰ-ਭਾਸ਼ਾ ਨਾਲੋਂ ਨਿਖੇੜਿਆ ਤੇ ਕਿਹਾ ਕਿ ਵਿਹਾਰਕ ਭਾਸ਼ਾ ਸੰਚਾਰ ਸਾਧਕ ਦਾ ਕੰਮ ਕਰਦੀ ਹੈ, ਉਸ ਦਾ ਆਪਣਾ ਕੋਈ ਵੀ ਸੁਤੰਤਰ ਮੁੱਲ ਨਹੀਂ ਹੁੰਦਾ। ਕਾਵਿ-ਭਾਸ਼ਾ ਵਿਚ ਭਾਸ਼ਕ ਰੂਪ-ਵਿਧੀਆਂ ਦਾ ਆਪਣਾ ਸੁਤੰਤਰ ਮੁੱਲ ਹੁੰਦਾ ਹੈ ਚਾਹੇ ਇਸ ਵਿਚ ਵਿਹਾਰਕ ਪ੍ਰਯੋਜਨ ਵੀ ਸ਼ਾਮਲ ਹੁੰਦਾ ਹੈ। ਪਰਾਗ ਸਰਕਲ ਰੂਸੀ ਰੂਪਵਾਦੀਆਂ ਦਾ ਪ੍ਰਮਾਣਿਕ ਅਧਿਐਨ ਖੇਤਰ ਹੈ।

4. ਉਨ੍ਹਾਂ ਵੱਲੋਂ ਸਾਹਿਤ ਨੂੰ ਸਮਝਣ ਲਈ ਵਿਭਿੰਨ ਪਹੁੰਚ ਵਿਧੀਆਂ ਅਪਣਾਈਆਂ ਜਾ ਚੁੱਕੀਆਂ ਸਨ ਜਿਨ੍ਹਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

1.ਇਤਿਹਾਸਕ

2.ਨੈਤਿਕ-ਸਮਾਜ

3.ਭਾਸ਼ਾ-ਵਿਗਿਆਨ

ਉਪਰੋਕਤ ਤਿੰਨ ਤਰ੍ਹਾਂ ਦੀ ਵਰਗ ਵੰਡ ਰਾਹੀਂ ਉਹ ਸਾਹਿਤ ਵਿਗਿਆਨ ਰਾਹੀਂ ਅਜਿਹੇ ਤੱਤਾਂ ਦਾ ਅਧਿਐਨ ਕਰਨਾ ਲੋਚਦੇ ਸਨ ਜਿਸ ਨਾਲ ਸਾਹਿਤ ਸਮੱਗਰੀ ਦੀ ਵਿਲੱਖਣ ਅਤੇ ਨਿਖੜਵੀਂ ਪ੍ਰਕਿਰਤੀ ਹੋਵੇ।

ਡਾ. ਹਰਿਭਜਨ ਸਿੰਘ ਦੁਆਰਾ ਰੂਸੀ ਰੂਪਵਾਦੀਆਂ ਦੀ ਪ੍ਰਤੀਕਵਾਦੀਆਂ ਨਾਲ ਟੱਕਰ ਨੂੰ ਪੇਸ਼ ਕੀਤਾ ਗਿਆ ਹੈ। ਰੂਪਵਾਦੀ ਉਨ੍ਹਾਂ ਦੁਆਰਾ ਸ਼ਬਦਾਂ ਦੀ ਧੁਨੀ ਅਤੇ ਅਰਥ ਵਿਚ ਨਿਸ਼ਚਿਤ ਸੰਬੰਧ ਦੇ ਸਿਧਾਂਤ ਨੂੰ ਰੱਦ

ਕਰਦਿਆਂ ਉਹ ਕਾਵਿ ਵਿਚ ਵਰਤੀਂਦੇ ਅਰਥਹੀਨ ਸ਼ਬਦਾਂ ਦੇ ਮਹੱਤਵ ਵੱਲ ਧਿਆਨ ਦਿੰਦੇ ਰਹੇ ਸਨ। ਭਾਸ਼ਾ ਦੀ ਧੁਨੀ ਬਾਰੇ ਵਿਚਾਰ ਕਰਦਿਆਂ ਕਾਵਿ-ਭਾਸ਼ਾ ਬਾਰੇ ਦੋ ਮਹੱਤਵਸ਼ਾਲੀ ਸਿੱਟੇ ਨਿਕਲੇ:

1. ਕਾਵਿ-ਭਾਸ਼ਾ ਨਿਰੋਲ ਬਿੰਬ-ਭਾਸ਼ਾ ਨਹੀਂ। ਧੁਨੀ ਦਾ ਇਸ ਵਿਚ ਖ਼ਾਸ ਮਹੱਤਵ ਹੈ। ਧੁਨੀ ਕਿਸੇ ਅਰਥ ਦਾ ਸਾਥੀ ਮਾਤਰ ਨਹੀਂ, ਸਗੋਂ ਇਸ ਦੀ ਆਪਣੀ ਸੁਤੰਤਰ ਸਾਰਥਕਤਾ ਹੈ। ਪ੍ਰਤੀਕਵਾਦੀਆਂ ਦੀ ਧਾਰਣਾ ਸੀ ਕਿ ਧੁਨੀ ਪ੍ਰਤੀਕ ਦਾ ਪ੍ਰਗਟ-ਵਸਤੂ ਹੈ ਤੇ ਅਰਥ ਉਸ ਦਾ ਲੁਪਤ-ਵਸਤੂ। ਰੂਪਵਾਦੀਆਂ ਨੇ ਇਸ ਮੱਤ ਦਾ ਖੰਡਨ ਕੀਤਾ।

2. ਇਸ ਦੇ ਨਾਲ ਕਾਵਿ ਭਾਸ਼ਾ ਦੇ ਪ੍ਰਯੋਜਕ ਬਾਰੇ ਵੀ ਸਪਸ਼ਟਤਾ ਹੋਈ। ਕਾਵਿ ਭਾਸ਼ਾ ਦਾ ਪ੍ਰਯੋਜਨ ਅਰਥ ਨੂੰ ਸਮਝਾਉਣਾ ਮਾਤਰ ਨਹੀਂ, ਸਗੋਂ ਯਥਾਰਥ ਦਾ ਮਹਾਂਦ੍ਰਿਸ਼ ਪੇਸ਼ ਕਰਨਾ ਹੈ। ਯਥਾਰਥ ਦਾ ਜੋ ਪਾਸਾਰ ਸ਼ਬਦਾਂ ਦੇ ਰੂੜ੍ਹ ਅਰਥਾਂ ਰਾਹੀਂ ਪੇਸ਼ ਨਹੀਂ ਹੋ ਸਕਦਾ, ਉਸ ਨੂੰ ਸੁਤੰਤਰ ਧੁਨੀਆਂ ਰਾਹੀਂ ਉਘਾੜਿਆ ਜਾ ਸਕਦਾ ਹੈ।।17॥ ਰੂਸੀ ਰੂਪਵਾਦੀਆਂ ਦੇ ਉਪਰੋਕਤ ਸਿੱਟੇ ਕਾਫ਼ੀ ਮਹੱਤਵਪੂਰਨ ਸਨ। ਜਿਨ੍ਹਾਂ ਵਿਚ ਸੋਸਿਊਰ ਚਿਹਨ ਨੂੰ ਚਿਹਨਕ ਅਤੇ ਚਿਹਨਤ ਦੀ ਏਕਤਾ ਦੁਆਰਾ ਚਿਹਨ-ਵਿਗਿਆਨ ਦਾ ਮੁੱਢ ਬੰਨ੍ਹ ਰਿਹਾ ਸੀ, ਉਦੋਂ ਰੂਸੀ ਰੂਪਵਾਦੀ ਵੀ ਧੁਨੀ ਦੀ ਸਾਰਥਕਤਾ ਦੇ ਸੰਕਲਪ ਰਾਹੀਂ ਇਸ ਵਿਚਾਰ ਦੇ ਨੇੜੇ ਹੀ ਸਨ। ਰੂਪਵਾਦੀਆਂ ਅਨੁਸਾਰ:

ਪੂਰੀ ਕਿਰਤ ਆਪਣੇ ਆਪ ਵਿਚ ਸੰਯੁਕਤ ਗਤੀਸ਼ੀਲ, ਸਮੂਰਤ ਅਤੇ ਆਤਮ-ਪੂਰਣ ਹੈ। ਉਸ ਨੂੰ ਕਿਸੇ ਤਰ੍ਹਾਂ ਦੇ ਅੰਗੀ ਸਾਥੀ ਦੀ ਲੋੜ ਨਹੀਂ।ਰੂਪਵਾਦੀ ਵਿਚਾਰਧਾਰਾ ਪ੍ਰਤੀਕਵਾਦੀਆਂ ਅਤੇ ਸੁਹਜਵਾਦੀਆਂ ਤੋਂ ਵੱਖਰੀ ਸੀ। ਰੂਪ ਦੀ ਏਕਤਾ (ਰੂਪ, ਜਿਸ ਵਿਚ ਵਸਤ ਸ਼ਾਮਿਲ ਹੈ) ਰੂਪਵਾਦੀਆਂ ਦੀ ਮਹੱਤਵਪੂਰਨ ਦੇਣ ਹੈ।।18॥

### 3.2 ਅਜਨਬੀਕਰਨ

ਰੂਪਵਾਦੀਆਂ ਦੀ ਕਾਵਿ-ਭਾਸ਼ਾ ਦੇ ਅਜਨਬੀਕਰਨ ਸੰਬੰਧੀ ਦੇਣ ਵੀ ਕਾਫ਼ੀ ਮਹੱਤਵ ਰੱਖਦੀ ਹੈ। ਉਹ ਕਾਵਿ ਬਿੰਬ ਨੂੰ ਭਾਸ਼ਕ ਜੁਗਤ ਮੰਨਦੇ ਹਨ ਤੇ ਇਸ ਨੂੰ ਬਿਨਾਂ ਕਿਸੇ ਤਬਦੀਲੀ ਗ੍ਰਹਿਣ ਕੀਤਾ ਜਾਂਦਾ ਹੈ ਤੇ ਸਿਰਫ਼ ਕਵੀ ਆਪਣੀ ਨਵੀਂ ਤਕਨੀਕ ਰਾਹੀਂ ਉਸ ਨੂੰ ਵਰਤਦਾ ਹੈ। ਸਰੋਤੇ ਨੂੰ ਆਪਣੇ ਵੱਲ ਕੇਂਦਰਿਤ ਕਰਨਾ ਕਾਵਿ ਭਾਸ਼ਾ ਦੀ ਮੂਲ ਧਾਰਣਾ ਹੈ। ਭਾਸ਼ਾ ਦਾ ਅਜਨਬੀਕਰਨ ਕਵੀ ਦੁਆਰਾ ਪੇਸ਼ ਮਹਾਂਦ੍ਰਿਸ਼ ਉਪਰ ਪਾਠਕ ਦਾ ਧਿਆਨ ਵਧੇਰੇ ਕੇਂਦਰਿਤ ਕਰਦਾ ਹੈ। ਅਜਨਬੀਕਰਨ ਕਾਵਿ ਭਾਸ਼ਾ ਦਾ ਸੰਬੰਧ ਸੰਰਚਨਾ ਦੇ ਪ੍ਰਤੱਖਣ ਨਾਲ ਹੈ। ਕਵਿਤਾ ਭਾਸ਼ਾ ਦੇ ਖੇਤਰ ਵਿਚ ਰੂਪਵਾਦੀਆਂ ਦੀ ਬਹੁਤ ਦੇਣ ਹੈ ਤੇ ਉਹ ਉਸ ਨੂੰ ਹੀ ਭਾਸ਼ਕ ਕਲਾ ਮੰਨਦੇ ਹਨ ਤੇ ਵਿਸ਼ੇਸ਼ ਭਾਸ਼ਕ ਲੱਛਣਾਂ ਦੇ ਅਧਿਐਨ ਨੂੰ ਪਹਿਲ ਦਿੰਦੇ ਹਨ।

ਇਹ ਮੰਨਿਆ ਗਿਆ ਕਿ ਰੂਪਵਾਦੀਆਂ ਨੇ ਪਹਿਲਾਂ ਗਲਪ ਦੇ ਖੇਤਰ ਵੱਲ ਕਦਮ ਉਠਾਇਆ ਭਾਵੇਂ ਸੰਰਚਨਾਵਾਦੀਆਂ ਨੇ ਕਥਾ ਤੇ ਕਥਾਨਕ ਦੇ ਵਿਚਲੇ ਅੰਤਰ ਨੂੰ ਸਪਸ਼ਟ ਕਰਦਿਆਂ ਵਾਸਤਵਿਕਤਾ ਦੇ ਅਜਨਬੀਕਰਨ ਨੂੰ ਹੀ ਕਲਾਕਾਰੀ ਦੱਸਿਆ। ਨਾਵਲ ਦੀ ਭਾਸ਼ਾ ਨੂੰ ਉਸਦਾ ਕਥਾਨਕ ਦੱਸਦਿਆਂ, ਕਥਾਨਕ ਦਾ ਕੰਮ ਵਸਤੂ ਦੀ ਵਾਸਤਵਿਕਤਾ ਦਾ ਮਹਾਂਦ੍ਰਿਸ਼ ਪੇਸ਼ ਕਰਨਾ ਦੱਸਿਆ। ਕਥਾਨਕ ਦੇ ਨਾਲ ਹੀ ਨਾਵਲ ਦੀ ਥੀਮ ਸਬੰਧੀ ਵੀ ਰੂਪਵਾਦੀਆਂ ਨੇ ਕਾਫ਼ੀ ਮਹੱਤਵਪੂਰਨ ਚਰਚਾ ਕੀਤੀ। ਰੂਪਵਾਦੀ ਤੋਮਾਸ਼ੇਵਸਕੀ ਦੇ ਵਿਚਾਰ ਅਨੁਸਾਰ:

ਸਾਹਿਤਕ ਕਿਰਤ ਨੂੰ ਏਕਤਾ ਉਸ ਦੀ ਥੀਮ ਤੋਂ ਮਿਲਦੀ ਹੈ ਜੋ ਉਸਦੇ ਅੰਦਰਵਾਰ ਆਦਿ ਤੋਂ ਅੰਤ ਤਕ ਸਮਾਇਆ ਰਹਿੰਦਾ ਹੈ ਉਸ ਦਾ ਮਤ ਸੀ ਕਿ ਮਨੁੱਖ ਦੇ ਹਿੱਤਾਂ ਦੀ ਚਰਚਾ ਰਾਹੀਂ ਹੀ ਮਨੁੱਖ ਦਾ ਮਨੋਰੰਜਨ ਕੀਤਾ ਜਾ ਸਕਦਾ ਹੈ। ਇਸ ਲਈ ਥੀਮ ਦੀ ਚੋਣ ਬੜੀ ਮਹੱਤਵਪੂਰਨ ਸੁਹਜ-ਸਮੱਸਿਆ ਹੈ।।19॥

ਨਾਵਲ ਦੀ ਥੀਮ ਸੰਬੰਧੀ ਰੂਪਵਾਦੀਆਂ ਵੱਲੋਂ ਗੰਭੀਰ ਤੇ ਢੁੱਕਵੇਂ ਵਿਚਾਰ ਪੇਸ਼ ਕੀਤੇ ਗਏ ਹਨ। ਥੀਮ ਦੇ ਨਾਲ ਨਾਲ ਰੂਪਵਾਦੀਆਂ ਨੇ ਮੋਟਿਫ ਅਤੇ ਮੋਟੀਵੇਸ਼ਨ ਉਪਰ ਵੀ ਕਾਫ਼ੀ ਵਿਚਾਰ ਕੀਤੀ। ਅੱਗੇ ਚੱਲ ਕੇ ਗਤੀਸ਼ੀਲ ਤੇ ਗਤੀਹੀਨ ਮੋਟਿਫਾਂ ਬਾਰੇ ਚਰਚਾ ਕੀਤੀ। ਉਸ ਤੋਂ ਬਾਅਦ ਗੋਂਦ, ਤਣਾਓ, ਵਿਗੋਪਨ, ਸਰਬ ਗਿਆਨੀ ਅਤੇ ਸੀਮਿਤ ਬਿਰਤਾਂਤ, ਕਥਾ-ਕਥਾਨਕ ਅਤੇ ਕਥਾ-ਕਲਾ ਵਿਚਾਰ ਕਰਦਿਆਂ ਇਨ੍ਹਾਂ ਜੁਗਤਾਂ ਰਾਹੀਂ ਹੀ ਯਥਾਰਥ ਨੂੰ ਅਜਨਬੀਕਰਨ ਵਿਚ ਪੇਸ਼ ਕੀਤਾ ਜਾਂਦਾ ਦੱਸਦਿਆਂ ਕਿਹਾ ਹੈ ਕਿ ਅਜਨਬੀਕਰਨ ਰਾਹੀਂ ਬਿਰਤਾਂਤ ਸਿੱਧੀ ਲਕੀਰ ਵਿਚ ਨਹੀਂ ਤੁਰਦਾ ਸਗੋਂ ਗੁੰਝਲਦਾਰ ਤੇ ਨਿਖੜਵੇਂ ਸੰਗਠਨ ਵਿਚ ਢਲਦਾ ਹੈ। ਉਪਰੋਕਤ ਜਾਣਕਾਰੀ ਤੋਂ ਇਲਾਵਾ ਬਿਰਤਾਂਤ ਸਬੰਧੀ, ਮੋਟਿਫ, ਮੋਟੀਵੇਸ਼ਨ, ਪਾਤਰ-ਚਿਤਰਣ ਬਾਰੇ ਚਾਨਣਾ ਪਾਉਂਦਿਆਂ ਰੂਪਵਾਦੀਆਂ ਦੀ ਦ੍ਰਿਸ਼ਟੀ ਨੂੰ ਉਘਾੜਿਆ ਹੈ। ਰੂਪਵਾਦੀ ਤੋਮਾਸ਼ੇਵਸਕੀ ਦੁਆਰਾ ਚਰਿੱਤਰ-ਚਿੱਤਰਣ ਸੰਬੰਧੀ ਧਾਰਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਵਿਚ ਰੂਪਵਾਦੀਆਂ ਦਾ ਦੂਸਰਾ ਵਿਚਾਰ 'ਮਖੌਟੇ' ਸੰਬੰਧੀ ਹੈ ਉਨ੍ਹਾਂ ਨੇ ਵਾਸਤਵਿਕਤਾ ਦੇ ਅਜਨਬੀਕਰਨ ਲਈ ਮਖੌਟੇ ਨੂੰ ਸਭ ਤੋਂ ਮਹੱਤਵਪੂਰਨ ਦੱਸਿਆ ਤੇ ਦਰਸ਼ਕਾਂ ਦੀ ਇਕਾਗਰਤਾ ਦਾ ਵੱਡਾ ਸਾਧਨ ਕਿਹਾ। ਡਾ. ਹਰਿਭਜਨ ਸਿੰਘ ਦੁਆਰਾ ਰੂਸੀ ਰੂਪਵਾਦੀਆਂ ਦੀਆਂ ਮੂਲ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਜਿਸ ਵਿਚ ਉਨ੍ਹਾਂ ਦੁਆਰਾ ਕਾਵਿ ਭਾਸ਼ਾ ਅਤੇ ਗਲਪ ਦੇ ਖੇਤਰ (ਖ਼ਾਸ ਕਰ ਨਾਵਲਾਂ ਸੰਬੰਧੀ) ਵਿਸ਼ੇਸ਼ ਤੇ ਉਚਿਤ ਸਿਧਾਤਾਂ ਤੇ ਨੇਮਾਂ ਨੂੰ ਉਘਾੜਿਆ ਗਿਆ ਹੈ।

ਅਜਨਬੀਕਰਨ ਦਾ ਸਿਧਾਂਤ ਸਾਹਿਤ ਨੂੰ ਰੂਸੀ ਰੂਪਵਾਦੀਆਂ ਦੀ ਦੇਣ ਹੈ। ਇਨ੍ਹਾਂ ਤੋਂ ਪਹਿਲਾਂ ਪ੍ਰਤੀਕਵਾਦੀਆਂ ਵੱਲੋਂ ਸਾਹਿਤ ਚਿੰਤਨ ਨੂੰ ਕੁਝ ਸਿਧਾਂਤ ਦਿੱਤੇ ਗਏ। ਰੂਪਵਾਦੀਆਂ ਨੇ ਪ੍ਰਤੀਕਵਾਦੀਆਂ ਦੇ ਇਨ੍ਹਾਂ ਸਿਧਾਂਤਾ ਨੂੰ ਰੱਦ ਕਰਦਿਆਂ ਕਾਵਿ ਭਾਸ਼ਾ ਤੇ ਰੋਜ਼ਾਨਾ ਬੋਲੀ ਜਾਂਦੀ ਭਾਸ਼ਾ ਵਿਚ ਨਿਖੇੜਾ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਵੱਲੋਂ ਗਿਆਨ ਸੀਮਾਵਾਂ ਸਿਧਾਂਤ ਪੇਸ਼ ਕੀਤਾ ਜਿਸ ਅਨੁਸਾਰ ਮਨੁੱਖ ਜਾਂ ਤਾਂ ਭਾਸ਼ਾ ਰਾਹੀਂ ਗਿਆਨ ਪ੍ਰਾਪਤ ਕਰਦਾ ਹੈ ਜਾਂ ਭਾਵ ਨੂੰ ਰੂਪਮਾਨ ਕਰਨ ਵੱਲ ਰੁਚਿਤ ਹੁੰਦਾ ਹੈ। ਇਹ ਸਿਧਾਂਤ ਤਰਕ ਨੂੰ ਹਮੇਸ਼ਾਂ ਪਹਿਲ ਦਿੰਦਾ ਹੈ। ਗਿਆਨ-ਸੀਮਾਵਾਂ ਤੋਂ ਬਾਅਦ ਫਿਨਾਮੀਨਾਲੋਜੀ ਦਾ ਦੌਰ ਆਇਆ ਜਿਥੇ ਗਿਆਨ ਅਤੇ ਭਾਵ ਵਿਚਲੇ ਨਿਖੇੜੇ ਦੀ ਮਹੱਤਤਾ ਘੱਟ ਗਈ। ਇਨ੍ਹਾਂ ਦੋਹਾਂ ਵਿਚ ਇਕਸਾਰਤਾ ਫਿਨਾਮੀਨਾਲੋਜੀ ਦਾ ਵਿਸ਼ੇਸ਼ ਸਿਧਾਂਤ ਕਿਹਾ ਜਾ ਸਕਦਾ ਹੈ।

ਉਪਰੋਕਤ ਚਰਚਾ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਆਖ ਸਕਦੇ ਹਾਂ ਕਿ ਰੂਸੀ ਰੂਪਵਾਦੀਆਂ ਦਾ ਦ੍ਰਿਸ਼ਟੀਕੋਣ ਅਸਤਿੱਤਵ, ਪ੍ਰਤੱਖਣ ਅਤੇ ਅਨੁਭਵ ਉੱਪਰ ਕੇਂਦਰਿਤ ਰਹਿੰਦਾ ਹੈ। ਉਹ ਕਾਵਿ ਭਾਸ਼ਾ ਤੇ ਆਮ ਬੋਲੀ ਜਾਣ ਵਾਲੀ ਭਾਸ਼ਾ ਦਾ ਆਪਸੀ ਨਿਖੇੜਾ ਕਰਦਿਆਂ ਆਪਣੇ ਚਿੰਤਨ ਦਾ ਆਧਾਰ ਪ੍ਰਤੱਖਣ-ਮਾਡਲ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ ਕਾਵਿ ਭਾਸ਼ਾ ਕੁਝ ਵਿਲੱਖਣ ਨੇਮਾਂ ਤੇ ਅਧਾਰਿਤ ਅਜਿਹੀ ਭਾਸ਼ਾ ਹੈ ਜੋ ਵਾਸਤਵਿਕ ਜਗਤ ਨੂੰ ਅਜਨਬੀਕ੍ਰਿਤ ਚਿੱਤਰ ਜਾਂ ਦ੍ਰਿਸ਼ ਰਾਹੀਂ ਪੇਸ਼ ਕਰਦੀ ਹੈ। ਕਲਾਤਮਕ ਅਜਨਬੀਕਰਨ ਵਿਚ ਸਾਡੇ ਪ੍ਰਤੱਖਣ ਨੂੰ ਨਵੇਂ ਸਿਰਿਓ ਤਰੋਤਾਜ਼ਾ ਰੱਖਣ ਦੀ ਸਮਰੱਥਾ ਹੈ।

ਡਾ. ਹਰਿਭਜਨ ਸਿੰਘ ਨੇ ਅਜਨਬੀਕਰਨ ਸਿਧਾਂਤ ਜੋ ਰੂਪਵਾਦੀ ਸ਼ਕਲੋਵਸਕੀ ਨੇ ਸ਼ਾਬਦਿਕ ਕਲਾ ਅਤੇ ਜੀਵਨ ਦੇ ਸੰਬੰਧਾਂ ਦੀ ਗੱਲ ਕਰਦੇ ਪੇਸ਼ ਕੀਤਾ, ਨੂੰ ਪ੍ਰਤੱਖਣ, ਪ੍ਰਕਿਰਤੀ, ਪ੍ਰਯੋਜਨ ਅਤੇ ਜੁਗਤਾਂ ਦੀ ਦ੍ਰਿਸ਼ਟੀ ਤੋਂ ਵਾਚਣ ਦੀ ਕੋਸ਼ਿਸ਼ ਕੀਤੀ। ਜਿਵੇਂ ਵਾਸਤਵਿਕਤਾ ਦੇ ਅਜਨਬੀਕਰਨ ਨੂੰ ਸਾਹਿਤ-ਕਿਰਤ ਮੰਨਿਆ ਜਾਂਦਾ ਹੈ, ਬਿਲਕੁਲ ਉਵੇਂ ਹੀ ਸਾਹਿਤ ਇਤਿਹਾਸ ਵਿਚਲੀ ਹਰ ਗਤੀਵਿਧੀ, ਕੁਝ ਨਵਾਂ ਤੇ ਅਜਨਬੀ ਸਿਰਜਣ ਦੀ ਸਮਰੱਥਾ ਰੱਖਦੀ ਹੈ। ਨਵੀਂ ਪੀੜ੍ਹੀ ਚੱਲ ਰਹੀਆਂ ਪੁਰਾਣੀਆਂ ਸਾਹਿਤਕ ਜੁਗਤਾਂ ਨੂੰ ਰੱਦ ਕਰਕੇ, ਨਵੀਆਂ ਜੁਗਤਾਂ ਦੀ ਸਿਰਜਣਾ ਜ਼ਰੂਰੀ ਕਰਦੀ ਹੈ ਤੇ ਆਉਣ ਵਾਲੀ ਪੀੜ੍ਹੀ ਲਈ ਇਤਿਹਾਸਕ ਸੂਝ-ਮਾਡਲ ਤਿਆਰ ਕਰਦੀ ਹੈ। ਇਤਿਹਾਸ, ਸੰਰਚਨਾ ਦਾ ਹੀ ਇਕ ਅੰਗ ਹੈ ਤੇ ਅਜਨਬੀ ਤੇ ਅਲੌਕਿਕ ਸਿਧਾਂਤ ਸਾਹਿਤ ਦੀ ਪ੍ਰਕਿਰਤੀ ਤੇ ਪ੍ਰਯੋਜਨ ਹਨ।

ਅਜਨਬੀਕਰਨ ਸਿਧਾਂਤ ਬਾਰੇ ਚਰਚਾ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਇਸ ਨੂੰ ਸੰਪੂਰਣ ਸਾਹਿਤ- ਸਿਧਾਂਤ ਲਈ ਅਧਾਰਿਤ ਬੁਨਿਆਦੀ ਸੰਕਲਪ ਮੰਨਿਆ ਗਿਆ ਹੈ। ਇਹ ਸੰਕਲਪ ਸਾਹਿਤ ਤੇ ਵਸਤੂ ਦਾ ਨਿਖੇੜਾ ਵੀ ਸਥਾਪਿਤ ਕਰਦਾ ਹੈ ਤੇ ਇਕ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਵਿਚਲੇ ਸਾਹਿਤਕ ਪ੍ਰਵਾਹਾਂ ਨੂੰ ਵੀ ਰੂਪਮਾਨ ਕਰਦਾ ਹੈ। ਅਜਨਬੀਕਰਨ ਦੀਆਂ ਸਾਹਿਤ ਵਿਚ ਕੁਝ ਉਦਾਹਰਣਾਂ, ਪੰਚਤੰਤਰ, ਹਿਤੋਪਦੇਸ, ਜਾਤਕ-ਕਥਾਵਾਂ ਅਤੇ ਸਾਖੀਆਂ ਹਨ। ਡਾ. ਹਰਿਭਜਨ ਸਿੰਘ ਨੇ ਅਜਨਬੀਕਰਨ ਸਾਹਿਤ-ਰਚਨਾ ਦਾ ਬੁਨਿਆਦੀ ਤੱਤ ਕਿਉਂ ਹੈ ਬਾਰੇ ਸੰਖੇਪ ਚਰਚਾ ਕੀਤੀ ਜੋ ਹੇਠ ਲਿਖੇ ਅਨੁਸਾਰ ਹੈ:

1. ਵਸਤੂ ਅਤੇ ਕਲਾ ਦਾ ਨਿਖੇੜਾ ਇਸੇ ਕਸਵੱਟੀ ਉਪਰ ਹੋ ਸਕਦਾ ਹੈ।

2. ਵਸਤੂ ਅਤੇ ਕਲਾ ਦਾ ਗੂੜ੍ਹਾ ਸਬੰਧ ਵੀ ਇਸੇ ਆਧਾਰ ਤੇ ਹੁੰਦਾ ਹੈ। ਅਜਨਬੀਕਰਨ ਰਾਹੀਂ ਕਲਾ ਵਾਸਤਵਿਕਤਾ ਨੂੰ ਤੀਬਰ ਪ੍ਰਤੱਖਣ ਦਾ ਵਿਸ਼ਾ ਬਣਾ ਦੇਂਦੀ ਹੈ।

3. ਸਾਹਿਤਕ ਜੁਗਤਾਂ ਦੀ ਕਾਰਜ਼ਸ਼ੀਲਤਾ ਇਸੇ ਦਿਸ਼ਾ ਵਿਚ ਪਛਾਣੀ ਜਾ ਸਕਦੀ ਹੈ।

4. ਸਾਹਿਤ ਇਤਿਹਾਸ ਦੀ ਤੋਰ ਵੀ ਅਭਿਆਸੀ ਸਾਹਿਤ-ਜੁਗਤਾਂ ਦੀ ਥਾਂ 'ਅਜਨਬੀ' ਜੁਗਤਾਂ ਦੀ ਰਚਨਾ ਰਾਹੀਂ ਪਛਾਣੀ ਜਾ ਸਕਦੀ ਹੈ।।20॥

ਉਪਰੋਕਤ ਤੱਤਾਂ ਤੋਂ ਸਪਸ਼ਟ ਹੈ ਕਿ ਵਸਤੂ ਅਤੇ ਕਲਾ ਦਾ ਨਿਖੇੜਾ ਅਤੇ ਸਬੰਧ, ਸਾਹਿਤਕ ਜੁਗਤਾਂ ਦੀ ਕਾਰਜਸ਼ੀਲਤਾ, ਸਾਹਿਤ ਇਤਿਹਾਸ ਦੇ ਸਬੰਧਾਂ ਨੂੰ ਅਜਨਬੀਕਰਨ ਰਾਹੀਂ ਹੀ ਸਪਸ਼ਟ ਕੀਤਾ ਜਾ ਸਕਦਾ ਹੈ। ਅਜਨਬੀਕਰਨ ਦਾ ਸਿਧਾਂਤ ਵਸਤੂ ਅਤੇ ਰੂਪ ਦੀ ਦਵੈਦਤਾ ਨਾਲ ਜੁੜਿਆ ਹੈ ਤੇ ਸਾਹਿਤ-ਕਿਰਤ ਨੂੰ ਵਸਤਾਂ ਦਾ ਜਗਤ ਹੀ ਦੱਸਦਾ ਹੈ। ਨਵੇਂ ਕਲਾਤਮਕ ਪ੍ਰਤੱਖਣ ਅਤੇ ਪੁਰਾਣੀ ਵਾਸਤਵਿਕ ਵਾਕਫ਼ੀਅਤ ਵਿਚਕਾਰਲਾ ਤਨਾਓ ਹੀ ਅਜਨਬੀਕਰਨ ਹੈ। ਸਾਹਿਤ-ਕਿਰਤਾਂ ਵਿਚਲੇ ਵਿਸ਼ਿਆਂ ਨੂੰ ਸਾਹਿਤਕ ਜੁਗਤਾਂ ਤੋਂ ਬਿਨ੍ਹਾਂ ਪੇਸ਼ ਕੀਤਾ ਹੀ ਨਹੀਂ ਜਾ ਸਕਦਾ।

ਕਲਾ ਕਿਰਤ ਦੇ ਅਧਿਐਨ ਸਮੇਂ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਵਸਤੂ ਅਤੇ ਕਲਾ ਵਿਚਲਾ ਅੰਤਰ ਜਾਂ ਨਿਖੇੜਾ, ਪ੍ਰਕਿਰਤੀ ਅਤੇ ਮਨੁੱਖ ਵਿਚਲਾ ਨਿਖੇੜਾ ਹੀ ਹੈ। ਸ਼ਕਲੋਵਸਕੀ ਇਸ ਕਥਨ ਨੂੰ ਸਪਸ਼ਟ ਕਰਦਿਆਂ ਕਲਾ-ਕਿਰਤ ਦੇ ਅਜਨਬੀਕਰਨ ਦੇ ਭੇਦ ਨੂੰ ਖੋਲਦਾ ਹੈ ਵਸਤਾਂ ਨੂੰ ਦਰਸ਼ਕ ਵਾਂਗ ਦੇਖਣਾ ਅਤੇ ਕਲਾਕਾਰ ਵਾਂਗ ਵਸਤਾਂ ਨੂੰ ਬਣਾਉਣਾ ਦੋ ਵੱਖਰੇ ਪ੍ਰਕਾਰ ਦੇ ਅਨੁਭਵਾਂ ਵਜੋਂ ਪੇਸ਼ ਕਰਦਾ ਹੈ। ਇਹ ਨਿਖੇੜਾ ਸਭ ਤੋਂ ਪਹਿਲਾਂ ਇਤਾਲਵੀ ਚਿੰਤਕ ਵੀਕੋ ਨੇ ਪੇਸ਼ ਕੀਤਾ ਸੀ। ਉਸ ਅਨੁਸਾਰ:

ਮਨੁੱਖ ਕਦੇ ਵੀ ਪ੍ਰਾਥਮਿਕ ਸਿਰਜਣਾ ਦੀ ਰਚਨਾ ਨੂੰ ਸਮਝ ਨਹੀਂ ਸਕਦਾ ਕਿਉਂਕਿ ਉਹ ਉਸ ਦਾ ਰਚਣਹਾਰ ਖ਼ੁਦ ਨਹੀਂ ਹੈ। ਮਨੁੱਖ ਦੁਆਰਾ ਕੀਤੀ ਰਚਨਾ ਨੂੰ ਦੁਜੈਲੀ ਸਿਰਜਣਾ ਆਖਣਾ ਠੀਕ ਹੋਵੇਗਾ ਨਾ ਕਿ ਪ੍ਰਾਥਮਿਕ ਸਿਰਜਣਾ।।21॥

ਵਾਸਤਵਿਕਤਾ ਨੂੰ ਸਮਝਣ ਲਈ ਮਨੁੱਖ ਜਿਹੜੀਆਂ ਕਲਾਵਾਂ ਦੀ ਸਿਰਜਣਾ ਕਰਦਾ ਹੈ, ਉਨ੍ਹਾਂ ਦਾ ਵਾਸਤਵਿਕਤਾ ਨਾਲ ਟਕਰਾਓ ਕਾਰਨ ਪੈਦਾ ਹੋਇਆ ਤਨਾਓ ਹੀ ਮਨੁੱਖ ਦੀ ਹੋਣੀ ਦਾ ਬੁਨਿਆਦੀ ਤੱਤ ਹੈ।

ਉਪਰੋਕਤ ਚਰਚਾ ਤੋਂ ਸਾਹਿਤ ਦੇ ਆਤਮ ਸੰਕੇਤੀ ਸੁਭਾਅ ਦਾ ਸਪਸ਼ਟੀਕਰਨ ਹੁੰਦਾ ਹੈ। ਜਿੱਥੇ ਅਸੀਂ ਭਾਸ਼ਾ ਰਾਹੀਂ ਭਾਸ਼ਾ ਬਾਹਰਾ ਸੰਸਾਰ ਪਛਾਣਦੇ ਹਾਂ ਉੱਥੇ ਰੂਸੀ ਰੂਪਵਾਦੀ ਸਾਹਿਤ ਭਾਸ਼ਾ ਰਾਹੀਂ ਭਾਸ਼ਾ ਅੰਦਰਲੇ ਸੰਸਾਰ ਦਾ ਪ੍ਰਤੱਖਣ ਕਰਦੇ ਹਨ। ਰੂਪਵਾਦੀਆਂ ਦੀ ਸਥਾਪਨਾ ਦਾ ਸਮਰਥਨ ਉਦੋਂ ਹੁੰਦਾ ਹੈ ਜਦੋਂ ਕਲਪਨਾ ਨੂੰ ਅਜਨਬੀਕਰਨ ਦਾ ਮੂਲ ਪ੍ਰੇਰਕ ਮੰਨਿਆ ਜਾਵੇ। ਮਨੁੱਖ ਅਤੇ ਪ੍ਰਕਿਰਤੀ ਦੇ ਤਨਾਓ ਦੇ ਵਰਗੇਵੇਂ ਅਤੇ ਵਖਰੇਵੇਂ ਨੂੰ ਪੇਸ਼ ਕਰਨਾ, ਉਨਾਂ ਹੀ ਪ੍ਰਤੱਖਣ ਕਲਪਨਾਵਾਦੀ ਵਿਆਖਿਆ ਹੈ। ਵਰਗੇਵੇਂ ਅਤੇ ਵਖਰੇਵੇਂ ਦੀ ਇਕੋ ਸਮੇਂ ਪ੍ਰਤੀਤੀ ਹੀ ਅਜਨਬੀਕਰਨ ਦਾ ਇਕ ਵੱਡਾ ਲੱਛਣ ਹੈ। ਇਥੇ ਇਹ ਗੱਲ ਯਾਦ ਰੱਖਣ ਯੋਗ ਹੈ ਕਲਾ ਕਦੇ ਵੀ ਵਾਸਤਵਿਕਤਾ ਤੋਂ ਟੁੱਟੀ ਹੋਈ ਚੀਜ਼ ਨਹੀਂ, ਕਲਾ ਨੂੰ ਸਮਝਣ ਲਈ ਵਾਸਤਵਿਕਤਾ ਦੀ ਸਮਝ ਹੋਣਾ ਅਤਿ ਜ਼ਰੂਰੀ ਹੈ।

### 3.3 ਸਾਹਿਤ ਵਿਗਿਆਨ

ਰੂਸੀ ਰੂਪਵਾਦੀਆਂ ਦੀ ਮੂਲ ਦ੍ਰਿਸ਼ਟੀ ਕਾਵਿ-ਸ਼ਾਸਤਰੀ ਦ੍ਰਿਸ਼ਟੀ ਸੀ ਪਰ ਹਰਿਭਜਨ ਸਿੰਘ ਅਨੁਸਾਰ ਉਨ੍ਹਾਂ ਨੇ ਸਾਹਿਤਕ ਰਚਨਾਵਾਂ ਨੂੰ ਸਾਹਿਤਕ ਵਜੋਂ ਵਿਚਾਰਨ ਦੀ ਦ੍ਰਿਸ਼ਟੀ ਨੂੰ ਦੁਬਾਰਾ ਲਾਗੂ ਕੀਤਾ। ਜਿਸ ਦਾ ਆਰੰਭ ਅਰਸਤੂ ਦੇ ਕਾਵਿ ਸ਼ਾਸਤਰ ਤੋਂ ਹੋਇਆ ਹੈ ਰੂਸੀ ਰੂਪਵਾਦੀਆਂ ਨੇ ਜੋ ਨਿਬੰਧ ਸੰਗ੍ਰਹਿ ਛਪਵਾਏ ਉਨ੍ਹਾਂ ਦਾ ਨਾਂ ਵੀ ਅਰਸਤੂ ਦੀ ਸਾਹਿਤ-ਸਿਧਾਂਤਕ ਪੁਸਤਕ ਵਾਂਗ, ਕਾਵਿ-ਸ਼ਾਸਤਰ ਹੀ ਰੱਖਿਆ ਰੂਸੀ ਰੂਪਵਾਦੀ ਅਰਸਤੂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸਨ।

ਰੂਪਵਾਦੀ ਆਇਖਨਬੌਮ ਦੇ ਕਥਨ ਅਨੁਸਾਰ ਰੂਪਵਾਦੀ ਸਾਹਿਤ-ਵਿਗਿਆਨ ਲਈ ਸੰਘਰਸ਼ ਕਰ ਰਹੇ ਸਨ। ਉਹ ਚਾਹੁੰਦੇ ਸਨ ਕਿ ਸਾਹਿਤ-ਵਿਗਿਆਨ ਸੁਤੰਤਰ ਵੀ ਹੋਵੇ ਤੇ ਤੱਥ ਮੂਲਕ ਵੀ ਪਰ ਅੱਜ ਵੀ ਉਨ੍ਹਾਂ ਦਾ ਇਹ ਕਥਨ ਸੰਪੂਰਣ ਨਹੀਂ ਹੋਇਆ। ਰੂਪਵਾਦੀਆਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਉਹ ਆਪਣੇ ਅਧਿਐਨ ਵਸਤੂ ਸਾਹਿਤਕ ਕਿਰਤ ਨੂੰ ਛੱਡਕੇ ਮਨੋਵਿਗਿਆਨਿਕਤਾ, ਇਤਿਹਾਸਿਕਤਾ, ਸਮਾਜਕਤਾ ਆਦਿ ਦੇ ਅਧਿਐਨ ਵੱਲ ਕੇਂਦਰਿਤ ਹੋ ਜਾਂਦੇ ਹਨ। ਪਰ ਰੂਪਵਾਦੀਆਂ ਅਨੁਸਾਰ ਸਾਹਿਤ-ਕਿਰਤ ਦਾ ਅਧਿਐਨ ਕਰਦੇ ਹੋਏ ਸਾਹਿਤਕਤਾ ਤੇ ਸਭ ਤੋਂ ਵੱਧ ਧਿਆਨ ਕੇਂਦਰਿਤ ਹੋਣਾ ਚਾਹੀਦਾ ਹੈ। ਇਸ ਸੰਬੰਧੀ ਡਾ. ਹਰਿਭਜਨ ਸਿੰਘ ਦਾ ਕਥਨ ਹੈ:

ਸਾਹਿਤ ਵਿਗਿਆਨ ਦਾ ਕੰਮ ਇਕ ਸੰਕਲਪ-ਸਿਸਟਮ ਦੀ ਰਚਨਾ ਹੈ। ਇਸ ਸਿਸਟਮ ਦੀ ਸਹਾਇਤਾ ਨਾਲ ਉਨ੍ਹਾਂ ਅਮੂਰਤ ਸ਼ਕਤੀਆਂ ਦਾ ਅਧਿਐਨ ਕੀਤਾ ਜਾਂਦਾ ਹੈ ਜੋ ਕਿਸੇ ਇਕ ਸਾਹਿਤ-ਕਿਰਤ ਵਿਚ ਕਾਰਜਸ਼ੀਲ ਹੁੰਦੀਆਂ ਹਨ। ਸਾਹਿਤ-ਸ਼ਾਸਤਰ ਅਮੂਰਤ ਆਲੋਚਨਾਤਮਕ ਵਿਚਾਰਾਂ ਨਾਲ ਸਬੰਧਿਤ ਹੈ, ਸਮੂਰਤ ਸਾਹਿਤ-ਵਸਤੂ ਨਾਲ ਨਹੀਂ। ਉਹ ਸਾਹਿਤ-ਕਿਰਤ ਪ੍ਰਤੀ ਨਹੀਂ ਸਾਹਿਤ-ਸਿਸਟਮ ਪ੍ਰਤੀ ਰੁਚਿਤ ਹੈ। ਸਾਹਿਤ- ਸਿਸਟਮ ਹੀ ਸਾਰੇ ਸਾਹਿਤ-ਪ੍ਰਵਚਨਾਂ ਦਾ ਪ੍ਰੇਰਨਾ-ਸਿਧਾਂਤ ਹੈ।।22॥

ਸਾਹਿਤ ਵਿਚ ਸਾਹਿਤ-ਸ਼ਾਸਤਰੀ ਦ੍ਰਿਸ਼ਟੀ ਅਪਨਾਉਣ ਨਾਲ ਦੂਜੀਆਂ ਦ੍ਰਿਸ਼ਟੀਆਂ ਕਾਰਨ ਪੈਦਾ ਹੋਈ ਰਲਗੱਡਤਾ ਖ਼ਤਮ ਹੋ ਜਾਂਦੀ ਹੈ। ਸਾਹਿਤ ਕਲਾ ਦਾ ਸੰਬੰਧ ਕੁਝ ਅਜਿਹੇ ਗੁਣਾਂ ਨਾਲ ਹੈ ਜੋ ਉਨ੍ਹਾਂ ਨੂੰ ਦੂਸਰੀਆਂ ਦ੍ਰਿਸ਼ਟੀਆਂ ਨਾਲੋਂ ਵਖਰਿਆਉਂਦਾ ਹੈ। ਸਾਹਿਤਕ ਚੇਤਨਾ ਦਾ ਇਕ ਆਮ ਮਹੱਤਵ ਹੈ ਜੇ ਅਸੀਂ ਉਸਦੇ ਪ੍ਰਮੁੱਖ ਮਹੱਤਵ ਦੀ ਗੱਲ ਕਰੀਏ ਤਾਂ ਅਸੀਂ ਡਾ. ਹਰਿਭਜਨ ਸਿੰਘ ਦੇ ਅਨੁਸਾਰ ਕਹਿ ਸਕਦੇ ਹਾਂ ਕਿ:

ਜੇ ਸਾਹਿਤਕਾਰਾਂ ਜਾਂ ਸਾਹਿਤ-ਵਿੱਦਿਆ ਨੇ ਵਿਗਿਆਨ ਦੀ ਪਦਵੀ ਪ੍ਰਾਪਤ ਕਰਨੀ ਹੈ ਤਾਂ ਇਸਨੂੰ ਕੁਝ ਅਜਿਹੀਆਂ ਜੁਗਤਾਂ ਲੱਭਣੀਆਂ ਪੈਣਗੀਆਂ ਜੋ ਸਾਹਿਤਕਤਾ ਨੂੰ ਪਰਿਭਾਸ਼ਤ ਕਰ ਸਕਣ।।23॥

ਤਾਂ ਜੋ ਇਨ੍ਹਾਂ ਨੂੰ ਵੀ ਭਾਸ਼ਾ ਨਾਲ ਸਬੰਧਿਤ ਜੁਗਤਾਂ ਵਾਂਗ ਸਾਹਿਤਕ ਜੁਗਤਾਂ ਆਖਦੇ ਸਾਹਿਤ ਦਾ ਅਧਿਐਨ ਕਰਦੇ ਸਮੇਂ ਵਰਤੋਂ ਵਿਚ ਲਿਆਂਦਾ ਜਾਵੇ। ਰੂਸੀ ਰੂਪਵਾਦੀਆਂ ਦੁਆਰਾ ਕੁਝ ਸਾਹਿਤਕ ਜੁਗਤਾਂ ਪਛਾਣਦਿਆਂ ਉਨ੍ਹਾਂ ਦਾ ਅਧਿਐਨ ਕੀਤਾ ਗਿਆ। ਅਜਨਬੀਕਰਣ ਉਨ੍ਹਾਂ ਦੀ ਪਹਿਲੀ ਮਹੱਤਵਪੂਰਨ ਜੁਗਤ ਸੀ ਜਿਸਨੂੰ ਉਨ੍ਹਾਂ ਪਛਾਣਿਆ ਤੇ ਉਸਦਾ ਅਧਿਐਨ ਵੀ ਕੀਤਾ।

ਡਾ. ਹਰਿਭਜਨ ਸਿੰਘ ਨੇ ਸਾਹਿਤ ਕਿਰਤ ਅਧਿਐਨ ਅਤੇ ਸਾਹਿਤ ਜੁਗਤ ਦੇ ਅਧਿਐਨ ਨੂੰ ਉਦਾਹਰਣਾਂ ਸਾਹਿਤ ਨਿਖੇੜਿਆ ਹੈ। ਭਾਸ਼ਾ ਵਿਗਿਆਨ ਰਾਹੀਂ ਇਸ ਤਰ੍ਹਾਂ ਦੀਆਂ ਹੋਰ ਜੁਗਤਾਂ ਦੀ ਪਛਾਣ ਵੀ ਸੰਭਵ ਹੋ ਸਕਦੀ ਹੈ। ਵਸਤੂ ਅਤੇ ਵਿਗਿਆਨ ਦਾ ਅੰਤਰ ਕਾਵਿ-ਕਿਰਤ ਅਤੇ ਕਾਵਿ-ਸ਼ਾਸਤਰ ਦਾ ਮੁੱਢਲਾ ਅੰਤਰ ਹੈ। ਪਰ ਰੂਪਵਾਦੀਆਂ ਦਾ ਵਧੇਰੇ ਰੁਝਾਨ ਵਿਗਿਆਨ ਪ੍ਰਤੀ ਹੀ ਸੀ। ਪ੍ਰਸਿੱਧ ਰੂਪਵਾਦੀ ਅਇਖਨਬੌਮ ਆਖਦਾ ਹੈ ਕਿ ਰੂਪਵਾਦੀ ਲਈ ਪ੍ਰਮੁੱਖ ਮੁੱਦਾ ਹੈ, ਸਾਹਿਤਕ ਅਧਿਐਨ ਦਾ ਵਿਸ਼ਾ ਵਸਤੂ ਅਸਲ ਵਿੱਚ ਕੀ ਹੈ ਨਾ ਕਿ ਸਾਹਿਤ ਪੜ੍ਹਿਆ ਕਿਸ ਤਰ੍ਹਾਂ ਜਾਵੇ। ਅਸਲ ਵਿਸ਼ੇ ਵਸਤੂ ਦੀ ਪਕੜ ਲਈ ਇਕ ਖਾਸ ਦ੍ਰਿਸ਼ਟੀ ਦੀ ਲੋੜ ਹੈ। ਇਸੇ ਮੱਤ ਨੂੰ ਤੋਦੋਰੋਵ ਸੰਖੇਪ ਵਿੱਚ ਪੇਸ਼ ਕਰਦਾ ਹੈ: ਸਾਹਿਤ ਅਧਿਐਨ ਦੇ ਪ੍ਰਯੋਜਨ ਦਾ ਨਿਰਣਾ ਵਿਧੀ ਰਾਹੀਂ ਹੁੰਦਾ ਹੈ। ਆਲੋਚਨਾਤਮਕ ਦ੍ਰਿਸ਼ਟੀ ਰਾਹੀਂ ਹੀ ਸਾਹਿਤਕ ਤੱਥ ਪਰਿਭਾਸ਼ਤ ਹੋ ਸਕਦਾ ਹੈ।।24॥ ਰੂਸੀ ਰੂਪਵਾਦੀਆਂ ਦੇ ਇਸ ਸਿਧਾਂਤ ਤੋਂ ਬਹੁਤ ਸਾਰੇ ਚਿੰਤਕ ਪ੍ਰਭਾਵਿਤ ਹੋਏ ਤੇ ਇਸ ਸੰਕਲਪ ਸਿਸਟਮ ਨੂੰ ਅਪਣਾਇਆ ਇਸ ਕਥਨ ਨੂੰ ਸਪਸ਼ਟ ਕਰਨ ਦੇ ਯਤਨ ਕੀਤੇ ਕਿ ਸਾਹਿਤ-ਕਿਰਤ ਦਾ ਸਾਹਿਤਕ ਅਧਿਐਨ ਵੀ ਅੰਤ ਵਿਚ ਸਾਹਿਤ ਸਿਸਟਮ ਦਾ ਹੀ ਅਧਿਐਨ ਹੈ।

ਡਾ. ਹਰਿਭਜਨ ਨੇ ਰੂਸੀ ਰੂਪਵਾਦੀ ਦੇ ਸੰਕਲਪ ਪੇਸ਼ ਕਰਨ ਤੋਂ ਪਹਿਲਾਂ ਸੰਖੇਪ ਵਿੱਚ ਉਸ ਤੋਂ ਪਹਿਲਾਂ ਚਲ ਰਹੇ ਸੰਕਲਪਾਂ ਬਾਰੇ ਚਰਚਾ ਵੀ ਕੀਤੀ ਹੈ। ਇਸ ਤੋਂ ਪਹਿਲਾਂ ਚਿੰਤਨ 'ਤੇ ਆਦਰਸ਼ਵਾਦ ਭਾਰੂ ਸੀ ਜੋ ਕਲਾ- ਚਿੰਤਕ ਕਲਾ-ਕਿਰਤ ਨੂੰ ਵਸਤੂ ਅਤੇ ਰੂਪ ਦਵੈਤ ਵਿਚ ਤੋੜਦਾ ਹੈ। ਪ੍ਰਤੀਕਵਾਦੀਆਂ ਨੇ ਰੂਸੀ ਰੂਪਵਾਦੀਆਂ ਵਿਰੁੱਧ ਕੁਝ ਸਥਾਪਨਾ ਪੇਸ਼ ਕੀਤੀਆਂ ਜਿਨ੍ਹਾਂ ਵਿਚ ਧੁਨੀ ਨੂੰ ਅਰਥ ਦਾ ਪ੍ਰਤੀਕ ਮੰਨਣ ਵਾਲੀ ਦ੍ਰਿਸ਼ਟੀ, ਕਾਵਿ ਕਿਰਤ ਨੂੰ ਰੂਪ ਅਤੇ ਵਸਤੂ ਅੰਗਾਂ ਵਿਚ ਵੰਡਣ ਵਾਲੀ ਦ੍ਰਿਸ਼ਟੀ ਸ਼ਾਮਿਲ ਹੈ। ਪ੍ਰੰਤੂ ਪ੍ਰਤੀਕਵਾਦੀਆਂ ਦੀਆਂ ਇਨ੍ਹਾਂ ਸਥਾਪਨਾਵਾਂ ਨੂੰ ਸਵੀਕਾਰ ਨਹੀਂ ਕੀਤਾ ਤੇ ਉਨ੍ਹਾਂ ਉਹ ਧੁਨੀ ਅਤੇ ਅਰਥ ਦੇ ਆਪਸੀ ਸਬੰਧ ਨੂੰ ਆਪਹੁਦਰਾ ਮੰਨਦੇ ਹਨ। ਉਨ੍ਹਾਂ ਦੇ ਪ੍ਰਤੀਕਵਾਦੀਆਂ ਦੁਆਰਾ ਪੇਸ਼ ਕੀਤੇ ਸੰਕਲਪਾਂ ਦਾ ਡੱਟ ਕੇ ਵਿਰੋਧ ਕੀਤਾ। ਪ੍ਰਤੀਕਵਾਦੀ ਚਿੰਤਕ ਜਿਸ ਨੂੰ ਰੂਪ ਕਹਿੰਦੇ ਹਨ, ਉਹ ਰੂਪ ਨਾ ਹੋ ਕੇ ਸਿਰਫ਼ ਰੂਪਾਤਮਕ ਅੰਸ਼ ਹੀ ਹੈ। ਉਹ ਜਿਸ ਨੂੰ ਰਚਨਾ ਦਾ ਵਸਤੂ ਮੰਨਦੇ ਹਨ ਉਹ ਵੀ ਰੂਪਾਤਮਕ ਹੀ ਹੈ। ਰੂਪਵਾਦੀ ਆਇਖ਼ਨਬੌਮ ਦਾ ਕਥਨ ਹੈ:

ਰੂਪਵਾਦੀਆਂ ਨੇ ਰੂਪ ਨੂੰ ਕਲਾਤਮਕ ਸੰਗਤੀ ਜਾਂ ਸੰਗਠਨ ਦਾ ਦਰਜਾ ਦੇ ਦਿੱਤਾ ਹੈ। ਉਨ੍ਹਾਂ ਨੇ ਰੂਪ ਨੂੰ ਕਲਾ-ਕਿਰਤ ਦੇ ਅਖੰਡ ਬਿੰਬ ਨਾਲ ਇਕਮਿਕ ਕਰ ਦਿੱਤਾ ਹੈ।।25॥

ਰੂਪਵਾਦੀ ਦ੍ਰਿਸ਼ਟੀ ਸਬੰਧੀ ਉਪਰੋਕਤ ਵੇਰਵਾ ਦੇਣ ਦੇ ਨਾਲ ਹੀ ਡਾ. ਹਰਿਭਜਨ ਸਿੰਘ ਨੇ ਉਨ੍ਹਾਂ ਦੇ ਗਲਪ ਅਧਿਐਨ ਉਪਰ ਇਸ ਦ੍ਰਿਸ਼ਟੀ ਨੇ ਜੋ ਪ੍ਰਭਾਵ ਪਾਏ ਉਨ੍ਹਾਂ ਨੂੰ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਹੈ। ਰੂਪਵਾਦੀਆਂ ਦੇ ਦੋ ਪ੍ਰਮੁੱਖ ਸੰਕਲਪ ਸਾਹਿਤ ਕਿਰਤਾਂ ਦੀ ਥਾਂ ਤੇ ਸਾਹਿਤ ਸਿਸਟਮ ਵਿਚ ਦਿਲਚਸਪੀ ਤੇ ਅਦਵੈਤੀ ਦ੍ਰਿਸ਼ਟੀ ਜਿਸ ਅਨੁਸਾਰ ਉਹ ਹਰ ਵੇਰਵੇ ਨੂੰ ਰੂਪਾਤਮਕ ਸਮਝਦੇ ਸੀ। ਇਨ੍ਹਾਂ ਸਥਾਪਨਾਵਾਂ ਦਾ ਅਸਰ ਉਨ੍ਹਾਂ ਦੇ ਗਲਪ ਅਧਿਐਨ ਤੇ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦੁਆਰਾ ਨਾਵਲ-ਸਿਸਟਮ ਨੂੰ 'ਸੁਜੇਤ' ਨਾਮ ਦਿੱਤਾ ਗਿਆ, ਇਹ ਵਸਤੂ ਦਾ ਸੁਗਠਿੱਤ ਨਾਮ ਸੀ ਪਰ ਨਾਵਲ-ਬਾਹਰੇ ਅਗਠਿੱਤ ਵਸਤੂ ਨੂੰ 'ਫੇਬੂਲਾ' ਆਖਦੇ ਹਨ, ਜਿਹੜੇ ਕਿ ਕਥਾਨਕ ਅਤੇ ਕਥਾ ਦੇ ਹੀ ਸਮਾਨਆਰਥਕ ਸ਼ਬਦ ਹੀ ਹਨ। ਡਾ. ਹਰਿਭਜਨ ਸਿੰਘ ਪ੍ਰਸਿੱਧ ਸਾਹਿਤ-ਵਿਗਿਆਨੀ ਸ਼ਕਲੋਵਸਕੀ ਦਾ ਹਵਾਲਾ

ਦਿੰਦਿਆਂ ਕਥਾਨਕ ਨੂੰ ਕਥਾ ਤੋਂ ਵਖਰਿਆਉਂਦਾ ਹੈ। ਕਥਾ ਨੂੰ ਘਟਨਾਵਾਂ ਦੀ ਲੜੀ ਅਤੇ ਜ਼ਿੰਦਗੀ ਦਾ ਜਾਣਿਆ ਪਛਾਣਿਆ ਪੈਟਰਨ ਦੱਸਦਾ ਹੈ। ਸ਼ਕਲੋਵਸਕੀ ਸਾਹਿਤ ਨੂੰ ਜ਼ਿੰਦਗੀ ਦਾ ਅਜਨਬੀਕ੍ਰਿਤ ਚਿੱਤਰ ਮੰਨਦਾ ਹੈ। ਡਾ. ਹਰਿਭਜਨ ਸਿੰਘ ਨੇ ਹੋਰ ਵੀ ਪੱਛਮੀ ਰੂਸੀ ਰੂਪਵਾਦੀਆਂ ਦੁਆਰਾ ਕਥਾ ਅਤੇ ਕਥਾਨਕ ਬਾਰੇ ਦਿੱਤੇ ਵਿਚਾਰਾਂ ਨੂੰ ਅਤੇ ਗਲਪ ਦੇ ਅਧਿਐਨ ਨੂੰ ਸਾਹਮਣੇ ਲਿਆਂਦਾ ਹੈ।

### 3.4 ਚਿਹਨ-ਆਲੋਚਨਾ

ਡਾ. ਹਰਿਭਜਨ ਸਿੰਘ ਨੇ ਮਾਨਵਵਾਦ ਨੂੰ ਆਲੋਚਨਾ ਖੇਤਰ ਦੇ ਸੀਮਿਤ ਰਹਿਣ ਦਾ ਵੱਡਾ ਕਾਰਨ ਦੱਸਿਆ ਤੇ ਮਾਨਵਵਾਦੀ ਲੋੜ ਪੈਣ ਤੇ ਤਰਕ ਦਾ ਪੱਲਾ ਛੱਡਕੇ ਭਾਵੁਕਤਾ ਤੋਂ ਕੰਮ ਲੈਂਦੇ ਹਨ। ਸੰਰਚਨਾ ਅਤੇ ਉਸਦੇ ਅਨੁਭਵ ਨੂੰ ਦੋ ਵੱਖਰੀਆਂ-ਵੱਖਰੀਆਂ ਹਕੀਕਤਾਂ ਮੰਨਦਿਆਂ ਅਧਿਐਨ ਦੀ ਮੂਲ ਸ਼ਰਤ, ਯਥਾਰਥ ਨੂੰ ਸਮਝਣ ਲਈ ਅਨੁਭਵ ਤੋਂ ਵੱਖਰਿਆ ਕਰਨਾ ਹੈ। ਮਾਰਕਸਵਾਦੀਆਂ ਦਾ ਮੰਨਣਾ ਹੈ ਕਿ ਪਹਿਲਾਂ ਲੇਖਕ ਸਿਰਫ਼ ਯਥਾਰਥ ਨੂੰ ਹੀ ਆਪਣੀ ਵਰਗ ਚੇਤਨਾ ਅਨੁਸਾਰ ਦੇਖਦਾ ਸੀ, ਪਰ ਹੁਣ ਉਹ ਕਾਵਿ-ਕਿਰਤ ਨੂੰ ਵੀ ਇਸੇ ਤਰ੍ਹਾਂ ਹੀ ਦੇਖਦਾ ਹੈ। ਕਵੀ ਅਤੇ ਆਲੋਚਕ ਦੋਵੇਂ ਵਸਤੂ ਅਨੁਭਵ ਨੂੰ ਹੀ ਆਪਣੇ ਅਧਿਐਨ ਵਿਚ ਸ਼ਾਮਿਲ ਕਰਦੇ ਹਨ, ਨਾ ਕਿ ਵਸਤੂ ਦੀ ਵਾਸਤਵਿਕਤਾ ਨੂੰ। ਡਾ. ਹਰਿਭਜਨ ਸਿੰਘ ਅਧਿਅਨ ਦੀ ਇਸ ਪਹੁੰਚ ਨੂੰ ਅਵਿਗਿਆਨਿਕ ਮੰਨਦਾ ਹੈ ਕਿਉਂਕਿ ਮਾਨਵਵਾਦੀ ਅਤੇ ਭੌਤਿਕਵਾਦੀ ਆਲੋਚਕ ਵਸਤੂ ਅਤੇ ਵਿਅਕਤੀ ਦੀ ਇਕਮਿਕਤਾ ਨੂੰ ਸਵੀਕਾਰਦੇ ਹਨ।

ਕੋਈ ਵੀ ਆਲੋਚਕ ਭਾਵੇਂ ਉਹ ਕਿਸੇ ਵੀ ਆਲੋਚਨਾ ਖੇਤਰ ਦਾ ਅਧਿਐਨ ਕਰਦਾ ਹੈ, ਭਾਸ਼ਾ ਹੀ ਉਸ ਅਧਿਐਨ ਖੇਤਰ ਨੂੰ ਪੇਸ਼ ਕਰਨ ਦਾ ਸਰੋਤ ਹੈ। ਬੁਨਿਆਦੀ ਤੌਰ ਤੇ ਸਭਿਆਚਾਰ ਦਾ ਹਰ ਪੱਖ ਭਾਸ਼ਾ ਹੈ, ਹਰ ਸਾਹਿਤਕ ਕਿਰਤ ਦੀ ਸੰਰਚਨਾ ਨੂੰ ਵਾਕ-ਸੰਰਚਨਾ ਵਰਗੀ ਆਖਦਿਆਂ ਡਾ ਹਰਿਭਜਨ ਸਿੰਘ ਨੇ ਉਦਾਹਰਣ ਸਾਹਿਤ ਇਸ ਦੀ ਵਿਆਖਿਆ ਕੀਤੀ। ਕਿਸੇ ਕਿਰਤ ਦੇ ਵਸਤੂ ਅਤੇ ਵਸਤੂ ਨੇਮ ਨੂੰ ਵੱਖਰਿਆਉਣਾ ਚਿਹਨ-ਚਿੰਤਨ ਦਾ ਮੁੱਲਵਾਨ ਪੱਖ ਹੈ। ਚਿਹਨ, ਚਿਹਨਤ ਅਤੇ ਚਿਹਨਕ ਦੀ ਸੰਜੁਗਤੀ ਹੈ। ਚਿਹਨ ਵਿਚ ਕੰਮ ਕਰਦੇ ਇਨ੍ਹਾਂ ਦੋਹਾਂ ਪ੍ਰਬੰਧਾਂ ਨੂੰ ਪਛਾਣਨਾ ਅਤੇ ਚਿੰਤਨ ਸਮੇਂ ਇਨ੍ਹਾਂ ਦੀ ਵੱਖਰਤਾ ਪ੍ਰਤੀ ਸੁਚੇਤ ਰਹਿਣਾ ਚਿਹਨਲੋਚਨਾ ਦੀ ਜ਼ਰੂਰੀ ਸ਼ਰਤ ਹੈ। ਇਥੇ ਡਾ. ਹਰਿਭਜਨ ਸਿੰਘ ਬ੍ਰੈਖ਼ਤ ਦੇ ਇੱਕ ਨਾਟਕ ਜਿਸ ਦਾ ਪੰਜਾਬੀ ਰੂਪਾਂਤਰਣ 'ਪਰਾਈ ਕੁੱਖ' ਸਟੇਜ ਕੀਤਾ ਬਾਰੇ ਦੱਸਦਾ ਹੈ ਕਿ ਇਸ ਨਾਟਕ ਵਿਚ ਬ੍ਰੈਖ਼ਤ ਵਸਤੂ ਦੀ ਥਾਂ ਤੇ ਵਸਤੂ ਦਾ ਚਿਹਨ ਪੇਸ਼ ਕਰਦਾ ਹੈ। ਉਸ ਦੀ ਸਫ਼ਲਤਾ ਇਹ ਹੈ ਕਿ ਉਹ ਚਿਹਨਤ ਅਤੇ ਚਿਹਨਕ ਵਿਚ ਵੱਖਰਤਾ ਸਥਾਪਿਤ ਕਰ ਲੈਂਦਾ ਹੈ। ਡਾ. ਹਰਿਭਜਨ ਸਾਹਿਤ ਨੂੰ ਵਸਤੂ ਦੀ ਸਧਾਰਣ ਪੇਸ਼ਕਾਰੀ ਨਹੀਂ, ਬਲਕਿ ਚਿਹਨਕਾਰੀ ਮੰਨਦਾ ਹੈ। ਚਿਹਨ ਦੀ ਹੋਂਦ ਚਿਹਨਤ ਅਤੇ ਚਿਹਨਕ ਦੇ ਸੁਮੇਲ ਤੋਂ ਬਿਆਨਿਆਂ ਉਨ੍ਹਾਂ ਦੀ ਵੱਖਰਤਾ ਬਾਰੇ ਵੀ ਸੰਖੇਪ ਜਾਣਕਾਰੀ ਦਿੰਦਿਆਂ ਉਹ ਇਨ੍ਹਾਂ ਬਾਰੇ ਆਖਦਾ ਹੈ ਇਹਨਾਂ ਦਾ ਸੰਸਾਰ ਅਧਿਐਨ ਦਾ ਕਾਰਜ ਇਸ ਖੇਤਰ ਵਿਚ ਸੰਭਵ ਹੈ, ਦੋਹਾਂ ਸੰਸਾਰਾਂ ਵਿਚ ਨਿਰੰਤਰਤਾ ਨਹੀਂ। ਇਹ ਨੁਕਤਾ ਸਾਡੇ ਲਈ ਬੁਨਿਆਦੀ ਮਹੱਤਵ ਵਾਲਾ ਹੈ।

ਡਾ. ਹਰਿਭਜਨ ਸਿੰਘ ਨੇ ਵਸਤੂ, ਅਨੁਭਵ ਅਤੇ ਚਿਹਨ ਬਾਰੇ ਗੱਲ ਕਰਦਿਆਂ ਪਹਿਲਾਂ ਵਸਤੂ ਅਤੇ ਵਸਤੂ ਅਨੁਭਵ ਨੂੰ ਨਿਖੇੜਨ ਅਤੇ ਬਾਅਦ ਵਿਚ ਵਸਤੂ ਅਤੇ ਚਿਹਨ ਦੇ ਦਵੈਤ ਵੱਲ ਸੰਕੇਤ ਦਿੱਤੇ। ਇਨ੍ਹਾਂ ਸੰਕੇਤਾਂ ਰਾਹੀਂ ਹੀ ਵਸਤੂ ਅਧਿਐਨ ਦੀ ਮਹੱਤਤਾ ਦਰਸਾਈ ਗਈ ਹੈ।

ਜਿਸ ਤਰ੍ਹਾਂ ਭਾਸ਼ਾ ਵਸਤੂ, ਵਸਤੂ ਅਨੁਭਵ ਤੋਂ ਪਾਰ ਹੈ ਉਸ ਤਰ੍ਹਾਂ ਕਾਵਿ ਰਚਨਾ ਨੂੰ ਭਾਸ਼ਾ ਤੋਂ ਪਾਰ ਮੰਨਿਆ ਜਾਂਦਾ ਹੈ। ਪ੍ਰਕਿਰਤੀ ਪਦਾਰਥਾਂ ਨੂੰ ਦੇਖਣ ਲਈ ਮਨੁੱਖ ਨੂੰ ਅੱਖਾਂ ਲਈ ਕਿਸੇ ਸਿਖਲਾਈ ਦੀ ਲੋੜ ਨਹੀਂ। ਪਰ ਜਦੋਂ ਅੱਖਾਂ ਦੁਆਰਾ ਦੇਖੇ ਭਿੰਨ-ਭਿੰਨ ਪਦਾਰਥਾਂ ਨੂੰ ਭਿੰਨ-ਭਿੰਨ ਭਾਸ਼ਾਵਾਂ ਵਿਚ ਉਚਾਰਿਆ ਜਾਵੇ ਤਾਂ ਉਸਦੀ ਸਮਝ

ਲਈ ਉਨ੍ਹਾਂ ਭਾਸ਼ਾਵਾਂ ਦੀ ਸਿਖਲਾਈ ਜ਼ਰੂਰੀ ਹੈ। ਡਾ. ਹਰਿਭਜਨ ਨੇ ਸਭਿਆਚਾਰ ਦੇ ਹਰ ਖੇਤਰ ਨੂੰ ਸਿੱਖਿਆ ਦਾ ਖੇਤਰ ਆਖਦਿਆਂ ਉਦਾਹਰਣਾਂ ਰਾਹੀਂ ਇਹ ਸਪਸ਼ਟ ਕੀਤਾ ਕਿ ਸਾਹਿਤ ਇਕ ਚਿਹਨ-ਰਚਨਾ ਹੈ ਇਸ ਨੂੰ ਸਮਝਣ ਲਈ ਭਾਸ਼ਾ ਦੇ ਨਾਲ-ਨਾਲ, ਚਿਹਨ ਨਾਲ ਸਬੰਧਿਤ ਰੂੜ੍ਹੀਆਂ, ਨੇਮਾਂ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਵਸਤਾਂ ਅਤੇ ਚਿਹਨਾਂ ਦੇ ਫਾਸਲੇ ਵਾਂਗ 'ਭਾਸ਼ਾ' ਅਤੇ 'ਕਾਵਿ ਭਾਸ਼ਾ' ਦੀ ਪ੍ਰਕਿਰਤੀ ਅਤੇ ਰੂੜ੍ਹੀਆਂ ਨੂੰ ਉਜਾਗਰ ਕਰਨ ਦਾ ਯਤਨ ਕੀਤਾ। ਮੂਲ ਸਿਧਾਂਤ ਇਹ ਕਿ ਸਿਰਫ਼ ਮਨ ਦੀ ਗੱਲ ਆਲੋਚਨਾ ਨਹੀਂ ਹੁੰਦੀ।

ਸੰਰਚਨਾਵਾਦੀ ਭਾਸ਼ਾ ਵਿਗਿਆਨ ਦੀ ਸ਼ਬਦਾਵਲੀ ਦੀ ਵਰਤੋਂ ਨਿਰਭਾਵ ਲੋਕ ਵਿੱਚ ਪ੍ਰਵੇਸ਼ ਕਰਨ ਲਈ ਕਰਦੇ ਹਨ। ਭਾਸ਼ਾ ਇਕ ਪਾਸੇ ਤਾਂ ਵਸਤੂ ਤੋਂ ਵੱਖਰੀ ਹੈ, ਪਰ ਦੂਜੇ ਪਾਸੇ ਵਸਤੂ ਪ੍ਰਤੀ ਸੰਕੇਤ ਵੀ ਕਰਦੀ ਹੈ। ਆਲੋਚਨਾਂ ਨੂੰ ਭਾਸ਼ਾ ਦੇ ਇਸ ਦੋਹਰੇ ਸੰਬੰਧ ਵੱਲੋਂ ਸੁਚੇਤ ਰਹਿਣਾ ਚਾਹੀਦਾ ਹੈ।

ਜਦੋਂ ਮਨੁੱਖ ਵਸਤੂ ਨੂੰ ਇਕ ਭਾਸ਼ਕ ਚਿਹਨ ਬਣਾ ਲੈਂਦਾ ਹੈ ਤੇ ਉਦੋਂ ਸਾਹਿਤ ਦੇ ਪਾਰਗਾਮੀ ਸੁਭਾਅ ਬਾਰੇ ਚਰਚਾ ਹੁੰਦੀ ਹੈ। ਪਾਰਗਾਮੀ ਕਾਰਜ ਦਾ ਅਗਲਾ ਪੜਾਅ ਭਾਸ਼ਕ ਚਿਹਨਾਂ ਨੂੰ 'ਕਾਵਿ-ਚਿਹਨਾਂ' ਵਿਚ ਬਦਲਣਾ ਹੈ। ਕਵੀ ਦੁਆਰਾ ਜਿਹੜੇ ਕਾਵਿ-ਚਿਹਨ ਸਿਰਜੇ ਜਾਂਦੇ ਹਨ, ਆਲੋਚਕ ਦਾ ਕਾਰਜ ਉਨ੍ਹਾਂ ਨੂੰ ਪਹਿਚਾਨਣਾ ਹੈ। ਇਹ ਪਹਿਚਾਣ ਚਿਹਨ-ਵਿਗਿਆਨ ਰਾਹੀਂ ਹੀ ਕੀਤੀ ਜਾ ਸਕਦੀ ਹੈ। ਜੋ ਚਿੰਤਨ ਹਮੇਸ਼ਾ ਚਿਹਨ ਨੂੰ ਵਸਤੂ ਮੂਲ ਨਾਲ ਜੋੜਦਾ ਹੈ ਉਹ 'ਉਪਸਥਿਤੀ ਦੇ ਅਧਿਆਤਮਵਾਦ' ਦੀ ਜਕੜ ਵਿਚ ਹੁੰਦਾ ਹੈ। ਅਜਿਹੇ ਚਿੰਤਨ ਦੀ ਰੁਚੀ ਸੁਤੰਤਰ ਹੋਂਦ ਵੱਲ ਨਹੀਂ ਹੁੰਦੀ ਹੈ ਉਹ ਆਪਣੇ ਗਿਆਨ ਨੂੰ ਬਿੰਬ-ਪ੍ਰਤੀਬਿੰਬ ਰਾਹੀਂ ਹੀ ਪੇਸ਼ ਕਰਦਾ ਹੈ। ਸੰਰਚਨਾਵਾਦ ਤੋਂ ਪਹਿਲਾਂ ਚੱਲ ਰਹੇ ਸਾਰੇ ਗਿਆਨ-ਅਨੁਸ਼ਾਸਨ ਵਸਤੂ ਦੇ ਵਸਤੂਪਨ ਪ੍ਰਤੀ ਉਦਾਸੀਨ ਹਨ ਸਾਹਿਤ ਆਲੋਚਨਾ ਦਾ ਮੁੱਖ ਕਾਰਜ ਸਿਰਫ਼ ਸਾਹਿਤਕ ਕਿਰਤ ਵਿਚਲੇ ਸ਼ਬਦਾਂ ਦੇ ਪੂਰਬ-ਸਥਾਪਿਤ ਅਰਥਾਂ ਨੂੰ ਪਛਾਣਨਾ ਹੀ ਨਹੀਂ ਸਗੋਂ ਨਾਲ-ਨਾਲ ਇਹ ਵੇਖਣਾ ਹੈ ਕਿ ਸਥਾਪਿਤ ਸ਼ਬਦ ਅਰਥਾਂ ਦੇ ਬਾਵਜੂਦ ਨਵੀਂ ਅਰਥ ਸਿਰਜਣਾ ਕਿਹੜੀ ਹੈ।

ਡਾ. ਹਰਿਭਜਨ ਸਿੰਘ ਅਨੁਸਾਰ ਦੂਜੀ ਪ੍ਰਕਾਰ ਦੇ ਚਿਹਨ ਸੰਕੇਤ ਹਨ ਜਿਨ੍ਹਾਂ ਵਿਚ ਚਿਹਨਕ ਅਤੇ ਚਿਹਨਤ ਵਿਚ ਕਾਰਜ-ਕਾਰਨ ਰਿਸ਼ਤਾ ਹੈ। ਇਸੇ ਧਾਰਣਾ ਨੂੰ ਸਪਸ਼ਟ ਕਰਦਿਆਂ ਉਸ ਨੇ ਕਾਫ਼ੀ ਵਿਸਥਾਰ ਸਹਿਤ ਇਸ ਦੀ ਵਿਆਖਿਆ ਕੀਤੀ। ਕਾਵਿ-ਕਿਰਤ ਦਾ ਸੁਭਾਅ ਰਮਣੀਕਤਾ ਅਤੇ ਨਵੀਨਤਾ ਹੈ ਉਹ ਪੂਰਬਲੀ ਭਾਸ਼ਾ ਦੇ ਨਾਲ ਪੂਰਬਲੀਆਂ ਕਾਵਿ-ਰੂੜ੍ਹੀਆਂ ਤੋਂ ਵੀ ਕੰਮ ਲੈਂਦੀ ਹੈ। ਕਾਵਿ-ਕਿਰਤ ਭਾਵੇਂ ਨਿੱਤ ਨਵੀਨ ਹੈ, ਪਰ ਉਹ ਪੂਰਬਲੀਆਂ ਕਾਵਿ-ਕਿਰਤਾਂ ਉੱਪਰ ਅਧਾਰਿਤ ਹੈ ਤੇ ਇਹ ਨਿਰਭਰਤਾ ਇਸ ਦੀ ਸਭ ਤੋਂ ਪਹਿਲੀ ਮਜ਼ਬੂਰੀ ਹੈ।

### 3.5 ਸਾਹਿਤ ਦੁਜੈਲੀ ਸਿਰਜਣਾ

ਡਾ. ਹਰਿਭਜਨ ਸਾਹਿਤ ਨੂੰ ਦੁਜੈਲੀ ਪ੍ਰਕਾਰ ਦੀ ਸਿਰਜਣਾ ਆਖਦਾ ਹੈ। ਇਸ ਨੂੰ ਸਮਝਣ ਤੋਂ ਪਹਿਲਾਂ ਜਾਂ ਪ੍ਰਾਥਮਿਕ ਪ੍ਰਕਾਰ ਦੀ ਸਿਰਜਣਾ ਦਾ ਨਿਖੇੜਾ ਕਰ ਲੈਣਾ ਚਾਹੀਦਾ ਹੈ। ਮਨੁੱਖ ਪ੍ਰਾਕ੍ਰਿਤਕ ਹੈ ਦੁਜੈਲੀ ਸਿਰਜਣਾ ਉਸਦੇ ਵਿਕਾਸ ਲਈ ਜ਼ਰੂਰੀ ਹੈ ਇਨ੍ਹਾਂ ਦੋਹਾਂ ਸਿਰਜਨਾਵਾਂ ਦਾ ਆਪਸੀ ਫਾਸਲਾ ਵਾਸਤਵਿਕਤਾ ਅਤੇ ਕਲਾਤਮਕਤਾ ਦਾ ਹੈ। ਮਨੁੱਖ ਪ੍ਰਕਿਰਤੀ ਵਿਚੋਂ ਪਦਾਰਥ ਪ੍ਰਾਪਤ ਕਰਕੇ, ਦੁਜੈਲੀ ਸਿਰਜਣਾ ਭਾਵ ਕਲਾ ਜਾਂ ਗਿਆਨ ਸਿਰਜਦਾ ਹੈ। ਇਸ ਤਰ੍ਹਾਂ ਕਰਦਾ ਉਹ ਆਨੰਦ ਪ੍ਰਾਪਤੀ ਦੇ ਨਾਲ ਹੀ ਸਿਰਜਣਾ ਦੇ ਵੱਖਰੇ ਪਹਿਚਾਣ ਚਿੰਨ ਸਥਾਪਿਤ ਕਰਦਾ ਹੈ। ਦੋਹਾਂ ਸਿਰਜਨਾਵਾਂ ਦੀ ਵੱਖਰਤਾ ਸਰਲ ਅਤੇ ਜਟਿਲ ਸੁਭਾਅ ਦੱਸਦਿਆਂ ਡਾ. ਹਰਿਭਜਨ ਨੇ ਉਦਾਹਰਣਾਂ ਸਹਿਤ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਥੇ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਜਿੱਥੇ ਪ੍ਰਾਥਮਿਕ ਪ੍ਰਕਾਰ ਦੀ ਸਿਰਜਣਾ ਸਰਲ ਸੁਭਾਅ ਦੀ ਧਾਰਨੀ ਹੈ, ਉਥੇ ਦੁਜੈਲੀ ਸਿਰਜਣਾ ਜੋ ਮਨੁੱਖ ਰਾਹੀਂ ਹੋਂਦ ਵਿਚ ਆਈ ਜਟਿਲ ਸੁਭਾਅ ਦੀ

ਧਾਰਨੀ ਹੈ। ਜਦੋਂ ਮਨੁੱਖ ਵਾਸਤਵਿਕਤਾ ਤੇ ਕਲਾਤਮਿਕ ਸਿਰਜਣਾ ਕਰਦਾ ਹੈ ਤਾਂ ਇਹ ਆਪਣੇ ਆਪ ਸਰਲ ਤੋਂ ਜਟਿਲ ਸੁਭਾਅ ਵੱਲ ਤੁਰਦੀ ਹੈ।

ਰੂਪਾਂਤਰਣ ਇਨ੍ਹਾਂ ਸਿਰਜਨਾਵਾਂ ਦਾ ਦੂਜਾ ਤੱਤ ਹੈ ਜੋ ਇਨ੍ਹਾਂ ਦਾ ਆਪਸੀ ਨਿਖੇੜਾ ਸਥਾਪਿਤ ਕਰਦਾ ਹੈ। ਭਾਸ਼ਾ ਵਿਗਿਆਨੀ ਸੋਸਿਊਰ ਨੇ ਭਾਸ਼ਾ ਨੂੰ ਇਕ ਨਿਰੋਲ-ਰੂਪ ਰਚਨਾ ਮੰਨਿਆ ਹੈ। ਦੋਹਾਂ ਸਿਰਜਨਾਵਾਂ ਦਾ ਮੁੱਢਲਾ ਨਿਖੇੜਾ ਹੀ ਵਸਤੂ ਅਤੇ ਰੂਪ ਦਾ ਆਪਸੀ ਨਿਖੇੜਾ ਹੈ। ਆਧੁਨਿਕ ਚਿਹਨ ਵਿਗਿਆਨੀਆਂ ਦਾ ਮਤ ਹੈ ਕਿ:

ਮਨੁੱਖ ਜੋ ਕੁਝ ਵੀ ਰਚਦਾ ਹੈ, ਉਹ ਚਿਹਨ ਜਾਂ ਚਿਹਨ-ਸਿਸਟਮ ਹੈ। ਚਿਹਨ ਦੀ ਪ੍ਰਕਿਰਤੀ ਨੂੰ ਸਮਝ ਲੈਣ ਨਾਲ ਰੂਪ ਅਤੇ ਵਸਤੂ ਦਾ ਵਿਰੋਧ ਜਾਂ ਭੁਲੇਖਾ ਅਸਲੋਂ ਗ਼ਾਇਬ ਹੋ ਜਾਂਦਾ ਹੈ।।26॥

ਇਸ ਤੋਂ ਸਪਸ਼ਟ ਹੈ ਰੂਪ-ਰਚਨਾ ਨੂੰ ਚਿਹਨ-ਰਚਨਾ ਵਾਂਗ ਹੀ ਸਮਝਣਾ ਠੀਕ ਹੋਵੇਗਾ। ਪਰ ਕਿਸੇ ਵਸਤੂ ਨੂੰ ਚਿਹਨ ਕਹਿਣਾ ਠੀਕ ਨਹੀਂ ਹੋਵੇਗਾ ਕਿਉਂਕਿ ਉਹ ਅਰਥਹੀਣ ਹੁੰਦੀ ਹੈ। ਹੋਰ ਡੂੰਘੇਰਾ ਵੇਖਿਆ ਜਾਵੇ ਤਾਂ ਵਸਤੂ ਦਾ ਅਧਿਐਨ ਅਰਥ-ਵਿਹੂਣਾ ਹੋ ਸਕਦਾ ਹੈ, ਪਰ ਦੂਜੇ ਪਾਸੇ ਰੂਪ ਦਾ ਅਧਿਐਨ ਅਰਥਾਂ ਦਾ ਧਾਰਨੀ ਹੈ। ਦੁਜੈਲੀ ਸਿਰਜਣਾ ਜਾਂ ਰੂਪ ਵਿਚ ਸੰਚਾਰਾਤਮਕਤਾ ਉਸ ਦਾ ਲਾਜ਼ਮੀ ਤੱਤ ਹੈ। ਇਹੋ ਤੱਤ ਚਿਹਨਕ ਅਤੇ ਚਿਹਨਤ ਵਿਚ ਸਬੰਧ ਸਥਾਪਿਤ ਕਰਦਾ ਹੋਇਆ ਚਿਹਨ ਨੂੰ ਵਸਤੂ ਤੋਂ ਨਿਖੇੜਨ ਦਾ ਕਾਰਜ ਵੀ ਕਰਦਾ ਹੈ। ਸਾਰਤਰ ਦੇ ਕਥਨ ਅਨੁਸਾਰ:

ਲੇਖਕ ਆਪਣੇ ਲਿਖੇ ਨੂੰ ਪਾਠਕ ਵਾਂਗ ਪੜ੍ਹ ਨਹੀਂ ਸਕਦਾ। ਹਰ ਕਲਾਕਿਰਤ ਲਾਜ਼ਮੀ ਤੌਰ ’ਤੇ ਦੂਜਿਆਂ ਲਈ ਹੁੰਦੀ ਹੈ, ਕਿਉਂਕਿ ਸੰਰਚਨਾਤਮਕਤਾ ਉਸ ਦਾ ਲਾਜ਼ਮੀ ਤੱਤ ਹੈ।।27॥

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੀ ਦੁਜੈਲੀ ਸਿਰਜਣਾ ਰੂਪਾਤਮਕ, ਚਿਹਨਾਤਮਕ ਅਤੇ ਸੰਚਾਰਾਤਮਕ ਸੁਭਾਅ ਦੀ ਧਾਰਨੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰੀ ਮਨੁੱਖੀ ਸਿਰਜਣਾ ਦਾ ਆਰੰਭ ਬਿੰਦੂ ਵਸਤੂ ਹੀ ਹੈ। ਪ੍ਰਸਿੱਧ ਇਤਾਲਵੀ ਚਿੰਤਕ ਵਿਕੋ ਦੇ ਅਨੁਸਾਰ ਮਨੁੱਖ ਜਿੰਨਾ ਸਿਰਜਦਾ ਹੈ, ਸਿਰਫ਼ ਉਨ੍ਹਾਂ ਹੀ ਸਮਝ ਸਕਦਾ ਹੈ। ਉਸ ਅਨੁਸਾਰ ਸਿਰਜਣਾ ਵਸਤੂ-ਜਗਤ ਦੀ ਨਿਰੀ ਨਕਲ ਨਹੀਂ। ਮਨੁੱਖ ਦੀ ਪ੍ਰਥਮ ਸਿਰਜਣਾ ਮਿਥ ਦੱਸਦਿਆਂ ਉਸ ਨੂੰ ਵਾਸਤਵਿਕਤਾ ਦਾ ਰੂਪਾਂਤਰਣ ਕਿਹਾ, ਨਾ ਕਿ ਨਕਲ। ਉਪਰੋਕਤ ਸਿਧਾਤਾਂ ਤੇ ਅਧਾਰਿਤ ਉਸ ਨੇ ਕਾਵਿ- ਸਿਰਜਣਾ ਨੂੰ ਮਾਨਵੀ ਰੂਪਾਂਤਰਣ ਕਿਹਾ ਹੈ। ਪ੍ਰਤੀਬਿੰਬ ਸੰਬੰਧ ਬਾਰੇ ਵਿਚਾਰ-ਵਟਾਂਦਰਾ ਕਰਦਿਆਂ ਪਲੈਟੋ ਤੋਂ ਇਸ ਦਾ ਆਰੰਭ ਮੰਨਿਆ ਗਿਆ ਹੈ। ਪਲੈਟੋ ਕਾਵਿ ਰਚਨਾ ਨੂੰ ਬ੍ਰਹਿਮੰਡ ਦੀ ਤੇ ਬ੍ਰਹਿਮੰਡ ਨੂੰ ਕਿਸੇ ਵਿਚਾਰ ਦੀ ਨਕਲ ਦੱਸਦਿਆਂ, ਕਾਵਿ-ਰਚਨਾ ਨੂੰ ਨਕਲ ਦੀ ਨਕਲ ਕਹਿੰਦਾ ਹੈ। ਉਦਾਹਰਣਾਂ ਰਾਹੀਂ ਉਹ ਇਸ ਕਥਨ ਦੀ ਪੁਸ਼ਟੀ ਕਰਦਾ ਹੋਇਆ ਭਾਸ਼ਾ ਨੂੰ ਜਟਿਲ ਰਚਨਾ ਕਹਿੰਦਾ ਹੈ ਤੇ ਇਸ ਦੀ ਪਛਾਣ ਕਰਨ ਲਈ ਸਮਾਜ ਵਿਚ ਪ੍ਰਚਲਿਤ ਰੂੜ੍ਹੀਆਂ ਬਾਰੇ ਜਾਣਕਾਰੀ ਜ਼ਰੂਰੀ ਹੈ। ਇਵੇਂ ਹੀ ਸਾਹਿਤਕ ਰੂੜ੍ਹੀਆਂ ਵੀ ਸਥਾਪਿਤ ਹਨ ਜਿਨ੍ਹਾਂ ਦੀ ਪਹੁੰਚ ਤੋਂ ਬਿਨ੍ਹਾਂ ਸਾਹਿਤ ਨੂੰ ਸਮਝਿਆ ਨਹੀਂ ਜਾ ਸਕਦਾ। ਭਾਸ਼ਾ ਵਿਗਿਆਨੀ ਨੌਮ ਚੌਮਸਕੀ ਦੁਆਰਾ ਪੇਸ਼ ਕੀਤੇ ਸਿਧਾਂਤ ‘ਯੋਗਤਾ’ ਅਤੇ ‘ਨਿਭਾਓ’ ਨੂੰ ਸੰਖੇਪ ਵਿਚ ਵਰਣਨ ਕਰਦਿਆਂ ਡਾ. ਹਰਿਭਜਨ ਨੇ ਦੱਸਿਆ ਕਿ ਰੋਲਾਂ ਬਾਰਤ ਨੇ ਇਨ੍ਹਾਂ ਉਪਰੋਕਤ ਸਿਧਾਤਾਂ ਨੂੰ ਸਾਹਿਤ ਉੱਪਰ ਲਾਗੂ ਕੀਤਾ। ਉਸ ਅਨੁਸਾਰ ਭਾਸ਼ਾ ਉੱਪਰ ਜਿਹੜੇ ਨੇਮ ਲਾਗੂ ਹੁੰਦੇ ਹਨ, ਉਹ ਹੀ ਸਾਹਿਤ ਉੱਪਰ ਵੀ ਹੁੰਦੇ ਹਨ ਭਾਵ ਭਾਸ਼ਾ ਵਾਂਗ ਸਾਹਿਤ ਯੋਗਤਾ ਨੂੰ ਨਿਭਾਉਣਾ ਵੀ ਮੁਸ਼ਕਿਲ ਕਾਰਜ ਨਹੀਂ ਹੁੰਦਾ।

ਡਾ. ਹਰਿਭਜਨ ਸਿੰਘ ਨੇ ਸਾਹਿਤ ਦੀ ਦੁਜੈਲੀ ਸਿਰਜਣਾ ਵਿਚਲੇ ਸੰਬੰਧ ਰੂਪਾਤਮਕ, ਚਿਹਨਾਤਮਕ ਅਤੇ ਸੰਚਾਰਾਤਮਕ ਦਰਸਾਏ ਤੇ ਉਨ੍ਹਾਂ ਬਾਰੇ ਪੱਛਮੀ ਚਿੰਤਕਾਂ ਦੁਆਰਾ ਕੀਤੇ ਅਧਿਐਨਾਂ ਨੂੰ ਵੀ ਸੰਖੇਪ ਰੂਪ ਵਿਚ ਪੇਸ਼ ਕੀਤਾ। ਮਨੁੱਖ ਵਸਤੂ ਸੰਚਾਰ ਨੂੰ ਸਿਰਜਣਾ ਰਾਹੀਂ ਸਮਝਦਾ ਹੋਇਆ ਇਸ ਉੱਪਰ ਵਸ ਕਰ ਸਕਦਾ ਹੈ। ਪ੍ਰਕਿਰਤੀ ਨੂੰ ਪ੍ਰਾਥਮਿਕ ਅਤੇ ਮਨੁੱਖ ਦੁਆਰਾ ਕੀਤੀ ਕਲਾਤਮਕ ਸਿਰਜਣਾ ਨੂੰ ਦੁਜੈਲੀ ਸਿਰਜਣਾ ਕਹਿ ਕੇ ਇਨ੍ਹਾਂ ਦਾ ਨਿਖੇੜਾ ਕਰਦਾ ਹੈ। ਰੂਪਾਂਤਰਣ ਇਨ੍ਹਾਂ ਦੋਹਾਂ ਸਿਰਜਨਾਵਾਂ ਦੇ ਨਿਖੇੜੇ ਦਾ ਆਧਾਰ ਹੈ। ਜਿੱਥੇ ਪ੍ਰਾਥਮਿਕ ਸਿਰਜਣਾ, ਦੁਜੈਲੀ ਸਿਰਜਣਾ ਲਈ ਸਮੱਗਰੀ ਪ੍ਰਦਾਨ ਕਰਦੀ ਹੈ, ਉਥੇ ਦੁਜੈਲੀ ਸਿਰਜਣਾ ਆਨੰਦ ਦੇ ਨਾਲ-ਨਾਲ ਗਿਆਨ ਵੀ ਦਿੰਦੀ ਹੈ।

## ਮੂਲ ਤੇ ਮੂਲੰਕਣ-ਅਧਿਐਨ ਦ੍ਰਿਸ਼ਟੀ

ਆਲੋਚਨਾ ਦੇ ਖੇਤਰ ਵਿੱਚ ਨਵਾਲੋਚਨਾ ਦਾ ਵਿਸ਼ੇਸ਼ ਸਥਾਨ ਹੈ ਜਿਸ ਦਾ ਆਧਾਰ ਕਾਂਤ-ਚਿੰਤਨ ਹੈ। ਕਾਂਤ ਚਿੰਤਨ ਦੀ ਮੁੱਢਲੀ ਸਥਾਪਨਾ ਇਹ ਹੈ ਕਿ ਯਥਾਰਥ ਦੇ ਕੁਝ ਅਜਿਹੇ ਪੱਖ ਵੀ ਹਨ ਜਿਨ੍ਹਾਂ ਨੂੰ ਕਲਾ- ਮਾਧਿਅਮ ਰਾਹੀਂ ਹੀ ਪ੍ਰਾਪਤ ਤੇ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਪ੍ਰਗਟਾਵੇ ਨੂੰ ਕਿਸੇ ਵੀ ਸੰਕਲਪਾਤਮਕ ਮਾਧਿਅਮ ਵਿੱਚ ਅਨੁਵਾਦਿਆਂ ਨਹੀਂ ਜਾ ਸਕਦਾ। ਕਾਂਤ ਦੇ ਕਥਨ ਅਨੁਸਾਰ:

ਸਾਡੇ ਪਾਸ ਇੱਕ ਨਿਰੋਲ ਸੁਹਜ-ਵਿਵੇਕ ਇੱਕ ਸ਼ਕਤੀ ਹੈ ਜਿਸਦੀ ਸਹਾਇਤਾ ਨਾਲ ਅਸੀਂ ਰੂਪਾਂ ਨੂੰ ਪਛਾਣਦੇ ਹਾਂ। ਇਸ ਕੰਮ ਲਈ ਸਾਨੂੰ ਸੰਕਲਪਾਂ ਦੀ ਲੋੜ ਨਹੀਂ ਪੈਂਦੀ।।28॥

ਇਸ ਲਈ ਨਵਾਲੋਚਕਾਂ ਲਈ ਸੰਕਲਪਾਂ ਦਾ ਕੋਈ ਮਹੱਤਵ ਨਹੀਂ ਪ੍ਰਤੀਤ ਹੁੰਦਾ। ਨਵਾਲੋਚਨਾ ਦੀਆਂ ਸਥਾਪਨਾਵਾਂ ਦੇ ਮੁੱਢਲੇ ਆਧਾਰ ਵਾਸਤਵਿਕ, ਵਿਸ਼ੇਸ਼ ਗਿਆਨ, ਸਮੂਰਤ, ਰੂਪ ਪਛਾਣ ਅਤੇ ਵਿਲੱਖਣ ਚਰਿਤਰ ਵਾਲਾ ਮਾਧਿਅਮ ਹਨ, ਜਿਨ੍ਹਾਂ ਦਾ ਪ੍ਰਤੱਖ ਸੰਬੰਧ ਉਹ ਸਾਹਿਤ ਨਾਲ ਜੋੜਦੇ ਹਨ। ਕਾਂਤ ਆਪਣੇ ਸਾਹਿਤ ਚਿੰਤਨ ਵਿੱਚ ਨਿਆਂ ਸੰਬੰਧਿਤ ਅਜਿਹੇ ਸੰਕੇਤ ਪੇਸ਼ ਕੀਤੇ ਜਿਸ ਤੋਂ ਸਾਹਿਤ ਨੂੰ ਇੱਕ ਗਿਆਨਮੂਲਕ ਹੋਂਦ ਮੰਨਦਿਆਂ ਨਿਆਇ ਅਤੇ ਸਾਹਿਤ ਵਿੱਚਕਾਰ ਨਿਖੇੜਾ ਸਥਾਪਿਤ ਹੁੰਦਾ ਹੈ। ਕਾਂਤ ਅਨੁਸਾਰ ਸਾਹਿਤ ਤੇ ਨਿਆਇ ਭਾਵੇਂ ਗਿਆਨ-ਮੂਲਕ ਹੋਂਦਾ ਹਨ ਪਰ ਇੱਕ ਹੋਂਦ ਨੂੰ ਦੂਜੀ ਹੋਂਦ ਦੇ ਮਾਧਿਅਮ ਵਜੋਂ ਪੇਸ਼ ਨਹੀਂ ਕੀਤਾ ਜਾ ਸਕਦਾ। ਨਵਾਲੋਚਕ ਕਲੀਅੰਥ ਬਰੁਕਸ ਵੀ ਕਾਂਤ ਦੀ ਇਸ ਸਥਾਪਨਾ ਨੂੰ ਹੀ ਆਧਾਰ ਬਣਾ ਕੇ ਨਵਾਲੋਚਨਾ ਦੇ ਸੰਕਲਪਾਂ ਸਿਧਾਤਾਂ ਨੂੰ ਪੇਸ਼ ਕਰਦਾ ਹੈ।

ਕਲਾ ਅਤੇ ਵਿਗਿਆਨ ਵਿੱਚ ਵੱਖਰਤਾ ਸਥਾਪਿਤ ਕਰਨਾ ਕਾਂਤ-ਚਿੰਤਨ ਦੀ ਪ੍ਰਭਾਵਸ਼ਾਲੀ ਦੇਣ ਹੈ ਜਿਸ ਰਾਹੀਂ ਉਹ ਕਲਾ ਅਤੇ ਵਿਗਿਆਨ ਦੀਆ ਪਹੁੰਚ ਵਿਧੀਆਂ ਅਤੇ ਪ੍ਰਕਾਰਜਾਂ ਦੀ ਵੱਖਰਤਾ ਸਥਾਪਿਤ ਕਰਦਾ ਹੈ। ਇਸੇ ਸਿਧਾਂਤ ਨੂੰ ਅੱਗੇ ਬਰਗਸਾ ਨੇ ਵਿਸਥਾਰਦਿਆਂ ਨਵੇਂ ਸੰਕਲਪ ਦਰਸਾਏ ਜਿਨ੍ਹਾਂ ਵਿੱਚ ਉਨ੍ਹਾਂ ਆਖਿਆ ਕਿ ਕੁੱਲ ਯਥਾਰਥ ਨੂੰ ਨਿਆਂਇਕ ਸੰਕਲਪਾਂ ਰਾਹੀਂ ਸਮਝਿਆ ਹੀ ਨਹੀਂ ਜਾ ਸਕਦਾ। ਕਾਵਿ ਕਿਰਤ ਅਤੇ ਵਿਗਿਆਨ ਵਿਚਲੇ ਨਿਖੇੜੇ ਨੂੰ ਪੇਸ਼ ਕਰਨ ਲਈ ਨਵਾਲੋਚਕਾਂ ਨੇ ਕੁਝ ਮੂਲ ਸਥਾਪਨਾਵਾਂ ਵੀ ਪੇਸ਼ ਕੀਤੀਆਂ ਹਨ ਜਿਨ੍ਹਾਂ ਵਿਚੋਂ ਸਿੱਟਾ ਨਿਕਲਦਾ ਹੈ ਕਿ ਨਵਾਲੋਚਕ ਪ੍ਰਤੀਬੌਧਿਕ ਜਾਂ ਪ੍ਰਤੀਵਿਗਿਆਨਿਕ ਨਹੀਂ ਹਨ। ਦਾਰਸ਼ਨਿਕਤਾ ਅਤੇ ਮਾਨਵਵਾਦੀ ਆਧਾਰ ਨਵਾਲੋਚਕਾਂ ਦੇ ਚਿੰਤਨ ਦੇ ਮੁੱਢਲੇ ਆਧਾਰ ਹਨ।

ਨਵਾਲੋਚਨਾ ਦੇ ਮੋਢੀ ਜਾਨ ਕਰਾਓ ਰੈਨਸਮ ਨੇ ਆਲੋਚਨਾ ਦੇ ਦਾਰਸ਼ਨਿਕ ਪੱਖ ਉੱਪਰ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਆਲੋਚਨਾ 'ਹੋਣਵਾਦੀ' ਹੋਣੀ ਚਾਹੀਦੀ ਹੈ, ਦੂਜੇ ਸ਼ਬਦਾਂ ਵਿੱਚ ਉਹ ਸਾਹਿਣ ਦੇ ਹੋਣਯਥਾਰਥ (ੌਂਠੋਲੋਂਘੇ) ਪ੍ਰਤੀ ਸੁਚੇਤ ਹੋਣੀ ਚਾਹੀਦੀ ਹੈ।।29॥ ਹੋਣਯਥਾਰਥ ਨੂੰ ਦਰਸ਼ਨ ਦਾ ਮਹੱਤਵਪੂਰਨ ਅੰਗ ਮੰਨਣਾ ਕੋਈ ਗ਼ਲਤ ਨਹੀਂ ਹੈ। ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਕਲਾ ਦਾ ਸਮਾਜ ਵਿਚ ਬਹੁਤ ਵੱਡਾ ਰੋਲ ਹੈ। ਨਵਾਲੋਚਕ ਇਸ ਕਥਨ ਦੇ ਧਾਰਣੀ ਹਨ।

ਨਵਾਲੋਚਨਾ ਦਾ ਭਾਸ਼ਾ ਸਿਧਾਂਤ ਸਿਰਫ਼ ਸਮੂਰਤ ਵੱਲ ਰੁਚਿਤ ਹੈ, ਜੋ ਅਮੂਰਤਨ ਦੇ ਬਿਲਕੁਲ ਵਿਰੋਧ ਵਿੱਚ ਹੈ। ਕਾਵਿ-ਪ੍ਰਕਿਆ ਇਕੱਠਿਆਂ ਵਧਣ ਵੱਲ ਵਧੇਰੇ ਰੁਚਿਤ ਹੈ ਤੇ ਮਨੁੱਖੀ ਅਨੁਭਵ ਦੇ ਸੰਜੁਗਤ ਰੂਪ ਵਿਚ ਵਿੱਚ ਬਣਨ ਦੀ ਪ੍ਰਕਿਰਿਆਂ ਨੂੰ ਅਪਨਾਉਂਦੀ ਹੈ। ਨਵਾਲੋਚਕਾਂ ਅਨੁਸਾਰ ਕਾਵਿ-ਭਾਸ਼ਾ ਦੇ ਸਮੂਰਤਨ ਪੱਖ ਵਲੋਂ ਵਧੇਰੇ ਪਿਆਰ ਦੇਂਦੇ ਹਨ ਜਿਸ ਕਾਰਨ ਉਨ੍ਹਾਂ ਦਾ ਰੂਪ-ਮੋਹ ਜਾਂ ਤਕਨੀਕ-ਮੋਹ ਨਹੀਂ। ਡਾ. ਹਰਿਭਜਨ ਸਿੰਘ ਅਨੁਸਾਰ:ਸਮੂਰਤ ਭਾਸ਼ਾ ਦਾ ਇੱਕ

ਵੱਡਾ ਗੁਣ ਇਹ ਹੈ ਕਿ ਉਹ ਵਸਤੂ ਨੂੰ ਸੰਘਣੇ, ਬਹੁਅਰਥਕ ਰੂਪ ਵਿੱਚ ਪੇਸ਼ ਕਰਦੀ ਹੈ। ਅਮੂਰਤ ਭਾਸ਼ਾ ਵਸਤੂ ਦੇ ਇਕਹਿਰੇ ਅੰਸ਼ ਦੀ ਪਛਾਣ ਕਰਾਉਂਦੀ ਹੈ, ਇਸ ਲਈ ਉਹ ਇਕਾਰਥੀ ਚਿਹਨਾਂ ਨਾਲ ਕੰਮ ਸਾਰਦੀ ਹੈ।।30॥

ਕਲਾ ਕਿਰਤ ਅਤੇ ਮਨੁੱਖੀ ਪ੍ਰਸੰਗ ਵਿੱਚ ਵਸਤੂ ਦੀ ਸਥਿਤੀ ਵੱਖ-ਵੱਖ ਹੁੰਦੀ ਹੈ। ਪਰ ਵਸਤੂ ਦੇ ਜੋ ਨੇਮ ਹਨ ਉਹ ਪ੍ਰਸੰਗ ਪ੍ਰਤੀ ਨਿਰਪੱਖ ਹੀ ਹਨ। ਨਵਾਆਲੋਚਨਾ ਦਾ ਪ੍ਰਮੁੱਖ ਲੱਛਣ ਇਹ ਹੈ ਕਿ ਉਹ ਕਾਵਿ-ਰਚਨਾ ਦੀ ਪ੍ਰਸੰਗ-ਸਾਪੇਖ ਸਮੂਰਤ, ਬਹੁਅਰਥਕ ਭਾਸ਼ਾ ਨੂੰ ਨੈਤਿਕ ਦ੍ਰਿਸ਼ਟੀ ਰਾਹੀਂ ਹੀ ਦੇਖਦਾ ਹੈ ਰੈਨਸਮ ਨੇ ਨਵਾਆਲੋਚਨਾ ਸੰਬੰਧੀ ਕੁਝ ਮਹੱਤਵਪੂਰਨ ਨੁਕਤੇ ਵੀ ਪੇਸ਼ ਕੀਤੇ ਹਨ ਜਿਨ੍ਹਾਂ ਵਿੱਚ ਸਾਹਿਤ ਅਤੇ ਆਲੋਚਨਾ ਵਿੱਚ ਵਿਅੰਗ ਦੀ ਘੱਟ ਵਰਤੋਂ ਕਰਨਾ, ਵਿਚਾਰ ਅਤੇ ਵਸਤੂ ਸੰਯੋਗ ਕਵਿਤਾ ਲਈ ਲਾਜ਼ਮੀ ਸ਼ਰਤ ਆਦਿ। ਇਸ ਸੰਬੰਧ ਵਿੱਚ ਸਾਰਤਰ ਨੇ ਵੀ ਆਪਣੇ ਵਿਚਾਰਾਂ ਨੂੰ ਪੇਸ਼ ਕੀਤਾ ਹੈ।

ਨਵਅਲੋਚਕ ਪ੍ਰਗਟਾਵੇ ਨੂੰ ਠੋਸ ਬਣਾਉਣ ਲਈ ਬਹੁਅਰਥਕ ਲੁਕਾਵੇ ਨੂੰ ਜ਼ਰੂਰੀ ਸਮਝਦੇ ਹਨ। ਇਸ ਨਾਲ ਸੰਬੰਧਿਤ ਸਭ ਤੋਂ ਵੱਧ ਕਾਰਜ ਨਵਾਲੋਚਕ ਕਲੀਅੰਥ ਬਰੁਕਸ ਦਾ ਹੈ ਉਹ ਆਧੁਨਿਕ ਕਾਵਿ-ਕਿਰਤਾਂ ਵਿੱਚ 'ਰੂਪਕ' ਨੂੰ ਇੱਕ ਵਿਸ਼ੇਸ਼ ਤੱਤ ਵਜੋਂ ਪੇਸ਼ ਕਰਦਾ ਹੈ। ਨਵਾਆਲੋਚਕ ਜੋ ਨਿਖੇੜਾ ਮਿਆਰੀ ਭਾਸ਼ਾ ਅਤੇ ਕਾਵਿ-ਭਾਸ਼ਾ ਵਿੱਚ ਸਥਾਪਿਤ ਕਰਦੇ ਹਨ ਉਹ ਉਨ੍ਹਾਂ ਤੋਂ ਪਹਿਲਾਂ ਹੀ ਅਜਨਬੀਕਰਨ ਦੇ ਸਿਧਾਂਤ ਰਾਹੀਂ ਰੂਸੀ ਰੂਪਵਾਦੀਆਂ ਨੇ ਕੀਤਾ ਸੀ।

ਡਾ. ਹਰਿਭਜਨ ਸਿੰਘ ਅਨੁਸਾਰ

ਕਾਵਿ-ਕਿਰਤ ਦੇ ਅੰਗ ਇੱਕ ਦੂਜੇ ਨਾਲ ਪ੍ਰਾਣਧਾਰੀ ਸੰਬੰਧ ਵਿੱਚ ਜੁੜੇ ਹੁੰਦੇ ਹਨ ਤੇ ਥੀਮ ਨਾਲ ਉਨ੍ਹਾਂ ਦਾ ਸੰਬੰਧ ਪਰੋਖ ਹੁੰਦਾ ਹੈ।।31॥

ਇਸ ਤਰ੍ਹਾਂ ਉਹ ਕਾਵਿ-ਕਿਰਤਾਂ ਦੇ ਅੰਗਾਂ ਵਿਚਲੇ ਸੰਬੰਧਾਂ ਨੂੰ ਪ੍ਰਗਟਾਉਂਦਾ ਹੈ। ਬਰੁਕਸ ਦੁਆਰਾ ਵੀ ਇਸ ਸਿਧਾਂਤ ਪ੍ਰਤੀ ਕੁਝ ਵਿਚਾਰ ਸਨ ਜੋ ਉਸ ਨੇ ਪੇਸ਼ ਕੀਤੇ, 'ਵਿਅੰਗ' ਉਸਦੇ ਚਿੰਤਨ ਦਾ ਮਹੱਤਵਸ਼ਾਲੀ ਅੰਗ ਹੈ ਜੋ ਕਾਵਿ-ਰਚਨਾ ਅਤੇ ਵਿਗਿਆਨ-ਰਚਨਾ ਵਿੱਚ ਵੱਖਰਤਾ ਉਜਾਗਰ ਕਰਦਾ ਹੈ। ਸਮਝਣਯੋਗ ਗੱਲ ਇਹ ਹੈ ਕਿ ਰੂਪਕ, ਵਿਅੰਗ ਦੇ ਨਾਲ ਹੀ ਵਿਰੋਧਾਭਾਸ ਵੀ ਕਾਵਿ-ਕਿਰਤਾਂ ਦੇ ਜ਼ਰੂਰੀ ਅੰਗ ਹਨ। ਇਨ੍ਹਾਂ ਤੋਂ ਬਾਅਦ ਐਲਨ ਟੇਟ ਤਨਾਓ ਦੇ ਸੰਕਲਪ ਨੂੰ ਪੇਸ਼ ਕਰਦੇ ਹਨ। ਉਸ ਅਨੁਸਾਰ ਅੰਦਰੀ ਤੇ ਬਾਹਰੀ ਤਨਾਓ ਵਿਚਕਾਰ ਸੰਤੁਲਨ ਹੀ ਤਨਾਓ ਹੈ। ਸੋਸਿਊਰ ਜੋ ਕਿ ਪ੍ਰਸਿੱਧ ਸਵਿਸ ਭਾਸ਼ਾ ਵਿਗਿਆਨੀ ਸੀ ਦੇ ਮਤ ਅਨੁਸਾਰ ਭਾਸ਼ਾ ਦੀ ਬੁਨਿਆਦੀ ਇਕਾਈ ਚਿਹਨ ਹੀ ਹੈ। ਉਹ ਅਨੁਭਵ ਵਿੱਚ ਆਉਣ ਵਾਲੀਆਂ ਵਸਤਾਂ ਦੇ ਨਾਮਕਰਣ ਸਮੇਂ ਭਾਸ਼ਾ-ਵਿਗਿਆਨ ਮਾਡਲ ਦੇ ਸੰਕਲਪਾਂ ਨੂੰ ਹੀ ਵਰਤੋਂ ਵਿਚ ਲਿਆਉਂਦਾ ਹੈ। ਧੁਨੀ-ਬਿੰਬ ਅਤੇ ਸੰਕਲਪ ਹਰ ਭਾਸ਼ਕ ਇਕਾਈ ਵਿੱਚ ਸਮਾਏ ਹੁੰਦੇ ਹਨ ਪਰ ਸੋਸਿਊਰ ਨੇ ਇਨ੍ਹਾਂ ਦੀ ਤੁਲਨਾ ਕਰਦਿਆਂ ਭਾਸ਼ਕ ਇਕਾਈ ਨੂੰ ਚਿਹਨ, ਉਸਦੇ ਧੁਨੀ ਬਿੰਬ ਨੂੰ ਚਿਹਨਕ ਅਤੇ ਸੰਕਲਪ ਨੂੰ ਚਿਹਨਤ ਆਖਿਆ ਹੈ। ਡਾ. ਹਰਿਭਜਨ ਸਿੰਘ ਅਨੁਸਾਰ:

ਭਾਸ਼ਾ ਨੂੰ ਸਿੱਖਣ ਵਿੱਚ ਖ਼ਾਸਾ ਤਰੱਦਦ ਕਰਨਾ ਪੈਂਦਾ ਹੈ ਅਤੇ ਇਸ ਕੰਮ ਵਿੱਚ ਖ਼ਾਸਾ ਵਕਤ ਲੱਗਦਾ ਹੈ, ਇਸ ਲਈ ਬਹੁਤ ਵੱਡੇ ਪੈਮਾਨੇ ਉਪਰ ਤਬਦੀਲੀ ਸੰਭਵ ਨਹੀਂ ਨਾਲੇ ਲੋਕ ਆਪਣੀ ਮਾਂ-ਬੋਲੀ ਸਹਿਜ ਸੁਭਾਉ ਹੀ ਬੋਲਦੇ ਹਨ, ਇਸ ਨੂੰ ਵਰਤਣ ਸਮੇਂ ਇਸ ਦੇ ਨੇਮਾਂ ਪ੍ਰਤੀ ਰੁਚਿਤ ਨਹੀਂ ਹੁੰਦੇ।।32॥

ਇਹ ਅਜਿਹੇ ਭਾਸ਼ਕ ਨੇਮ ਹਨ ਜਿਨ੍ਹਾਂ ਦੀ ਪ੍ਰਤੀ ਜਨ-ਸਧਾਰਣ ਬਿਲਕੁਲ ਵੀ ਸੁਚੇਤ ਨਹੀਂ ਹੈ ਜਿਸ ਕਾਰਨ ਇਨ੍ਹਾਂ ਨੂੰ ਬਦਲਣਾ ਬਹੁਤ ਮੁਸ਼ਕਿਲ ਕੰਮ ਹੈ ਡਾ. ਹਰਿਭਜਨ ਸਿੰਘ ਨੇ ਇਸ ਸਿਧਾਂਤ ਦੇ ਕੁਝ ਬੁਨਿਆਦੀ ਨੁਕਤੇ ਦਿੰਦਿਆਂ

ਕਿਹਾ ਕਿ ਭਾਸ਼ਾ ਦੀ ਸੁਰੱਖਿਆ ਉਸ ਦਾ ਆਪਹੁਦਰਾ ਸੁਭਾਅ ਹੁੰਦਾ ਹੈ ਤੇ ਕਿਸੇ ਵੀ ਭਾਸ਼ਾ ਲਈ ਚਿਹਨਾਂ ਦੀ ਵੱਡੀ ਗਿਣਤੀ ਦਾ ਹੋਣਾਂ ਬਹੁਤ ਜ਼ਰੂਰੀ ਹੈ। ਡਾ. ਹਰਿਭਜਨ ਸਿੰਘ ਨੇ ਭਾਸ਼ਾ ਉੱਪਰ ਪਏ ਕਾਲ ਦੇ ਪ੍ਰਭਾਵਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ। ਕਾਲ ਭਾਸ਼ਾ ਉੱਪਰ ਦੋ ਤਰ੍ਹਾਂ ਦੇ ਵਿਰੋਧੀ ਤੇ ਪਰਸਪਰ ਪ੍ਰਭਾਵ ਜ਼ਰੂਰ ਪਾਉਂਦਾ ਹੈ। ਇਨ੍ਹਾਂ ਪ੍ਰਭਾਵਾਂ ਨਾਲ ਜੋ ਤਬਦੀਲੀਆਂ ਵਾਪਰਦੀਆਂ ਹਨ ਉਹ ਸਥਿਰ ਨਹੀਂ ਰਹਿੰਦੀਆਂ ਡਾ. ਹਰਿਭਜਨ ਸਿੰਘ ਅਨੁਸਾਰ:

ਭਾਸ਼ਾ ਅਜਿਹਾ ਸਿਸਟਮ ਹੈ ਜੋ ਕੇਵਲ ਬੋਲਿਆ ਹੀ ਨਹੀਂ ਜਾਂਦਾ ਸਗੋਂ ਇਹ ਮਨੁੱਖੀ ਭਾਸ਼ਕ ਆਦਤਾਂ ਦਾ ਸਮੂਹ ਹੈ। ਪਰ ਇਹ ਇੱਕ ਵਿਅਕਤੀ ਦਾ ਬੋਲ ਨਹੀਂ ਸੀ। ਜੀਵੰਤ ਭਾਸ਼ਾ ਸਮਾਜ ਵਿੱਚ ਹੀ ਨਹੀਂ, ਇਤਿਹਾਸ ਵਿੱਚ ਵੀ ਵਿਚਰਦੀ ਹੈ। ਇਕੋ ਥਾਂ, ਇਕੋ ਵੇਲੇ, ਅਨੇਕ ਪੀੜ੍ਹੀਆਂ ਦਾ ਆਪਸ ਵਿਚ ਬੋਲਣਾ-ਸੁਣਨਾਂ ਭਾਸ਼ਾ ਦੀ ਇਤਿਹਾਸਿਕਤਾ ਦਾ ਹੀ ਪ੍ਰਮਾਣ ਹੈ।।33॥

ਭਾਸ਼ਕ ਚਿਹਨ ਬੇਸ਼ੱਕ ਆਪਹੁਦਰਾ ਹੈ। ਪਰ ਫਿਰ ਵੀ ਇਹ ਸਿਸਟਮ ਵਿੱਚ ਬੱਝਾ ਹੋਇਆ ਹੈ। ਕਲਾ, ਭਾਸ਼ਾ ਤੇ ਬੋਲਦਾ ਭਾਈਚਾਰਾ, ਕਾਲ ਤਿੰਨੋਂ ਇੱਕ ਦੂਜੇ ਤੋਂ ਅਨਿਖੜ ਤੱਤ ਹਨ। ਭਾਸ਼ਾਵਾਂ ਸੁਤੰਤਰ ਨਹੀਂ ਹੋ ਸਕਦੀਆਂ ਕਿਉਂਕਿ ਇਹ ਕਾਲ ਵਿੱਚ ਹੀ ਵਿਚਰਦੀਆਂ ਹਨ। ਸੰਰਚਨਾਵਾਦੀ ਆਚੋਲਨਾ ਦ੍ਰਿਸ਼ਟੀ ਦੇ ਉੱਘੇ ਲੱਛਣ ਭਾਸ਼ਾ-ਵਿਗਿਆਨ ਮਾਡਲ ਤੇ ਅਧਾਰਿਤ ਹਨ। ਸੋਸਿਊਰ ਆਧੁਨਿਕ ਭਾਸ਼ਾ ਵਿਗਿਆਨੀ ਦੁਆਰਾ ਕੁਝ ਬੁਨਿਆਦੀ ਨਿਖੇੜੇ ਲੈਂਗ/ਪੈਰੋਲ ਜਾਂ ਭਾਸ਼ਾ/ਉਚਾਰ ਦਾ ਮਹੱਤਵ ਸਭ ਤੋਂ ਵੱਧ ਮੰਨਿਆ ਗਿਆ ਇਹ ਨਿਖੇੜਾ ਸਿਸਟਮ ਤੇ ਸਮੂਰਤ ਦਾ ਹੀ ਆਪਸੀ ਨਿਖੇੜਾ ਹੈ ਕਾਵਿ ਭਾਸ਼ਾ ਅਤੇ ਮਿਆਰੀ ਭਾਸ਼ਾ ਦੇ ਕੁਝ ਆਪਸੀ ਸੰਬੰਧਾਂ ਅਤੇ ਵੱਖਰਤਾਵਾਂ ਨੂੰ ਡਾ. ਹਰਿਭਜਨ ਸਿੰਘ ਪੇਸ਼ ਕਰਨ ਦਾ ਯਤਨ ਕਰ ਰਿਹਾ ਹੈ। ਉਸ ਦਾ ਕਹਿਣਾ ਹੈ:

ਵਿਗਿਆਨ ਮਨੁੱਖੀ ਅਨੁਭਵ ਦੇ ਸਾਰੇ ਪੱਖਾਂ ਦਾ ਭਰਪੂਰ ਗਿਆਨ ਦੇ ਸਕਣ ਵਿੱਚ ਅਸਮਰੱਥ ਹੈ,ਕਿਉਂਕਿ ਉਹ ਸੰਕਲਪਾਂ ਵਿੱਚ ਗੱਲਾਂ ਕਰਦਾ ਹੈ। ਸੰਕਲਪ ਵਸਤੂ ਸੰਬੰਧੀ ਸੂਚਨਾ ਦੇਂਦੇ ਹਨ ਵਸਤੂ ਵਿਖਾ ਨਹੀਂ ਸਕਦੇ।।34॥

ਇਸ ਤਰ੍ਹਾਂ ਭਾਸ਼ਾ ਸਿਧਾਂਤ ਜੋ ਕਿ ਨਵਾਲੋਚਕਾਂ ਦੁਆਰਾ ਸਥਾਪਿਤ ਕੀਤੇ ਗਏ ਉਹ ਕਾਫ਼ੀ ਹੱਦ ਤੱਕ ਸਾਹਿਤ ਤੇ ਲਾਗੂ ਹੁੰਦੇ ਹਨ। ਸੰਰਚਨਾ ਅਤੇ ਰਚਨਾ ਪ੍ਰਤੀ ਵੀ ਨਵਾਲੋਚਕਾਂ ਨੇ ਕਈ ਤਰ੍ਹਾਂ ਦੇ ਸੰਕਲਪ ਸਾਹਮਣੇ ਰੱਖੇ ਹਨ। ਉਹਨਾਂ ਅਨੁਸਾਰ ਸੰਰਚਨਾ ਅਤੇ ਰਚਨਾ ਦੋ ਅਜਿਹੇ ਸੰਕਲਪ ਹਨ ਜੋ ਕ੍ਰਮ-ਵਾਰ ਅਮੂਰਤ ਵਿਆਪਕ (ਨਵਿਇਰਸਓਲ) ਤੇ ਸਮੂਰਤ ਵਿਸ਼ੇ (ਪਓਰਟਚਿਲਓਰ) ਨੂੰ ਦਰਸਾਉਂਦੇ ਹਨ। ਇਹ ਦੋਵੇਂ ਤੱਤ ਭਾਵੇਂ ਨਿਖੜਵੇਂ ਹਨ ਪਰ ਫਿਰ ਵੀ ਕਾਵਿ-ਕਿਰਤ ਦੇ ਬੁਨਿਆਦੀ ਤੱਤ ਮੰਨੇ ਜਾਂਦੇ ਹਨ। ਇਨ੍ਹਾਂ ਦੋਹਾਂ ਜੁਗਤਾਂ ਦੀ ਪਛਾਣ ਲਈ ਕਵਿਤਾ ਦਾ ਡੂੰਘੇਰਾ ਅਧਿਐਨ ਬਹੁਤ ਜ਼ਰੂਰੀ ਹੈ।

ਇਸ ਨਿਖੇੜੇ ਨੂੰ ਸਿਰਫ਼ ਸਾਹਿਤ ਵਿਚ ਹੀ ਨਹੀਂ ਵਰਤਿਆ ਗਿਆ। ਸਤ੍ਰਾਸ ਨੇ ਸੰਰਚਨਾਵਾਦੀ ਦ੍ਰਿਸ਼ਟੀ ਨੂੰ ਮਾਨਵ-ਵਿਗਿਆਨ ਤੇ ਵੀ ਲਾਗੂ ਕੀਤਾ। ਪਰ ਸਮਝਦਾ ਸੀ ਕਿ ਹਰ ਘਟਨਾ ਦਾ ਪ੍ਰਗਟਾਵਾ ਸਿਸਟਮ ਦੇ ਅੰਤਰਗਤ ਸਮੂਰਤ ਹੀ ਹੁੰਦਾ ਹੈ। ਇਸੇ ਤਰ੍ਹਾਂ ਡਾ. ਹਰਿਭਜਨ ਆਖਦਾ ਹੈ ਕਿ:

ਸਾਹਿਤ ਵਿਚ ਸੰਰਚਨਾਵਾਦ ਦਾ ਆਰੰਭ ਅੰਤਰੰਗ (ਨਿਟਰਨਿਸਚਿ) ਆਲੋਚਨਾ ਦੇ ਰੂਪ ਵਿੱਚ ਹੋਇਆ। ਇਸ ਤੋਂ ਪਹਿਲਾਂ ਜੀਵ ਮੂਲਕ ਇਤਿਹਾਸ-ਮੂਲਕ, ਸਮਾਜਸ਼ਾਸਤ੍ਰੀ ਜਾਂ ਮਨੋਵਿਗਿਆਨਕ ਆਦਿ ਬਹਿਰੰਗ ਆਲੋਚਨਾਵਾਂ ਦਾ ਰਿਵਾਜ਼ ਸੀ।।35॥

ਇਸ ਤਰ੍ਹਾਂ ਉਹ ਸੰਰਚਨਾਵਾਦੀ ਆਲੋਚਨਾ ਦੀ ਸਾਹਿਤ ਵਿੱਚ ਮਹੱਤਤਾ ਪ੍ਰਗਟ ਕਰਦਾ ਹੋਇਆ, ਆਖਦਾ ਹੈ ਇਸ ਦੀ ਦ੍ਰਿਸ਼ਟੀ 'ਪਾਠ' ਉੱਪਰ ਅਧਾਰਿਤ ਹੈ।

ਰੋਲਾਂ ਬਾਰਤ ਨੇ ਸਮੀਖਿਆ ਅਤੇ ਸਾਹਿਤ-ਵਿਗਿਆਨ ਦਾ ਆਪਸੀ ਨਿਖੇੜਾ ਸਥਾਪਿਤ ਕਰਦਿਆਂ ਕਿਹਾ ਕਿ ਸਮੀਖਿਆ ਕਿਸੇ ਕਾਵਿ-ਕਿਰਤ ਨੂੰ ਅਰਥ ਉਦੋਂ ਹੀ ਪ੍ਰਦਾਨ ਕਰਦੀ ਹੈ ਜਦੋਂ ਉਹ ਕਿਸੇ ਵਿਸ਼ੇਸ਼ ਸਥਿਤੀ ਜਾਂ ਪ੍ਰਸੰਗ ਵਿੱਚ ਪ੍ਰਗਟ ਹੋਵੇ। ਸੰਰਚਨਾਵਾਦੀ ਕਿਸੇ ਸਾਹਿਤਕ-ਰਚਨਾ ਦਾ ਪਾਠ ਮੂਲਕ ਅਧਿਐਨ ਕਰਦੇ ਸਮੇਂ ਵਿਗਿਆਨ ਤਕਨੀਕਾਂ ਤੋਂ ਹੀ ਕੰਮ ਲੈਂਦੇ ਹਨ। ਇਸ ਤਰ੍ਹਾਂ ਕਰਦੇ ਉਹ ਭਾਸ਼ਾ ਦਾ ਭਾਸ਼ਾ-ਵਿਗਿਆਨ ਦੀ ਤਰ੍ਹਾਂ ਸਾਹਿਤ ਦਾ ਸਾਹਿਤ-ਵਿਗਿਆਨ ਨਾਲ ਸੰਬੰਧ ਸਥਾਪਿਤ ਕਰਦੇ ਹਨ ਉਹ ਸਾਹਿਤ ਵਿੱਚ ਪਾਠ ਅਤੇ ਪ੍ਰਵਚਨ ਦਾ ਨਿਖੇੜਾ ਕਰਦੇ ਹੋਏ ਸਾਹਿਤ ਨੂੰ ਦੁਜੈਲੀ ਪੱਧਰ ਦੀ ਰਚਨਾ ਆਖਦੇ ਹਨ। ਕਿਉਂਕਿ ਇਸ ਦੀ ਰਚਨਾ ਮਨੁੱਖ ਦੁਆਰਾ ਕੀਤੀ ਗਈ ਹੈ। ਚਿਹਨਕ- ਚਿਹਨਤ ਸੰਬੰਧ ਆਪਹੁਦਰਾ ਹੁੰਦਾ ਹੈ ਤੇ ਹਰ ਸਭਿਆਚਾਰ ਵਿੱਚ ਚਿਹਨ ਵੇਖਣ ਨੂੰ ਮਿਲਦੇ ਹਨ। ਚਿਹਨਾਂ ਦੀ ਵਰਤੋਂ ਕੁਦਰਤੀ ਪ੍ਰਤੀਤ ਹੁੰਦੀ ਹੈ। ਸਾਹਿਤ-ਅਧਿਐਨ ਦੀ ਵਿਧੀ, ਆਲਚੋਨਾ ਨਾਲ ਸੰਬੰਧਿਤ ਸਚਮੁੱਚ ਇੱਕ ਨਵੀਂ ਦ੍ਰਿਸ਼ਟੀ ਪੇਸ਼ ਕਰਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਸਾਹਿਤ ਦੇ ਮੁੱਲਾਂ ਦਾ ਸੰਬੰਧ ਚਿਹਨਾਂ ਦੇ ਆਪਹੁਦਰੇ ਜਾਂ ਸੰਜੋਗੀ ਸੁਭਾਉ ਨਾਲ ਹੀ ਹੈ। ਸਭਿਆਚਾਰ ਤੇ ਸਾਹਿਤ ਦਾ ਕ੍ਰਮਵਾਰ ਪ੍ਰਕਿਰਤੀਕਰਨ ਤੇ ਅਜਨਬੀਕਰਨ ਉੱਪਰ ਬਲ ਹੈ, ਉਹ ਅਰਥਾਂ ਨੂੰ ਪ੍ਰਕਿਰਤੀ ਨਹੀਂ ਬਣਨ ਦੇਂਦਾ। ਆਪਹੁਦਰੇਪਨ ਤੇ ਦ੍ਰਿਸ਼ਟੀ-ਕੇਂਦਰਿਤ ਹੋ ਕਿ ਸੰਰਚਨਾਵਾਦੀ ਪ੍ਰਕਿਰਤੀ ਨਾਲੋਂ ਮਨੁੱਖ ਨੂੰ ਪ੍ਰਾਥਮਿਕਤਾ ਪ੍ਰਦਾਨ ਕਰਦੇ ਹਨ।

3.7 ਸੰਰਚਨਾਵਾਦ

ਸੰਰਚਨਾਵਾਦ ਸਾਡੀ ਪਰੰਪਰਾ ਦੀ ਵਸਤ ਨਹੀਂ ਹੈ ਇਸ ਕਰਕੇ ਸਾਡੀ ਮਨ-ਬੁਧੀ ਨੂੰ ਡੂੰਘਾਈ ਤੱਕ ਜਾਣ ਲਈ ਅਜੇ ਸਮਾਂ ਲੱਗੇਗਾ। ਡਾ. ਹਰਿਭਜਨ ਸਿੰਘ ਦਾ ਸੰਰਚਨਾਵਾਦ ਨਾਲ ਸਬੰਧਿਤ ਸੰਦਰਭਾਂ ਤੇ ਪ੍ਰਸੰਗਾਂ ਨੂੰ ਸਪਸ਼ਟ ਕਰਨਾ ਹੀ ਪ੍ਰਮੁੱਖ ਕੰਮ ਹੈ ਕਿਉਂਕਿ ਸਾਡੇ ਵਿਦਵਾਨ ਪੱਛਮੀ ਚਿੰਤਕ ਦੇ ਨੁਕਤਿਆਂ ਨੂੰ ਜਿਸ ਤਰੀਕੇ ਨਾਲ ਪੇਸ਼ ਕਰਦੇ ਹਨ ਉਹ ਪਾਠਕਾਂ ਦੀ ਸਮਝ ਵਿਚ ਨਹੀਂ ਆਉਂਦੇ। ਸਭ ਤੋਂ ਪਹਿਲਾਂ ਡਾ. ਹਰਿਭਜਨ ਸਿੰਘ ਨੇ ਪ੍ਰਸੰਗ ਅਤੇ ਸੰਦਰਭ ਵਿਚਲੇ ਨਿਖੇੜੇ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ। ਬੋਲ ਨੂੰ ਹੋਂਦ ਤੋਂ ਪਹਿਲਾਂ ਵਿਸ਼ੇਸ਼ ਸਥਾਨ, ਸਮੇਂ, ਸਰੋਤੇ ਮਤਲਬ ਕਿ ਸਥਿਤੀ ਦੀ ਜ਼ਰੂਰਤ ਹੁੰਦੀ ਹੈ। ਇਸ ਸਥਿਤੀ ਨੂੰ ਹੀ ਬੋਲ ਦਾ ਪ੍ਰਸੰਗ ਕਿਹਾ ਜਾਂਦਾ ਹੈ। ਡਾ. ਹਰਿਭਜਨ ਸਿੰਘ ਵੱਲੋਂ ਉਦਾਹਰਣ ਸਾਹਿਤ ਸਮਝਾਇਆ ਗਿਆ ਹੈ ਕਿ ਸੰਰਚਨਾਵਾਦ ਉਦੋਂ ਹੋਂਦ ਵਿਚ ਆਇਆ ਜਦੋਂ ਅਸਤਿਤਵਵਾਦ ਦੇ ਸੁਰ ਬਲਵਾਨ ਸਨ। ਇਤਿਹਾਸ, ਮਾਨਵਵਾਦ, ਪ੍ਰਤੀਬੱਧਤਾ, ਪ੍ਰਤੀਕਵਾਦ ਆਦਿ ਸ਼ਬਦਾਂ ਅਤੇ ਇਨ੍ਹਾਂ ਨਾਲ ਸਬੰਧਿਤ ਚਿੰਤਨ-ਵਿਧੀਆਂ ਦਾ ਬੋਲਬਾਲਾ ਸੀ। ਸੰਰਚਨਾਵਾਦ ਇਤਿਹਾਸ ਦੇ ਮੁਕਾਬਲੇ ਵਿਗਿਆਨ, ਮਾਨਵ ਦੇ ਮੁਕਾਬਲੇ ਵਸਤੂ, ਪ੍ਰਤੀਕ ਦੇ ਮੁਕਾਬਲੇ ਚਿਹਨ ਭਾਸ਼ਾ ਨੂੰ ਪੇਸ਼ ਕਰਦਾ ਹੈ। ਇਤਿਹਾਸਿਕ ਮਾਡਲ ਦੀ ਬਜਾਏ ਸਿਸਟਮ-ਮਾਡਲ ਨੂੰ ਪੇਸ਼ ਕਰਕੇ ਸੰਰਚਨਾਵਾਦੀਆਂ ਨੇ ਚਿੰਤਨ ਦਾ ਰੁੱਖ ਮੋੜ ਦਿੱਤਾ। ਸੰਰਚਨਾਵਾਦ ਪੱਛਮੀ ਸਭਿਆਚਾਰ ਵਿਚ ਚਲ ਰਹੇ ਮੌਜੂਦਾ ਸੰਵਾਦ ਦੀ ਇਕ ਧਿਰ ਹੈ। ਇਸ ਪ੍ਰਸੰਗ ਵਿਚ ਹੀ ਇਸਨੂੰ ਸਮਝਿਆ ਜਾ ਸਕਦਾ ਹੈ।।36॥ ਇਸ ਤਰ੍ਹਾਂ ਡਾ. ਹਰਿਭਜਨ ਸਿੰਘ ਨੇ ਪ੍ਰਸੰਗ ਨੂੰ ਸਮਝਾ ਕੇ ਪਾਠਕ ਦੀ ਇੱਕ ਸਮੱਸਿਆ ਦਾ ਹੱਲ ਪੇਸ਼ ਕੀਤਾ ਹੈ। ਪ੍ਰਸੰਗ ਨੂੰ ਸਪਸ਼ਟ ਕਰਨ ਤੋਂ ਬਾਅਦ ਉਸਨੇ ਸੰਦਰਭ ਬਾਰੇ ਵੀ ਡੂੰਘੀ ਵਿਚਾਰ ਕੀਤੀ। ਜਦੋਂ ਕਿਸੇ ਵੀ ਵਿਸ਼ੇਸ਼ ਸਥਾਨ ਤੇ ਸੰਵਾਦ ਰਚਾਇਆ ਜਾਂਦਾ ਹੈ ਤਾਂ ਕੁਝ ਨੇਮ ਅਚੇਤ ਰੂਪ ਵਿਚ ਵਿਰਸੇ ਦੇ ਵਿਚ ਮਿਲਦੇ ਹਨ ਤੇ ਕੁਝ ਉਹ ਆਪ ਰਚਦੀ ਹੈ। ਇਸ ਤਰ੍ਹਾਂ ਹੀ ਸੰਰਚਨਾਵਾਦ ਕੋਲ ਵੀ ਸਭ ਦ੍ਰਿਸ਼ਟੀਆਂ ਆਪਣੀਆਂ ਨਹੀਂ ਬਲਕਿ ਆਧੁਨਿਕ ਭਾਸ਼ਾ-ਵਿਗਿਆਨ, ਮਾਨਵ-ਵਿਗਿਆਨ, ਪਰਾਗ ਸਕੂਲ, ਰੂਸੀ ਰੂਪਵਾਦ ਤੋਂ ਪ੍ਰਾਪਤ ਹੋਈਆਂ ਹਨ। ਸੰਖੇਪ

ਵਿੱਚ ਅਸੀਂ ਕਹਿ ਸਦਕੇ ਹਾਂ ਕਿ ਪ੍ਰਸੰਗ ਅਤੇ ਸੰਦਰਭ ਇੱਕ ਵੱਡੇ ਕਾਰਜ ਦੇ ਅਜਿਹੇ ਦੋ ਅੰਗ ਹਨ ਜੋ ਆਪਸ ਵਿਚ ਜੁੜੇ ਹੋਏ ਵੀ ਹਨ ਅਤੇ ਵੱਖੋ-ਵੱਖ ਵੀ। ਸੰਰਚਨਾਵਾਦ ਇੱਕ ਅਜਿਹੀ ਦ੍ਰਿਸ਼ਟੀ ਹੈ ਜੋ ਅਸਤਿਤਵਵਾਦ ਅਤੇ ਫਿਨਾਮਿਨਾਲੋਜੀ ਦੇ ਵਿਰੋਧ ਵਿਚੋਂ ਖੜੀ ਹੈ।

ਡਾ. ਹਰਿਭਜਨ ਸਿੰਘ ਅਨੁਸਾਰ ਸਭਿਆਚਾਰ ਨੂੰ ਬੌਧਿਕ ਗਹਿਰਾਈ ਦੇਣ ਨਾਲ਼ ਹੀ ਸੱਭਿਆਚਾਰਕ ਲੱਭਤਾਂ ਨਾਲ ਸੰਬੰਧ  ਕਾਇਮ ਕੀਤੇ ਜਾ ਸਕਦੇ ਹਨ। ਉਸ ਅਨੁਸਾਰ ਜਿਹੜਾ ਵੀ ਤਿਆਗ ਕਰਦੇ ਹਾਂ ਉਸ ਦਾ ਆਧਾਰ ਗਿਆਨ ਹੋਣਾ ਚਾਹੀਦਾ ਹੈ। ਪ੍ਰਸੰਗ ਦੀ ਦ੍ਰਿਸ਼ਟੀ ਤੋਂ ਸੰਬਾਦ ਨਾਲ਼ ਸਬੰਧਿਤ ਦੋ ਮੂਲ ਨੁਕਤੇ ਵਿਆਖਿਆ (ਇਨਟਇਰਪਰਏਟਓਟੋਨਿ) ਅਤੇ ਵਿਸ਼ਲੇਸ਼ਣ (ਅਨਓਲੇਸਸਿ) ਹਨ। ਸੰਰਚਨਾਵਾਦ ਵਿਚ ਵੀ ਪਹਿਲਾਂ ਅਧਿਐਨ-ਵਸਤੂ ਦੀ ਵਿਆਖਿਆ ਕੀਤੀ ਜਾਂਦੀ ਹੈ। ਪੰਜਾਬੀ ਸਮਾਲੋਚਕਾਂ ਨੇ ਅਜਿਹੀਆਂ ਮਨ-ਮਰਜ਼ੀ ਦੀਆਂ ਵਿਆਖਿਆਵਾਂ ਪੇਸ਼ ਕੀਤੀਆਂ ਹਨ ਜੋ  ਸਾਹਿਤ  ਅਤੇ ਫ਼ਿਲਾਸਫੀ ਦੇ ਅਧਿਐਨ ਲਈ ਵਿਚਾਰਧਾਰਕ ਪਹੁੰਚ ਅਪਨਾਉਂਦੀਆਂ ਹਨ। ਅਜਿਹੀਆਂ ਵਿਆਖਿਆਵਾਂ ਰਾਹੀਂ ਮਾਨਵੀ-ਹਿੱਤ ਤਾਂ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੇ ਹਨ ਪਰ ਸਾਹਿਤਕ-ਕਿਰਤ ਦੀ ਵਧੇਰੇ ਸਮਝ ਨਹੀਂ ਆਉਂਦੀ। ਸੰਰਚਨਾਵਾਦ ਵਸਤੂ ਨੂੰ ਉਸੇ ਦੀ ਪਹੁੰਚ ਵਿਧੀ ਰਾਹੀਂ ਸਮਝਣ ਦਾ ਯਤਨ ਕਰਦਾ ਹੋਇਆ ਵਿਆਖਿਆ ਦੀ ਥਾਂ ਤੇ ਵਿਸ਼ਲੇਸ਼ਣ ਅਤੇ ਵਰਣਨ ਦਾ ਰਾਹ ਅਪਨਾਉਂਦਾ ਹੈ। ਇਸ ਸਥਿਤੀ ਨੂੰ ਸਪਸ਼ਟ ਕਰਨ ਲਈ ਹਰਿਭਜਨ ਸਿੰਘ ਨੇ 'ਹੀਰ' ਨੂੰ ਵੱਖੋਂ-ਵੱਖਰੇ ਅਮੂਰਤ ਵਿਚਾਰਾਂ ਦਾ ਪ੍ਰਤੀਕ ਮੰਨਿਆ ਹੈ। ਪਰ ਸੰਰਚਨਾਵਾਦੀ ਪਹੁੰਚ ਵਿਧੀ ਇਸ ਤੋਂ ਬਿਲਕੁਲ ਉਲਟ ਹੈ ਜੋ ਵਸਤੂ ਨੂੰ ਚਿਹਨ ਮੰਨ ਕੇ ਚੱਲਦੀ ਹੈ। ਸੰਰਚਨਾਵਾਦੀਆਂ ਤੋਂ ਪਹਿਲਾਂ ਅਸਤਿੱਤਵਵਾਦੀਆਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਿਆਂ ਇਨ੍ਹਾਂ ਦਾ ਆਪਸ ਵਿਚ ਨਿਖੇੜਾ ਕੀਤਾ ਗਿਆ। ਅਸਤਿੱਤਵਵਾਦੀ  ਤੇ ਮਾਰਕਸਵਾਦੀ ਜਿਹੜੇ ਸਿਧਾਤਾਂ ਪ੍ਰਤੀ ਪ੍ਰਤੀਬੱਧ ਹਨ, ਸੰਰਚਨਾਵਾਦ ਅਜਿਹੇ ਬੰਧਨਾਂ ਤੋਂ ਪੂਰੀ ਤਰ੍ਹਾਂ ਸੁਤੰਤਰ ਹੈ। ਹਰਿਭਜਨ ਸਿੰਘ ਆਖਦਾ ਹੈ ਇਹ ਇੱਕ ਅਜਿਹਾ ਬੇਪਛਾਣ ਸਿਧਾਂਤ ਹੈ ਜਿਸ ਵਿਚ ਕਦੇ ਵੀ ਕਿਸੇ ਸੰਰਚਨਾਵਾਦੀ ਚਿੰਤਕ ਦੀ ਸ਼ਲਾਘਾ ਹੋਈ ਤੇ ਨਾ ਹੀ ਹੋਣੀ ਚਾਹੀਦੀ ਹੈ।

ਪਰ ਬੇਪਛਾਣ ਹੁੰਦਿਆਂ ਵੀ ਉਹ ਸੰਰਚਨਾਵਾਦ ਨੂੰ ਸਾਹਿਤ ਦਰਸ਼ਨ ਜਾਂ ਕਿਸੇ ਧਾਰਾ ਨਾਲ਼ ਸਬੰਧਿਤ ਮੰਨਦਾ ਹੈ। ਇਸ ਪ੍ਰਣਾਲੀ ਦਾ ਸਬੰਧ ਉਹ ਆਧੁਨਿਕ ਭਾਸ਼ਾ ਵਿਗਿਆਨ ਦੇ ਸੰਕਲਪ, ਉਚਾਰ ਅਤੇ  ਭਾਸ਼ਾ, ਚਿਹਨਤ ਅਤੇ ਚਿਹਨਕ, ਇਕਾਲਕ ਅਤੇ ਦੁਕਾਲਕ, ਚਿਹਨ ਅਤੇ ਸਿਸਟਮ ਭਾਵ ਸੋਸਿਊਰ ਦੁਆਰਾ ਦਿੱਤੇ ਭਾਸ਼ਾ- ਵਿਗਿਆਨ ਦੇ ਸੰਕਲਪਾਂ ਦੇ ਆਧਾਰ ਤੇ ਸੰਰਚਨਾਵਾਦ ਦੇ ਵਿਸ਼ੇਸ਼ ਪ੍ਰਕਾਰ ਦੇ ਨਿਖੇੜੇ ਕੀਤੇ ਜਾਂਦੇ ਹਨ।

ਸੰਰਚਨਾਵਾਦੀ ਚਿੰਤਕ ਦਾ ਕਾਰਜ ਉਪਰੋਕਤ ਸਾਰੀਆਂ ਦ੍ਰਿਸ਼ਟੀਆਂ ਚਿਹਨ-ਸਿਰਜਕ ਹੀ ਹਨ ਤੇ ਉਨ੍ਹਾਂ ਦਾ ਭਾਸ਼ਾ ਅਤੇ ਵਿਆਕਰਣ ਦੇ ਪੱਧਰ ਤੇ ਅਧਿਐਨ ਕਰਨਾ ਹੈ ਤੇ ਇਸ ਦਾ ਸੰਬੰਧ ਦਰਸ਼ਨ ਦੀ ਬਜਾਏ ਵਿਆਕਰਣ ਭਾਵ ਵਿਗਿਆਨਿਕ ਨਿਖੇੜੇ ਦੀ ਸ਼ਬਦਾਵਲੀ ਨਾਲ਼ ਹੈ। ਪਹਿਲਾਂ ਚੱਲ ਰਹੀ ਵਿੱਦਿਆ ਵਿੱਚ ਵਿਅਕਤੀ ਪ੍ਰਧਾਨ ਸੀ ਅਤੇ ਇਤਿਹਾਸਕ ਪ੍ਰਕਿਰਿਆ ਦਾ ਅਧਿਐਨ ਹੀ ਕੇਂਦਰ ਵਿਚ ਸੀ। ਕੁਝ ਸਮੇਂ ਬਾਅਦ ਪ੍ਰਤੀਕਵਾਦੀਆਂ ਨੇ ਕੁਝ ਧਿਆਨ ਵਸਤੂ ਉੱਪਰ ਦੇਣਾ ਸ਼ੁਰੂ ਕੀਤਾ। ਪਰ ਸੰਰਚਨਾਵਾਦ ਦੇ ਆਉਣ ਨਾਲ ਨਿਸ਼ਚਿਤ ਨੇਮਾਂ ਤੇ ਨਿਖੇੜਿਆਂ ਦੇ  ਸੰਸਾਰ  ਵਿਚ ਚੱਲੇ ਜਾਂਦੇ ਹਾਂ ਤੇ ਚਿਹਨ-ਲਿਪੀ ਰਾਹੀਂ ਅਜਿਹੀ ਸਿਰਜਣਾ ਕੀਤੀ ਜਾਣ ਲੱਗੀ ਜੋ ਉਸ ਦੀ ਉਸਾਰੀ ਦੇ ਨੇਮਾਂ ਨੂੰ ਵੀ ਉਜਾਗਰ ਕਰੇ। ਉਹ ਮੂਲ ਸਿਰਜਣਾ ਕਰਨ ਦੀ ਬਜਾਏ, ਉਸਨੂੰ ਉਜਾਗਰ ਕਰਦੀ ਹੈ, ਵਸਤੂ  ਅਤੇ ਸਾਹਿਤ-ਸਮਾਲੋਚਨਾ ਵਿਚਲਾ ਨਿਖੇੜਾ ਸਾਡੇ ਲਈ ਬੁਨਿਆਦੀ ਮਹੱਤਵ ਵਾਲਾ ਵਿਸ਼ਾ ਹੈ। ਸੰਰਚਨਾਵਾਦੀ ਆਲੋਚਨਾ ਸਾਹਿਤ ਦਾ ਵਿਸ਼ਲੇਸ਼ਣ ਕਰਨ ਵੇਲੇ ਉਸ ਨੂੰ ਤੋੜ ਕੇ ਮੁੜ ਏਦਾਂ ਜੋੜਦਾ ਹੈ  ਕਿ ਉਸ ਦੇ ਅੰਗਾਂ ਅੰਸ਼ਾ ਦੇ ਅੰਤਰ-ਸੰਬੰਧ ਸਪਸ਼ਟ ਹੁੰਦੇ ਜਾਂਦੇ ਹਨ। ਪਦਾਰਥਵਾਦੀ ਆਲੋਚਕ ਵਾਸਤਵਿਕਤਾ ਵੱਲ ਰੁਚਿਤ ਹਨ, ਸੰਰਚਨਾਵਾਦੀ ਆਲੋਚਕ ਸਿਰਜਣਾ ਦੇ ਨੇਮਾਂ ਵੱਲ।।37॥  ਸਿਰਜਣਾ ਦੇ ਨੇਮਾਂ ਦਾ ਵਿਸ਼ਲੇਸ਼ਣ ਹੀ ਸੰਰਚਨਾਵਾਦੀ ਅਧਿਐਨ ਦਾ ਕੇਂਦਰ ਬਿੰਦੂ ਹੈ। ਸੰਰਚਨਾਵਾਦ ਦਾ ਕੇਂਦਰਾਂ ਨੁਕਤਾ ਭਾਵੇਂ ਸੰਰਚਨਾ ਹੈ ਪਰ ਇਸਨੂੰ ਬਹੁਤੇ ਖੇਤਰਾਂ ਭਾਵ ਸਭਿਆਚਾਰ, ਸਮਾਜ-

ਸ਼ਾਸਤਰ, ਇਤਿਹਾਸ, ਮਾਨਵ-ਵਿਗਿਆਨ ਅਰਥ-ਵਿਗਿਆਨ ਵਿਚ ਵਰਤਿਆ ਜਾਂਦਾ ਹੈ। ਜਿਸ ਕਾਰਣ ਇਹ ਕਿਸੇ ਨਿਸ਼ਚਿਤ ਪਰਿਭਾਸ਼ਾ ਵਿਚ ਨਹੀਂ ਬੱਝ ਸਕਿਆ ਕਿਉਂਕਿ ਹਰ ਖੇਤਰ ਦੀ ਆਪਣੀ ਵੱਖਰੀ ਸਮਝ ਹੁੰਦੀ ਹੈ, ਜੋ ਉਹਦੇ ਅਨੁਸਾਰ ਹੀ ਅਰਥ ਗ੍ਰਹਿਣ ਕਰਦੀ ਹੈ। ਸੰਰਚਨਾ ਵਸਤੂ ਜਾਂ ਵਸਤੂ-ਸਿਰਜਣਾ ਦਾ ਇੱਕ ਟੋਟਾ ਹੈ ਜਿਸ ਦੇ ਅੰਗ ਆਪਸੀ ਸੰਬੰਧਾਂ ਵਿਚ ਜੁੜੇ ਹੁੰਦੇ ਹਨ।।38॥ 'ਸੰਰਚਨਾ ਤੇ ਅਧਾਰਿਤ ਇਹ ਅਧਿਐਨ ਪ੍ਰਣਾਲੀ ਸਾਹਿਤ ਤੋਂ ਬਿਨ੍ਹਾਂ ਵੀ ਅਲੱਗ-ਅਲੱਗ ਵਿਗਿਆਨਾਂ ਨਾਲ਼ ਸਬੰਧਿਤ ਹੈ। ਹਰ ਇੱਕ ਸਾਹਿਤਕ- ਕਿਰਤ ਵਿਚ ਅਨੇਕਾਂ ਤੱਤ ਮੌਜੂਦ ਹੁੰਦੇ ਹਨ ਤੇ ਆਪਸ ਵਿੱਚ ਜੁੜੇ ਹੁੰਦੇ ਹਨ। ਇਨ੍ਹਾਂ ਨੂੰ ਪਛਾਣਨਾ ਅਤੇ ਨਿਖੇੜਨਾ ਸੰਰਚਨਾਵਾਦੀਆਂ ਦੇ ਅਧਿਐਨ ਖੇਤਰ ਵਿਚ ਆਉਂਦਾ ਹੈ। ਸੰਰਚਨਾਵਾਦੀ ਚਿੰਤਨ ਦਾ ਸੰਬੰਧ ਵਸਤੂ-ਅਨੁਭਵ ਦੀ ਬਜਾਏ, ਵਸਤੂ ਨਾਲ਼ ਸਥਾਪਿਤ ਕਰਦਿਆਂ ਗਿਆਨ ਅਤੇ ਅਨੁਭਵ ਦਾ ਨਿਖੇੜਾ ਕਰਨ ਨਾਲ਼ ਹੈ। ਰਹੱਸ ਇੱਕ ਅਜਿਹਾ ਖੇਤਰ ਹੈ ਜੋ ਅਨੁਭਵ ਹੀ ਨਹੀਂ ਕੀਤਾ ਜਾ ਸਕਦਾ ਹੈ। ਸੰਰਚਨਾਵਾਦੀ ਅਨੁਭਵਾਂ ਨੂੰ ਪੂਰੀ ਤਰ੍ਹਾਂ ਆਪਣੇ ਵਿਚੋਂ ਖਾਰਜ ਨਹੀਂ ਕਰਦਾ, ਸਗੋਂ ਉਸ ਨੂੰ ਵਸਤੂ ਵਾਂਗ ਗ੍ਰਹਿਣ ਕਰਦਿਆਂ ਉਸ ਦਾ ਨੇਮ-ਪ੍ਰਬੰਧ ਉਸਾਰਦਾ ਹੈ। ਡਾ. ਹਰਿਭਜਨ ਸਿੰਘ ਨੇ 'ਅਰਬਦ ਨਰਬਦ ਧੁੰਦੂਕਾਰਾ' ਸ਼ਬਦ ਦੀ ਉਦਾਹਰਣ ਰਾਹੀਂ ਅਨੁਭਵ ਦੀ ਵਿਆਖਿਆ ਕੀਤੀ ਹੈ।

### 3.7.1 ਸੰਰਚਨਾਵਾਦੀ ਲਿਖਣ ਸਿਧਾਂਤ

ਡਾ. ਹਰਿਭਜਨ ਸਿੰਘ ਲਿਖਣ ਸਿਧਾਂਤ ਸੰਬੰਧੀ ਵਿਚਾਰ ਕਰਦਿਆਂ ਲਿਖਣ ਸ਼ੈਲੀ ਅਤੇ ਉਸਦੇ ਪ੍ਰਯੋਜਨ ਸੰਬੰਧੀ ਚਰਚਾ ਕਰਦਾ ਹੈ। ਸਾਹਿਤ-ਪਾਠ ਦੀ ਸੁਤੰਤਰਤਾ ਅਤੇ ਸਾਹਿਤ-ਕਿਰਤ ਦੀ ਅਜਨਬੀਅਤ ਰੂਸੀ ਰੂਪਵਾਦ ਦੀਆਂ ਦੋ ਪ੍ਰਮੁੱਖ ਸਥਾਪਨਾਵਾਂ ਹਨ ਅਤੇ ਜਿਸ ਵਿੱਚ ਪਰਾਗ ਸਕੂਲ ਦੀ ਮੂਲ ਸਥਾਪਨਾ ਭਾਸ਼ਾ ਦੇ ਪ੍ਰਯੋਜਨ ਨਾਲ਼ ਸਬੰਧਿਤ ਹੈ। ਸੰਰਚਨਾਵਾਦੀ ਲਿਖਣ ਸਿਧਾਂਤ ਵਿਚ ਸਾਹਿਤ ਪਾਠ ਸੰਰਚਨਾ ਦੀ ਰਚਨਾ ਕਰਦਾ ਹੈ ਉਹ ਲੇਖਕ ਨੂੰ ਇੱਕ ਅਰਥ ਪਹੁੰਚਾਉਣ ਦੀ ਬਜਾਏ, ਇੱਕ ਰੂਪ-ਪ੍ਰਬੰਧ ਪਹੁੰਚਾਉਂਦਾ ਹੈ। ਰੂਪ-ਪ੍ਰਬੰਧ ਦੇ ਲੇਖਕ ਨਾਲ਼ ਮੇਲਣੀ ਹੀ ਅਰਥ ਉਜਾਗਰ ਕਰੇਗੀ। ਇਹ ਇੱਕ ਪ੍ਰਕਾਰ ਦਾ ਨਵਾਂ ਲਿਖਣ-ਸਿਧਾਂਤ (ਠਹਓਰੇੋਡ ਾਰਟਿਨਿਗ) ਹੈ। ਇਸ ਲਿਖਣ ਸਿਧਾਂਤ ਦਾ ਜ਼ੋਰ ਰੂਪ ਹੈ, ਨਾ ਕਿ ਵਸਤੂ ਉੱਪਰ ਕਿਉਂਕਿ ਰੂਪ ਲਗਾਤਾਰ ਵਸਤੂ ਦੀ ਰਚਨਾ ਕਰਦਾ ਹੈ, ਵਸਤੂ ਰੂਪ ਦੀ ਨਹੀਂ। ਇੱਕ ਰੂਪ ਹੀ ਅਨੇਕ ਪਾਠਕਾਂ ਦੇ ਸੰਪਰਕ ਵਿਚ ਆਉਣ ਨਾਲ਼ ਅਨੇਕ ਅਰਥਾਂ ਨੂੰ ਜਨਮ ਦਿੰਦਾ ਹੈ, ਪਰ ਅਨੇਕ ਅਰਥ ਇੱਕ ਰੂਪ ਦੀ ਰਚਨਾ ਨਹੀਂ ਕਰਦੇ। ਅਜਨਬੀਅਤ ਇੱਕ ਅਜਿਹਾ ਲਿਖਣ-ਸਿਧਾਂਤ ਹੈ ਜੋ ਲਿਖਤ ਨੂੰ ਲੇਖਕ ਦੀ ਆਤਮਿਕਤਾ ਤੋਂ ਮੁਕਤ ਕਰ ਦਿੰਦਾ ਹੈ। ਡਾ. ਹਰਿਭਜਨ ਸਿੰਘ ਨੇ ਜੂਲੀਆ ਕ੍ਰਿਸਤੇਵਾ ਦੇ ਹਵਾਲੇ ਰਾਹੀਂ ਇਸ ਲਿਖਣ-ਸਿਧਾਂਤ ਨੂੰ ਸਮਝਾਇਆ ਹੈ। ਹਰ ਪਾਠ ਵਿਚ ਪੂਰਬਲੇ ਪਾਠਾਂ ਵਿਚੋਂ ਹੀ ਪੈਦਾ ਹੁੰਦੇ ਹਨ ਅਤੇ ਅਗਲੇ ਆਉਣ ਵਾਲੇ ਪਾਠਾਂ ਲਈ ਵੀ ਦ੍ਰਿਸ਼ਟੀ-ਬਿੰਦੂ ਜਾਂ ਰੂੜ੍ਹੀਆਂ ਬਣਦੇ ਹਨ।

ਸੋਸਿਊਰ ਭਾਸ਼ਾ ਅਤੇ ਉਚਾਰ ਵਿਚਲੀ ਵੱਖਰਤਾ ਨੂੰ ਸਿਸਟਮ ਅਤੇ ਉਚਾਰ ਦੇ ਦਵੰਦ ਵਿਚ ਮੰਨਦਾ ਹੈ ਇਸੇ ਉੱਤਪਤੀ ਨੂੰ ਉਹ ਸੰਰਚਨਾ ਦਾ ਮੂਲ ਆਧਾਰ ਸਵੀਕਾਰਦਾ ਹੈ। ਪੰਜਾਬੀ ਸੰਰਚਨਾਵਾਦੀ ਚਿੰਤਕ ਪਾਠ ਅਤੇ ਅਧਿਐਨ ਨੂੰ ਦਵੰਦਾਤਾਮਕ ਦੱਸਦਿਆਂ ਇਨ੍ਹਾਂ ਵਿਚਲੇ ਦਵੰਦ ਅਤੇ ਪੈਦਾ ਹੋਏ ਪ੍ਰਸ਼ਨਾਂ ਬਾਰੇ ਚਰਚਾ ਕਰਦਿਆਂ ਇਨ੍ਹਾਂ ਦੋਹਾਂ ਦੀ ਸਮੱਸਿਆਵਾਂ ਨੂੰ ਉਜਾਗਰ ਕਰਦੇ ਹਨ। ਇਸ ਲਿਖਣ ਸਿਧਾਂਤ ਪ੍ਰਤੀ ਰੋਲਾਂ ਬਾਰਤ ਦੇ ਵਿਚਾਰਾਂ ਤੇ ਚਿੰਤਨ ਨੂੰ ਵੀ ਦਰਸਾਇਆ ਹੈ। ਉਹ ਲਿਖਣ-ਕਾਰਜ ਨੂੰ ਅਕਰਮਕ ਕਾਰਜ ਆਖਦਾ ਹੈ ਕਿ ਲਿਖਤ ਨਾਲ਼ ਲੇਖਕ ਅਤੇ ਪਾਠਕ ਦੇ ਸਬੰਧ ਵੱਖ-ਵੱਖ ਹੁੰਦੇ ਹਨ। ਇਸ ਤੋਂ ਉਪਰੰਤ ਆਧੁਨਿਕ ਯੁੱਗ ਵਿਚਲੇ ਲਿਖਣ-ਸਿਧਾਂਤ ਨੂੰ ਵੀ ਵਿਚਾਰਿਆ ਗਿਆ। ਕੋਈ ਲਿਖਤ ਲਿਖਣ ਤੋਂ ਪਹਿਲਾਂ ਲੇਖਕ ਨੂੰ ਅਤੇ ਪੜ੍ਹਨ ਤੋਂ ਪਹਿਲਾਂ ਪਾਠਕ ਨੂੰ ਸਾਹਿਤਕ ਰੂੜ੍ਹੀਆਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਕਿਉਂਕਿ ਕੋਈ ਵੀ ਰਚਨਾ ਇਨ੍ਹਾਂ ਰੂੜ੍ਹੀਆਂ ਤੋਂ ਬਿਨ੍ਹਾਂ ਅਸੰਭਵ ਹੈ। ਸੰਰਚਨਾਵਾਦ ਇਸ ਅਜੋਕੀ ਮਾਨਸਿਕ ਤਬਦੀਲੀ ਦਾ ਪ੍ਰਤੀਕ ਹੀ ਹੈ। ਜਿਸ ਕਿਸਮ ਦੇ ਸਾਹਿਤ ਦੀ ਰਚਨਾ ਵਰਤਮਾਨ ਵਿਚ ਹੋਈ ਹੈ, ਉਸ ਦੀ ਅਣਹੋਂਦ ਵਿਚ ਸੰਰਚਨਾਵਾਦੀ ਦ੍ਰਿਸ਼ਟੀ ਉੱਪਰ ਨਿੱਠ ਕੇ ਗੱਲ ਬਾਤ

ਨਹੀਂ ਹੋ ਸਕਦੀ। ਰੋਲਾਂ ਬਾਰਤ ਦੀ ਨਜ਼ਰ ਵਿਚ ਜੋ ਕੇਵਲ ਪੜ੍ਹਣਯੋਗ ਹੈ, ਉਹ ਇੱਕ ਹਦ ਤੱਕ ਸਾਡਾ ਵੈਰੀ ਹੈ ਕਿਉਂਕਿ ਉਹ ਇੱਕ ਤਰ੍ਹਾਂ ਦੀ ਨਿਰਾਰਥਕਤਾ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਲਿਖਣ ਯੋਗ ਸਾਹਿਤ ਵਿਸ਼ੇਸ਼ ਤੌਰ ਤੇ ਮੁਲਵਾਨ ਹੈ, ਕਿਉਂਕਿ ਉਸ ਵਿਚ ਅਰਥ-ਵਿਸਥਾਰ ਦੀ ਸੰਭਾਵਨਾ ਹੈ। ਉਹ ਅਜੇ ਅਧੂਰਾ ਹੈ, ਫੈਲਾਓਸ਼ੀਲ ਹੋਣ ਕਾਰਣ ਉਹ ਸੰਪੂਰਣਤਾ ਦਾ, ਪੂਰਨ ਸਪਸ਼ਟਤਾ, ਦਾ ਵਿਰੋਧੀ ਹੈ।।39॥ ਪੰਜਾਬੀ ਚਿੰਤਨ ਅਰਥ ਦੇ ਨਾਲ-ਨਾਲ ਜੀਵਨ ਅਤੇ ਮਾਨਸਿਕਤਾ ਦੀ ਗਤੀਸ਼ੀਲਤਾ ਉੱਪਰ ਵੀ ਨਜ਼ਰ ਰੱਖਦਾ ਹੈ। ਰੋਲਾਂ ਬਾਰਤ ਦੁਜੈਲੇ ਚਿਹਨ ਸਿਸਟਮ ਦੀ ਗੱਲ ਕਰਦਾ ਹੈ ਜੋ ਕਿ ਪਾਠ ਦੀ ਅਰਥ-ਵਿਸਥਾਰ ਸੰਭਾਵਨਾ ਨੂੰ ਸਾਹਮਣੇ ਲਿਆਉਂਦਾ ਹੈ। ਇਸਨੂੰ ਕੇਂਦਰੀਕਰਣ ਦੀ ਥਾਂ ਤੇ ਵਿਕੇਂਦਰੀਕਰਣ ਪ੍ਰਕ੍ਰਿਆ ਮੰਨਿਆ ਜਾਂਦਾ ਹੈ। ਇਸੇ ਵਿਕੇਂਦਰੀਕਰਨ ਨੂੰ ਸਮਝਣ ਲਈ ਪਰੰਪਰਾਵਾਦੀ ਆਲੋਚਨਾ ਨੂੰ ਸਮਝਣਾ ਜ਼ਰੂਰੀ ਹੈ। ਸੰਰਚਨਾਵਾਦੀ ਆਲੋਚਨਾ, ਇੱਕ ਨਵੇਂ ਕਿਸਮ ਦੇ ਗਿਆਨ- ਅਨੁਸ਼ਾਸ਼ਨਾਂ ਨਾਲ਼ ਸੰਬੰਧ ਰੱਖਦੀ ਹੈ। ਸੰਰਚਨਾਵਾਦ ਦੀ ਮੂਲ ਸਥਾਪਨਾ ਅਨੁਸਾਰ:

ਵਸਤੂ ਭਾਸ਼ਾ ਹੈ, ਵਿੱਦਿਆ ਦਾ ਕੰਮ ਹੈ ਭਾਸ਼ਾ ਦੇ ਨੇਮਾਂ ਜਾਂ ਵਿਆਕਰਣ ਨੂੰ ਉਜਾਗਰ ਕਰਨਾ ਭਾਸ਼ਾ ਦੀ ਬਾਣੀ ਵਸਤੂ (ਸਾਹਿਤ) ਵੀ ਭਾਸ਼ਾ ਹੈ, ਆਲੋਚਨਾ ਦਾ ਕੰਮ ਹੈ, ਉਸ ਦੇ ਵਿਆਕਰਣ ਨੂੰ ਸਪਸ਼ਟ ਕਰਨਾ। ਸੰਰਚਨਾਵਾਦੀ ਆਲੋਚਨਾ ਭਾਸ਼ਾ ਨੂੰ ਮਾਡਲ ਮੰਨ ਕੇ ਉਸ ਦਾ ਵਿਸ਼ਲੇਸ਼ਣ ਕਰਦੀ ਹੈ।।40॥ ਭਾਵ ਸੰਰਚਨਾਵਾਦੀ ਆਲੋਚਨਾ ਭਾਸ਼ਾ ਕੇਂਦਰਿਤ ਹੈ ਤੇ ਇਸ ਦੇ ਵਿਆਕਰਣ ਨੂੰ ਸਪਸ਼ਟ ਕਰਨ ਦੀ ਵੱਖਰੀ ਵਿਧੀ ਹੈ।

ਡਾ. ਹਰਿਭਜਨ ਸਿੰਘ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਕਾਰਜ ਹੁੰਦੇ ਹੋਏ ਵੀ ਇਨ੍ਹਾਂ ਨੂੰ ਸਮਰੂਪ ਦੱਸਦਾ ਹੈ ਤੇ ਰੋਲਾਂ ਬਾਰਤ ਦੁਆਰਾ ਭਾਸ਼ਾ ਅਤੇ ਸਾਹਿਤ ਦੀ ਕਾਲਮੁਖਤਾ ਸੰਬੰਧੀ ਦਿੱਤੇ ਵਿਚਾਰਾਂ ਨੂੰ ਵੀ ਸੰਖੇਪ ਰੂਪ ਵਿਚ ਪੇਸ਼ ਕਰਦਾ ਹੈ। ਸਾਹਿਤ ਅਤੇ ਕਲਾ ਬਾਰੇ ਲਗਾਤਾਰ ਵਿਚਾਰ ਚਰਚਾ ਕਰਦਿਆਂ ਸੰਰਚਨਾਵਾਦ ਨੂੰ ਇਕੋ ਸਮੇਂ ਵਿਗਿਆਨ, ਫਿਲਾਸਫੀ ਅਤੇ ਕਲਾ ਨਾਲ ਸਬੰਧਿਤ ਦਰਸਾਉਂਦਾ ਹੈ। ਸੰਰਚਨਾਵਾਦੀ ਚਿੰਤਨ ਇੱਕ ਇਸ ਤਰ੍ਹਾਂ ਦੀ ਕਲਾਤਮਕਤਾ ਹੈ ਜਿਸ ਨੇ ਵਿਵਸਥਾ ਨੂੰ ਇੱਕ ਦਾਰਸ਼ਨਿਕ ਸਮੱਸਿਆ ਬਣਾ ਲਿਆ ਹੈ।

### 3.7.2 ਸਾਹਿਤ ਸੰਰਚਨਾ ਦੇ ਭਾਸ਼ਾ-ਵਿਗਿਆਨਕ ਆਧਾਰ

ਸੰਰਚਨਾਵਾਦ ਦਾ ਜਨਮ ਸਾਹਿਤ-ਚਿੰਤਨ ਵਿਚੋਂ ਨਹੀਂ ਬਲਕਿ ਭਾਸ਼ਾ ਵਿਗਿਆਨ ਤੇ ਮਾਨਵ-ਵਿਗਿਆਨ ਵਿਚੋਂ ਹੋਇਆ ਮੰਨਿਆ ਜਾ ਸਕਦਾ ਹੈ। ਸਾਹਿਤ ਸਮੀਖਿਆ ਵਿਚ ਇਸ ਦੀ ਵਰਤੋਂ ਭਾਸ਼ਾ ਅਤੇ ਸਾਹਿਤ ਬਾਹਰੀ ਭਾਸ਼ਾ ਦੇ ਆਪਸੀ ਸਬੰਧ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਇਹ ਸਮੀਖਿਆ ਸੋਸਿਊਰ ਦੁਆਰਾ ਦਿੱਤੇ ਭਾਸ਼ਾ- ਵਿਗਿਆਨ ਮਾਡਲ ਦੇ ਸੰਕਲਪਾਂ ਦੀ ਹੀ ਵਰਤੋਂ ਕਰਦੀ ਹੈ।

ਸੋਸਿਊਰ ਦੁਆਰਾ ਭਾਸ਼ਾ ਵਿਗਿਆਨ ਮਾਡਲ ਲਈ ਭਾਸ਼ਾ ਅਤੇ ਉਚਾਰ ਦਾ ਜੋ ਨਿਖੇੜਾ ਕੀਤਾ ਗਿਆ ਉਹ ਸੰਰਚਨਾਵਾਦੀ ਸਮੀਖਿਆ ਨੇ ਅੰਤਰ-ਦ੍ਰਿਸ਼ਟੀ ਵਾਂਗ ਗ੍ਰਹਿਣ ਕੀਤਾ। ਲਾਂਗ ਨੂੰ ਉਹ ਭਾਸ਼ਾ ਸਿਸਟਮ ਤੇ ਪੈਰੋਲ ਨੂੰ ਵਿਅਕਤੀਗਤ ਉਚਾਰ ਆਖਦਾ ਹੋਇਆ ਇਨ੍ਹਾਂ ਦੀ ਵੱਖਰਤਾ ਪੇਸ਼ ਕਰਦਾ ਹੈ। ਭਾਸ਼ਾ ਵਿਗਿਆਨ ਅਨੁਸਾਰ ਭਾਸ਼ਾ ਦੀ ਸਮਝ ਲਈ, ਭਾਸ਼ਕ ਪ੍ਰਬੰਧ ਦੀ ਸਮਝ ਹੋਣੀ ਚਾਹੀਦੀ ਹੈ ਇਸੇ ਤਰ੍ਹਾਂ ਉਨ੍ਹੀ ਦੇਰ ਤੱਕ ਸਾਹਿਤ ਰਚਨਾ ਦਾ ਅਧਿਐਨ ਸਾਰਥਕ ਹੋ ਹੀ ਨਹੀਂ ਸਕਦਾ ਜਿੰਨੀ ਦੇਰ ਤੱਕ ਸਾਨੂੰ ਸਾਹਿਤ-ਪ੍ਰਬੰਧ ਦੇ ਨੇਮਾਂ ਦਾ ਨਾ ਪਤਾ ਹੋਵੇ। ਰੋਮਨ ਜੈਕਬਸਨ ਅਤੇ ਨਾਰਥਰੋਪ ਫਰਾਈ ਦੇ ਇਸ ਸੰਕਲਪ ਨੂੰ ਕਾਵਿ-ਚਿੰਤਨ ਵਿਚ ਕੰਮ ਆਉਣ ਵਾਲੀ ਨਵੀਂ ਅੰਤਰ-ਦ੍ਰਿਸ਼ਟੀ ਕਿਹਾ ਹੈ ਸੰਰਚਨਾ ਅਤੇ ਸਿਸਟਮ ਦੇ ਸੰਕਲਪ ਵੀ ਭਾਸ਼ਾ ਵਿਗਿਆਨ ਮਾਡਲ ਤੋਂ ਹੀ ਪ੍ਰਾਪਤ ਹੋਏ ਹਨ। ਇਸ ਤੋਂ ਉਪਰੰਤ ਡਾ. ਹਰਿਭਜਨ ਸਿੰਘ ਨੇ ਸੋਸਿਊਰ ਦੇ ਚਿਹਨ-ਸੰਕਲਪ ਨੂੰ ਉਭਾਰਿਆ ਤੇ ਉਸ ਦੀ ਦੇਣ ਬਾਰੇ ਚਰਚਾ ਕੀਤੀ। ਭਾਸ਼ਾ ਸੰਰਚਨਾਵਾਂ ਦਾ ਬੁਨਿਆਦੀ ਸੰਕਲਪ ਚਿਹਨ ਹੀ ਹੈ। ਇਹ ਧੁਨੀ ਬਿੰਬ ਨੂੰ ਸੰਕਲਪ ਨਾਲ਼ ਜੋੜਦਾ ਹੈ।

ਉਸ ਅਨੁਸਾਰ ਇੱਕ ਸ਼ਬਦ ਵਸਤੂ ਦਾ ਨਾਂ ਵੀ ਹੈ, ਧੁਨੀ ਬਿੰਬ ਅਤੇ ਸੰਕਲਪ ਵੀ। ਇਸ ਤਰ੍ਹਾਂ ਉਹ ਵਸਤੂ ਨੂੰ ਚਿਹਨ, ਧੁਨੀ ਬਿੰਬ ਨੂੰ ਚਿਹਨਕ ਅਤੇ ਸੰਕਲਪ ਨੂੰ ਚਿਹਨਤ ਆਖਦਾ ਹੈ। ਚਿਹਨਕ ਅਤੇ ਚਿਹਨਤ ਵਿਚਲਾ ਰਿਸ਼ਤਾ ਆਪਹੁਦਰਾ ਹੈ ਜਿਸ ਕਾਰਨ ਸਾਰੇ ਸੰਸਾਰ ਵਿਚ ਮਨੁੱਖਤਾ ਦੀ ਭਾਸ਼ਾ ਵੱਖੋ-ਵੱਖ ਹੈ। ਜੇ ਅਜਿਹਾ ਨਾ ਹੁੰਦਾ ਤਾਂ ਇਕੋ ਵਸਤੂ ਨੂੰ ਅਲੱਗ-ਅਲੱਗ ਨਾਵਾਂ ਨਾਲ਼ ਜਾਨਣ ਦੀ ਬਜਾਏ ਦੁਨੀਆਂ ਭਰ ਵਿਚ ਇੱਕੋ ਨਾਂਵ ਨਾਲ ਜਾਣਿਆ ਜਾਂਦਾ। ਭਾਸ਼ਾ ਵਾਂਗ ਸਾਹਿਤ-ਸਿਰਜਨਾਵਾਂ ਦੇ ਵੀ ਆਪਣੇ ਚਿਹਨ ਹੁੰਦੇ ਹਨ। ਸਾਹਿਤ ਵਿਚਲੇ ਚਿਹਨਕ ਵੀ ਕੁਝ ਵਿਚਾਰਾਂ ਜਾਂ ਭਾਵਾਂ ਨੂੰ ਚਿਹਨਤ ਕਰਦੇ ਹਨ। ਸਾਹਿਤ ਦੇ ਚਿਹਨਕਾਂ ਅਤੇ ਚਿਹਨਤਾਂ ਦਾ ਆਪਸੀ ਸਬੰਧ ਵੀ ਭਾਸ਼ਾ ਵਾਂਗ ਅਪਹੁਦਰਾ ਹੀ ਹੁੰਦਾ ਹੈ।

ਧੁਨੀ ਬਿੰਬਾਂ ਅਤੇ ਸਾਹਿਤ-ਰੂਪਾਂ ਦਾ ਰਿਸ਼ਤਾ ਵੀ ਉਸੇ ਤਰ੍ਹਾਂ ਆਪਹੁਦਰਾ ਹੈ ਜਿਸ ਤਰ੍ਹਾਂ ਸੰਕਲਪ ਅਤੇ ਧੁਨੀ ਬਿੰਬ ਦਾ ਆਪਸ ਵਿਚਲਾ ਰਿਸ਼ਤਾ ਆਪਹੁਦਰਾ ਹੁੰਦਾ ਹੈ। ਜਿਹੜੇ ਸਮੀਖਿਆਕਾਰ ਸਾਹਿਤ ਦੇ ਇਸ ਆਪਹੁਦਰੇ ਵਰਤਾਰੇ ਨੂੰ ਨਹੀਂ ਸਮਝਦੇ, ਉਹ ਸਾਹਿਤਕ ਭੇਦਾਂ ਤੱਕ ਨਹੀਂ ਪਹੁੰਚ ਸਕਦੇ।

ਭਾਸ਼ਾ ਦੀ ਇਕਾਲਕ (Synchronic) ਅਤੇ ਦੁਕਾਲਕ (Diachronic) ਪਹੁੰਚ ਵਿਚ ਨਿਖੇੜਾ ਵੀ ਸੋਸਿਊਰ ਦੀ ਭਾਸ਼ਾ ਵਿਗਿਆਨ ਨੂੰ ਇੱਕ ਮਹੱਤਵਪੂਰਨ ਦੇਣ ਹੈ। ਜਦੋਂ ਭਾਸ਼ਾ ਦਾ ਸਮੁੱਚਾ-ਪ੍ਰਬੰਧ ਜਾਂ ਉਸ ਦਾ ਕੋਈ ਅੰਗ ਇਕੱਠੇ ਭਾਵ ਇੱਕੋ ਸਮੇਂ ਹੋਂਦ ਵਿਚ ਹੁੰਦੇ ਹਨ ਤਾਂ ਇਸਨੂੰ ਭਾਸ਼ਾ ਵਿਗਿਆਨ ਅਧਿਐਨ ਦੀ ਇਕਾਲਕ ਪਹੁੰਚ ਕਿਹਾ ਜਾ ਸਕਦਾ ਹੈ। ਜਦੋਂ ਭਾਸ਼ਾ ਦੇ ਕਿਸੇ ਇੱਕ ਤੱਤ ਨੂੰ ਸਮਕਾਲੀ ਪਹੁੰਚ ਜਾਂ ਭਾਸ਼ਾ ਪ੍ਰਬੰਧ ਤੋਂ ਨਿਖੇੜ ਕੇ ਪੂਰਬਕਾਲੀ ਕਾਲ ਪ੍ਰਵਾਹ ਵਿਚ ਵਿਚਾਰਿਆ ਜਾਂਦਾ ਹੈ ਤਾਂ ਇਹ ਭਾਸ਼ਾ ਦੀ ਦੁਕਾਲਕ ਪਹੁੰਚ ਕਹਿਲਾਉਂਦੀ ਹੈ। ਇਤਿਹਾਸਵਾਦ ਭਾਵ-ਪੂਰਬਲੀ ਪਹੁੰਚ ਦੀ ਅਪੂਰਣਤਾ ਸਿੱਧ ਕਰਨ ਲਈ ਸੋਸਿਊਰ ਨੇ ਇਕਾਲਕ ਪਹੁੰਚ ਉੱਪਰ ਬਲ ਦਿੱਤਾ ਹੈ। ਭਾਸ਼ਾ ਦੀ ਇਸੇ ਇਕਾਲਕ ਪਹੁੰਚ ਦਾ ਪ੍ਰਭਾਵ ਸਾਹਿਤ ਉੱਪਰ ਵੀ ਦੇਖਿਆ ਜਾਣ ਲੱਗਾ। ਇਹ ਪਹੁੰਚ ਵਿਧੀ ਸੰਰਚਨਾ ਅਧਿਐਨ ਨੂੰ ਹੀ ਮਹੱਤਵਸ਼ੀਲ ਮੰਨਦੀ ਹੈ। ਇਸੇ ਵਿਧੀ ਰਾਹੀਂ ਹੀ ਸਾਹਿਤ ਦੇ ਪ੍ਰਯੋਜਨ ਦੀ ਪਹਿਚਾਣ ਕੀਤੀ ਜਾਂਦੀ ਹੈ।

ਉਪਰੋਕਤ ਦੂਜੇ ਸੰਕਲਪ ਤੋਂ ਬਾਅਦ ਸੋਸਿਊਰ ਨੇ ਚਿਹਨਾਂ ਦੇ 'Syntagmatic' ਅਤੇ Paradigmatic ਸੰਬੰਧਾਂ ਵਿਚਕਾਰ ਨਿਖੇੜਾ ਸਥਾਪਿਤ ਕੀਤਾ। ਇਨ੍ਹਾਂ ਸੰਕਲਪਾਂ ਨੂੰ ਵੀ ਸੰਰਚਨਾਵਾਦੀ ਚਿੰਤਕਾਂ ਦੁਆਰਾ ਸਾਹਿਤ ਵਿਚ ਲਾਗੂ ਕੀਤਾ ਗਿਆ ਤੇ ਇਨ੍ਹਾਂ ਸੰਕਲਪਾਂ ਦਾ ਸਬੰਧ ਸਾਹਿਤ ਨਾਲ਼ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਭਾਸ਼ਾ ਵਿਗਿਆਨ ਨਾਲ਼ ਹੈ। Syntagmatic ਅਤੇ Paradigmatic ਵਿਚਕਾਰ ਸਾਹਿਤਕ ਨਿਖੇੜਾ ਸਥਾਪਿਤ ਕਰਦਿਆਂ ਡਾ. ਹਰਿਭਜਨ ਸਿੰਘ ਨੇ ਇਸੇ ਅੰਤਰ ਦ੍ਰਿਸ਼ਟੀ ਨੂੰ ਰੋਮਨ ਜੈਕਬਸਨ ਦੁਆਰਾ ਸਰਲ ਤਰੀਕੇ ਨਾਲ ਕਿਵੇਂ ਸਮਝਾਇਆ ਦੱਸਦਿਆਂ ਉਸ ਦੇ Metaphar ਅਤੇ metonymy ਅਜਿਹੇ ਸ਼ਬਦ ਹਨ ਜਿੰਨ੍ਹਾਂ ਰਾਹੀਂ ਉਸਨੇ ਸਾਹਿਤਕ- ਸਿਰਜਨਾਵਾਂ ਦੀ ਭਾਸ਼ਕ ਬਿਰਤੀ ਅਤੇ ਸਾਹਿਤ-ਸੰਰਚਨਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਜੈਕਬਸਨ ਮਨੋਵਿਗਿਆਨੀ ਹੋਣ ਕਰਕੇ ਉਸਨੇ ਇਹ ਅਧਿਐਨ ਮਾਨਸਿਕ ਪੱਧਰ ਉੱਪਰ ਕੀਤਾ ਜਿਸ ਵਿਚ ਉਹ 'ਭਾਸ਼ਾ ਭੁੱਲਣ ਰੋਗਾਂ ਦੀਆਂ ਤਰੁੱਟੀਆਂ' ਅਤੇ ਉਪਰੋਕਤ ਸੰਕਲਪਾਂ ਨਾਲ਼ ਉਸ ਦੇ ਸੰਬੰਧਾਂ ਨੂੰ ਦਰਸਾਉਂਦਾ ਹੈ।

ਡਾ. ਹਰਿਭਜਨ ਸਿੰਘ ਇਨ੍ਹਾਂ ਸੰਕਲਪਾਂ ਨੂੰ ਕਵਿਤਾ ਰਾਹੀਂ ਉਦਾਹਰਣਾਂ ਸਹਿਤ, ਸੋਸਿਊਰ ਦੁਆਰਾ ਦਿੱਤੇ ਭਾਸ਼ਾ ਵਿਗਿਆਨ ਦੇ ਸੰਕਲਪ ਜੋ ਕਿ ਸੰਰਚਨਾਵਾਦੀ ਅਧਿਐਨ ਦ੍ਰਿਸ਼ਟੀ ਦੇ ਮੂਲ ਆਧਾਰ ਬਣੇ, ਨੂੰ ਸਪਸ਼ਟ ਕੀਤਾ। ਜਿਨ੍ਹਾਂ ਵਿਚ ਭਾਸ਼ਾ ਤੇ ਉਚਾਰ, ਇਕਾਲਕ-ਦੁਕਾਲਕ ਚਿਹਨਾਂ ਦੇ Syntagmatic ਅਤੇ Paradigmatic ਸੰਬੰਧਾਂ ਵਿਚਕਾਰ ਕੀਤੇ ਨਿਖੇੜੇ ਅਤੇ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ।

ਸਮੀਖਿਆ ਜ਼ਿਆਦਾਤਰ ਕਵਿਤਾ ਨਾਲ਼ ਸਬੰਧਿਤ ਰਹੀ ਹੈ, ਇਸ ਲਈ ਸਮੀਖਿਆਕਾਰ ਦਾ ਧਿਆਨ ਰੂਪਕ-ਰਚਨਾ ਵੱਲ ਹੀ ਗਿਆ ਹੈ, ਪਰ ਬਹੁਤਾ ਕਰਕੇ ਉਸਨੇ ਰੂਪ ਨੂੰ ਰਚਨਾ (Texture) ਦੇ ਤੱਤ ਵਜੋਂ ਗ੍ਰਹਿਣ ਕੀਤਾ ਹੈ, ਸੰਰਚਨਾ ਦੀ ਵਿਧੀ ਵਜੋਂ ਨਹੀਂ। ਸੰਰਚਨਾਵਾਦੀ ਚਿੰਤਕਾਂ ਨੇ ਰੂਪਕ-ਰਚਨਾ ਨੂੰ ਸੰਗਠਨ-ਸਿਧਾਂਤ ਵਜੋਂ ਪਛਾਣਿਆ ਹੈ।।41॥ ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਸੰਰਚਨਾਵਾਦੀਆਂ ਦਾ ਅਧਿਐਨ ਪਾਠਗਤ ਹੈ।

ਡਾ. ਹਰਿਭਜਨ ਸਿੰਘ ਸੰਰਚਨਾਵਾਦ ਨੂੰ ਇੱਕ ਸੂਝ ਮਾਡਲ ਦਾ ਨਾਂ ਦੇਂਦਾ ਹੈ ਕਿਉਂਕਿ ਸੰਰਚਨਾਵਾਦ ਵਸਤਾਂ ਨੂੰ ਸੰਰਚਨਾਵਾਂ ਵਿੱਚ ਬਦਲ ਕੇ ਵਿਚਾਰਦਾ ਤੇ ਅਧਿਐਨ ਕਰਦਾ ਹੈ। ਉਸ ਨੇ ਇਸ ਸੂਝ ਮਾਡਲ ਦੀਆਂ ਜੋ ਸਥਾਪਨਾਵਾਂ ਪੇਸ਼ ਕੀਤੀਆਂ, ਉਨ੍ਹਾਂ ਵਿਚ (ਸੰਪੂਰਣਤਾ) ਦਾ ਜ਼ਿਕਰ ਕਰਦਿਆਂ ਉਸ ਨੂੰ ਜੋੜ ਨਾਲੋਂ ਵੱਖਰਾ ਪੇਸ਼ ਕੀਤਾ ਹੈ। ਸੰਰਚਨਾ ਦੇ ਤੱਤ ਆਪਣੇ ਆਪ ਨੂੰ ਸੰਰਚਨਾ ਦੇ ਨੇਮਾਂ ਦੇ ਅਧੀਨ ਕਰ ਦਿੰਦੇ ਹਨ। 'ਸੰਰਚਨਾ ਸੰਪੂਰਣ ਹੈ, ਦਾ ਅਰਥ ਹੈ ਕਿ ਸੰਰਚਨਾ ਇੱਕ ਸਿਸਟਮ ਹੈ। ਇਸ ਦੇ ਤੱਤਾਂ ਦੇ ਵੱਖੋ-ਵੱਖਰੇ ਆਪੋ ਆਪਣੇ ਨੇਮ ਵੀ ਹੁੰਦੇ ਹਨ ਤਾਂ ਉਨ੍ਹਾਂ ਦੇ ਕੁਝ ਅਜਿਹੇ ਧਰਮ ਹੋਂਦ ਵਿੱਚ ਆਉਂਦੇ ਹਨ, ਜੋ ਤੱਤਾਂ ਦੇ ਧਰਮਾਂ ਤੋਂ ਭਿੰਨ ਹੁੰਦੇ ਹਨ।।42॥ ਸੰਰਚਨਾ ਸੰਬੰਧੀ ਇਹ ਕੁਝ ਨੁਕਤੇ ਹਨ ਜਿਨ੍ਹਾਂ ਰਾਹੀਂ ਇਸ ਨੂੰ ਸਮਝਿਆ ਜਾ ਸਕਦਾ ਹੈ।

ਸੰਰਚਨਾ ਦੇ ਜਨਮ ਵਾਂਗ ਭਾਸ਼ਾ ਦੇ ਜਨਮ ਨਾਲ ਸੰਬੰਧਿਤ ਸਵਾਲ ਵੀ ਪੈਦਾ ਹੁੰਦੇ ਹਨ ਪਰ ਸੋਸਿਊਰ ਜੋ ਭਾਸ਼ਾ ਵਿਗਿਆਨੀ ਸੀ ਨੇ ਇਸ ਪ੍ਰਸ਼ਨ ਨੂੰ ਹੀ ਰੱਦ ਕਰ ਦਿੱਤਾ। ਉਸ ਅਨੁਸਾਰ ਭਾਸ਼ਾ ਪੂਰਣ ਸਿਸਟਮ ਦੀ ਅਵਸਥਾ ਹੀ ਹੁੰਦੀ ਹੈ ਕਿਉਂਕਿ ਮਨੁੱਖ ਸਦਾ ਬੋਲਦੇ ਸਮਾਜ ਵਿੱਚ ਹੀ ਜਨਮ ਲੈਂਦਾ ਹੈ। ਇਸ ਪ੍ਰਕਾਰ ਸੰਰਚਨਾ ਵੀ ਪੂਰਣ ਸਿਸਟਮ ਹੁੰਦੀ ਹੈ, ਜਿਸ ਦੇ ਤੱਤਾਂ ਵਿਚ ਤਾਂ ਤਬਦੀਲੀ ਆ ਸਕਦੀ ਹੈ ਪਰ ਇਸ ਦਾ ਸਿਸਟਮ ਹਮੇਸ਼ਾ ਬਰਕਰਾਰ ਰਹਿੰਦਾ ਹੈ। ਇਸ ਪ੍ਰਕਾਰ, ਕਿਸੇ ਵੀ ਕਾਲ- ਬਿੰਦੂ ਤੇ ਭਾਸ਼ਾ ਸਾਹਿਤ ਤੇ ਸਭਿਆਚਾਰ ਦਾ ਕੀਤਾ ਗਿਆ ਅਧਿਐਨ ਉਸਨੂੰ ਪੂਰਣ ਸਿਸਟਮ ਮੰਨ ਕੇ ਹੀ ਕੀਤਾ ਜਾਵੇਗਾ।

ਡਾ. ਹਰਿਭਜਨ ਸਿੰਘ ਅਨੁਸਾਰ ਹਰ ਸੰਰਚਨਾ ਆਪਣੇ ਆਪ ਸੰਰਚਿਤ ਵੀ ਹੁੰਦੀ ਹੈ ਅਤੇ ਨਵੀਂ ਸੰਰਚਨਾ ਘੜਦੀ ਵੀ ਹੈ। ਪੂਰਾ ਸੰਸਾਰ ਇਸ ਨੇਮ ਅਧੀਨ ਹੀ ਚਲਦਾ ਹੈ। ਇਹ ਨੇਮ ਨਿਰੰਤਰ ਆਪਣੀ ਗਤੀਸ਼ੀਲਤਾ ਬਣਾਈ ਰੱਖਦਾ ਹੈ। ਇੱਥੇ ਰਚਨਾ ਅਤੇ ਰੂਪਾਂਤਰਣ ਨੂੰ ਨਿਖੇੜਨਾ ਉਚਿਤ ਹੋਵੇਗਾ ਕਿਉਂਕਿ ਭਾਵੇਂ ਸੰਰਚਨਾਵਾਂ ਤੋਂ ਹੀ ਸੰਰਚਨਾਵਾਂ ਦੀ ਰਚਨਾ ਹੁੰਦੀ ਹੈ ਪਰ ਨਵੀਂ ਤੇ ਪੁਰਾਣੀ ਸੰਰਚਨਾ ਦੇ ਰੂਪ ਵਿੱਚ ਅੰਤਰ ਵੀ ਜ਼ਰੂਰ ਪਾਇਆ ਜਾਂਦਾ ਹੈ। ਇਹੋ ਨੇਮ ਭਾਸ਼ਾ ਵਿੱਚ ਵੀ ਵਰਤੇ ਜਾਂਦੇ ਹਨ। ਭਾਸ਼ਾ ਵਿਚ ਵੀ ਪੀੜ੍ਹੀ-ਦਰ-ਪੀੜ੍ਹੀ ਅੰਤਰ ਦੇਖੇ ਜਾ ਸਕਦੇ ਹਨ। ਭਾਵੇਂ ਸੰਰਚਨਾ ਦਾ ਪੁਰਾਣੇ ਨੇਮ-ਪ੍ਰਬੰਧਾਂ ਨਾਲ ਸੰਬੰਧ ਹੁੰਦਾ ਹੈ ਪਰ ਨਵੀਂ ਰਚਨਾ ਪੂਰੀ ਤਰ੍ਹਾਂ ਸੁਤੰਤਰ ਹੁੰਦੀ ਹੈ। ਇਸੇ ਤਰ੍ਹਾਂ ਸੰਰਚਨਾਵਾਂ ਦੀਆਂ ਲੜੀਆਂ ਸੰਰਚਨਾ-ਕੇਂਦਰਾਂ ਵਿਚੋਂ ਗਤੀਸ਼ੀਲਤਾ ਪ੍ਰਾਪਤ ਕਰਦੀਆਂ ਹਨ।

ਸੋਸਿਊਰ ਦੇ ਭਾਸ਼ਾ ਵਿਗਿਆਨ ਨੂੰ ਚਿਹਨ ਅਤੇ ਸਿਸਟਮ ਅਜਿਹੇ ਸੰਕਲਪ ਹਨ ਜਿਨ੍ਹਾਂ ਦੀ ਵਰਤੋਂ ਵੱਖ- ਵੱਖ ਖੇਤਰਾਂ ਵਿੱਚ ਕੀਤੀ ਜਾਂਦੀ ਹੈ ਜਿਵੇਂ ਫਿਲਾਸਫੀ, ਸਾਇੰਸ ਅਤੇ ਗੈਰ-ਭਾਸ਼ਕ ਖੇਤਰ ਆਦਿ। ਉਸਦੇ ਚਿਹਨ- ਚਿੰਤਨ ਅਨੁਸਾਰ ਚਿਹਨ ਦੇ ਅਨਿੱਖੜ ਤੱਤ ਚਿਹਨਕ ਅਤੇ ਚਿਹਨਤ ਹਨ। ਇਨ੍ਹਾਂ ਨੂੰ ਇੱਕੋ ਸਿੱਕੇ ਦੇ ਦੋ ਪਹਿਲੂ ਆਖਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਇਨ੍ਹਾਂ ਸਿਧਾਤਾਂ ਦੇ ਆਧਾਰ ਤੇ ਹੀ ਰੂਪ, ਰੂਪਕ ਅਤੇ ਰੂਪਿਤ ਦੀ ਉੱਤਪਤੀ ਸੰਭਵ ਹੈ। ਸੰਰਚਨਾਵਾਦੀ ਉਸ ਨੂੰ ਰੂਪਕ/ਰੂਪਿਤ ਆਖਦੇ ਹਨ ਜੋ ਪੁਰਾਣੇ ਚਿੰਤਨ ਅਨੁਸਾਰ ਰੂਪ/ਵਸਤੂ ਹੈ। ਡਾ. ਹਰਿਭਜਨ ਸਿੰਘ ਇਨ੍ਹਾਂ ਦਾ ਨਿਖੇੜਾ ਕਰਦਿਆਂ ਸਾਹਿਤ-ਕਿਰਤ ਨੂੰ ਰੂਪ, ਰੂਪ ਨੂੰ ਰੂਪਕ ਅਤੇ ਵਸਤੂ ਨੂੰ ਰੂਪਿਤ ਆਖਦਾ ਹੈ। ਸੋਸਿਊਰ ਦੁਆਰਾ ਦਿੱਤਾ ਉਚਾਰ/ਭਾਸ਼ਾ ਦਾ ਨਿਖੇੜਾ ਅਦਵੈਤੀ ਬਿਰਤੀ ਵਾਲਾ ਹੈ। ਕੋਈ ਵੀ ਵਾਕ ਉਦੋਂ ਹੀ ਵਾਕ ਕਹਿਲਾਉਂਦਾ ਹੈ ਜਦੋਂ ਉਸ ਦੇ ਮਗਰ ਭਾਸ਼ਾ ਸਿਸਟਮ ਕੰਮ ਕਰਦਾ ਹੋਵੇ। ਹਰ ਕਿਰਤ ਜਾਂ ਵਰਤਾਰੇ ਵਿੱਚ ਉਪਰ ਤੇ ਨਿਮਨ ਦੋਵੇਂ ਸੰਰਚਨਾਵਾਂ ਮੌਜੂਦ ਹਨ। ਡਾ. ਹਰਿਭਜਨ ਸਿੰਘ ਅਨੁਸਾਰ:

ਭਾਸ਼ਾ ਅਤੇ ਸਾਹਿਤ ਦੋਵੇਂ ਦੁਜੈਲੀਆਂ ਹੋਂਦਾ ਹਨ। ਉਹ ਵਸਤੂ-ਜਗਤ ਤੋਂ ਰਤਾ ਕੁ ਵਿੱਥ ਉੱਪਰ ਦੁਜੈਲੀਆਂ ਸਿਰਜਨਾਵਾਂ ਹਨ। ਉਨ੍ਹਾਂ ਦੀਆਂ ਮੂਲ ਇਕਾਈਆਂ ਵਸਤਾਂ ਨਹੀਂ ਵਸਤਾਂ ਦੇ ਸੰਕਲਪ ਹਨ।।43॥

ਇਸ ਤਰ੍ਹਾਂ ਭਾਸ਼ਾ ਅਤੇ ਸਾਹਿਤ ਨੂੰ ਪ੍ਰਾਥਮਿਕ ਸਿਰਜਣਾ ਦੀ ਬਜਾਏ ਦੁਜੈਲੀ ਸਿਰਜਣਾ ਸਮਝਣਾ ਹੀ ਠੀਕ ਹੈ ਕਿਉਂਕਿ ਇਨ੍ਹਾਂ ਦੀ ਰਚਨਾ ਮਨੁੱਖ ਦੁਆਰਾ ਹੋਈ ਹੈ।

ਨਵ-ਮਾਰਕਸਵਾਦੀਆਂ ਦੀ ਭਾਸ਼ਾ ਅਤੇ ਸਾਹਿਤ ਪ੍ਰਤੀ ਦ੍ਰਿਸ਼ਟੀ ਵਿੱਚ ਉਨ੍ਹਾਂ ਅਨੁਸਾਰ ਇਹ ਸਵਾਲ ਪੁਰਾਣੀ ਗਿਆਨ-ਪਰੰਪਰਾ ਵਾਂਗ ਹੈ ਜਿਸ ਵਿੱਚ ਯਥਾਰਥ ਅਤੇ ਸੱਚ ਦੀ ਹੋਂਦ ਮਨੁੱਖੀ ਮਨ ਵਿੱਚ ਹੈ ਤੇ ਇਨ੍ਹਾਂ ਦੋਹਾਂ ਨੂੰ ਨਵ-ਮਾਰਕਸਵਾਦੀ ਕ੍ਰਮਵਾਰ ਵਿਚਾਰਧਾਰਾ ਅਤੇ ਸਿਧਾਂਤ ਕਹਿੰਦੇ ਹਨ। ਭਾਸ਼ਾ ਦੀ ਵਿਚਾਰਾਤਮਕ ਦ੍ਰਿਸ਼ਟੀ ਦਾ ਨਿਖੇੜਾ ਅੱਗੋਂ ਦੋ ਪ੍ਰਕਾਰ ਦੇ ਸਮੂਰਤ ਪ੍ਰਪੰਚਾਂ ਦਾ ਹੈ: ਸਮੂਰਤ ਵਸਤਾਂ ਅਤੇ ਸਮੂਰਤ ਵਿਚਾਰ। ਇਹ ਗੱਲ ਯਾਦ ਰੱਖਣ ਯੋਗ ਹੈ ਵਸਤ ਤੋਂ ਵਸਤ ਬਣਨ ਨਾਲ ਪਹਿਲੀ ਵਸਤ ਦੇ ਮੁਹਾਂਦਰੇ ਵਿੱਚ ਤਾਂ ਤਬਦੀਲੀ ਆਉਂਦੀ ਹੈ ਪਰ ਵਸਤੂ ਦਾ ਵਿਚਾਰ ਬਣਨ ਸਮੇਂ ਵਸਤੂ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਡਾ. ਹਰਿਭਜਨ ਸਿੰਘ ਭਾਸ਼ਾ ਅਤੇ ਸਾਹਿਤ ਨੂੰ ਬਹੁਤ ਬਾਰੀਕੀ ਨਾਲ ਘੋਖਦਾ ਹੈ ਤੇ ਉਨ੍ਹਾਂ ਦੀ ਬਣਤਰ ਦੇ ਤੱਤਾਂ ਤੇ ਆਪਸੀ ਸਬੰਧਾਂ ਨੂੰ ਵੀ ਉਜਾਗਰ ਕਰਦਾ ਹੈ।

ਭਾਸ਼ਾ ਸੰਬੰਧੀ ਨਿਰੀਖਣ ਕਰਦਿਆਂ ਉਹ ਸੋਸਿਊਰ ਭਾਸ਼ਾ ਵਿਗਿਆਨ ਦੇ ਸੰਕਲਪਾਂ ਤੇ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਸੋਸਿਊਰ ਤੋਂ ਪਹਿਲਾਂ ਭਾਸ਼ਾ ਵਿਗਿਆਨ ਵਿੱਚ ਜੋ ਇਤਿਹਾਸਿਕ ਨਹੀਂ ਸੀ, ਉਸ ਨੂੰ ਅਵਿਗਿਆਨਿਕ ਮੰਨਿਆ ਜਾਂਦਾ ਸੀ। ਪਰ ਉਸ ਦੁਆਰਾ ਇਕਾਲਕ ਅਤੇ ਦੁਕਾਲਕ ਭਾਸ਼ਾ ਵਿਗਿਆਨਾਂ ਵਿੱਚ ਨਿਖੇੜਾ ਪੇਸ਼ ਕਰਕੇ ਉਪਰੋਕਤ ਸਿਧਾਂਤ ਨੂੰ ਕਰਾਰੀ ਸੱਟ ਮਾਰੀ। ਸੋਸਿਊਰ ਦੀ ਮੌਲਿਕਤਾ ਸਿੱਧ ਕਰਦਿਆਂ ਡਾ. ਹਰਿਭਜਨ ਸਿੰਘ ਲਿਖਦਾ ਹੈ ਕਿ, ਸੋਸਿਊਰ ਨੇ ਭਾਸ਼ਾ ਨੂੰ ਇੱਕ ਸਮੁੱਚਾ ਸਿਸਟਮ ਮੰਨਿਆ, ਜੋ ਹਰ ਸਮੇਂ ਸੰਪੂਰਣ ਹੁੰਦਾ ਹੈ। ਕਿਸੇ ਤਰ੍ਹਾਂ ਦੀ ਵੀ ਤਬਦੀਲੀ ਕਾਰਨ ਇਹ ਸਿਸਟਮ ਅਡੋਲ ਅਵਸਥਾ ਵਿੱਚ ਹੀ ਰਹਿੰਦਾ ਹੈ। ਇਹ ਗੱਲ ਮੰਨਣਯੋਗ ਹੈ ਕਿ ਭਾਸ਼ਕ ਤੱਤਾਂ ਵਿੱਚ ਤਬਦੀਲੀਆਂ ਵਾਪਰਦੀਆਂ ਹਨ ਪਰ ਕਿਸੇ ਭਾਸ਼ਾ ਦੇ ਇਤਿਹਾਸ ਵਿੱਚ ਕਿਸੇ ਵੀ ਵੇਲੇ, ਉਸ ਦੇ ਕਿਸੇ ਵਕਤਾ ਲਈ ਸ਼ਬਦਾਂ ਦਾ ਇੱਕੋ ਅਰਥ ਹੁੰਦਾ ਹੈ ਅਤੇ ਇਹ ਅਰਥ ਸਮਕਾਲ ਵਿੱਚ ਪ੍ਰਚਲਿਤ ਹੁੰਦਾ ਹੈ। ਸ਼ਬਦਾਂ ਦੀਆਂ ਸਿਮਰਤੀਆਂ ਨਹੀਂ ਹੁੰਦੀਆਂ।।44॥

ਭਾਸ਼ਾ ਵਿਚਲੀਆਂ ਤਬਦੀਲੀਆਂ ਨਿਰੰਤਰ ਚੱਲਦੀਆਂ ਰਹਿੰਦੀਆਂ ਹਨ। ਭਾਸ਼ਾ ਦਾ ਇਤਿਹਾਸ ਅਤੇ ਸੰਰਚਨਾ ਦੋ ਵੱਖਰੇ ਇੱਕ ਦੂਸਰੇ ਤੋਂ ਭਿੰਨ-ਹੋਂਦ ਯਥਾਰਥ ਹੀ ਹਨ। ਸੋਸਿਊਰ ਅਨੁਸਾਰ ਭਾਸ਼ਾ ਦੀ ਵਿਲੱਖਣਤਾ ਨੂੰ ਸਮਝਣ ਲਈ ਇਤਿਹਾਸ ਵਰਤੋਂ ਵਿੱਚ ਨਹੀਂ ਆਉਂਦਾ ਭਾਸ਼ਾ ਇੱਕ ਵਸਤੂ ਨਹੀਂ, ਪਰ ਇਤਿਹਾਸ ਸਿਰਫ਼ ਉਸ ਦਾ ਹੁੰਦਾ ਹੈ ਜੋ ਵਸਤੂ ਰੂਪ ਵਿੱਚ ਮਿਲੇ। ਸੋਸਿਊਰ ਰਿਸ਼ਤਿਆਂ ਤੇ ਮੁੱਲਾਂ ਦੀ ਗੱਲ ਕਰਦਾ ਹੈ ਨਾ ਕਿ ਇਕਾਈਆਂ ਤੇ ਵਸਤਾਂ ਦੀ। ਸਪਸ਼ਟੀਕਰਨ ਵਿੱਚ ਉਹ ਆਖਦਾ ਹੈ ਕਿ ਭਾਸ਼ਾ ਸਿਰਫ਼ ਵਖਰੇਂਵੇ ਹੁੰਦੇ ਹਨ। ਕੋਈ ਵੀ ਭਾਸ਼ਕ ਇਕਾਈ ਆਪਣੇ-ਆਪ ਵਿੱਚ ਮੁੱਲਵਾਨ ਨਹੀਂ ਵਿਸ਼ੇਸ਼ ਸਥਾਨ ਜਾਂ ਕਾਰਜ਼ਸੀਲਤਾ ਨਾਲ ਹੀ ਮੁੱਲਵਾਨ ਹੋ ਸਕਦੀ ਹੈ।

ਚਿਹਨ ਤਾਂ ਹੀ ਚਿਹਨ ਹੈ ਜੇ ਉਹ ਚਿਹਨਕ ਅਤੇ ਚਿਹਨਤ ਜਾਂ ਧੁਨੀ-ਬਿੰਬ ਅਤੇ ਸੰਕਲਪ ਦੋਹਾਂ ਦੀ ਸੰਜੁਗਤੀ ਹੈ ਇੱਕ ਚਿਹਨ ਦੂਜੇ ਤੋਂ ਨਿਖੜ ਕੇ ਆਪਣੇ ਆਪ ਨੂੰ ਵੀ ਰਚਦਾ ਹੈ ਅਤੇ ਆਪਣੇ ਮੁੱਲ ਨੂੰ ਵੀ।।45॥ ਪਰ ਅਸੀਂ ਚਿਹਨ ਵਿੱਚ ਚਿਹਨਕ-ਚਿਹਨਤ ਦੀ ਹੋਂਦ ਸਵੀਕਾਰਦਿਆਂ ਭਾਸ਼ਾ ਦੇ ਇੱਕ ਪੱਖ ਨੂੰ ਵੱਖ ਅਤੇ ਦੂਜੇ ਨੂੰ ਮੁੱਲ ਮੰਨਿਆ ਹੋਇਆ ਹੈ ਪਰ ਡਾ. ਹਰਿਭਜਨ ਸਿੰਘ ਇਸ ਨੂੰ ਇੱਕ ਬੇਅਰਥੀ ਬਹਿਸ ਹੀ ਆਖਦਾ ਹੈ। ਸੋਸਿਊਰ ਚਿਹਨਕ ਅਤੇ ਚਿਹਨਤ ਦੇ ਆਪਹੁਦਰੇ ਸੰਬੰਧ ਨੂੰ ਹੀ ਚਿਹਨ ਕਹਿੰਦਾ ਹੈ। ਕੋਈ ਧੁਨੀ ਚਿਹਨ ਹੈ ਜਾਂ ਨਹੀਂ ਇਸ ਦਾ ਫੈਸਲਾ ਧੁਨੀ ਖ਼ੁਦ ਨਹੀਂ ਕਰ ਸਕਦੀ। ਇਸ ਨਿਖੇੜੇ ਦੇ ਹੋਣ ਜਾਂ ਨਾ ਹੋਣਾ ਦਾ ਨਿਰਣਾ

ਉਸ ਭਾਸ਼ਾ ਨੂੰ ਬੋਲਣ ਵਾਲੇ ਹੀ ਕਰ ਸਕਦੇ ਹਨ। ਉਪਰੋਕਤ ਚਰਚਾ ਤੋਂ ਡਾ. ਹਰਿਭਜਨ ਸਿੰਘ ਨੇ ਜੋ ਸਿੱਟੇ ਸਥਾਪਿਤ ਕੀਤੇ ਉਹ ਹੇਠ ਲਿਖੇ ਅਨੁਸਾਰ ਹਨ:

1. ਭਾਸ਼ਾ ਦੇ ਵੱਥ ਦੀ ਆਪਣੇ-ਆਪ ਵਿੱਚ ਕੋਈ ਹੋਂਦ ਨਹੀਂ। ਉਸਦੀ ਹੋਂਦ ਦਾ ਨਿਰਣਾ ਪ੍ਰਸੰਗ ਵਿੱਚ ਹੁੰਦਾ ਹੈ।

2. ਭਾਸ਼ਕ ਵੱਥ ਉਸੇ ਦੀ ਰਚਨਾ ਹੈ ਜਿਸ ਨੂੰ ਉਹ ਸੰਚਾਰਿਤ ਕਰਦੀ ਹੈ, ਦੂਜੇ ਸ਼ਬਦਾਂ ਵਿੱਚ ਭਾਸ਼ਾ ਨਿਰੋਲ ਰੂਪ ਹੈ।

ਭਾਸ਼ਾ ਭਾਵੇਂ ਇੱਕ ਨਿਰੋਲ ਰੂਪ ਹੈ ਪਰ ਪੁਰਾਣਾ ਭਾਸ਼ਾ-ਸ਼ਾਸਤਰ ਭਾਸ਼ਾ ਵੱਥ ਤੋਂ ਹੀ ਆਪਣੀ ਗੱਲ ਸ਼ੁਰੂ ਕਰਦਾ ਹੈ। ਪਰ ਨਵ ਭਾਸ਼ਾ-ਵਿਗਿਆਨ ਅਤੇ ਪੁਰਾਤਨ ਭਾਸ਼ਾ-ਵਿਗਿਆਨ ਵਿਚਕਾਰ ਭਾਸ਼ਾ ਪ੍ਰਤੀ ਵਿਚਾਰਧਾਰਾ ਇੱਕ ਦੂਜੇ-ਤੋਂ ਬਿਲਕੁਲ ਵੱਖਰੀ ਹੈ। ਸੋਸਿਊਰ ਦੁਆਰਾ ਪੇਸ਼ ਕੀਤਾ ਭਾਸ਼ਾ ਵਿਗਿਆਨ ਮਾਡਲ ਭਾਸ਼ਾ ਦੇ ਨਾਲ- ਨਾਲ ਸਮਾਜ ਅਤੇ ਗਿਆਨ ਦੇ ਅਨੇਕ ਖੇਤਰਾਂ ਵਿੱਚ ਵਰਤਿਆ ਜਾਂਦਾ ਹੈ ਕਿਉਂਕਿ ਉਹ ਸਮਾਜ ਨੂੰ ਭਾਸ਼ਾ ਤੇ ਵਿਅਕਤੀ ਦੇ ਵੱਖ-ਵੱਖ ਕਾਰ ਵਿਹਾਰਾਂ ਨੂੰ ਉਚਾਰ ਕਹਿੰਦਾ ਹੈ। ਡਾ. ਹਰਿਭਜਨ ਸਿੰਘ ਨੇ ਸੋਸਿਊਰ ਦੁਆਰਾ ਦਿੱਤੇ ਸੰਚਾਰ ਖੇਤਰ ਨੂੰ ਪੇਸ਼ ਕਰਦਿਆਂ ਉਸ ਦੇ ਬੁਨਿਆਦੀ ਨੁਕਤੇ ਸਾਹਮਣੇ ਲਿਆਂਦੇ ਹਨ। ਭਾਵੇਂ ਹੋਰ ਭਾਸ਼ਾ ਵਿਗਿਆਨੀਆਂ ਵੱਲੋਂ ਵੀ ਇਸ ਤਰ੍ਹਾਂ ਦੇ ਸੰਚਾਰ ਮਾਡਲ ਪੇਸ਼ ਕੀਤੇ ਗਏ ਪਰ ਸੋਸਿਊਰ ਦੁਆਰਾ ਪੇਸ਼ ਕੀਤਾ ਇਹ ਮਾਡਲ ਵਧੇਰੇ ਢੁੱਕਵਾਂ ਪ੍ਰਤੀਤ ਹੁੰਦਾ ਹੈ।

ਡਾ. ਹਰਿਭਜਨ ਸਿੰਘ ਚਿਹਨ ਸੰਬੰਧੀ ਵਿਚਾਰ ਕਰਦਿਆਂ ਦੱਸਿਆ ਕਿ ਸੋਸਿਊਰ ਦੀ ਮਹੱਤਵਪੂਰਨ ਸਥਾਪਨਾ ਇਹ ਹੈ ਕਿ ਚਿਹਨ (ਚਿਹਨਕ ਅਤੇ ਚਿਹਨਕ ਦਾ ਸੰਬੰਧ) ਅਸਲੋਂ ਆਪਹੁਦਰਾ ਜਾਂ ਸੰਯੋਗੀ (arbitrary) ਹੈ। ਚਿਹਨ ਦਾ ਅਰਥ ਮੁਕੰਮਲ ਤੌਰ 'ਤੇ ਸਮਾਜਕ ਰੂੜੀ ਉੱਪਰ ਨਿਰਭਰ ਕਰਦਾ ਹੈ। ਚਿਹਨ ਅਤੇ ਚਿਹਨਾਰਥ ਦਾ ਚਿਹਨਕ ਅਤੇ ਚਿਹਨਤ ਵਿੱਚ ਪ੍ਰਕਿਰਤਕ ਸੰਬੰਧ ਕੋਈ ਨਹੀਂ।।46॥ ਇਹ ਪਰਿਭਾਸ਼ਾ ਭਾਸ਼ਾ ਨਾਲ ਸੰਬੰਧਿਤ ਪੁਰਾਤਨ ਧਾਰਨਾਵਾਂ ਨੂੰ ਰੱਦ ਕਰਦੀ ਹੈ।

ਚਿਹਨ ਤੇ ਪ੍ਰਤੀਕ ਦੇ ਭਾਵ ਬੋਧ ਨੂੰ ਸਪਸ਼ਟ ਕਰਦਿਆਂ ਦੋਹਾਂ ਵਿੱਚਲੀ ਅੰਤਰ ਸਪਸ਼ਟਤਾ ਨੂੰ ਦੇਖਿਆ ਜਾ ਸਕਦਾ ਹੈ ਜੇਕਰ ਭਾਸ਼ਾ ਨੂੰ ਪ੍ਰਤੀਕ ਸਿਸਟਮ ਸਮਝਿਆ ਜਾਵੇ ਤਾਂ ਸ਼ਬਦ-ਸੰਸਾਰ ਅਤੇ ਵਸਤੂ-ਸੰਸਾਰ ਦਾ ਕੁਦਰਤੀ ਰਿਸ਼ਤਾ ਵੀ ਸਵੀਕਾਰਨਾ ਪਵੇਗਾ। ਸੋਸਿਊਰ ਅਨੁਸਾਰ ਭਾਸ਼ਾ ਇੱਕ ਸੰਪੂਰਣ ਸੰਸਾਰ ਹੈ ਜੋ ਵਾਸਤਵਿਕ ਸੰਸਾਰ ਦੇ ਬਿਲਕੁਲ ਬਰਾਬਰ ਖੜ੍ਹਾ ਹੈ। ਭਾਸ਼ਾ ਆਪਣਾ ਸੰਸਾਰ ਖ਼ੁਦ ਰਚਦੀ ਹੈ ਨਾ ਕਿ ਘਟਨਾਵਾਂ ਦੇ ਪ੍ਰਤੀਬਿੰਬ ਪੇਸ਼ ਕਰਦੀ ਹੈ। ਡਾ. ਹਰਿਭਜਨ ਸਿੰਘ ਨੇ ਸੋਸਿਊਰ ਨੂੰ ਆਧੁਨਿਕ ਭਾਸ਼ਾ-ਵਿਗਿਆਨ ਦਾ ਪਿਤਾਮਾ ਸਵੀਕਾਰਦਿਆਂ ਉਸ ਦੁਆਰਾ ਪੇਸ਼ ਚਿਹਨ, ਚਿਹਨਕ ਤੇ ਚਿਹਨਤ ਦੇ ਸੰਬੰਧਾਂ ਦੀ ਪਛਾਣ ਕਰਾਈ ਤੇ ਨਾਲ ਹੀ ਚਿਹਨ ਤੇ ਪ੍ਰਤੀਕ ਦੇ ਭਾਵ-ਬੋਧ ਨੂੰ ਵੀ ਸਪਸ਼ਟ ਕੀਤਾ।

ਹਰਿਭਜਨ ਸਿੰਘ ਨੇ ਪਰਾਗ ਸਕੂਲ ਵਿੱਚ ਹੋਏ ਪ੍ਰਕਾਰਜਾਂ ਨੂੰ ਵੀ ਪੇਸ਼ ਕੀਤਾ ਹੈ। ਭਾਸ਼ਾ-ਵਿਗਿਆਨ ਨਾਲ ਸੰਬੰਧਿਤ ਅਧਿਐਨ ਸਭ ਤੋਂ ਪਹਿਲਾਂ ਪਰਾਗ ਸਕੂਲ ਵਿੱਚ ਹੀ ਸ਼ੁਰੂ ਹੋਇਆ ਸੀ। ਉਸ ਅਨੁਸਾਰ ਭਾਸ਼ਾ ਚਿਹਨਾਂ ਦਾ ਗਤੀਸ਼ੀਲ ਸਿਸਟਮ ਹੈ ਜਿਸ ਨੂੰ ਵਿਸ਼ੇਸ਼ ਪ੍ਰਕਾਰ ਦੇ ਕਾਰਜਾਂ ਲਈ ਵਰਤਿਆ ਜਾਂਦਾ ਹੈ। ਕਾਰਜ ਤੋਂ ਵਿਛੁੰਨੀ ਭਾਸ਼ਾ ਦਾ ਅਧਿਐਨ ਅਧੂਰਾ ਹੈ। ਭਾਸ਼ਾ-ਪ੍ਰਯੋਗ ਵਿੱਚ ਸ਼ੈਲੀ ਇੱਕ ਮਹੱਤਵਸ਼ਾਲੀ ਤੱਤ ਹੈ ਅਤੇ ਸ਼ੈਲੀ ਭਾਸ਼ਾ ਦੇ ਪ੍ਰਕਾਰਜ (function) ਨਾਲ ਸੰਬੰਧਿਤ ਹੈ।।47॥ ਭਾਸ਼ਾ ਦੇ ਪ੍ਰਕਾਰਜ ਦਾ ਸਬੰਧ ਸ਼ੈਲੀ ਨਾਲ ਹੋਣਾ ਉਚਿਤ ਪ੍ਰਤੀਤ ਹੁੰਦਾ ਹੈ ਭਾਸ਼ਾ ਸ਼ੈਲੀ ਨੂੰ ਇੱਕ ਤਰ੍ਹਾਂ ਦੀ ਉਪਭਾਸ਼ਾ ਵੀ ਕਿਹਾ ਜਾ ਸਕਦਾ ਹੈ। ਸ਼ੈਲੀ-ਵਿਗਿਆਨ ਦੇ ਉਦੈ ਹੋਣ ਕਾਰਨ ਜਿਹੜੇ ਮੁਹਾਂਦਰੇ ਪ੍ਰਗਟ ਹੋਏ ਪਰਾਗ ਸਕੂਲ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਉੱਪਰ ਸਿਧਾਂਤਕ ਕੰਮ

ਕੀਤਾ। ਉਨ੍ਹਾਂ ਦੁਆਰਾ ਕੀਤੀ ਮੂਲ ਸਥਾਪਨਾ ਇਹ ਸੀ ਕਿ ਭਾਸ਼ਾ ਦਾ ਸਟੈਂਡਰਡ ਰੂਪ ਭਾਵੇਂ ਇੱਕ ਹੈ ਪਰ ਉਹ ਜੀਵਨ ਦੇ ਅਨੇਕ ਪ੍ਰਕਾਰਜਾਂ ਅਤੇ ਅਨੇਕ ਸ਼ੈਲੀਆਂ ਨਾਲ ਸਬੰਧਿਤ ਹੈ।

ਪਰਾਗ ਸਕੂਲ ਦੇ ਪ੍ਰਸਿੱਧ ਵਿਦਵਾਨ ਹਵਰਾਨੇਕ ਨੇ ਭਾਸ਼ਾ ਦੇ ਪ੍ਰਕਾਰਜਾਂ ਨੂੰ ਨਿਸ਼ਚਿਤ ਕਰਦਿਆਂ ਇਨ੍ਹਾਂ ਦੇ ਆਧਾਰ ਤੇ ਪ੍ਰਕਾਰਜਗਤ ਅਤੇ ਸ਼ੈਲੀਗਤ ਨਿਖੇੜੇ ਪੇਸ਼ ਕੀਤੇ। ਇਸ ਨਾਲ ਪ੍ਰਕਾਰਜੀ ਸ਼ੈਲੀ ਅਤੇ ਪ੍ਰਕਾਰਜੀ ਭਾਸ਼ਾ ਵਿੱਚ ਨਿਖੇੜਾ ਵੀ ਸਪਸ਼ਟ ਹੁੰਦਾ ਹੈ। ਸ਼ੈਲੀ ਨਾਲ ਸੰਬੰਧਿਤ ਸਮੁੱਚੇ ਕਥਨ-ਸਾਧਨਾਂ ਨਾਲ ਜੋ ਸੰਜੁਗਤ ਭਾਸ਼ਾ-ਰੂਪ ਬਣਦਾ ਹੈ ਉਸਨੂੰ ਪ੍ਰਕਾਰਜੀ ਭਾਸ਼ਾ ਕਿਹਾ ਜਾਂਦਾ ਹੈ।

ਕਿਸੇ ਵਿਅਕਤੀ ਦੀ ਭਾਸ਼ਾ-ਵਿਅਕਤੀ-ਮੂਲਕ-ਸ਼ੈਲੀ (individual subjective style) ਨਾਲ ਸੰਬੰਧਿਤ ਹੋ ਸਕਦੀ ਹੈ ਨਾ ਕਿ ਸ਼ੈਲੀ ਪ੍ਰਕਾਰਜ ਨਾਲ ਇਸ ਨੂੰ ਮਿਆਰੀ ਭਾਸ਼ਾ ਦਾ ਅੰਗ ਕਹਿੰਦੇ ਹੋਏ ਇਸ ਮਿਆਰੀ ਭਾਸ਼ਾ ਵਿੱਚ ਪਹਿਚਾਨਣ ਯੋਗ ਸ਼ੈਲੀਆਂ ਨੂੰ ਡਾ. ਹਰਿਭਜਨ ਸਿੰਘ ਨੇ ਪਛਾਣਿਆ ਹੈ। ਮਿਆਰੀ ਭਾਸ਼ਾ ਦੀਆਂ ਵਸਤੂ- ਮੂਲਕ ਸ਼ੈਲੀਆਂ ਦੀ ਪਹਿਚਾਣ ਜਿਨ੍ਹਾਂ ਵਸਤੂਮੂਲਕ ਤੱਤਾਂ ਨਾਲ ਹੁੰਦੀ ਹੈ ਉਹ ਸੰਚਾਰ ਦਾ ਪ੍ਰਕਾਰਜ, ਉਕਤੀ ਦਾ ਪ੍ਰਯੋਜਨ, ਲੇਖਕ ਦਾ ਵਿਸ਼ੇ ਪ੍ਰਤੀ ਵਤੀਰਾ, ਥੀਮ-ਵਿਧੀ ਤੇ ਸਹਿਜ ਦੀ ਮਾਤਰਾ ਹਨ। ਇਨ੍ਹਾਂ ਤੱਤਾਂ ਨਾਲ ਅਨੇਕ ਪ੍ਰਕਾਰ ਦੀਆਂ ਜਟਿਲ ਸ਼ੈਲੀਆਂ ਸਥਾਪਿਤ ਹੁੰਦੀਆਂ ਹਨ। ਸ਼ੈਲੀਆਂ ਅੰਦਰ ਅਜਿਹੇ ਵਖਰੇਵੇਂ ਹੁੰਦੇ ਹਨ ਜੋ ਇਕੋ ਸ਼ੈਲੀ ਦੀ ਇਕੋ ਵੰਨਗੀ ਨੂੰ ਦੂਜੀ ਤੋਂ ਜੁਦਾ ਕਰਦੇ ਹਨ। ਹਵਰਾਨੇਕ ਨੇ ਤਕਨੀਕੀ ਸ਼ੈਲੀ ਦੇ ਅੰਦਰਲੇ ਵਖਰੇਂਵਿਆਂ ਨੂੰ ਸਮਝਾਉਣ ਲਈ ਤਕਨੀਕੀ ਕਾਰਜਸ਼ੀਲ ਸ਼ੈਲੀ, ਤਕਨੀਕੀ ਕਾਰਜਸ਼ੀਲ ਸ਼ੈਲੀ ਵਿਸ਼ੇਸ਼, ਵਿਹਾਰਕ ਤਕਨੀਕੀ ਸ਼ੈਲੀ ਅਤੇ ਬੋਲਣ ਵਿੱਚ ਤਕਨੀਕੀ ਸ਼ੈਲੀ ਰਾਹੀਂ ਇਸ ਦੀ ਵਰਗਵੰਡ ਕੀਤੀ। ਪਰ ਇਹ ਵਰਗ ਵੰਡ ਨੂੰ ਠੋਸ ਨਹੀਂ ਕਿਹਾ ਜਾ ਸਕਦਾ ਕਿਉਂਕਿ ਅੱਗੋਂ ਫਿਰ ਇੱਕ ਆਲੋਚਕ ਦੁਆਰਾ ਇਸ ਨੂੰ ਉਪਵਰਗਾਂ ਵਿੱਚ ਵੰਡਿਆ ਗਿਆ ਹੈ।

ਭਾਸ਼ਾ ਸਮੂਰਤ ਵਸਤੂ ਦਾ ਜਾਂ ਵਕਤੇ ਦੇ ਭਾਵੁਕ ਵਤੀਰੇ ਦਾ ਸੰਚਾਰ ਕਰਦੀ ਹੈ।।48॥ ਅਧੂਰੀ ਉਕਤੀ ਇਸਦਾ ਪ੍ਰਮੁੱਖ ਲੱਛਣ ਤੇ ਸ਼ਬਦਾਂ ਤੇ ਪ੍ਰਗਟਾਈ ਵਸਤੂ ਵਿੱਚ ਸੰਬੰਧੀ ਵੀ ਸੁਤੰਤਰ ਢੰਗ ਦਾ ਹੁੰਦਾ ਹੈ। ਇਸ ਪ੍ਰਕਾਰ ਦੀ ਸ਼ੈਲੀ ਵਿੱਚ ਸਥਿਤੀ ਜਾਂ ਪ੍ਰਸੰਗ ਅਧਿਐਨ ਦਾ ਵੱਡਾ ਸ੍ਰੋਤ ਮੰਨਿਆ ਜਾਂਦਾ ਹੈ। ਬੋਲਚਾਲ ਅਤੇ ਵਿਗਿਆਨ ਸ਼ੈਲੀਆਂ ਸੰਬੰਧੀ ਚਰਚਾ ਕਰਦਿਆਂ ਸਿੱਟਾ ਇਹ ਨਿਕਲਿਆ ਕਿ ਦੋਹਾਂ ਕੋਲ ਵੱਖਰੀ ਕਾਵਿ ਸ਼ੈਲੀ ਹੁੰਦੀ ਹੈ ਜਿਨ੍ਹਾਂ ਦੇ ਆਧਾਰ ਤੇ ਆਪਣੇ ਲੱਛਣਾਂ ਦਾ ਪ੍ਰਗਟਾਵਾ ਕਰਦੀਆਂ ਹਨ।

ਡਾ. ਹਰਿਭਜਨ ਸਿੰਘ ਵੱਲੋਂ ਪਰਾਗ ਸਕੂਲ ਦੁਆਰਾ ਪੇਸ਼ ਪ੍ਰਕਾਰਜੀ ਸ਼ੈਲੀ ਲਈ ਕੁਝ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ ਗਏ ਹਨ ਜਿਨ੍ਹਾਂ ਵਿੱਚ ਮਿਆਰੀ ਭਾਸ਼ਾ ਅਤੇ ਕਾਵਿ-ਭਾਸ਼ਾ ਦੀ ਇਕਮਿਕਤਾ, ਭਾਸ਼ਾ ਦੀਆਂ ਅਨੇਕ ਸ਼ੈਲੀਗਤ ਪਰਤਾਂ ਦਾ ਵਿਸ਼ਲੇਸ਼ਣ, ਪਰਾਗ ਭਾਸ਼ਾ ਵਿਗਿਆਨਕ ਸਕੂਲ ਦੁਆਰਾ ਪੇਸ਼ ਅੰਤਰ ਦ੍ਰਿਸ਼ਟੀ ਦਾ ਵਧੇਰੇ ਫੈਲਾਅ ਸ਼ਾਮਿਲ ਹੈ। ਪਰਾਗ ਸਕੂਲ ਨੇ ਰੂਸੀ ਰੂਪਵਾਦੀਆਂ ਦੁਆਰਾ ਸਥਾਪਿਤ ਅਦਵੈਤ ਦੇ ਸੰਕਲਪ ਨੂੰ ਹੀ ਸਵੀਕਾਰ ਕੀਤਾ ਕਿ ਵਸਤੂ ਰੂਪ ਇਸੇ ਸੰਕਲਪ ਤੇ ਅਧਾਰਿਤ ਹਨ। ਵਿਚਾਰ ਚਰਚਾ ਤੋਂ ਪਰਾਗ ਸਕੂਲ ਦੀਆਂ ਭਾਸ਼ਾ-ਵਿਗਿਆਨ ਵਿੱਚ ਪ੍ਰਾਪਤੀਆਂ ਅਤੇ ਵੱਖ-ਵੱਖ ਖੇਤਰਾਂ ਨੂੰ ਦੇਣਾਂ ਸਪਸ਼ਟ ਉਘੜਦੀਆਂ ਹਨ।

ਪਰੰਪਰਾਈ ਪਰਾਗ ਸਕੂਲ ਦੇ ਚਿੰਤਕਾਂ ਵਾਂਗ ਮੁਕਾਰੋਵਸਕੀ ਵੀ ਆਪਣੀ ਗੱਲ ਕਾਵਿ ਭਾਸ਼ਾ ਅਤੇ ਮਿਆਰੀ ਭਾਸ਼ਾ ਦੇ ਆਪਸੀ ਨਿਖੇੜੇ ਨਾਲ ਸ਼ੁਰੂ ਕਰਦਾ ਹੈ, ਕਾਵਿ-ਸ਼ਾਸਤਰੀਆਂ ਅਤੇ ਭਾਸ਼ਾ-ਵਿਗਿਆਨੀਆਂ ਵਿੱਚ ਇਹ ਝਗੜਾ ਮੁੱਢ ਤੋਂ ਚਲਦਾ ਆ ਰਿਹਾ ਹੈ ਦੋਵੇਂ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਸਮੱਸਿਆ ਨੂੰ ਵੇਖਦੇ ਤੇ ਸਮਝਦੇ ਹਨ। ਭਾਸ਼ਾ-ਵਿਗਿਆਨ ਦੋਵਾਂ ਵਿਚਾਲੇ ਸਾਂਝ ਤੇ ਕਾਵਿ-ਸ਼ਾਸਤਰੀ ਦੋਵਾਂ ਵਿਚਾਲੇ ਅੰਤਰ ਵੱਲ ਕੇਂਦਰਿਤ ਹਨ ਪਰ ਮੁਕਾਰੋਵਸਕੀ ਦੀ ਦ੍ਰਿਸ਼ਟੀ ਕਾਵਿ-ਸ਼ਾਸਤਰੀ ਹੈ। ਉਹ ਇਸੇ ਦ੍ਰਿਸ਼ਟੀਕੋਣ ਤੋਂ ਮਿਆਰੀ ਭਾਸ਼ਾ ਅਤੇ ਕਾਵਿ-ਭਾਸ਼ਾ ਵਿਚਲੀ ਆਪਸੀ

ਸਾਂਝ ਦਾ ਅਧਿਐਨ ਕਰਦਾ ਹੈ। ਪਰ ਇਹ ਦੋਵੇਂ ਭਾਸ਼ਾਵਾਂ ਇੱਕ ਦੂਸਰੇ ਤੋਂ ਵੱਖ ਵੀ ਹਨ ਤੇ ਆਪਸੀ ਸਾਂਝ ਵੀ ਸਥਾਪਿਤ ਕਰਦੀਆਂ ਹਨ। ਪਰ ਡਾ. ਹਰਿਭਜਨ ਸਿੰਘ ਅਨੁਸਾਰ:

ਕਾਵਿ ਭਾਸ਼ਾ ਵਿੱਚ ਹੀ ਮਿਆਰੀ ਭਾਸ਼ਾ ਦੀਆਂ ਵਿਕ੍ਰਿਤੀਆਂ ਵੇਖੀਆਂ ਜਾ ਸਕਦੀਆਂ ਹਨ। ਮਿਆਰੀ ਭਾਸ਼ਾ ਕਾਵਿ-ਭਾਸ਼ਾ ਨੂੰ ਵਿਕ੍ਰਿਤ ਨਹੀਂ ਕਰਦੀ।।49॥

ਉਪਰੋਕਤ ਕਥਨ ਨੂੰ ਸਪਸ਼ਟ ਕਰਨ ਲਈ ਉਹ ਉਦਾਹਰਣ ਦੀ ਵਰਤੋਂ ਵੀ ਕਰਦਾ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਕਾਵਿ-ਭਾਸ਼ਾ ਤਾਂ ਮਿਆਰੀ-ਭਾਸ਼ਾ ਵਿਕ੍ਰਿਤੀ ਲਗਦੀ ਹੈ ਪਰ ਮਿਆਰੀ-ਭਾਸ਼ਾ, ਕਾਵਿ-ਭਾਸ਼ਾ ਦੀ ਨਹੀਂ। ਸਭ ਤੋਂ ਪ੍ਰਮੁੱਖ ਕਥਨ ਇਹ ਹੈ ਕਿ ਪ੍ਰਤੀਮਾਨਾਂ ਦੀ ਉਲੰਘਣਾਂ ਰਾਹੀਂ ਹੀ ਭਾਸ਼ਾ ਦੀ ਕਾਵਿਕ ਵਰਤੋਂ ਕੀਤੀ ਜਾਂਦੀ ਹੈ। ਉਸੇ ਭਾਸ਼ਾ ਦੀ ਉਲੰਘਣ ਸੰਭਾਵਨਾ ਵੱਧਦੀ ਹੈ ਜਿਸਦਾ ਮੁੱਢ ਵੀ ਵੱਧ ਪਰਪੱਕਤਾ ਨਾਲ ਬੱਝਦਾ ਹੈ। ਕਾਵਿ-ਭਾਸ਼ਾ ਅਤੇ ਮਿਆਰੀ-ਭਾਸ਼ਾ ਦਾ ਨਿਖੇੜਾ ਕਰਨਾ ਕਾਫ਼ੀ ਕਠਿਨ ਕਾਰਜ ਹੈ, ਪਰ ਇਸ ਦੀ ਇੱਕ ਦ੍ਰਿਸ਼ਟੀ ਜ਼ਰੂਰ ਮੌਜੂਦ ਹੈ ਕਿ ਕਾਵਿ-ਭਾਸ਼ਾ ਲਈ ਪਿੱਠ-ਭੂਮੀ ਦਾ ਕੰਮ ਮਿਆਰੀ-ਭਾਸ਼ਾ ਹੀ ਕਰਦੀ ਹੈ। ਇਹ ਮਹੱਤਵਪੂਰਨ ਨਿਖੇੜਾ ਦੋਹਾਂ ਭਾਸ਼ਾਵਾਂ ਦੇ ਨਿਖੜਵੇਂ ਕਾਰਜਾਂ ਸੰਬੰਧੀ ਹੀ ਹੈ। ਦੋਹਾਂ ਭਾਸ਼ਾਵਾਂ ਦੇ ਵੱਖਰੇ ਪ੍ਰਕਾਰਜਾਂ ਨੂੰ ਪੇਸ਼ ਕਰਦੇ ਹੋਏ ਇਨ੍ਹਾਂ ਭਾਸ਼ਾਵਾਂ ਦੀ ਹੀ ਆਪਸੀ ਵੱਖਰਤਾ ਦਾ ਸ਼ਪਸਟੀਕਰਨ ਕੀਤਾ ਗਿਆ ਹੈ। ਮਿਆਰੀ ਭਾਸ਼ਾ ਵਿੱਚ ਜਿੱਥੇ ਅਗਰਭੂਮਿਤ ਤੋਂ ਘੱਟ ਤੋਂ ਕੰਮ ਲਿਆ ਜਾਂਦਾ ਹੈ ਉੱਥੇ ਕਾਵਿ-ਭਾਸ਼ਾ ਵਿੱਚ ਵੱਧ ਤੋਂ ਵੱਧ ਸ਼ਬਦ ਅਗਰਭੂਮਿਤ ਕੀਤੇ ਜਾਂਦੇ ਹਨ। ਇਹ ਇੱਕ ਗਲਤ ਵਿਚਾਰ ਹੈ ਜੋ ਸੰਭਵ ਹੀ ਨਹੀਂ। ਮੁਕਾਰੋਵਸਕੀ ਦੇ ਮੱਤ ਅਗਰਭੂਮਨ ਇਕਾਗਰ ਨਿਰੰਤਰਤਾ (consisteny) ਨਾਲ ਹੁੰਦਾ ਹੈ ਨੂੰ ਡਾ. ਹਰਿਭਜਨ ਨੇ ਉਦਹਾਰਣ ਸਹਿਤ ਸਮਝਾਇਆ ਹੈ ਕਿ:

ਜਿਹੜੇ ਵੀ ਅੰਸ਼ ਨੂੰ ਅਗਰਭੂਮਿਤ ਕੀਤਾ ਹੋਵੇ, ਉਸਦੀ ਦਿਸ਼ਾ ਸਥਿਰ ਹੁੰਦੀ ਹੈ। ਉਸ ਦੁਆਰਾ ਅਗਰਭੂਮਿਤ ਦੇ ਨੇਮਾਂ ਅਤੇ ਸੰਕਲਪਾਂ ਨੂੰ ਉਭਾਰਿਆ ਗਿਆ ਹੈ ਤੇ ਇਸ ਵਿੱਚ ਵਰਤੀਆਂ ਜਾਂਦੀਆਂ ਜੁਗਤਾਂ ਦਾ ਵੀ ਸੰਖੇਪ ਵੇਰਵਾ ਦਿੱਤਾ ਗਿਆ ਹੈ ਸਵੈਚਾਲਿਤ ਜੁਗਤਾਂ ਅਗਰਭੂਮਨ ਵਿੱਚ ਸਭ ਤੋਂ ਵੱਧ ਲੋੜੀਂਦੀਆਂ ਹਨ। ਕਾਵਿ ਭਾਸ਼ਾ ਵਿਚ ਸਵੈ-ਚਾਲਨ ਤੇ ਅਗਰਭੂਮਨ ਦਾ ਅਨਿੱਖੜ ਸੰਬੰਧ ਹੈ, ਇਸ ਲਈ ਮਿਆਰੀ ਪ੍ਰਤੀਮਾਨ ਦੀ ਵਿਕ੍ਰਤੀ ਰਚਨਾ ਲਈ ਲਾਜ਼ਮੀ ਸ਼ਰਤ ਹੈ।।50॥ ਇਸ ਤਰ੍ਹਾਂ ਕਾਵਿ-ਭਾਸ਼ਾ ਦੇ ਮਿਆਰੀ ਭਾਸ਼ਾ ਵਿਚਲੇ ਸੰਬੰਧਾਂ ਤੇ ਨਿਖੇੜਿਆਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਸਮਝਿਆ ਜਾ ਸਕਦਾ ਹੈ। ਕਾਵਿ-ਕਿਰਤ ਵਿੱਚ ਪੇਸ਼ ਸੱਚ, ਸੱਚ ਚੇਤਨਾ ਤੋਂ ਵੀ ਪਰ੍ਹਾਂ ਵੇਖਦਾ ਹੈ। ਸੋ ਸੱਚ ਦੀ ਇਸ ਤਰ੍ਹਾਂ ਪੇਸ਼ਕਾਰੀ ਲਈ ਅਗਰਭੂਮਨ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਡਾ. ਹਰਿਭਜਨ ਸਿੰਘ ਨੇ ਆਪਣੀ ਆਲੋਚਨਾ ਦ੍ਰਿਸ਼ਟੀ ਦੇ ਅੰਤਰਗਤ ਰੂਸੀ ਰੂਪਵਾਦ, ਨਵ-ਆਲੋਚਨਾ ਦੇ ਸੰਕਲਪਾਂ ਨੂੰ ਸਪਸ਼ਟ ਕੀਤਾ। ਇਨ੍ਹਾਂ ਦੀਆਂ ਵਿਚਾਰਾਤਮਕ ਧਾਰਨਾਵਾਂ ਨੂੰ ਸਾਹਮਣੇ ਲਿਆਇਆ। ਇਸ ਤੋਂ ਬਾਅਦ ਡਾ. ਹਰਿਭਜਨ ਸਿੰਘ ਸੰਰਚਨਾਵਾਦੀ ਦ੍ਰਿਸ਼ਟੀ ਜੋ ਕਿ ਪੱਛਮ ਵਿੱਚ ਪੈਦਾ ਹੋਈ ਨੂੰ ਪੰਜਾਬੀ ਸਾਹਿਤ ਚਿੰਤਨ ਵਿੱਚ ਲਿਆਉਂਦਾ ਹੈ ਤੇ ਇਸ ਦ੍ਰਿਸ਼ਟੀ ਵਿਚਲੇ ਸੰਕਲਪਾਂ ਅਤੇ ਨੇਮਾਂ ਨੂੰ ਉਜਾਗਰ ਕਰਦਾ ਹੈ, ਉਹ ਪੱਛਮੀ ਚਿੰਤਕਾਂ ਵਲੋਂ ਪੇਸ਼ ਇਸ ਅਧਿਐਨ ਦ੍ਰਿਸ਼ਟੀ ਦੇ ਸਿਧਾਤਾਂ ਨੂੰ ਸਾਹਮਣੇ ਲਿਆਉਦਾ ਹੋਇਆ ਆਪਣੀ ਸੰਰਚਨਾਵਾਦੀ ਪਹੁੰਚ ਨੂੰ ਵੀ ਉਜਾਗਰ ਕਰਦਾ ਹੈ। ਸੰਰਚਨਾਵਾਦੀ ਆਲੋਚਨਾ ਦ੍ਰਿਸ਼ਟੀ ਨੇ ਪੰਜਾਬੀ ਚਿੰਤਨ ਦੇ ਘੇਰੇ ਨੂੰ ਵਿਸ਼ਾਲ ਕਰਦਿਆਂ ਇਸ ਨੂੰ ਵਧੇਰੇ ਵਿਕਾਸਮਈ ਪੈੜ੍ਹਾਂ ਤੇ ਪਹੁੰਚਾਇਆ ਹੈ। ਇਸ ਆਲੋਚਨਾ ਨੂੰ ਡਾ. ਹਰਿਭਜਨ ਸਿੰਘ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਤੇ ਲਾਗੂ ਕਰਕੇ ਇਸ ਦੀ ਪਹੁੰਚ ਨੂੰ ਵੀ ਪੇਸ਼ ਕੀਤਾ ਹੈ।

ਹਵਾਲੇ ਤੇ ਟਿੱਪਣੀਆਂ ਅਧਿਆਇ ਪਹਿਲਾ

1. ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਸਾਹਿਤਕ ਵਾਦ ਅੰਕ 32), ਪੰਨਾ 129.

2. ਉਹੀ, ਪੰਨੇ 133-134

3. ਉਹੀ, ਪੰਨਾ 130.

4. ਉਹੀ, ਪੰਨਾ 131.

5. ਉਹੀ, ਪੰਨਾ 124.

6. ਗੋਪੀ ਚੰਦ ਨਾਰੰਗ, ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨੇ 28 29.

7. ਉਹੀ, ਪੰਨਾ 34.

8. ਉਹੀ, ਪੰਨਾ 38.

9. ਉਹੀ, ਪੰਨਾ 40.

10. ਉਹੀ, ਪੰਨਾ 42.

11. ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ,(ਸਾਹਿਤਕ ਵਾਦ ਅੰਕ 32), ਪੰਨੇ 130-131.

12. ਗੋਪੀ ਚੰਦ ਨਾਰੰਗ, ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨਾ 44.

13. ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ (ਸਾਹਿਤਕ ਵਾਦ ਅੰਕ 32), ਪੰਨਾ 132.

14. ਡਾ. ਸਰਬਜੀਤ ਸਿੰਘ, ਪੰਜਾਬੀ ਆਲੋਚਨਾ : ਵਿਚਾਰਧਾਰਕ ਪਰਿਪੇਖ, ਪੰਨਾ 116.

15. ਗੋਪੀ ਚੰਦ ਨਾਰੰਗ, ਸੰਰਚਨਾਵਾਦ, ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨਾ 122.

16. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ 179.

17. ਹਰਿਭਜਨ ਸਿੰਘ ਡਾ., ਰਚਨਾ ਸੰਰਚਨਾ, 2010, ਪੰਨਾ 4.

18. ਉਹੀ, ਪੰਨਾ 5.

19. ਉਹੀ, ਪੰਨਾ 7.

20. ਹਰਿਭਜਨ ਸਿੰਘ ਡਾ., ਸਾਹਿਤ ਅਧਿਐਨ, 2010, ਪੰਨਾ 29.

21. ਉਹੀ, ਪੰਨਾ 31.

22. ਹਰਿਭਜਨ ਸਿੰਘ ਡਾ., ਸਾਹਿਤ ਵਿਗਿਆਨ, 2010, ਪੰਨਾ 4.

23. ਉਹੀ, ਪੰਨਾ 3.

24. ਉਹੀ, ਪੰਨਾ 5.

25. ਉਹੀ, ਪੰਨਾ 9.

26. ਹਰਿਭਜਨ ਸਿੰਘ ਡਾ. ਸਾਹਿਤ ਅਧਿਐਨ, 2010, ਪੰਨਾ 19.

27. ਉਹੀ, ਪੰਨਾ 20.

28. ਹਰਿਭਜਨ ਸਿੰਘ, ਸਾਹਿਤ ਵਿਗਿਆਨ, ਪੰਨਾ 43.

29. ਉਹੀ, ਪੰਨਾ 46.

30. ਉਹੀ, ਪੰਨਾ 48.

31. ਉਹੀ, ਪੰਨਾ 50.

32. ਉਹੀ, ਪੰਨਾ 89.

33. ਉਹੀ, ਪੰਨਾ 93.

34. ਉਹੀ, ਪੰਨਾ 55.

35. ਉਹੀ, ਪੰਨਾ 94.

36. ਹਰਿਭਜਨ ਸਿੰਘ, ਸਾਹਿਤ ਅਧਿਐਨ, 2010, ਪੰਨਾ 47.

37. ਉਹੀ, ਪੰਨਾ 51.

38. ਉਹੀ, ਪੰਨਾ 52.

39. ਉਹੀ, ਪੰਨਾ 82.

40. ਉਹੀ, ਪੰਨਾ 83.

41. ਉਹੀ, ਪੰਨਾ 69.

42. ਉਹੀ, ਪੰਨਾ 70.

43. ਉਹੀ,ਪੰਨਾ 75.

44. ਉਹੀ, ਪੰਨਾ 77.

45. ਉਹੀ, ਪੰਨਾ 79.

46. ਉਹੀ, ਪੰਨਾ 80.

47. ਹਰਿਭਜਨ ਸਿੰਘ, ਸਾਹਿਤ ਵਿਗਿਆਨ, 2010 ਪੰਨਾ 17.

48. ਉਹੀ, ਪੰਨਾ 22.

49. ਉਹੀ, ਪੰਨਾ 26.

50. ਉਹੀ, ਪੰਨਾ 3

# ਨਜਮ ਹੁਸੈਨ ਸੱਯਦ- ਸੇਧਾਂ

**ਨਜਮ ਹੁਸੈਨ ਸੱਯਦ** (ਜਨਮ 1936) ਇੱਕ ਪਾਕਿਸਤਾਨੀ ਪੰਜਾਬੀ ਲੇਖਕ ਹਨ। ਉਹਨਾਂ ਦੀ ਪਛਾਣ ਦੋਹਾਂ ਪੰਜਾਬਾਂ ਵਿੱਚ ਇੱਕ ਪ੍ਰਬੁੱਧ ਗਲਪਕਾਰ, ਆਲੋਚਕ, ਸ਼ਾਇਰ, ਨਾਟਕਕਾਰ ਅਤੇ ਇੱਕ ਪ੍ਰਭਾਵਸ਼ਾਲੀ ਬੁਲਾਰੇ ਵਜੋਂ ਸਥਾਪਤ ਹੈ। ਉਹ ਕਿਸੇ ਤੁੱਕ, ਸ਼ਬਦ, ਰਚਨਾ ਦੀ ਵਿਆਖਿਆ ਆਪਣੇ ਖਾਸ ਅੰਦਾਜ਼ ਵਿੱਚ ਕਰਦੇ ਹਨ ਅਤੇ ਸਰੋਤੇ/ਪਾਠਕ ਨੂੰ ਲੁਕੀਆਂ ਰਮਜ਼ਾਂ ਸਮਝਾ ਜਾਂਦੇ ਹਨ।[1]

## ਜੀਵਨ

ਨਜਮ ਹੁਸੈਨ ਦਾ ਜਨਮ 1936 ਵਿੱਚ ਬਟਾਲਾ (ਹੁਣ ਪੰਜਾਬ, ਭਾਰਤ) ਵਿੱਚ ਹੋਇਆ। ਉਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਵਿੱਚ ਐਮ.ਏ. ਕੀਤੀ ਅਤੇ ਸਰਕਾਰੀ ਨੌਕਰੀ ਤੇ ਲੱਗ ਗਏ। ਉਹ ਪਾਕਿਸਤਾਨ ਦੀ ਮਿਲਟਰੀ ਸਰਵਿਸਿਜ਼ ਵਿੱਚ ਚੀਫ ਅਕਾਊਂਟੈਂਟ ਰਹੇ ਤੇ ਬਾਅਦ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਰਹੇ।

## ਜੁੰਮੇ ਦੀ ਸੰਗਤ

ਨਜਮ ਹੁਸੈਨ ਹੁਰਾਂ ਦੀ ਲਾਹੌਰ ਵਿੱਚ ਰਿਹਾਇਸ (15 ਜੇਲ੍ਹ ਰੋਡ, ਲਾਹੌਰ) ਜੁੰਮੇ ਵਾਲੇ ਦਿਨ ਉਥੇ ਜੁੜਦੀ ਸੰਗਤ ਕਰ ਕੇ ਜਾਣੀ ਜਾਂਦੀ ਹੈ। ਤਲਵਿੰਦਰ ਸਿੰਘ ਦੇ ਸ਼ਬਦਾਂ ਵਿੱਚ, "ਪਿਛਲੇ ਕਈ ਸਾਲਾਂ ਤੋਂ ਸਾਂਝੀ ਪੰਜਾਬੀਅਤ ਨੂੰ ਸਮਰਪਤ ਜੁੰਮੇ ਦੀ ਸ਼ਾਮ ਨੂੰ ਸੰਗਤ ਜੁੜ ਬੈਠਦੀ ਹੈ ਤੇ ਸੰਗਤ ਦੀ ਇਸ ਲਗਾਤਾਰਤਾ ਨੇ ਕਈ ਪ੍ਰੋਢ ਲੇਖਕ ਪੈਦਾ ਕੀਤੇ ਹਨ। ਉਹਨਾਂ ਨੂੰ ਵਿਰਸੇ ਨਾਲ ਜੁੜਨ ਦੀ ਗੰਭੀਰ ਸਮਝ ਦਿੱਤੀ ਹੈ। ਮਕਸੂਦ ਸਾਕਿਬ, ਜ਼ੁਬੈਰ ਅਹਿਮਦ, ਨਾਦਰ ਅਲੀ, ਇਕਬਾਲ ਕੈਸਰ ਤੇ ਹੋਰ ਲੇਖਕ ਬੜੇ ਮਾਣ ਨਾਲ ਆਪਣੇ ਆਪ ਨੂੰ ਨਜਮ ਹੋਰਾਂ ਦੀ ਸੰਗਤ ਵਿੱਚੋਂ ਨਿਖਰ ਕੇ ਨਿਕਲੇ ਹੋਏ ਮੰਨਦੇ ਹਨ।"[1]

## ਰਚਨਾਵਾਂ

**ਵਾਰਤਕ**

- ਦੀਵਾ ਮੰਦਰੀ
- ਗਿਆਨ ਕਥਾ ਜੱਗ ਤਰਨੀ
- ਗੱਲ ਵਾਰ ਦੀ
- ਸੇਧਾਂ
- ਸਾਰਾਂ
- ਅਕੱਥ ਕਹਾਣੀ
- ਸੱਚ ਸਦਾ ਅਬਾਦੀ ਕਰਨਾ
- ਅਕੱਥ ਕਹਾਣੀ
- ਖਾਕ ਜੇਡ ਨਾ ਕੋਈ
- ਆਹੀਆਂ ਵਿੱਚੋਂ ਨਾਹੀਆਂ

**ਕਾਵਿ ਸੰਗ੍ਰਹਿ**

- ਬਾਰ ਦੀ ਵਾਰ

- <u>ਖੁੱਪੇ</u>
- <u>ਆਮ ਦਿਨਾਂ ਦੇ ਨਾਂ</u>
- <u>ਕਾਲ ਥਾਲ</u>
- *ਉਨਵਾਨ*
- *ਦਿਨ ਵਿੱਚ ਦੀਵਾ ਰੈਣ*

**ਨਾਟਕ**

**<u>ਜੰਗਲ ਦਾ ਰਾਖਾ</u>**

- <u>ਤਖ਼ਤ ਲਾਹੌਰ</u>
- <u>ਹਾੜ ਦੇ ਫੱਲ</u>
- <u>ਇਕ ਰਾਤ ਰਾਵੀ</u>
- *ਰੰਗ ਰੰਗਾਂ ਵਿੱਚ*
- *ਪਾਣੀ ਕਰੇ ਕਹਾਣੀ*

**ਨਜਮ ਹੁਸੈਨ ਸੱਯਦ ਦੀ ਆਲੋਚਨਾ-ਦ੍ਰਿਸ਼ਟੀ**

ਨਜਮ ਹੁਸੈਨ ਸੱਯਦ ਦੀ ਆਲੋਚਨਾ-ਦ੍ਰਿਸ਼ਟੀ ਬਾਰੇ ਵੀ ਵੱਖ-ਵੱਖ ਆਲੋਚਕਾਂ ਨੇ ਵਿੱਭਿਨ ਕਿਸਮ ਦੇ ਵਿਚਾਰ ਪ੍ਰਗਟ ਕੀਤੇ ਹਨ। ਸਭ ਤੋਂ ਪਹਿਲਾਂ ਉਹਨਾਂ ਆਲੋਚਕਾਂ ਦੇ ਵਿਚਾਰਾਂ ਨੂੰ ਪੇਸ਼ ਕਰਨਾ ਜ਼ਰੂਰੀ ਹੈ, ਜਿਹਨਾਂ ਨੂੰ ਨਜਮ ਹੁਸੈਨ ਸੱਯਦ ਦੀਆਂ ਰਚਨਾਵਾਂ ਵਿੱਚ ਪਰੰਪਰਾਗਤ ਮਾਰਕਸਵਾਦੀ ਸੰਕਲਪਾਂ ਅਤੇ ਸ਼ਬਦਾਵਲੀ ਦੀ ਵਰਤੋਂ ਪ੍ਰਾਪਤ ਨਹੀਂ ਹੁੰਦੀ। ਭਾਰਤੀ ਪੰਜਾਬ ਦੇ ਇੱਕ ਵਿਦਵਾਨ,ਕਰਨੈਲ ਸਿੰਘ ਥਿੰਦ ਨੇ ਨਜਮ ਹੁਸੈਨ ਸੱਯਦ ਦੀ ਵਿਧੀ ਬਾਰੇ ਵਿਚਾਰ ਕਰਦਿਆਂ ਲਿਖਿਆਂ ਹੈ ਕਿ, ਨਜਮ ਦੀ ਖੂਬੀ ਇਹ ਹੈ ਕਿ ਉਹ ਲੋਕ ਵਿਰਸੇ ਵਿਚੋਂ ਮਵਾਦ ਲੈ ਕੇ ਉਸਨੂੰ ਸਾਡੀ ਤਾਰੀਖ, ਸਮਾਜ ਤੇ ਰਹਿਤਲ ਦੇ ਪ੍ਰਸੰਗ ਵਿੱਚ ਰੱਖ ਕੇ ਨਵੇਂ ਨਜ਼ਰੀਏ ਤੋਂ ਪੇਸ਼ ਕਰਦਾ ਹੈ।

**ਅਤਰ ਸਿੰਘ ਅਨੁਸਾਰ**

ਪੰਜਾਬੀ ਦੇ ਇੱਕ ਹੋਰ ਆਲੋਚਕ ਅਤਰ ਸਿੰਘ ਨੇ ਵੀ ਨਜਮ ਹੁਸੈਨ ਸੱਯਦ ਦੀ ਆਲੋਚਨਾ ਬਾਰੇ ਪ੍ਰਸੰਸਾਤਮਕ ਵਿਚਾਰ ਪ੍ਰਗਟਾਏ ਹਨ। ਨਜਮ ਹੁਸੈਨ ਸੱਯਦ ਦੇ ਆਲੋਚਨਾਤਮਕ ਲੇਖ ਪੜ੍ਹ ਕੇ ਇਉਂ ਮਹਿਸੂਸ ਹੋਇਆ ਕਿ ਜਿਵੇਂ ਪਹਿਲੀ ਵਾਰ ਸਾਹਿਤ ਦੀ ਭਰਪੂਰਤਾ ਦੇ ਗੌਰਵ ਦਾ ਹਾਣੀ ਆਲੋਚਕ ਉਜਾਗਰ ਹੋਇਆ ਹੈ। ਪੰਜਾਬੀ ਸਾਹਿਤ ਸੰਬੰਧੀ ਇਤਨੀ ਸੁਗਮ, ਇਤਨੀ ਸਾਰਥਿਕ ਤੇ ਇੰਨੀ ਡੂੰਘੀ ਸਮੀਖਿਆ ਭਾਰਤੀ ਪੰਜਾਬ ਵਿੱਚ ਕਦੀ ਨਹੀਂ ਰਚੀ ਗਈ।

ਨਜਮ ਹੁਸੈਨ ਸੱਯਦ ਦੀ ਆਲੋਚਨਾ ਪੁਸਤਕ 'ਸੋਧਾ' ਦੇ ਅਧਿਐਨ ਰਾਹੀਂ ਪਤਾ ਲੱਗਦਾ ਹੈ ਕਿ ਉਸਨੂੰ ਅਧਿਐਨ ਵੇਲੇ ਵਿਆਖਿਆ ਸਿਧਾਂਤ ਤੇ ਸੰਕਲਪ ਨਾਲ ਕੋਈ ਬਹੁਤਾ ਮੋਹ ਨਹੀਂ ਤੇ ਇਸਦੇ ਬੰਧਨ ਵਿੱਚ ਹੀ ਬੱਝਣਾ ਚਾਹੁੰਦਾ ਹੈ। ਉਹ ਪਾਠ ਦਾ ਅਧਿਐਨ ਕਰਨ ਵੇਲੇ ਪਾਠਗਤ ਤੇ ਕਲਾਤਮਕ ਪੱਖਾਂ ਉੱਪਰ ਕੇਂਦਰਿਤ ਕਰਦਾ ਹੋਇਆ ਮਾਰਕਸਵਾਦੀ,ਸਮੀਖਿਆ ਸਿਧਾਂਤ ਤੋਂ ਵੀ ਆਸਰਾ ਲੈਂਦਾ ਹੈ ਤੇ ਨਾਲ ਹੀ ਮਨੋਵਿਸ਼ਲੇਸ਼ਣੀ ਤੇ ਸਰੰਚਨਾਤਮਕ ਦ੍ਰਿਸ਼ਟੀ ਵੀ ਬਣਾਈ ਰੱਖਦਾ ਹੈ। ਉਹ ਮਾਰਕਸਵਾਦ ਦਾ ਕੱਟੜ ਧਾਰਨੀ ਹੋਣ ਦੀ ਬਜਾਇ ਹੋਰਨਾਂ ਅਧਿਐਨ-ਵਿਧੀਆਂ ਤੋਂ ਵੀ ਆਸਰਾ ਲੈਂਦਾ ਹੈ ਭਾਵ ਉਹ ਪਾਠ ਦੇ ਇਤਿਹਾਸਕ ਅਧਿਐਨ ਨੂੰ ਸੁਹਜਬੱਧ ਨਿਰਣੇ ਰਾਹੀਂ ਸਮਝਦਾ ਹੈ।

ਨਜਮ ਹੁਸੈਨ ਸੱਯਦ ਦਾ ਮੁੱਖ ਕਾਰਜ ਮੱਧਕਾਲੀ ਸਾਹਿਤ ਦੀ ਆਲੋਚਨਾ ਨਾਲ ਸੰਬੰਧਿਤ ਹੈ। ਇਸੇ ਕਾਰਨ ਹੀ ਬਹੁਤ ਸਾਰੇ ਆਲੋਚਕ ਸੱਯਦ ਦੀ ਆਲੋਚਨਾ ਦ੍ਰਿਸ਼ਟੀ ਨੂੰ ਕਿਸ਼ਨ ਸਿੰਘ ਦੀ ਦ੍ਰਿਸ਼ਟੀ ਨਾਲ ਮੇਲ ਕੇ ਵੇਖਦੇ ਹਨ ਕਿਉਂਕਿ ਉਸ ਨੇ ਕਿਸ਼ਨ ਸਿੰਘ ਵਾਂਗ ਹੀ ਮੱਧਕਾਲੀ ਸਾਹਿਤ ਨੂੰ ਕ੍ਰਾਂਤੀਕਾਰੀ ਤੇ ਵਿਗਿਆਨਿਕ ਸਿੱਧ ਕਰਨ ਦੇ ਉਪਰਾਲੇ ਕੀਤੇ ਹਨ। ਉਸਨੇ ਮੱਧਕਾਲੀ ਸਾਹਿਤ ਵਿੱਚ ਸੂਫ਼ੀ ਕਾਵਿ ਤੇ ਕਿੱਸਾ ਕਾਵਿ ਸਮੇਤ ਲੋਕ ਗਾਥਾਵਾਂ ਦਾ ਅਧਿਐਨ ਪੇਸ਼ ਕੀਤਾ ਹੈ।ਮੱਧਕਾਲੀ ਸਾਹਿਤ ਵਿੱਚ ਉਹ ਸੂਫ਼ੀ ਕਾਵਿ, ਕਿੱਸਾ ਕਾਵਿ ਦੇ ਪ੍ਰਸਿੱਧ ਕਵੀਆਂ ਦੀ ਰਚਨਾ ਦਾ ਇਤਿਹਾਸਕ ਪਰਿਪੇਖ ਤੋਂ ਰੂਪਗਤ ਅਧਿਐਨ ਕਰਦਾ ਹੈ। ਉਸ ਲਈ ਮੱਧਕਾਲੀ ਸਾਹਿਤ ਇੱਕ ਸੰਪੂਰਨ ਇਕਾਈ ਹੈ ਤੇ ਸਾਰੇ ਪਾਠ ਕੁਝ ਸਾਂਝੇ ਨੇਮਾਂ।ਰੀਤਾਂ ਉਪਰ ਹੀ ਅਧਾਰਿਤ ਹਨ। ਇਸ ਤਰ੍ਹਾਂ ਉਹ 'ਸੇਧਾਂ' ਪੁਸਤਕ ਵਿਚਲੇ ਲੇਖ 'ਸ਼ਲੋਕ ਫ਼ਰੀਦ' ਵਿੱਚ ਅਜਿਹੀ ਹੀ ਤੁਲਨਾਤਮਕ ਤੇ ਸੰਰਚਨਾਤਮਕ ਵਿਧੀ ਦੇ ਆਧਾਰ ਉੱਪਰ ਕਵੀ ਦਾ ਅਧਿਐਨ ਕਰਦਾ ਹੈ:-

ਪੰਜਾਬੀ ਸ਼ਿਅਰ ਰੀਤ ਦਾ ਪੁਹਾੜ ਉਹ ਸਦੀਵੀ ਸੁਭਾਅ ਹਨ, ਜਿਹੜੇ ਸਾਨੂੰ ਰੂਪ ਵਟਾਂਦੀਆਂ ਅਟਕਲਾ ਅੰਦਰ ਸਾਹ ਲੈਂਦੇ ਪਏ ਲੱਭਦੇ ਹਨ। ਫਰੀਦ ਦਾ ਸੰਬੰਧ ਸੋਲ੍ਹਵੀ ਸਦੀ ਵਿੱਚ ਸ਼ਾਹ ਹੁਸੈਨ ਨਾਲ, ਸਤਾਰਵੀਂ ਸਦੀ ਵਿੱਚ ਬੁੱਲ੍ਹੇ ਸ਼ਾਹ ਨਾਲ, ਅਠਾਰਵੀਂ ਸਦੀ ਵਿੱਚ ਸਚਲ ਸਰਮਸਤ ਨਾਲ ਤੇ ਉਨ੍ਹੀਵੀ ਸਦੀ ਵਿੱਚ ਗ਼ਲਾਮ ਫਰੀਦ ਨਾਲ ਇਹਨਾਂ ਸਦੀਵੀ ਸੁਭਾਵਾਂ ਰਾਹੀਂ ਬਣਿਆ ਏ। ਫਰੀਦ ਦਾ ਆਪਣਾ ਸੁਭਾਅ ਜੇ ਵੇਖੋ ਤੇ ਉਹ ਨਾ ਹੁਸੈਨ ਨਾਲ ਰਲਦਾ ਨਾ ਬੁੱਲ੍ਹੇ ਤੇ ਨਾ ਸਚਲ ਨਾਲ।

# ਸੇਧਾਂ -ਵਿਚਾਰਧਾਰਾਈ ਅਧਿਐਨ

ਸਾਹਿੱਤ-ਸਿਰਜਣਾ ਇਕੋ ਵੇਲੇ ਪੰਜਾਬੀ ਸਾਹਿੱਤ ਦੀਆਂ ਦੋ ਕਾਵਿ-ਧਾਰਾਵਾਂ ਗੁਰਬਾਣੀ ਅਤੇ ਸੂਫੀ ਕਾਵਿ-ਨਾਲ ਸੰਬੰਧ ਰਖਦੀ ਹੈ। ਇਹ ਦੋਵੇਂ ਕਾਵਿਧਾਰਾਵਾਂ ਧਾਰਮਿਕ ਚੇਤਨਾ ਅਤੇ ਸੰਵੇਦਨਾ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਮਨੁੱਖੀ ਜੀਵਨ ਦੇ ਯਥਾਰਥਕ ਸਰੋਕਾਰਾਂ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਪੇਸ਼ ਕੀਤਾ ਗਿਆ ਹੈ। ਇਸੇ ਲਈ ਇਨ੍ਹਾਂ ਦੇ ਸਿਰਜਿਤ ਪਾਠ ਨੂੰ ਬਾਣੀ ਜਾਂ ਕਲਾਮ ਦੇ ਰੂਪ ਵਿਚ ਪਾਵਨ ਪਾਠ ਦਾ ਦਰਜਾ ਪ੍ਰਾਪਤ ਹੈ। ਕਿਸੇ ਵੀ ਪਾਵਨ ਪਾਠ ਨੂੰ ਨਿਰੋਲ ਧਾਰਮਿਕ ਜਾਂ ਧਰਮਸ਼ਾਸਤਰੀ ਸਕਦਾ ਹੈ। ਕੁਝ ਇਕ ਗਿਣੇ ਚੁਣੇ ਆਲੋਚਕਾਂ ਨੂੰ ਛੱਡ ਕੇ ਪੰਜਾਬੀ ਦੇ ਵਧੇਰੇ ਆਲੋਚਕਾਂ ਨੇ ਫਰੀਦਬਾਣੀ ਨੂੰ ਵੀ ਗੁਰਬਾਣੀ-ਸਮੀਖਿਆ ਦੇ ਪਰੰਪਰਕ ਧਰਮਸ਼ਾਸਤਰੀ ਮਾਡਲ ਅਨੁਸਾਰ ਪੜ੍ਹਨ ਦਾ ਜਤਨ ਕੀਤਾ ਹੈ। ਨਜਮ ਹੁਸੈਨ ਸੱਯਦ ਪੰਜਾਬੀ ਦੇ ਪ੍ਰਬੁੱਧ ਆਲੋਚਕਾਂ ਵਿਚੋਂ ਹੈ ਜਿਨ੍ਹਾਂ ਨੇ ਇਸ ਰਚਨਾ ਨੂੰ ਸਾਹਿੱਤਕ ਅਤੇ ਸਭਿਆਚਾਰਕ ਪਾਠ ਵਜੋਂ ਵਿਚਾਰਨ ਦਾ ਉਪਰਾਲਾ ਕੀਤਾ ਹੈ। ਇਸ ਕਿਸਮ ਦੇ ਅਧਿਐਨ ਦੇ ਆਪਣੇ ਮਸਲੇ ਹਨ। ਪੰਜਾਬੀ ਦੇ ਵਿਭੰਨ ਆਲੋਚਕਾਂ ਨੇ ਇਨ੍ਹਾਂ ਮਸਲਿਆਂ ਨੂੰ ਆਪੋ ਆਪਣੀ ਕਾਵਿ-ਚੇਤਨਾ ਅਤੇ ਸਮੀਖਿਆ-ਦ੍ਰਿਸ਼ਟੀ ਅਨੁਸਾਰ ਨਿਜਿੱਠਣ ਦਾ ਉਪਰਾਲਾ ਕੀਤਾ ਹੈ। ਹਥਲੇ ਪਰਚੇ ਵਿਚ ਸਾਡਾ ਸਰੋਕਾਰ ਨਜਮ ਹੁਸੈਨ ਸੱਯਦ ਦੀ ਆਲੋਚਨਾ ਨਾਲ ਹੈ। ਇਸ ਮੰਤਵ ਦੀ ਪੂਰਤੀ ਲਈ ਅਸੀਂ ਮੁੱਖ ਤੌਰ ਤੇ ਉਸਦੀ ਨਵ-ਪ੍ਰਕਾਸ਼ਿਤ ਪੁਸਤਕ ਫਰੀਦੋਂ ਨਾਨਕ, ਨਾਨਕੋਂ ਫਰੀਦ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ। ਨਜਮ ਹੁਸੈਨ ਸੱਯਦ ਨੇ ਫਰੀਦ ਬਾਣੀ ਦੇ ਰੂਪ ਵਿਚ ਮਿਲਦੇ ਇਸ ਮਹੱਤਵਪੂਰਨ ਸਾਹਿਤਕ ਪ੍ਰਵਚਨ ਜਾਂ ਕਲਾਮ ਦਾ ਅਧਿਐਨ ਕਰਨ ਲਈ ਵਿਸ਼ੇਸ਼ ਭਾਂਤ ਦੀ ਸਮੀਖਿਆ-ਦ੍ਰਿਸ਼ਟੀ ਅਤੇ ਪੜ੍ਹਤ-ਵਿਧੀ ਨੂੰ ਆਧਾਰ ਬਣਾਇਆ ਹੈ। ਇਹ ਪੜ੍ਹਤ-ਵਿਧੀ ਵਿਸ਼ਵ-ਵਿਆਪਕ ਤੌਰ ਤੇ ਸਮਕਾਲੀਨ ਸਾਹਿੱਤ-ਚਿੰਤਨ ਅਤੇ ਸਮੀਖਿਆ ਦੇ ਖੇਤਰ ਵਿਚ ਵਿਕਸਿਤ ਹੋਈਆਂ ਅੰਤਰ-ਦ੍ਰਿਸ਼ਟੀਆਂ ਨਾਲ ਸੰਵਾਦ ਰਚਾਉਂਦੀ ਹੈ ਅਤੇ ਗਿਆਨਸ਼ਾਸਤਰ ਦੇ ਨਵੇਂ ਪਰਿਪੇਖਾਂ ਵਲ ਸੰਕੇਤ ਕਰਦੀ ਹੈ।

ਇਸ ਨਵੇਂ ਗਿਆਨਸ਼ਾਸਤਰੀ ਪਰਿਪੇਖ ਦੀ ਉਸਾਰੀ ਨੂੰ ਭਿੰਨ-ਭਿੰਨ ਸਾਮਾਜਿਕ ਵਿਗਿਆਨਾਂ - ਸਮਾਜ-ਵਿਗਿਆਨ, ਮਨੋਵਿਗਿਆਨ, ਭਾਸ਼ਾ-ਵਿਗਿਆਨ, ਮਾਨਵ ਵਿਗਿਆਨ ਆਦਿ- ਦੇ ਅੰਤਰਅਨੁਸ਼ਾਸਨੀ ਉਪਰਾਲੇ ਨੇ ਸੰਭਵ ਬਣਾਇਆ ਹੈ। ਨਜਮ ਦੀ ਸਮੀਖਿਆ-ਦ੍ਰਿਸ਼ਟੀ ਇਸ ਸਮੁੱਚੇ ਗਿਆਨਸ਼ਾਸਤਰੀ ਅੰਤਰ-ਸੰਵਾਦ ਨੂੰ ਆਪਣੀ ਪੜ੍ਹਤ-ਵਿਧੀ ਵਿਚ ਸਮੋਣ ਦਾ ਜਤਨ ਕਰਦੀ ਹੈ ਅਤੇ ਇਸ ਦੇ ਫਲਸਰੂਪ ਹੋਂਦ ਵਿਚ ਆਈਆਂ ਨਵੀਨ ਚਿੰਤਨ-ਵਿਧੀਆਂ ਨਾਲ ਵੀ ਆਪਣਾ ਰਾਬਤਾ ਕਾਇਮ ਕਰਦੀ ਹੈ। ਖਾਸ ਤੌਰ ਤੇ ਉਸ ਨੇ ਮਾਰਕਸਵਾਦ ਅਤੇ ਸੰਰਚਨਾਵਾਦ ਦੇ ਸੰਵਾਦ ਵਿਚੋਂ ਵਿਕਸਿਤ ਹੋਏ ਨਵ-ਮਾਰਕਸਵਾਦੀ ਅਤੇ ਉੱਤਰ-ਸੰਰਚਨਾਵਾਦੀ ਚਿੰਤਨ ਨੂੰ ਆਪਣੀ ਆਲੋਚਨਾ ਦ੍ਰਿਸ਼ਟੀ ਦਾ ਆਧਾਰ ਬਣਾਇਆ ਹੈ। ਇਸ ਤੋਂ ਇਲਾਵਾ ਉਸਦੀ ਪੜ੍ਹਤ-ਵਿਧੀ ਵਿਚ ਅਜੋਕੇ ਦੌਰ ਦੀ ਵਿਰਚਨਾਵਾਦੀ ਅਤੇ ਪਾਠਕਵਾਦੀ ਆਲੋਚਨਾ-ਵਿਧੀ ਦੀ ਝਲਕ ਵੀ ਪ੍ਰਤੱਖ ਤੌਰ ਤੇ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਵੇਂ ਜ਼ਾਹਰਾ ਤੌਰ ਤੇ ਉਸ ਨੇ ਇਨ੍ਹਾਂ ਗਿਆਨ-ਅਨੁਸ਼ਾਸਨਾਂ ਅਤੇ ਚਿੰਤਨਵਿਧੀਆਂ ਦੀ ਤਕਨੀਕੀ ਸ਼ਬਦਾਵਲੀ ਨੂੰ ਵਰਤਣ ਤੋਂ ਸੰਕੋਚ ਕੀਤਾ ਹੈ ਪਰ ਨੀਝ ਨਾਲ ਦੇਖਿਆਂ ਉਸ ਦੀ ਪੜ੍ਹਤਵਿਧੀ ਇਨ੍ਹਾਂ ਨਵੀਨ ਗਿਆਨ-ਅਨੁਸ਼ਾਸਨਾਂ ਦੀ ਵਿਆਖਿਆ ਵਿਧੀ ਨਾਲ ਸੰਵਾਦ ਰਚਾਉਂਦੀ ਨਜ਼ਰ ਆਉਂਦੀ ਹੈ। ਕਿਧਰੇ ਕਿਧਰੇ ਉਹ ਸਮਕਾਲੀ ਸਾਹਿਤ-ਚਿੰਤਨ ਦੀ ਤਕਨੀਕੀ ਸ਼ਬਦਾਵਲੀ ਦਾ ਨਿਤਵਰਤੋਂ ਦੀ ਵਿਹਾਰਕ ਬੋਲੀ ਜਾਂ ਲੋਕ-ਭਾਸ਼ਾ ਵਿਚ ਉਤਾਰਾ ਕਰਨ ਦੀ ਚੇਸ਼ਟਾ ਵੀ ਕਰਦਾ ਹੈ ਪਰ ਆਮਤੌਰ ਤੇ ਉਹ ਲੋਕ ਮੁਹਾਵਰੇ ਦੇ ਨੇੜੇ ਤੇੜੇ ਵਿਚਰਦਾ ਹੋਇਆ ਗ਼ੈਰ ਤਕਨੀਕੀ ਸ਼ਬਦਾਵਲੀ ਵਿਚ ਹੀ ਸਾਹਿੱਤਕ ਲਿਖਤਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਦਾ ਹੈ। ਫਰੀਦਬਾਣੀ ਦਾ ਅਧਿਐਨ ਵੀ ਉਸ ਨੇ ਇਸੇ ਕਿਸਮ ਦੀ ਵਿਧੀ ਰਾਹੀਂ ਕੀਤਾ ਹੈ। ਆਪਣੀ ਪੁਸਤਕ ਫਰੀਦੋਂ ਨਾਨਕ, ਨਾਨਕੋਂ ਫਰੀਦ ਵਿਚ ਉਸ ਨੇ ਫਰੀਦਬਾਣੀ ਦੇ ਚੋਣਵੇਂ ਪਰ ਮਹੱਤਵਪੂਰਣ ਪਾਠਾਂ ਦਾ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਹੈ। ਫਰੀਦਬਾਣੀ ਦੇ ਸਿਰਜਿਤ ਪ੍ਰਵਚਨ ਦਾ ਪਾਠਗਤ ਅਧਿਐਨ ਕਰਨ ਦੇ ਨਾਲ ਨਾਲ ਉਸ ਨੇ ਇਸ ਪੜ੍ਹਤ-ਵਿਧੀ ਦੇ

ਸਿੱਧਾਂਤਕ ਆਧਾਰਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ ਅਤੇ ਇਸ ਦੇ ਵਿਹਾਰਕ ਮਸਲਿਆਂ ਨੂੰ ਵੀ ਨਿਜਿਠਣ ਦਾ ਉਪਰਾਲਾ ਕੀਤਾ ਹੈ ਜਿਸ ਦਾ ਆਪਣਾ ਮਹੱਤਵ ਹੈ। ਇਸ ਮੰਤਵ ਲਈ ਪੁਸਤਕ ਵਿਚਲੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ : " ਲਿਖਤਾਂ ਦਾ ਜਿਉ ਜਾਮਾ ਲਫ਼ਜ਼ਾਂ ਦਾ ਬਣਿਆਂ ਹੁੰਦਾ ਏ। ਲਫ਼ਜ਼ ਬੋਲੀ ਦੀ ਆਮ ਵਰਤੋਂ ਵਿਚੋਂ ਉਠ ਕੇ ਲਿਖਤ ਵਿਚ ਆਉਂਦੇ ਨੇ।ਬੋਲੀ ਦੀ ਆਮ ਵਰਤੋਂ ਵਿਚ ਹਰ ਮੇਲ, ਹਰ ਢਾਣੀ ਲਫ਼ਜ਼ਾਂ ਨੂੰ ਆਪੋ ਆਪਣੇ ਲਾਹੇ ਸਿਰ ਵਰਤਦੀ ਏ। ਸੋ ਹਰ ਲਫ਼ਜ਼ ਮਗਰ ਟਕਰਾਵੀਆਂ ਸਾਂਵੀਆਂ ਰਮਜ਼ਾਂ ਸੈਨਤਾਂ ਦਾ ਭੰਡਾਰ ਪਿਆ ਰਹਿੰਦਾ ਏ। ਜਦ ਲਫ਼ਜ਼ ਲਿਖਤੀਂ ਆਉਂਦੇ ਨੇ ਤਾਂ ਏਸ ਭੰਡਾਰ ਨੂੰ ਨਾਲ ਈ ਚਾ ਆਣਦੇ ਨੇ।ਪੜ੍ਹਤਾਂ ਏਸ ਭੰਡਾਰ ਵਿਚੋਂ ਆਪੋ ਆਪਣੀ ਸੌਖ ਦਾ ਦਾਰੂ ਸਿੱਕਾ ਚੁਗ ਖੜਦੀਆਂ ਨੇ। ਜਿਹੜੇ ਮੇਲ ਦਾ ਜ਼ੋਰ ਹੋਵੇ ਉਹਦੀ ਪੜ੍ਹਤ ਮਿੰਬਰਾਂ ਕੁਰਸੀਆਂ ਤੇ ਚੜ੍ਹ ਗੱਜਦੀ ਏ। ਚੌਂਤਰਿਆਂ ਮਦਰਸਿਆਂ ਵਿਚ ਪ੍ਰਵਾਨੀ ਜਾਂਦੀ ਏ। ਲਾਊਡ ਸਪੀਕਰਾਂ, ਅਖ਼ਬਾਰਾਂ ਥਾਣੀਂ ਚਾਂਘਰਦੀ ਏ। ਟੀਵੀ ਰੇਡੀਓ ਰਾਹੀਂ ਮੋਹੰਦੀ ਪਲੋਸਦੀ ਏ। ਤੇ ਔਖ ਸੌਖ ਵੇਲੇ ਮਖ਼ਲੂਕ ਨੂੰ ਮਗਰ ਲਾ ਖੜਦੀ ਏ। ਸੋ ਪੜ੍ਹਨ ਏਡਾ ਸੁਖਾਲਾ ਕੰਮ ਨਹੀਂ ਜੇਡਾ ਸਿਆਣਿਆਂ ਨੂੰ ਜਾਪਦਾ ਏ ਤੇ ਨਾ ਈ ਏਡਾ ਅਣਭੋਲ ਕੰਮ ਏ ਜੇਡਾ ਅਯਾਣਿਆਂ ਨੂੰ ਜਾਪਦਾ ਏ।" (ਫਰੀਦੋਂ ਨਾਨਕ, ਨਾਨਕੋਂ ਫਰੀਦ, ਪੰਨਾ - 40) ਇਥੇ ਨਜਮ ਹੁਸੈਨ ਸੱਯਦ ਨੇ ਆਲੋਚਨਾ ਦੀ ਪਰੰਪਰਕ ਸ਼ਬਦਾਵਲੀ ਦੀ ਵਰਤੋਂ ਕਰਨ ਦੀ ਬਜਾਏ ਸਮਕਾਲੀ ਸਾਹਿੱਤ-ਚਿੰਤਨ ਦੀ ਤਕਨੀਕੀ ਸ਼ਬਦਾਵਲੀ ਨਾਲ ਆਪਣਾ ਸਰੋਕਾਰ ਜੋੜਿਆ ਹੈ ਅਤੇ ਸਾਹਿੱਤਰਚਨਾ ਤੇ ਆਲੋਚਨਾ ਜਾਂ ਸਰਜਣਾ ਤੇ ਸਮੀਖਿਆ ਦੀ ਥਾਵੇਂ ਲਿਖਤ ਤੇ ਪੜ੍ਹਤ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਸਾਹਿਤ-ਅਧਿਐਨ ਦੇ ਵਰਤਮਾਨ ਪਰਿਪੇਖ ਵਿਚ ਇਨ੍ਹਾਂ ਦੀ ਵਰਤੋਂ ਹਰ ਕਿਸਮ ਦੇ ਸਾਹਿਤਕ ਜਾਂ ਸਭਿਆਚਾਰਕ ਪਾਠ ਦੇ ਅਧਿਐਨ ਲਈ ਕੀਤੀ ਜਾਂਦੀ ਹੈ। ਹਰ ਲਿਖਤ ਕਿਸੇ ਵੀ ਸਮਾਜ-ਸਭਿਆਚਾਰ ਵਿਚ ਪ੍ਰਚੱਲਤ ਭਾਸ਼ਾਈ ਅਤੇ ਪਾਰਭਾਸ਼ਾਈ ਚਿਹਨ-ਪ੍ਰਬੰਧਾਂ ਦੇ ਮਾਧਿਅਮ ਰਾਹੀਂ ਆਪਣਾ ਉਸਾਰ ਉਸਾਰਦੀ ਹੈ ਅਤੇ ਅਰਥਾਂ ਦੀ ਖੇਡ ਬਣ ਕੇ ਉਜਾਗਰ ਹੁੰਦੀ ਹੈ। ਇਸਦਾ ਬਹੁ-ਅਰਥਕ ਸੰਗਠਨ ਹਰ ਨਵੇਂ ਪੜ੍ਹਨਹਾਰ ਲਈ ਇਕ ਵੰਗਾਰ ਹੁੰਦਾ ਹੈ ਜਿਸ ਲਈ ਉਸਨੂੰ ਪੁਰਾਣੀਆਂ ਜਾਂ ਪਰੰਪਰਕ ਪੜ੍ਹਤਾਂ ਨਾਲ ਇਕ ਤਰ੍ਹਾਂ ਦੀ ਵਿੱਥ ਥਾਪਣੀ ਪੈਂਦੀ ਹੈ। ਨਜਮ ਦੇ ਸ਼ਬਦਾਂ ਵਿਚ:"ਪੜ੍ਹਤਾਂ ਆਉਂਦੀਆਂ ਬੂਹੇ ਖੋਲ੍ਹਣ ਨੇ ਪਰ ਜਿਹੜੀ ਕੁੰਜੀ ਲਾ ਕੇ ਖੋਲ੍ਹੇਂਦੀਆਂ ਨੇ ਓਸੇ ਨਾਲ ਈ ਮਾਰ ਕੇ ਟੁਰ ਵੈਂਦੀਆਂ ਨੇ। ਇਹ ਪੜ੍ਹਤਾਂ ਦੀ ਮਜਬੂਰੀ ਏ ਪਰ ਲਿਖਤਾਂ ਦੀ ਮਜਬੂਰੀ ਨਹੀਂ। ਲਿਖਤਾਂ ਸਗਵੀਆਂ ਖਲੋਤੀਆਂ ਆਉਣਿਆਂ ਪੜ੍ਹਣਹਾਰਾਂ ਨੂੰ ਪਈਆਂ ਵੰਗਾਰਦੀਆਂ ਨੇ। ਪਰ ਨਹੀਂ ਸਗਵੀਆਂ ਨਹੀਂ। ਜਦ ਨਵੇਂ ਪੜ੍ਹਨਹਾਰ ਲਿਖਤ ਦੇ ਮੱਥੇ ਲਗਦੇ ਨੇ। ਪੁਰਾਣੀਆਂ ਪੜ੍ਹਤਾਂ ਨੂੰ ਬੂਹੇ ਤੇ ਅਗਲਵਾਂਢੀ ਮਿਲਦੀਆਂ ਨੇ, ਆਪੋ ਆਪਣਾ ਸੌਦਾ ਵੇਚਣ ਦਾ ਟਿੱਲ ਲਾਉਂਦੀਆਂ ਨੇ। ਹਜ਼ਾਰ ਢੰਗ ਨੇ ਪੜ੍ਹਤਾਂ ਕੋਲ। ਕਿਤੇ ਮੋਹ, ਕਿਤੇ ਲਾਰਾ, ਕਿਤੇ ਧੌਂਸ। ਪਰ ਅਸਲ ਜ਼ੋਰ ਪੜ੍ਹਤ ਦਾ ਆਪਣਾ ਨਹੀਂ ਹੁੰਦਾ, ਓਸ ਮੇਲ ਜਾਂ ਢਾਣੀ ਦਾ ਹੁੰਦਾ ਏ ਜਿਸ ਉਹਨੂੰ ਪ੍ਰਵਾਨ ਕੇ ਖਲ੍ਹਾਰਿਆ ਹੋਵੇ। ਪੜ੍ਹਤਾਂ ਲਿਖਤਾਂ ਵਿਚੋਂ ਨਹੀਂ ਉੱਗਦੀਆਂ। ਪੜ੍ਹਤਾਂ ਦੀ ਪਨੀਰੀ ਮੇਲਾਂ ਢਾਣੀਆਂ ਦੇ ਲਾਹੇ ਵਿਚ ਲਗਦੀ ਏ। ਲਿਖਤਾਂ ਤੇ ਪਿੜ ਨੇ, ਹੋਰਾਂ ਪਿੜਾਂ ਵਾਂਗਰ . . ." (ਓਹੀ, ਪੰਨਾ - 40) ਇਥੇ ਨਜਮ ਨੇ ਲਿਖਤ ਅਤੇ ਪੜ੍ਹਤ ਦੇ ਪਰਸਪਰ ਰਿਸ਼ਤੇ ਨੂੰ ਪਰਿਭਾਸ਼ਿਤ ਕਰਦਿਆਂ ਇਸ ਤੱਥ ਵਲ ਧਿਆਨ ਆਕਰਸ਼ਿਤ ਕੀਤਾ ਹੈ ਕਿ ਕਿਸੇ ਵੀ ਲਿਖਤ ਨੂੰ ਪੜ੍ਹਨ ਦਾ ਕਾਰਜ ਕੋਈ ਸਹਿਜ ਸਰਲ ਜਾਂ ਮਾਸੂਮ ਕਾਰਜ ਨਹੀਂ ਹੈ ਸਗੋਂ ਹਰ ਪੜ੍ਹਤ ਆਪਣੇ ਪੜ੍ਹਨ ਵਾਲੇ ਦੀ ਸਥਿਤੀ ਅਤੇ ਮਾਨਸਿਕਤਾ ਤੋਂ ਪ੍ਰਭਾਵਿਤ ਹੁੰਦੀ ਹੈ। ਉਸਦੇ ਸ਼ਬਦਾਂ ਵਿਚ ਪੜ੍ਹਤਾਂ ਲਿਖਤਾਂ ਵਿਚੋਂ ਨਹੀਂ ਉੱਗਦੀਆਂ ਸਗੋਂ ਵੇਲੇ ਦੀ ਸਥਾਪਿਤ ਵਿਵਸਥਾ ਅਤੇ ਵਿਚਾਰਧਾਰਾ ਵਿਚੋਂ ਉਪਜਦੀਆਂ ਹਨ। ਇਸੇ ਲਈ ਉਸਨੇ ਲਿਖਤਾਂ ਨੂੰ ਵਿਚਾਰਧਾਰਾਈ ਸੰਘਰਸ਼ ਦੀ ਰਣਭੂਮੀ ਆਖਿਆ ਹੈ। ਕਿਸੇ ਲਿਖਤ ਨੂੰ ਕਿਵੇਂ ਪੜ੍ਹਨਾ ਹੈ? ਇਸ ਗੱਲ ਦਾ ਨਿਰਣਾ ਲਿਖਤ ਦੇ ਹੱਥ ਵਿਚ ਨਹੀਂ ਹੁੰਦਾ ਸਗੋਂ ਉਸ ਵਿਵਸਥਾ ਜਾਂ ਵਿਚਾਰਧਾਰਾ ਦੇ ਹੱਥ ਵਿਚ ਹੁੰਦਾ ਹੈ ਜੋ ਪੜ੍ਹਣਹਾਰ ਦੇ ਅਵਚੇਤਨ ਵਿਚ ਵਸੀ ਹੁੰਦੀ ਹੈ ਅਤੇ ਚੇਤ-ਅਚੇਤੀ ਪੜ੍ਹਨ ਕਾਰਜ ਨੂੰ ਪ੍ਰਭਾਵਿਤ ਕਰਦੀ ਹੈ। ਫਰੀਦਬਾਣੀ ਦੇ ਪ੍ਰਸੰਗ ਵਿਚ ਇਹ ਗੱਲ ਖਾਸ ਤੌਰ ਤੇ ਇਸ ਦੀਆਂ ਪਰੰਪਰਕ ਪੜ੍ਹਤਾਂ ਜਾਂ ਵਿਆਖਿਆਵਾਂ ਉੱਪਰ ਲਾਗੂ ਹੁੰਦੀ ਹੈ ਜੋ ਇਸ ਨੂੰ ਸ਼ਾਇਰੀ ਜਾਂ ਕਾਵਿ ਦੇ ਤੌਰ ਤੇ ਨਹੀਂ ਵਿਚਰਾਦੀਆਂ ਸਗੋਂ ਪ੍ਰਚਾਰ ਜਾਂ ਵਾਅਜ਼ ਦਾ ਵਸੀਲਾ ਬਣਾਉਣ ਦਾ ਜਤਨ ਕਰਦੀਆ ਹਨ। ਇਸ ਤਰ੍ਹਾਂ ਹਰ ਪੜ੍ਹਤ ਅਰਥਾਂ ਦੀ ਉਸ ਰਾਜਨੀਤੀ ਵਿਚ ਸ਼ਾਮਿਲ ਹੁੰਦੀ ਹੈ ਜੋ ਹਾਕਿਮ-ਸ਼੍ਰੇਣੀ ਦੇ ਹਿੱਤਾਂ ਦਾ ਪੱਖ ਪੂਰਦੀ ਹੈ। 4 ਨਜਮ ਹੁਸੈਨ ਸੱਯਦ ਨੇ ਫਰੀਦ ਬਾਣੀ ਦੇ ਪਾਠ-

ਪ੍ਰਬੰਧ ਨੂੰ ਕਾਵਿਕ ਪ੍ਰਵਚਨ ਦੇ ਰੂਪ ਵਿਚ ਪੜ੍ਹਨ ਦਾ ਮਹੱਤਵ ਉਜਾਗਰ ਕੀਤਾ ਹੈ। ਉਹ ਸ਼ਾਇਰੀ ਅਤੇ ਪ੍ਰਚਾਰ ਵਿਚ ਬੁਨਿਆਦੀ ਅੰਤਰ ਥਾਪਦਾ ਹੋਇਆ ਨਿਮਨਅੰਕਿਤ ਕਥਨ ਕਰਦਾ ਹੈ : "ਸ਼ਾਇਰੀ ਰਮਜ਼ ਸੈਨਤਰ ਦਾ ਮੇਲਾ ਏ। ਇਹ ਮੇਲਾ ਜੀਵਨ ਦੀ ਵੰਨ-ਸੁਵੰਨ ਨੂੰ, ਜੋੜ ਅਜੋੜ ਨੂੰ ਇਕ ਥਾਂ ਕਰੇਂਦਾ ਏ। ਵਰਤਾਰੇ ਵਿਚ ਜਿਹੜੀਆਂ ਗੱਲਾਂ ਇਕ ਦੂਜੀ ਨਾਲੋਂ ਓਬੜ ਹੋ ਜਾਂਦੀਆਂ ਨੇ ਉਹ ਰਮਜ਼ਾਂ ਸੈਨਤਾਂ ਦੇ ਜਾਦੂ ਨਾਲ ਜੁੜ ਢੁਕਦੀਆਂ ਨੇ। ਪ੍ਰਚਾਰ ਵਿਜੋਗ ਦਾ ਰੱਛ ਏ। ਵੰਨ-ਸੁਵੰਨ ਨੂੰ ਮਰੇਂਦਾ ਏ, ਜੋੜਾਂ ਅਜੋੜਾਂ ਦੇ ਪਾਸਾਰ ਨੂੰ ਮਿੱਧ ਮਧੋਲ ਕੇ ਇਕ ਇਕਹਿਰੀ ਲੀਹ ਕਢੇਂਦਾ ਏ। ਸੁਣਏਰ ਮੇਲੇ ਵਿਚੋਂ ਨਿਕਲ ਵੈਂਦੇ ਨੇ, ਵੰਨ ਸੁਵੰਨੀਆਂ ਜੁੜਤਾਂ ਵਿਸਾਰ ਵੈਂਦੇ ਨੇ. . ." ( ਓਹੀ, ਪੰਨਾ 40-41) ਇਸ ਤਰ੍ਹਾਂ ਨਜਮ ਸ਼ਾਇਰੀ ਨੂੰ ਸਾਮਾਜਿਕ ਵਰਤਾਰੇ ਵਿਚ ਪ੍ਰਚੱਲਤ ਰਮਜ਼ਾਂ ਸੈਨਤਾਂ ਦੀ ਇਕ ਅਜਿਹੀ ਜੁਗਤ ਆਖਦਾ ਏ ਜੋ ਅਰਥਾਂ ਦੀ ਖੇਡ ਉਸਾਰ ਕੇ ਮੇਲੇ ਵਰਗਾ ਮਾਹੌਲ ਸਿਰਜ ਦਿੰਦੀ ਏ। ਦੂਸਰੇ ਸ਼ਬਦਾਂ ਵਿਚ ਲਿਖਤਾਂ ਅਰਥਾਂ ਦਾ ਜਟਿਲ ਅਤੇ ਬਹੁ-ਅਰਥਕ ਪ੍ਰਬੰਧ, ਉਸਾਰਦੀਆਂ ਹਨ ਜਿਸ ਵਿਚ ਸਮਾਜਿਕ ਵਰਤਾਰੇ ਅਤੇ ਵਿਹਾਰ ਦਾ ਸੱਚ ਮੂਰਤੀਮਾਨ ਹੁੰਦਾ ਏ। ਫਰੀਦਬਾਣੀ ਦੇ ਪਾਠ ਅਤੇ ਪ੍ਰਵਚਨ ਦਾ ਅਧਿਐਨ ਕਰਨ ਲਈ ਨਜਮ ਨੇ ਇਸੇ ਕਿਸਮ ਦੀ ਪੜ੍ਹਤ ਵਿਧੀ ਨੂੰ ਆਧਾਰ ਬਣਾਇਆ ਹੈ। ਮਿਸਾਲ ਵਜੋਂ ਫਰੀਦਬਾਣੀ ਦੀ ਨਿਮਨ-ਅੰਕਿਤ ਲਿਖਤ ਬਾਰੇ ਉਸਦੀ ਪੜ੍ਹਤ ਨੂੰ ਵਾਚਿਆ ਜਾ ਸਕਦਾ ਹੈ : ਫਰੀਦਾ ਮਨ ਮੈਦਾਨ ਕਰ ਟੋਏ ਟਿਬੇ ਲਾਹ, ਅਗੇ ਮੂਲ ਨਾ ਅਵਸੀ ਦੋਜ਼ਖ ਸੰਦੀ ਭਾਹ। ਇਨ੍ਹਾਂ ਪੰਗਤੀਆਂ ਦੀ ਵਿਆਖਿਆ ਕਰਦਾ ਹੋਇਆ ਨਜਮ ਆਖਦਾ ਹੈ : "ਕੋਈ ਜੂਹ ਹੈ। ਟੋਇਆਂ ਟਿਬਿਆਂ ਭਰੀ। ਜਿੱਥੇ ਭਾਹ (ਅੱਗ) ਦੂਰੋਂ ਵਧਦੀ ਪਈ ਆਂਵਦੀ ਏ ਬੰਦੇ ਵਲ। ਮਾਰੋ ਮਾਰ ਕਰੇਂਦੀ। ਸੰਘਣਿਆਂ ਜੰਗਲਾਂ ਵਿਚ ਛਿੜੀ ਭਾਹ ਆਪਣੇ ਆਪ ਵਧਦੀ ਏ ਪੈਰੋ ਪੈਰ, ਰੁੱਖੋ ਰੁੱਖ। ਸੰਘਣਿਆਂ ਜੰਗਲਾਂ ਵਿਚ ਤੇ ਭਾਹ ਦੀ ਮਾਰ ਰੋਕਣ ਕੀਤੇ (ਲਈ) ਕੁਝ ਰੁਖ ਕੱਪ (ਕੱਟ) ਕੇ ਰਾਹ ਵਿਚ ਖੱਪੇ ਡਾਹੁਣੇ ਪੈਂਦੇ ਨੇ। ਪਰ ਇਹ ਦੋਹੜੇ ਵਾਲੀ ਭਾਹ ਅਚੰਭਾ ਏ। ਇਹ ਟੋਇਆ ਵਿਚ ਵੜ ਮੱਚਦੀ ਏ ਤੇ ਟਿਬਿਆ ਤੇ ਚੜ੍ਹ ਭੜਕਦੇ ਲਗੀ ਆਉਂਦੀ ਏ। ਕਿਤੇ ਇਹ ਤਾਂ ਨਹੀਂ ਜੇ ਬੰਦਾ ਆਪੂੰ ਏਸ ਭਾਹ ਵਲ ਪਿਆ ਵਧਦਾ ਏ। ਟੋਏ ਟਿਬਿਆਂ ਦੇ ਓਹਲੇ ਪਾਰੋਂ ਅਗਾਂਹ ਵੇਖ ਨਹੀਂ ਸਕਦਾ। ਤੇ ਅਚਨਚੇਤ ਏਸ ਭਾਹ ਦੇ ਵਾਤ (ਮੂੰਹ) ਵਿਚ ਢਹਿ ਕੇ ਸਵਾਹ ਥੀ ਵੈਂਦਾ ਏ। ਭਾਹ ਬੰਦੇ ਵਲ ਪਈ ਵਧਦੀ ਏ ਕਿ ਬੰਦਾ ਆਪ ਏਸ ਭਾਹ ਦੇ ਮੂੰਹ ਵਲ ਪਿਆ ਵਧਦਾ ਏ। ਉਪਾ ਇਕੋ ਏ - ਟੋਏ ਟਿਬੇ ਲਾਹ - ਪਰ ਮੈਦਾਨ ਤੇ ਲੜਾਈ ਦਾ ਹੁੰਦਾ ਏ। ਕੀ ਇਹ ਟੋਏ ਟਿਬੇ ਪਧਰੇ ਕਰਨ ਦਾ ਆਹਰ 5
ਕੋਈ ਲੜਾਈ ਏ ਜਿਹਦੇ ਵਿਚ ਅਸਾਂ ਨਿਤਰਨਾ ਏ। ਪਰ ਮੈਦਾਨ ਲੜਾਈ ਦਾ ਈ ਨਹੀਂ ਹੁੰਦਾ, ਖੇਡ ਦਾ ਵੀ ਹੁੰਦਾ ਏ। ਆਬਾਦੀ ਬੰਦੇ ਦੀ ਲੜਾਈ ਏ ਕਿ ਖੇਡ। ਕਿ ਖੇਡ ਈ ਬੰਦੇ ਦੀ ਆਬਾਦੀ ਏ। . . . ਟੋਇਆਂ ਟਿੱਬਿਆ ਭਰੀ ਜੂਹ ਫਰੀਦ ਦੀ ਆਪਣੀ ਜੂਹ ਏ। ਨੀਲੀ ਦੀ ਕੰਧੀ। ਨੀਲੀ ਬਾਰ। ਸੰਘਣੀਆਂ ਝੱਲਾਂ ਵਿਚ ਭਾਹੀਂ ਵੀ ਮਚ ਖਲੋਂਦੀਆਂ ਨੇ। . . . ਟੋਏ ਟਿੱਬੇ ਵਾਲੀ ਰਮਜ਼ ਫਰੀਦ ਦੇ ਵਸੇਬ ਦੀ ਮੂਰਤ ਵਾਹ ਕੇ ਸਹਿਜ ਸੁਭਾ ਈ ਮਨ ਦੇ ਚੌਖਟੇ ਵਿਚ ਜੋੜ ਵਖੇਂਦੀ ਏ। . . . ਹੁਕਮ ਤ੍ਰਾਣ ਦੇ ਟੋਏ ਭਰਮ ਗੁਮਾਨ ਦੇ ਟਿਬੇ ਬਣ ਵੈਂਦੇ ਨੇ। ਭੁੱਖ ਤੇ ਗ਼ੁਲਾਮੀ ਦੇ ਟੋਏ। ਬੇਵਸੀ ਤੇ ਬੇਵਸਾਹੀ ਦੇ ਟੋਏ। . . . ਦੋਜ਼ਖ ਭਾਹ ਦੇ ਧਾਵੇ ਨੂੰ ਤੇ ਹੋਣੀ ਦੇ ਬੇਮੁਹਾਰ ਟੋਰੇ ਨੂੰ ਠਲ੍ਹਦੀਆਂ ਨੇ ਕਰ ਤੇ ਲਾਹ ਵਾਲੀਆਂ ਸੈਨਤਾਂ। ਇਹ ਖੁੱਸਿਆ ਵੱਸ ਮੁੜ ਬੰਦੇ ਦੇ ਹੱਥ ਦੇਂਦੀਆਂ ਨੇ। . . .ਸੋ ਦੋਹੜਾ ਜਵਾਬ ਬਣਿਆ, ਫਰੀਦ ਦੇ ਸੁਣਏਰਾਂ (ਸੁਣਨ ਵਾਲਿਆਂ) ਲਈ। ਜੇ ਸੁਣਏਰ ਤਗੜੇ ਨੇ, ਵਾਧਾ ਕਰਨ ਵਾਲੇ ਨੇ, ਤਾਂ ਨੂੰ ਦੋਹੜਾ ਡਰਾਵਾ ਏ। ਜੇ ਸੁਣਏਰ ਮਾੜੇ ਨੇ ਜਿਨ੍ਹਾਂ ਦੇ ਘਾਟੇ ਪਾਰੋਂ ਵਾਧਾ ਪਿਆ ਥੀਂਦਾ ਏ ਤਾਂ ਨੂੰ ਦੋਹੜਾ ਥਾਪੜਾ ਏ। ਫੋਕਾ ਥਾਪੜਾ ਈ ਨਹੀਂ, ਸੱਤਿਆ ਏ। ਨਿਰਵਾਰ ਤੇ ਸਾਰ ਪਾਰੋਂ ਜਿਹੜੀ ਸਤਿਆ ਜਾਗਦੀ ਏ ਉਹ। . . . ਪਰ ਦੋਹੜਾ ਪ੍ਰਚਾਰ ਦਾ ਤ੍ਰੋੜ ਬਣਦਾ ਏ ਸ਼ਾਇਰੀ ਹੋਵਣ ਪਾਰੋਂ। ਰਮਜ਼ਾਂ ਦੀ ਖੇਡ ਪਾਰੋਂ . . ." (ਓਹੀ, ਪੰਨਾ- 41-44) ਇਥੇ ਫਰੀਦੋਂ ਨਾਨਕ, ਨਾਨਕੋਂ ਫਰੀਦ ਪੁਸਤਕ ਵਿਚਲੀ ਇਸ ਲੰਮੀ ਟੂਕ ਨੂੰ ਅੰਕਿਤ ਕਰਨ ਦਾ ਦਾ ਉੱਦੇਸ਼ ਨਜਮ ਹੁਸੈਨ ਸੱਯਦ ਦੀ ਪੜ੍ਹਤ-ਵਿਧੀ ਦੇ ਨਿਵੇਕਲੇ ਚਰਿਤਰ ਨੂੰ ਉਜਾਗਰ ਕਰਨਾ ਹੈ। ਨਜਮ ਨੇ ਫਰੀਦਬਾਣੀ ਦੇ ਉਪਰੋਕਤ ਦੋਹੜੇ (ਸ਼ਲੋਕ) ਨੂੰ ਕਾਵਿਕ ਪ੍ਰਵਚਨ ਦੇ ਰੂਪ ਵਿਚ ਗ੍ਰਹਿਣ ਕਰਦਿਆਂ ਇਸ ਦੇ ਭਾਸ਼ਾਈ ਅਤੇ ਪਾਰ-ਭਾਸ਼ਾਈ ਚਿਹਨਾਂ (ਰਮਜ਼ਾਂ ਅਤੇ ਸੈਨਤਾਂ) ਨੂੰ ਅਰਥ-ਗ੍ਰਹਿਣ ਦੀ ਪ੍ਰਕਿਰਿਆ ਨਾਲ ਸੰਬੰਧਿਤ ਕਰਕੇ ਵਾਚਣ ਦਾ ਉਪਰਾਲਾ ਕੀਤਾ ਹੈ। ਉਸਦੀ ਇਹ ਪੜ੍ਹਤ ਪਰੰਪਰਕ ਜਾਂ ਪੁਰਾਣੀ ਪੜ੍ਹਤ ਦੇ ਸਮਾਨੰਤਰ ਇਕ ਨਵੀਂ ਪੜ੍ਹਤ ਉਸਾਰਨ ਦਾ ਜਤਨ ਹੈ। ਜਿੱਥੇ ਪਰੰਪਰਕ ਪੜ੍ਹਤ ਰਚਨਾ-ਪਠ ਦੀ ਇਕਹਿਰੀ ਵਿਆਖਿਆ ਵਲ ਰੁਚਿਤ ਹੁੰਦੀ ਹੈ

ਓਥੇ ਇਹ ਨਵੀਂ ਪੜ੍ਹਤ ਅਰਥਾਂ ਦੇ ਬਹੁ-ਪਰਿਪੇਖੀ ਦ੍ਰਿਸ਼ ਨੂੰ ਉਸਾਰਨ ਦੀ ਚੇਸ਼ਟਾ ਕਰਦੀ ਹੈ। ਇਹੀ ਕਾਰਨ ਹੈ ਕਿ ਜਿੱਥੇ ਪ੍ਰਚਾਰ-ਕੇਂਦ੍ਰਿਤ ਪੁਰਾਣੀ ਪੜ੍ਹਤ ਇਸ ਦੋਹੜੇ ਨੂੰ ਇਕਹਿਰੇ ਅਰਥਾਂ ਵਾਲਾ ਬੰਦ ਪ੍ਰਬੰਧ ਬਣਾ ਦਿੰਦੀ ਹੈ ਓਥੇ ਨਜਮ ਦੀ ਪੜ੍ਹਤ-ਵਿਧੀ ਲਿਖਤ ਦੇ ਸਿਰਿਆ ਨੂੰ ਖੋਲ੍ਹ ਕੇ, ਉਸਨੂੰ, ਉਸਦੇ ਆਰਪਾਰ ਫੈਲੇ ਹੋਏ ਸੰਦਰਭਾਂ ਨਾਲ ਜੋੜ ਦਿੰਦੀ ਹੈ। ਇਹ ਨਵੀਂ ਪੜ੍ਹਤ ਦੋਹੜੇ ਨੂੰ ਫਰੀਦ-ਕਾਲੀਨ ਅਰਥ-ਵਿਵਸਥਾ, ਸਾਮਾਜਿਕ ਪ੍ਰਬੰਧ ਅਤੇ ਇਤਿਹਾਸਕ ਯਥਾਰਥ ਦੇ ਹਵਾਲੇ ਨਾਲ ਵਾਚਣ ਦਾ ਉਪਰਾਲਾ ਕਰਦੀ ਹੈ। ਇਸ ਵਿਧੀ ਦੀ ਤੁਲਨਾ ਅਜੋਕੇ ਦੌਰ ਵਿਚ ਵਿਕਸਿਤ ਹੋਈ ਵਿਰਚਨਾ ਵਿਧੀ ਨਾਲ ਕੀਤੀ ਜਾ ਸਕਦੀ ਹੈ, ਖਾਸ ਤੌਰ ਤੇ ਨਵਮਾਰਕਸਵਾਦੀ ਤੋਂ ਪ੍ਰਭਾਵਿਤ ਵਿਰਚਨਾ-ਵਿਧੀ ਨਾਲ, ਜਿਸਦਾ ਪ੍ਰਯੋਜਨ ਰਚਨਾ ਦੇ ਅੰਤਰੀਵ ਸੰਗਠਨ ਵਿਚ ਕਾਰਜਸ਼ੀਲ ਵਿਚਾਰਧਾਰਾਈ ਵਿਰੋਧਾਂ / ਅੰਤਰ-ਵਿਰੋਧਾਂ ਨੂੰ ਉਜਾਗਰ ਕਰਨਾ ਹੈ। ਨਜਮ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੀ ਨਵੀਂ ਪੜ੍ਹਤ ਉਸਾਰਨ ਦੇ ਨਾਲ ਨਾਲ ਪੁਰਾਣੀ ਪੜ੍ਹਤ ਨਾਲ ਸੰਵਾਦ ਵੀ ਰਚਾਉਂਦਾ ਹੈ। ਉਹ ਇਸ ਵਿਧੀ ਦੇ ਅੰਦਰ ਲੁਕੀ ਹੋਈ ਅਰਥਾਂ ਦੀ ਉਸ ਰਾਜਨੀਤੀ ਨੂੰ ਉਘਾੜ 6 ਦਿੰਦਾ ਹੈ ਜੋ, ਵਿਚਾਰਧਾਰਾਈ ਧਰਾਤਲ ਉੱਤੇ, ਹਾਕਮ-ਵਰਗਾਂ ਦਾ ਪੱਖ ਪੂਰਦੀ ਹੈ। ਇਸ ਤਰ੍ਹਾਂ ਨਜਮ ਹੁਸੈਨ ਸੱਯਦ ਫਰੀਦਬਾਣੀ ਦੇ ਇਸ ਦੋਹੜੇ ਨੂੰ ਗੁਨਾਹ ਅਤੇ ਦੋਜ਼ਖ ਦਾ ਮਸਲਾ ਬਣਾ ਕੇ ਪੇਸ਼ ਕਰਨ ਵਾਲੀ, ਉਸ ਪੁਰਾਣੀ ਪੜ੍ਹਤ ਨੂੰ, ਰੱਦ ਕਰ ਦਿੰਦਾ ਹੈ। ਉਹ ਇਸ ਦੋਹੜੇ ਨੂੰ ਸ਼ਾਇਰੀ ਦੀਆਂ ਜੁਗਤਾਂ ਦੇ ਹਵਾਲੇ ਨਾਲ ਵਾਚਦਾ ਹੈ ਅਤੇ ਉਸਦਾ ਪੁਨਰ-ਪਾਠ ਰਚਦਾ ਹੈ। ਇਸ ਨਵੀਂ ਪੜ੍ਹਤ ਅਨੁਸਾਰ ਰਚਨਾ ਵਿਚਲੇ ਟੋਏ ਟਿਬੇ ਅਤੇ ਦੋਜ਼ਖ ਸੰਦੀ ਭਾਹ ਪਰੰਪਰਕ ਪੜ੍ਹਤ ਨਾਲੋਂ ਵੱਖਰਾ ਲੋਕ-ਪੱਖੀ ਅਰਥ ਗ੍ਰਹਿਣ ਕਰ ਜਾਂਦੇ ਹਨ। ਨਜਮ ਆਪਣੀ ਇਸ ਵਿਲੱਖਣ ਪੜ੍ਹਤ-ਵਿਧੀ ਰਾਹੀਂ ਦੋਹੜੇ ਨੂੰ ਬਾਬਾ ਫਰੀਦ ਦੇ ਸਮਕਾਲੀ ਸਮਾਜ-ਸੱਭਿਆਚਾਰ ਅਤੇ ਇਤਿਹਾਸਕ ਯਥਾਰਥ ਦੇ ਸਨਮੁੱਖ ਕਰ ਦਿੰਦਾ ਹੈ। ਉਹ ਇਸ ਵਿਚ ਵਰਤੀਆਂ ਗਈਆਂ ਰਮਜ਼ਾਂ ਅਤੇ ਸੈਨਤਾਂ ਦੇ ਵਿਸ਼ਲੇਸ਼ਣ ਰਾਹੀਂ ਤੱਤਕਾਲੀਨ ਵਿਵਸਥਾ ਦੇ ਮੂਲ ਅੰਤਰ-ਵਿਰੋਧਾਂ ਨੂੰ ਉਜਾਗਰ ਕਰ ਦਿੰਦਾ ਹੈ। ਇਸੇ ਵਿਚ ਹੀ ਇਸ ਪੜ੍ਹਤ ਵਿਧੀ ਦਾ ਹਕੀਕੀ ਗੌਰਵ ਛੁਪਿਆ ਹੋਇਆ ਹੈ।

# ਸੇਧਾਂ: ਅਧਿਐਨ ਦ੍ਰਿਸ਼ਟੀ

## ਸਿਧਾਂਤਕ ਪੱਖ ਉੱਪਰ ਆਧਾਰਿਤ ਦ੍ਰਿਸ਼ਟੀ

ਨਜਮ ਹੁਸੈਨ ਸੱਯਦ ਆਪਣੀ ਆਲੋਚਨਾ-ਵਿਧੀ ਵਿੱਚ ਕਿਸੇ ਸਾਹਿਤ ਕਿਰਤ ਦੇ ਸਰਲ ਅਰਥੀ ਸਾਰ ਨੂੰ ਪੇਸ਼ ਕਰਨ ਦੀ ਥਾਂ,ਕਿਸੇ ਸਾਹਿਤ ਕਿਰਤ ਨੂੰ ਸਮੁੱਚ ਵਜੋਂ ਗ੍ਰਹਿਣ ਕਰਦਿਆਂ,ਇਸ ਕਿਰਤ ਦੇ ਪਾਠ ਨੂੰ ਆਧਾਰ ਬਣਾਉਂਦਿਆ ਇਸ ਵਿੱਚ ਪੇਸ਼ ਸਮਾਜਕ ਮਨੁੱਖੀ ਕੀਮਤਾਂ ਦੇ ਟਕਰਾਂ ਨੂੰ ਸਮਝਣ ਅਤੇ ਵਿਆਖਿਆਉਣ ਦਾ ਯਤਨ ਕਰਦਾ ਹੈ। ਇਹੀ ਕਾਰਣ ਹੈ ਕਿ ਉਹ ਲੋਕ-ਕਹਾਣੀਆਂ,ਸੂਫ਼ੀ ਕਵੀਆਂ ਦੀਆਂ ਕਾਫ਼ੀਆਂ ਜਾਂ ਪੂਰਨ ਆਦਿ ਕਿੱਸਿਆ ਵਿੱਚ ਪੇਸ਼ ਕੇਵਲ ਕਹਾਣੀਆਂ ਨੂੰ ਹੀ ਸਭ ਕੁੱਝ ਪ੍ਰਵਾਨ ਨਹੀਂ ਕਰਦਾ।ਇਸਦੇ ਉਲਟ ਉਹ ਸਾਹਿਤ ਕਿਰਤਾਂ ਵਿੱਚ ਪੇਸ਼ ਯਥਾਰਥ ਅਤੇ ਸਮਾਜਕ ਅਨੁਭਵ ਨੂੰ ਸਾਡੀ ਸੰਸਕ੍ਰਿਤੀ,ਸਮਾਜਿਕ ਜੀਵਨ ਅਤੇ ਇਤਿਹਾਸ ਦੇ ਇੱਕ ਵਿਸ਼ੇਸ਼ ਪ੍ਰਗਟਾ ਵਜੋਂ ਸਵੀਕਾਰ ਕਰਦਾ ਹੈ। ਉਹ ਸਾਹਿਤ ਕਿਰਤਾਂ ਜਾਂ ਲੋਕ ਕਹਾਣੀਆਂ ਵਿੱਚ ਪੇਸ਼ ਵਿਸ਼ੇਸ਼ ਪਾਤਰਾਂ,ਘਟਨਾਵਾਂ ਅਤੇ ਕਥਾਵਾਂ ਰਾਹੀਂ ਪੇਸ਼ ਵਿਆਪਕ ਅਤੇ ਸਦੀਵੀ ਮਨੁੱਖੀ ਸਮੱਸਿਆਵਾਂ ਨੂੰ ਸਮਝਣ ਅਤੇ ਸਮਝਾਉਣ ਦਾ ਯਤਨ ਕਰਦਾ ਹੈ।ਸੱਯਦ ਦੀ ਆਲੋਚਨਾ ਸਾਹਿਤ,ਸਮਾਜ,ਸੰਸਕ੍ਰਿਤੀ ਦੇ ਡੂੰਘੇ ਸੰਬੰਧਾਂ ਨੂੰ ਹੀ ਮੂਰਤੀਮਾਨ ਨਹੀਂ ਕਰਦੀ ਸਗੋਂ ਇਹ ਇਨ੍ਹਾਂ ਦੇ ਦਵੰਦਵਾਦੀ ਸੰਬੰਧਾਂ ਨੂੰ ਵੀ ਮੂਰਤੀਮਾਨ ਕਰਦੀ ਹੈ।ਇਹੀ ਕਾਰਣ ਹੈ ਕਿ ਉਸਦੇ ਵਿਚਾਰ ਵਿੱਚ ਸੰਸਕ੍ਰਿਤੀ ਅਤੇ ਸਮਾਜਕ ਜੀਵਨ,ਸਾਹਿਤ ਲਈ ਮਸਾਲਾ ਪ੍ਰਦਾਨ ਕਰਦੇ ਹਨ।

ਸੱਯਦ ਆਲੋਚਨਾ ਸਿਧਾਂਤਕ ਪੱਖ ਵਿੱਚ ਸਾਹਿਤ ਕਿਰਤਾਂ ਦੀ ਵਿਸਤਾਰ ਵਿੱਚ ਵਿਆਖਿਆ ਅਤੇ ਉਹਨਾਂ ਦੇ ਵਿਸ਼ਲੇਸ਼ਣ ਤੋਂ ਬਾਅਦ,ਇਨ੍ਹਾਂ ਵਿੱਚ ਪੇਸ਼ ਸਾਂਝੇ ਵਿਚਾਰਾਂ ਜਾਂ ਸਾਂਝੀਆਂ ਜੁਗਤਾਂ ਨੂੰ ਵੀ ਸਾਡੀ ਨਜ਼ਰ ਭਾਵ ਪੇਸ਼ ਕਰਦਾ ਹੈ। ਅਜਿਹਾ ਕਰਦਿਆਂ ਉਹ ਪੰਜਾਬੀ ਸਾਹਿਤ ਦੀ ਨਿਵੇਕਲੀ ਪਰੰਪਰਾ ਨੂੰ ਵੀ ਉਜਾਗਰ ਕਰਦਾ ਹੈ।ਉਹ ਇਸ ਪਰੰਪਰਾ ਵਿੱਚ ਪੇਸ਼ ਵਿਅਕਤੀਗਤ ਨਿਰੰਤਰਤਾ ਨੂੰ ਵੀ ਉਜਾਗਰ ਕਰ ਜਾਂਦਾ ਹੈ,ਜੋ ਹਰ ਸ਼ਾਇਰ ਆਪਣੀ ਨਿਵੇਕਲੀ ਅਤੇ ਵਿਸ਼ੇਸ਼ ਰਚਨਾ ਨਾਲ ਸਾਕਾਰ ਕਰਨੀ ਲੋਚਦਾ ਹੈ।ਆਪਣੀ ਆਲੋਚਨਾ ਵਿਧੀ ਵਿੱਚ ਸੱਯਦ ਸਾਹਿਤ ਕਿਰਤ ਵਿੱਚ ਪੇਸ਼ ਉਪਰਲੇ ਜਾਂ ਦਸਦੇ ਅਰਥਾਂ ਤੀਕ ਨਾ ਜਾ ਕੇ,ਇਸਦੇ ਲੁਪਤ ਭਾਵ ਲੁਕੇ ਹੋਏ ਅਰਥਾਂ ਤੀਕ ਪਹੁੰਚਣ ਦਾ ਯਤਨ ਕਰਦਾ ਹੈ।ਇਹੀ ਕਾਰਣ ਹੈ ਕਿ ਉਹ ਸਾਹਿਤ ਕਿਰਤਾਂ ਜਾਂ ਲੋਕ ਕਹਾਣੀਆਂ ਵਿੱਚ ਪੇਸ਼ ਵੱਖ-ਵੱਖ ਚਿੰਨ੍ਹਾਂ ਨੂੰ ਉਹਨਾਂ ਦੇ ਸਹੀ ਸਮਾਜਿਕ ਸੰਸਕ੍ਰਿਤਕ ਪਿਛੋਕੜ ਵਿੱਚ ਰੱਖ ਕੇ ਪੇਸ਼ ਕਰਦਾ ਹੈ। ਇਹੀ ਕਾਰਣ ਹੈ ਕਿ ਝਨਾਂ ਨੂੰ ਦੋ ਵਿਰੋਧੀ ਸਮਾਜਿਕ ਕੀਮਤਾਂ ਵਿਚਲੇ ਟਕਰਾਂ ਜਾਂ ਸਮਾਜਿਕ ਕੰਧ ਦੀ ਨਿਸ਼ਾਨੀ ਸਮਝਦਿਆਂ ਉਹ ਲਿਖਦਾ ਹੈ, "ਉਸ ਭਰਾਵਾਂ ਦੀ ਜੂਹ ਤੇ ਹੀਰ ਦੀ ਜੂਹ ਵਿਚਕਾਰ ਵਗਦੀ ਝਨਾਂ ਪਾਰ ਕੀਤੀ ਆਹੀ ਤੇ ਹੀਰ ਦੀ ਜੂਹੇ ਵੜਿਆ ਤਾਂ ਫੱਕਰ ਵਾਲਾ ਨਿਹੁੰ ਪਕੇਰਾ ਥੀ ਗਿਆ।"

ਇਸ ਵਿਸ਼ਲੇਸ਼ਣ ਤੋਂ ਬਾਅਦ,ਸੱਯਦ ਦੀ ਆਲੋਚਨਾ-ਦ੍ਰਿਸ਼ਟੀ ਬਾਰੇ ਮੰਨਿਆ ਜਾ ਸਕਦਾ ਹੈ ਕਿ ਇਹ ਸਾਹਿਤ ਕਿਰਤ ਜਾਂ ਰਚਨਾ ਦੇ ਪਾਠ-ਮੂਲਕ ਵਿਸ਼ਲੇਸ਼ਣ ਤੋਂ ਆਰੰਭ ਹੋ ਕੇ,ਰਚਨਾ ਦਾ ਸੰਬੰਧ ਸਾਡੀ ਸੰਸਕ੍ਰਿਤੀ ਅਤੇ ਵਿਸ਼ੇਸ਼ ਸਮੇਂ ਦੇ ਸਮਾਜਿਕ ਜੀਵਨ ਦੇ ਸਾਹਿਤ ਰਚਨਾਵਾਂ ਉੱਪਰ ਪੈਣ ਵਾਲੇ ਪ੍ਰਭਾਵਾਂ ਨੂੰ ਦਵੰਦਾਤਮਕ ਢੰਗ ਨਾਲ ਪੇਸ਼ ਕਰਦੀ ਹੈ।ਮਾਰਕਸਵਾਦੀ ਆਲੋਚਨਾ ਵਿੱਚ ਸਾਹਿਤ ਨੂੰ ਸਮਾਜ ਦੇ ਸਿਰਜਣਾਤਮਕ ਪ੍ਰਤਿਬਿੰਬ ਵਜੋਂ ਸਵੀਕਾਰ ਕੀਤਾ ਜਾਂਦਾ ਹੈ।ਇਹ ਉਸਾਰ ਦਾ ਇੱਕ ਅੰਗ ਹੋਣ ਕਾਰਣ ਇੱਕ ਵਿਸ਼ੇਸ਼ ਵਿਚਾਰਧਾਰਕ ਰੂਪ ਹੈ ਪਰੰਤੂ ਮਾਰਕਸਵਾਦੀ ਦ੍ਰਿਸ਼ਟੀ ਨੀਂਹ ਦੇ ਦਵੰਦਾਤਮਕ ਸੰਬੰਧਾਂ ਨੂੰ ਸਵੀਕਾਰ ਕਰਦੀ ਹੈ।ਸੱਯਦ ਦੀ ਇਹ ਦ੍ਰਿਸ਼ਟੀ ਵੀ ਸਹੀ ਮਾਰਕਸਵਾਦੀ ਪਹੁੰਚ ਉੱਤੇ ਹੀ ਆਧਾਰਿਤ ਹੈ ਜਿਸ ਅਨੁਸਾਰ ਰਾਂਝਾ ਲੋਕ ਕਹਾਣੀਆਂ ਵਿਚੋਂ ਉਠ ਕੇ ਸਾਡੇ ਅਦਬ ਜਾਂ ਸਾਹਿਤ ਦਾ ਨਾਇਕ ਬਣ ਜਾਂਦਾ ਹੈ।ਰਾਂਝਾ ਜਦੋਂ ਪ੍ਰਚਲਿਤ ਸਭਿਅਤਾ ਦੇ ਵਿਹਾਰ ਨਾਲੋਂ ਆਪਣੇ ਸੰਬੰਧ ਤੋੜਦਾ ਹੈ ਤਾਂ ਉਹ ਉਹਨਾਂ ਸਮਾਜਿਕ ਕੀਮਤਾ ਦਾ ਵੀ ਵਿਰੋਧ ਕਰਦਾ ਹੈ ਜਿੱਥੇ ਕਿਸੇ ਮਨੁੱਖ ਦਾ ਸਤਿਕਾਰ ਉਸਦੇ ਮਨੁੱਖੀ ਗੁਣਾਂ ਕਰਕੇ ਨਹੀਂ ਸਗੋਂ ਉਸਦੇ ਕਬਜ਼ੇ ਹੇਠਲੀ ਜ਼ਮੀਨ,ਜਾਇਦਾਦ,ਉਸ ਦੀ ਜਾਤ ਜਾਂ ਗੋਤ ਕਾਰਣ ਉਸ ਨੂੰ ਮਹਾਨ ਜਾਂ ਵੱਡਾ ਮੰਨਿਆ ਜਾਂਦਾ ਹੈ।ਨਿੱਜੀ ਜਾਇਦਾਦ ਦੇ ਇਸ ਘਿਨਾਉਣੇ ਪੱਖ ਨੂੰ ਸੱਯਦ ਇਉਂ ਪੇਸ਼ ਕਰਦਾ ਹੈ,"ਮੂਲ ਬੰਦੇ ਨੂੰ ਆਪਣੇ ਆਪ ਨਾਲ ਹੋਰ ਮਖ਼ਲੂਕ ਨਾਲ ਕੋਈ ਸੱਚਾ ਸਾਗਾ ਨਹੀਂ ਕਰਨ

ਦੇਂਦੀ।ਮੱਲ ਮੁਣਸ ਦੇ ਸਭ ਨੂੰ ਸੁਕਾ ਦੇਂਦਾ ਹੈ ਤੇ ਬੰਦੇ ਨੂੰ ਅਸਲੋਂ ਨਿਤਾਣਾ ਕਰਕੇ ਅਸਾਂਝ ਮਾਲਕੀ ਵਿਹਾਰ ਦੇ ਟੋਕੇ ਦਾ ਇੱਕ ਨਿੱਕਾ ਜਿਹਾ ਕਾਬਲਾ ਬਣਾ ਦੇਂਦਾ ਹੈ।"

ਸੱਯਦ ਦਾ ਇਹ ਵਿਚਾਰ ਵੀ ਪੂਰਣ ਰੂਪ ਵਿੱਚ ਜਾਇਦਾਦ ਸੰਬੰਧੀ ਮਾਰਕਸਵਾਦੀ ਧਾਰਣਾ ਉੱਤੇ ਹੀ ਆਧਾਰਿਤ ਹੈ।ਇਨ੍ਹਾਂ ਸਾਰੀਆਂ ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸੱਯਦ ਨੇ ਲੋਕ-ਕਹਾਣੀ ਵਿੱਚ ਪ੍ਰੱਚਲਿਤ ਅਤੇ ਪੇਸ਼ ਕੀਤੇ ਵਿਰੋਧ ਨੂੰ ਨਿਰੋਲ ਪਾਤਰਾਂ ਦੇ ਦਿਸਦੇ ਵਿਰੋਧ ਤੋਂ ਅੱਗੇ ਜਾ ਕੇ,ਇਸਨੂੰ ਦੋ ਵਿਰੋਧੀ ਜਮਾਤਾਂ ਦੇ ਦ੍ਰਿਸ਼ਟੀਕੋਣ ਅਤੇ ਕੀਮਤਾਂ ਦੇ ਟਕਰਾ ਵਜੋਂ ਗ੍ਰਹਿਣ ਅਤੇ ਪ੍ਰਸਤੁਤ ਕੀਤਾ ਹੈ।ਅਜਿਹਾ ਕਰਕੇ ਉਸਦੀ ਆਲੋਚਨਾ ਸਾਹਿਤ ਅਤੇ ਸਮਾਜ ਤੇ ਸਾਹਿਤ ਅਤੇ ਸੰਸਕ੍ਰਿਤੀ ਦੇ ਦਵੰਦਾਤਮਕ ਸੰਬੰਧਾਂ ਨੂੰ ਸਹੀ ਮਾਰਕਸਵਾਦੀ ਦ੍ਰਿਸ਼ਟੀ ਤੋਂ ਉਜਾਗਰ ਕਰਦੀ ਹੈ।ਇਉਂ,ਇਹ ਕਹਾਣੀਆਂ ਸਾਹਿਤਕ-ਰਚਨਾਵਾਂ ਦੇ ਰੂਪ ਵਿੱਚ ਮਨ-ਪ੍ਰਚਾਵੇ ਦਾ ਸਾਧਨ ਨਾ ਰਹਿ ਕੇ ਸਾਡੇ ਸਮੁੱਚੇ ਸਾਂਸਕ੍ਰਿਤਕ ਅਤੇ ਸਮਾਜਿਕ ਇਤਿਹਾਸ ਦਾ ਇੱਕ ਸਜੀਵ ਪ੍ਰਤਿਬਿੰਬ ਹੋ ਨਿੱਬੜਦੀਆਂ ਹਨ।

### ਵਿਹਾਰਕ ਪੱਖ ਉੱਪਰ ਆਧਾਰਿਤ ਦ੍ਰਿਸ਼ਟੀ

ਨਜਮ ਹੁਸੈਨ ਸੱਯਦ ਨੇ ਕਿਸੇ ਵੀ ਪਾਠ ਉਪਰ ਵਿਚਾਰ ਕਰਨ ਲਈ ਵਿਆਖਿਆ ਪੱਧਤੀ ਦਾ ਆਸਰਾ ਲਿਆ ਹੈ। ਕਿਸੇ ਵੀ ਸਾਹਿਤ ਕਿਰਤਾ ਦੀ ਵਿਆਖਿਆ,ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ ਹੀ ਕਿਸੇ ਆਲੋਚਕ ਦਾ ਅਸਲ ਕਰਤੱਵ ਪ੍ਰਵਾਨ ਕੀਤਾ ਜਾਂਦਾ ਹੈ। ਸਿਧਾਂਤ ਸਥਾਪਨ ਦੇ ਨਾਲ-ਨਾਲ ਸੱਯਦ ਨੇ ਵੱਖ-ਵੱਖ ਸਾਹਿਤ ਕਿਰਤਾਂ ਦੀ ਆਲੋਚਨਾ ਕਰਨ ਹਿਤ,ਕਈ ਵਿਲੱਖਣ ਜੁਗਤਾਂ ਨੂੰ ਪ੍ਰਯੋਗ ਵਿੱਚ ਲਿਆਂਦਾ ਹੈ। ਇਸ ਆਧਾਰ ਤੇ ਨਜਮ ਹੁਸੈਨ ਸੱਯਦ ਦੀ ਆਲੋਚਨਾ ਅੰਤਿਮ ਪੜਾਅ ਤੱਕ ਪੁੱਜਦੀ ਪ੍ਰਤੀਤ ਨਹੀਂ ਹੁੰਦੀ। ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ, "ਨਜਮ ਹੁਸੈਨ ਸੱਯਦ ਉਚੇਚੇ ਤੌਰ ਉਤੇ ਸਾਹਿਤ-ਸਿਧਾਂਤ ਦੀ ਉਸਾਰੀ ਵੱਲ ਰੁਚਿਤ ਨਹੀਂ,ਉਹ ਤਾਂ ਕੇਵਲ ਸਾਹਿਤ-ਪਾਠਾਂ ਦੀ ਆਲੋਚਨਾ ਕਰਨ ਨਾਲ ਹੀ ਆਪਣਾ ਬਹੁਤਾ ਵਾਹ-ਵਾਸਤਾ ਰੱਖਦਾ ਹੈ।"

ਵਿਹਾਰਕ ਆਲੋਚਨਾ ਵਿੱਚੋਂ ਹੀ ਸਿਧਾਂਤ ਦੀ ਉਸਾਰੀ ਹੁੰਦੀ ਹੈ ਤੇ ਫਿਰ ਸਿਧਾਂਤ ਤੇ ਵਿਹਾਰ ਦੀ ਦਵੰਦਾਤਮਕ ਪਹੁੰਚ ਰਾਹੀਂ ਸੋਧ ਦਾ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ। ਉਸ ਨੇ ਸਾਹਿਤ ਨੂੰ ਵਿਆਖਿਆ ਸਿਧਾਂਤ ਰਾਹੀਂ ਫਰੋਲਣ ਦਾ ਵਧੇਰੇ ਯਤਨ ਕੀਤਾ ਹੈ ਜਿਸ ਵਿੱਚ ਇਤਿਹਾਸ ਦ੍ਰਿਸ਼ਟੀ ਵੱਖ-ਵੱਖ ਪੱਖ ਤੋਂ ਕਾਰਜਸ਼ੀਲ ਰਹਿੰਦੀ ਹੈ।ਉਸ ਦੀ ਸਾਹਿਤ ਆਲੋਚਨਾ ਦੀ ਇੱਕ ਜੁਗਤ ਇਹ ਹੈ ਕਿ ਉਹ ਕਹਾਣੀ ਜਾਂ ਸਾਹਿਤ ਕਿਰਤ ਵਿੱਚ ਪੇਸ਼ ਵੱਖ-ਵੱਖ ਸ਼ਬਦਾਂ,ਸੰਕਲਪਾਂ ਨੂੰ ਵਿਸ਼ੇਸ਼ ਚਿੰਨ੍ਹਾਂ ਵਜੋਂ ਗ੍ਰਹਿਣ ਕਰਨ ਦਾ ਯਤਨ ਕਰਦਾ ਹੈ,ਜਿਹੜੇ ਨਿਸ਼ਚੇ ਹੀ ਸਾਡੀ ਸੰਸਕ੍ਰਿਤੀ ਨਾਲ ਜੁੜੇ ਹੋਣ ਕਾਰਣ ਹੀ ਆਪਣੇ ਵਿਸ਼ੇਸ਼ ਅਰਥ ਗ੍ਰਹਿਣ ਕਰਦੇ ਹਨ।ਹੁਣ ਤੀਕ ਦਾ ਅਧਿਐਨ ਉਸਦੀ ਆਲੋਚਨਾ-ਵਿਧੀ ਦੀ ਮੌਲਿਕਤਾ ਨੂੰ ਹੀ ਸਥਾਪਿਤ ਕਰਦਾ ਹੈ।

### ਸੱਯਦ ਦੀ ਆਲੋਚਨਾ ਦੀ ਭਾਸ਼ਾ

ਨਜਮ ਹੁਸੈਨ ਸੱਯਦ ਪਾਕਿਸਤਾਨੀ ਪੰਜਾਬੀ ਆਲੋਚਕ ਹੋਣ ਕਾਰਨ ਸ਼ਾਹਮੁਖੀ ਲਿਪੀ ਵਿੱਚ ਲਿਖਦਾ ਹੈ।ਉਸਦੀ ਵਧੇਰੇ ਰਚਨਾ ਉਪਰ ਲਹਿੰਦੀ ਦਾ ਅਸਰ ਹੈ।ਉਹ ਗਲਪੀ ਭਾਸ਼ਾ ਨੂੰ ਆਲੋਚਨਾ ਵਿੱਚ ਵਰਤਦਾ ਹੈ ਤੇ ਇਸ ਤਰ੍ਹਾਂ ਆਲੋਚਨਾ ਦੇ ਪਾਠਕ ਨੂੰ ਦੀ ਆਲੋਚਨਾ ਵਿਚੋਂ ਵੱਖਰਾ ਜਿਹਾ ਸੁਆਦ ਵੀ ਆਉਂਦਾ ਹੈ।ਉਸਦੀ ਭਾਸ਼ਾ ਨੂੰ 'ਰਚਨਾਤਮਕ ਭਾਸ਼ਾ' ਕਿਹਾ ਜਾ ਸਕਦਾ ਹੈ।ਉਸ ਦੀਆਂ ਆਲੋਚਨਾ ਪੁਸਤਕਾਂ ਦੇ ਲੇਖਾਂ ਦੇ ਸਿਰਲੇਖ ਪੜ੍ਹ ਕੇ ਹੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਹ ਆਲੋਚਨਾ ਵਿੱਚ ਗਲਪੀ ਭਾਸ਼ਾ ਦੀ ਵਰਤੋਂ ਕਰ ਰਿਹਾ ਹੈ।'ਸਾਰਾ' ਪੁਸਤਕ ਦੇ ਪਹਿਲੇ ਲੇਖ ਨਦੀਓ ਪਾਰ ਰਾਂਝਣ ਦਾ ਠਾਣਾ ਵਿਚਲੀਆਂ ਪਹਿਲੀਆਂ ਇਹ ਸਤਰਾਂ ਇਸ ਪੱਖੋ ਵਰਣਨਯੋਗ ਹਨ:- 'ਦਰਿਆ ਸਾਡਾ ਰਾਖਾ ਆਹਾ।ਸਾਨੂੰ ਖਲੋਣ ਤੋਂ,ਉਭਰਨ ਤੋਂ,ਵਧਣ ਤੋਂ ਵਰਜਦਾ।ਆਪਣੇ ਆਪ ਤੋਂ ਬਾਹਰ ਨਿਕਲਣੋਂ ਵਰਜਦਾ।ਸਾਡੀ ਸੋਚ ਉਡਾਰੀ ਕੋਲੋਂ, ਸਾਡਿਆਂ ਸੁਪਨਿਆਂ ਕੋਲੋਂ ਸਾਨੂੰ ਬਚਾਵੰਦਾ। ਆਪਣੀ 'ਮੈਂ' ਵੱਲੋ ਨਿਕਲ ਕੇ ਆਪਣੇ 'ਤੂੰ' ਵੱਲ ਵਗਣੋਂ ਹਟਕਦਾ। ਉਹ ਬਹੁਤੀ ਸੰਕਲਪ ਭਾਸ਼ਾ ਜਾਂ ਪਦਾਂ ਦੀ ਵਰਤੋਂ ਦੀ ਬਜਾਇ ਆਮ ਵਰਤੇ ਜਾਂਦੇ ਸ਼ਬਦਾਂ ਦੀ ਵਰਤੋ ਕਰਦਾ ਹੈ ਜਿਵੇਂ- ਸੈਨਤ,ਰਮਜ਼,ਰਹੱਸ,ਰੂਪ,ਰਸ,ਗੀਤ ਆਦਿ ਸ਼ਬਦ ਸੰਕਲਪਾਂ ਦੀ ਜਗ੍ਹਾਂ ਵਰਤੇ ਗਏ ਹਨ।

**ਨਵੀਆਂ ਧਾਰਨਾਵਾਂ ਅਪਣਾਉਣ ਵਾਲਾ ਆਲੋਚਕ**

ਸੱਯਦ ਅਜਿਹੀ ਕਿਸਮ ਦੀ ਆਲੋਚਨਾ ਵਿਧੀ ਨੂੰ ਨਕਾਰਦਾ ਹੈ ਜੋ ਸੁਣੀਆਂ-ਸੁਣਾਈਆਂ ਤੇ ਪ੍ਰਚਲਿਤ ਧਾਰਨਾਵਾਂ, ਮਨੌਤਾ ਉੱਪਰ ਆਧਾਰਿਤ ਹੁੰਦੀ ਹੈ। ਪੰਜਾਬੀ ਦੀ ਸ਼ੁਰੂਆਤੀ ਆਲੋਚਨਾ ਜੋ ਕਿ ਬਾਵਾ ਬੁੱਧ ਸਿੰਘ ਤੇ ਮੌਲਾ ਬਖ਼ਸ਼ ਕੁਸ਼ਤਾ ਹੋਰਾਂ ਨੇ ਕੀਤੀ, ਉਹ ਬਹੁਤੀ ਪ੍ਰਭਾਵਵਾਦੀ,ਪ੍ਰਸ਼ੰਸਾਵਾਦੀ ਕਿਸਮ ਦੀ ਸੀ,ਤੇ ਮਨੌਤਾਂ ਤੇ ਪ੍ਰਚਲਿਤ ਧਾਰਨਾਵਾਂ ਤੋਂ ਆਸਰਾ ਲੈਂਦੀ ਸੀ। ਇਸ ਕਿਸਮ ਦੀ ਆਲੋਚਨਾ ਤੋਂ ਨਜਮ ਹੁਸੈਨ ਸੱਯਦ ਦੂਰ ਕਰਦਾ ਹੈ। ਅਜਿਹੀ ਕਿਸਮ ਦੀ ਆਲੋਚਨਾ ਬਾਰੇ ਉਸਦਾ ਮੰਨਣਾ ਹੈ ਕਿ,ਅਸਾਡੀ ਪੁਰਾਣੀ ਸ਼ਾਇਰੀ ਨੂੰ ਪੜ੍ਹਨ ਦਾ ਇੱਕ ਪੁਰਾਣਾ ਢੰਗ ਹੈ।ਉਹ ਇਹ ਬਈ ਕਾਫ਼ੀ ਨੂੰ(ਜਾਂ ਕਿੱਸਾ,ਦੋਹੜਾ,ਜੋ ਵੀ ਸਾਹਮਣੇ ਹੋਵੇ,ਉਹਨੂੰ) ਇੱਕ ਉਚੇਰੀ ਕਿਰਤ ਜਾਂ ਬਣਤਰ ਨਹੀਂ ਸਮਝਿਆ ਜਾਂਦਾ।ਕੁਝ ਖਿਆਲਾਂ ਨੂੰ ਜਿਹੜੇ ਅਗਦੋਂ ਹੀ ਸਾਡੇ ਕੋਲ ਹੁੰਦੇ ਹਨ,ਕਾਫ਼ੀ ਉੱਤੇ ਥੋਪ ਦਿੱਤਾ ਜਾਂਦਾ ਹੈ।

ਇਸ ਪੱਖ ਤੋਂ ਉਹ ਉਪਰੋਕਤ ਸਿੱਧੜ ਤੇ ਪ੍ਰਭਾਵਾਵਾਦੀ ਦ੍ਰਿਸ਼ਟੀ ਦਾ ਖੰਡਨ ਕਰਦਾ ਹੈ ਤੇ ਅਜਿਹੀ ਆਲੋਚਨਾ ਨੂੰ ਰੱਦ ਕਰ ਦਿੰਦਾ ਹੈ।ਸੱਯਦ ਪ੍ਰਸੰਸਾਮਈ ਤੇ ਮਨਭਾਉਂਦੇ ਵਿਚਾਰਾਂ ਦੀ ਪੇਸ਼ਕਾਰੀ ਵਾਲੀ ਆਲੋਚਨਾ ਨੂੰ ਆਲੋਚਨਾ ਨਹੀਂ ਮੰਨਦਾ।ਇਸ ਤਰ੍ਹਾਂ ਸੱਯਦ ਦੀ ਦ੍ਰਿਸ਼ਟੀ ਰਚਨਾ ਦੇ ਸੰਰਚਨਾਤਮਕ ਅੰਗਾਂ ਬਣਤਰ ਤੇ ਬੁਣਤੀ ਦੇ ਵੱਖ-ਵੱਖ ਪੱਖਾਂ ਨੂੰ ਫੜ੍ਹ ਕੇ ਅਧਿਐਨ ਕਰਨ ਵਾਲੀ ਹੈ।

## ਸਾਹਿਤ ਸਿਧਾਂਤ ਬਾਰੇ ਨਜਮ ਦੇ ਵਿਚਾਰ

- ਸਾਹਿਤ ਰਚਨਾ ਕਲਾ ਤੇ ਕਥ ਦੀ ਸੰਯੁਕਤੀ ਦਾ ਨਾਂ ਹੈ।
- ਜਿਹੜੀਆਂ ਰਮਜ਼ਾਂ ਤੇ ਸੈਨਤਾਂ, ਸਾਹਿਤਕਾਰ ਆਪਣੀ ਰਚਨਾ ਵਿੱਚ ਵਰਤਦਾ ਹੈ, ਉਹ ਉਹਦੇ ਵਸੇਬ,ਆਪਣੇ ਆਲੇ ਦੁਆਲੇ ਅਤੇ ਹੱਡਵਰਤੀ ਵਿਚੋਂ ਹੁੰਦੀਆਂ ਹਨ।
- ਸਾਹਿਤ ਰਚਨਾ ਦਾ ਸਰੂਪ ਸਿੱਧ ਪੱਧਰਾ ਤੇ ਇਕਹਿਰਾ ਨਹੀਂ ਹੁੰਦਾ ਬਲਕਿ ਅਤਿ ਡੂੰਘਾ ਅਤੇ ਗੁੰਝਲਦਾਰ ਹੁੰਦਾ ਹੈ।
- ਇਸ ਤਰ੍ਹਾਂ ਸਾਹਿਤ ਦੀ ਹੋਂਦ ਵਿਧੀ ਬਾਰੇ ਚਰਚਾ ਕਰਦਾ ਹੋਇਆ,ਉਹ ਆਮ ਭਾਸ਼ਾ ਤੇ ਸਾਹਿਤ ਭਾਸ਼ਾ ਦਾ ਨਿਖੇੜਾ ਕਰਦਾ ਹੈ,ਅਤੇ ਸਾਹਿਤ ਦੀ ਜਟਿਲ ਹੋਂਦ ਬਾਰੇ ਵਿਸ਼ੇਸ਼ਤਾਵਾਂ ਦਰਸਾਉਂਦਾ ਹੈ। ਉਹ ਆਪਣੀ ਸਾਹਿਤ ਆਲੇਚਨਾ ਉੱਪਰ ਸਾਹਿਤ ਸਿਧਾਂਤ ਨੂੰ ਭਾਰੂ ਨਹੀਂ ਹੋਣ ਦਿੰਦਾ ਜਿਹਾ ਕਿ ਕਈ ਪੰਜਾਬੀ ਆਲੇਚਕਾਂ ਦੀ ਕਮਜ਼ੋਰੀ ਦਿਸਦੀ ਹੈ,ਪਰ ਸਹਿਜ ਰੂਪ ਵਿੱਚ ਵੀ ਸਿਧਾਂਤ ਦੀ ਗੱਲ ਕਰ ਜਾਂਦਾ ਹੈ।[3]

## ਨਜਮ ਹੁਸੈਨ ਸੱਯਦ ਦੀਆਂ ਆਲੋਚਨਾਤਮਕ ਜੁਗਤਾਂ

ਨਜਮ ਹੁਸੈਨ ਸੱਯਦ ਆਪਣੇ ਸਮੁੱਚੇ ਆਲੋਚਨਾ ਵਿਹਾਰ ਨੂੰ ਆਮ ਬੋਲ-ਚਾਲ ਦੀ ਭਾਸ਼ਾ ਅਤੇ ਲਹਿੰਦੀ ਉਪਬੋਲੀ ਦੇ ਮਿਸ਼ਰਨ ਨਾਲ ਉਸਾਰਿਆ ਹੈ।ਪੰਜਾਬੀ ਦੇ ਕੁੱਝ ਚਿੰਤਕਾਂ ਨੇ ਉਸ ਦੀ ਕੀਲ ਲੈਣ ਵਾਲੀ ਸਧਾਰਨ ਸੰਚਾਰ ਦੀ ਭਾਸ਼ਾ ਤੇ ਲਹਿੰਦੀ ਦੇ ਮਿਲਗੋਭੇ ਦੀ ਖ਼ੂਬ ਪ੍ਰਸੰਸਾ ਕੀਤੀ ਹੈ।ਨਜਮ ਹੁਸੈਨ ਸੱਯਦ ਵਿਆਖਿਆ ਵੇਲੇ ਉਹ ਆਪਣਾ ਧਿਆਨ ਸ਼ਾਇਰੀ ਦੀ ਭਾਸ਼ਾ ਉੱਪਰ ਟਿਕਾਉਂਦਾ ਹੋਇਆ ਉਸਦੇ ਨਵੇਕਲੇ ਅੰਦਾਜ਼ ਰਾਹੀ,ਮਹੀਨ ਤੇ ਪੁਖਤਾਂ ਨਜ਼ਰ ਨਾਲ,ਉਸ ਦੀ ਰੂਹ ਤੱਕ ਅਪੜਣ ਦਾ ਯਤਨ ਕਰਦਾ ਹੈ। ਉਹ ਆਪਣੀਆਂ ਲਿਖਤਾਂ ਨੂੰ ਲੋਕਾਂ ਤੱਕ ਸਾਧਾਰਨ ਭਾਸ਼ਾ ਵਿੱਚ ਪਹੁੰਚਾਉਂਦਾ ਹੈ। ਉਸਨੇ ਕੋਲ ਹਰ ਕਥਾ ਨੂੰ ਆਪਣੀ ਸੋਚ ਦੇ ਅਨੁਸਾਰੀ ਬਣਾ ਲੈਣ ਦੀ ਅਟਕਲ ਮੌਜੂਦ ਹੈ,ਅਤੇ ਇਸ ਚਕਾਚੌਂਪ ਕਰਨ ਵਾਲੀ ਅਟਕਲ ਦੀ ਉਹ ਖ਼ਬੂ ਵਰਤੋਂ ਕਰਦਾ ਹੈ।[4]

## ਮੁਲਾਂਕਣ

ਨਜਮ ਹੁਸੈਨ ਸੱਯਦ ਦੀ ਆਲੋਚਨਾ ਦ੍ਰਿਸ਼ਟੀ ਦਾ ਮੁਲਾਂਕਣ ਕਰਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਉਸਨੇ ਮੱਧਕਾਲੀ ਸਾਹਿਤ ਉੱਪਰ ਧਿਆਨ ਕੇਂਦਰਿਤ ਕਰਦਿਆ ਵਿਹਾਰਕ ਆਲੋਚਨਾ ਅਧੀਨ ਸਾਹਿਤ,ਸੱਭਿਆਚਾਰ,ਸਮਾਜ ਤੇ ਇਤਿਹਾਸ ਦੇ

ਦਵੰਦਾਤਮਕ ਸੰਬੰਧਾਂ ਨੂੰ ਵਿਗਿਆਨਕ ਢੰਗ ਨਾਲ ਪੇਸ਼ ਕੀਤਾ ਹੈ। ਉਸਨੇ ਆਪਣੇ ਅਧਿਐਨ ਵਿੱਚ ਸੰਰਚਨਾਤਮਕ,ਰੂਪਗਤ,ਨਵ-ਆਲੋਚਨਾ ਦੇ ਸੰਕਲਪਾਂ ਨੂੰ ਵਰਤੋਂ ਵਿੱਚ ਲਿਆਂਦਾ ਹੈ ਤੇ ਤੱਥਾਂ ਦੇ ਆਧਾਰ ਤੇ ਸਾਹਿਤ ਦੀ ਪਰਖ-ਆਲੋਚਨਾ ਵਿੱਚ ਅੰਤਰ-ਅਨੁਸ਼ਾਸਨੀ ਅਧਿਐਨ ਦੀਆਂ ਨਵੀਆਂ ਪੈੜਾਂ ਨੂੰ ਸਥਾਪਿਤ ਕੀਤਾ ਹੈ। ਉਹ ਮੂਲ ਰੂਪ ਵਿੱਚ ਵਿਰਸੇ ਦੀ ਚਕਾਚੌਂਧ ਕਰ ਦੇਣ ਵਾਲੀ ਪ੍ਰਤੀਕਵਾਦੀ ਵਿਆਖਿਆ ਕਰਨ ਵਾਲਾ ਆਲੋਚਕ ਹੈ।

ਬਾਬਾ ਫਰੀਦ ਪੰਜਾਬ ਦੇ ਉਨ੍ਹਾਂ ਮਹਾਨ ਸੂਫ਼ੀ ਦਰਵੇਸ਼ਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਰੂਹਾਨੀ ਸੰਦੇਸ਼ ਅਤੇ ਮਿੱਠੀ ਸ਼ਾਇਰੀ ਰਾਹੀਂ ਪੰਜਾਬੀ ਅਦਬ ਦੀ ਸੂਫ਼ੀਆਨਾ ਰਵਾਇਤ ਦਾ ਮੁੱਢ ਬੰਨ੍ਹਿਆਂ। ਬਾਬਾ ਫਰੀਦ ਕਾਬਲ ਦੇ ਬਾਦਸ਼ਾਹ ਫ਼ਰਖ਼ ਸ਼ਾਹ ਆਦਲ ਦੇ ਖ਼ਾਨਦਾਨ ਵਿਚੋਂ ਸਨ। ਪਰ ਜਦੋਂ ਕਾਬਲ ਗ਼ਜ਼ਨੀ ਦੇ ਅਧੀਨ ਹੋ ਗਿਆ ਤਾਂ ਫਰੀਦ ਦੇ ਦਾਦਾ ਕਾਜ਼ੀ ਸ਼ੇਖ਼ ਸ਼ੁਐਬ ਆਪਣੇ ਪਰਿਵਾਰ ਨੂੰ ਲੈ ਕੇ ਪੰਜਾਬ ਵਿਚ ਆ ਵਸੇ। ਬਾਬਾ ਫਰੀਦ ਦੇ ਪਿਤਾ ਜਮਾਲਉੱਦੀਨ ਸੁਲੇਮਾਨ ਮਹੁੰਮਦ ਗ਼ੌਰੀ ਦੇ ਜ਼ਮਾਨੇ ਵਿਚ ਪੱਛਮੀ ਪੰਜਾਬ ਦੇ ਕਸਬੇ ਕੋਠੀਵਾਲ, ਸੂਬਾ ਮੁਲਤਾਨ, ਦੇ ਕਾਜ਼ੀ ਮੁਕੱਰਰ ਹੋਏ।ਇਹ ਉਹ ਸਮਾ ਸੀ ਜਦੋਂ ਭਾਰਤ ਵਿਚ ਇਸਲਾਮੀ ਹਕੂਮਤ ਦੀ ਸਥਾਪਤੀ ਹੋ ਚੁੱਕੀ ਸੀ ਅਤੇ ਕੁਤਬੁੱਦਦੀਨ ਵਰਗੇ ਕੁਝ ਸ਼ਾਸਕਾਂ ਨੇ ਤਾਕਤ ਦੇ ਜ਼ੋਰ ਨਾਲ ਇਸਲਾਮ ਨੂੰ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਦੇ ਸਿੱਟੇ ਵਜੋਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵੈਰ-ਵਿਰੋਧ ਦੀ ਭਾਵਨਾ ਫੈਲ ਰਹੀ ਸੀ।

ਇਸੇ ਸਮੇਂ ਹੀ ਇੱਥੇ ਮੁਸਲਿਮ ਪੀਰ ਫ਼ਕੀਰਾਂ ਦੀ ਆਮਦ ਵੀ ਸ਼ੁਰੂ ਹੋ ਚੁੱਕੀ ਸੀ। ਇਨ੍ਹਾਂ ਸੂਫ਼ੀ ਸੰਤਾਂ ਨੇ ਰੱਬੀ ਪਿਆਰ ਅਤੇ ਭਾਈਚਾਰੇ ਦਾ ਪ੍ਰਚਾਰ ਕੀਤਾ ਅਤੇ ਲੋਕਾਂ ਵਿਚ ਬਹੁਤ ਮਕਬੂਲ ਹੋ ਗਏ। ਇਹ ਦੌਰ ਭਗਤੀ ਲਹਿਰ ਅਤੇ ਸੂਫ਼ੀ ਲਹਿਰ ਦੇ ਸਮਾਨੰਤਰ ਉਭਾਰ ਦਾ ਦੌਰ ਹੈ। ਜੇ ਭਗਤੀ ਲਹਿਰ ਨੇ ਮੁਗ਼ਲ ਸਾਮੰਤਵਾਦ ਦੇ ਆਰਥਕ ਸ਼ੋਸ਼ਣ ਅਤੇ ਕੱਟੜ ਮਜ਼੍ਹਬੀ ਨੀਤੀ ਕਾਰਣ ਦਹਿਸ਼ਤ ਅਤੇ ਦਮਨ ਦੇ ਸੰਤਾਪੇ ਹੋਏ ਹਿੰਦੂ ਸਮਾਜ ਦੇ ਨੈਤਿਕ ਮਨੋਬਲ ਨੂੰ ਉਭਾਰਣ ਦਾ ਉਪਰਾਲਾ ਕੀਤਾ ਸੀ ਤਾਂ ਸੂਫ਼ੀ ਲਹਿਰ ਨੇ ਇਸਲਾਮ ਦੀ ਰਹੱਸਵਾਦੀ ਵਿਆਖਿਆ ਰਾਹੀਂ ਬੰਦੇ ਅਤੇ ਖ਼ੁਦਾ ਦੀ ਬੁਨਿਆਦੀ ਏਕਤਾ ਉੱਤੇ ਬਲ ਦਿੱਤਾ। ਇਸਲਾਮ ਦੇ ਇਸ ਉਦਾਰਵਾਦੀ ਸਰੂਪ ਨੇ ਸ਼ਰ੍ਹਈ ਕੱਟੜਤਾ ਨਾਲੋਂ ਰੱਬੀ ਪਿਆਰ (ਇਸ਼ਕ-ਹਕੀਕੀ) ਨੂੰ ਜੀਵਨ-ਜਾਚ ਦਾ ਆਧਾਰ ਬਣਾਇਆ।

ਇਨ੍ਹਾਂ ਵਕਤਾਂ ਵਿਚ ਹੀ ਬਾਬੇ ਫਰੀਦ ਦਾ ਜਨਮ ਸੰਨ 1173 ਪਿੰਡ ਖੇਤਵਾਲ, ਜ਼ਿਲ੍ਹਾ ਮੁਲਤਾਨ ( ਪਾਕਿਸਤਾਨ) ਵਿੱਚ ਜਮਾਲ-ਉਦ-ਦੀਨ ਸੁਲੇਮਾਨ ਅਤੇ ਸ਼ੇਖ਼ ਵਜੀਹ-ਉਦ-ਦੀਨ ਖੋਜੇਂਦੀ ਦੀ ਧੀ ਮਰੀਅਮ ਬੀਬੀ ਦੇ ਘਰ ਹੋਇਆ ਸੀ । ਬਾਬਾ ਫ਼ਰੀਦ ਦਾ ਪੂਰਾ ਨਾਮ ਸ਼ੇਖ਼ ਫ਼ਰੀਦਉੱਦੀਨ ਮਸਊਦ ਗੰਜਿ-ਸ਼ਕਰ ਸੀ। ਉਹਨਾਂ ਦੇ ਪਿਤਾ ਬਾਬਾ ਫ਼ਰੀਦ ਜੀ ਨੂੰ ਕੇਵਲ 18 ਮਹੀਨੇ ਦੀ ਉਮਰ ਵਿੱਚ ਛੱਡ ਕੇ ਗੁਜਰ ਗਏ ਸਨ। ਉਨ੍ਹਾ ਦੀ ਮਾਤਾ ਕਰਸੂਮ ਸੁਭਾਅ, ਕਰਮ ਅਤੇ ਸ਼ਰੀਰ ਵਲੋਂ ਇੰਨੀ ਪਵਿਤਰ ਅਤੇ ਸੁੰਦਰ ਸੀ ਕਿ ਲੋਕ ਉਨ੍ਹਾਂ ਨੂੰ ਪਿਆਰ ਅਤੇ ਸ਼ਰਧਾ ਵਲੋਂ ਮਾਤਾ ਮਰੀਅਮ ਕਹਿਕੇ ਬੁਲਾਉਂਦੇ ਸਨ। ਮਾਤਾ ਮਰੀਅਮ (ਕਰਸੂਮ) ਜੀ ਦੀ ਮਾਂ ਹਜਰਤ ਅਲੀ ਦੇ ਖਾਨਦਾਨ ਵਿੱਚੋਂ ਸਨ। ਮਾਤਾ ਮਰੀਅਮ (ਕਰਸੂਮ) ਜੀ ਵਿੱਚ ਪ੍ਰਭੂ ਦੀ ਭਗਤੀ ਦੇ ਕਾਰਣ ਕੁੱਝ ਨਿਰਾਲੀ ਸ਼ਕਤੀਆਂ ਸਨ। ਪਰ ਉਹ ਕਦੇ ਇਨ੍ਹਾਂ ਦੀ ਨੁਮਾਇਸ਼ ਨਹੀਂ ਕਰਦੀ ਸੀ।

ਫਰੀਦ ਜੀ ਨੇ ਮੁਢਲੀ ਵਿਦਿਆਂ ਆਪਣੀ ਮਾਤਾ ਕੁਰਸੂਮ ਕੋਲੋਂ ਹੀ ਪ੍ਰਾਪਤ ਕੀਤੀ 15 ਸਾਲ ਤਕ ਹੱਜ ਦੀ ਰਸਮ ਪੂਰੀ ਕਰਕੇ ਹਾਜੀ ਦੀ ਪਦਵੀ ਹਾਸਲ ਕੀਤੀ ਮਜੀਦ ਮੌਲਾਨਾ ਅਬੂ ਹਾਫ਼ਜ਼ ਕੋਲੋਂ ਕੁਰਾਨ ਪੜਿਆ ਤੇ ਸਾਰਾ ਕੁਰਾਨ ਯਾਦ ਕਰਕੇ ਹਾਫ਼ਿਜ਼ ਬਣ ਗਏ ਇਨ੍ਹਾ ਦੇ ਤਿੰਨ ਵਿਆਹ ਹੋਏ , ਪਹਿਲੀ ਪਤਨੀ ਦਿਲੀ ਦੇ ਬਾਦਸ਼ਾਹ ਬਲਬਨ ਦੀ ਪੁਤਰੀ ਸੀ । ਪੰਜ ਪੁਤਰ ਤੇ ਤਿਨ ਧੀਆਂ ਨੇ ਜਨਮ ਲਿਆ ਉਸਤੋਂ ਬਾਅਦ ਉਹ ਪਾਕਪਟਨ (ਪਾਕਿਸਤਾਨ) ਚਲੇ ਗਏ ਜਿਥੇ ਉਨ੍ਹਾ ਨੇ ਬੜੀ ਕੜੀ ਸਾਧਨਾ ਕੀਤੀ, ਇਲਾਹੀ ਪਿਆਰ, ਭਗਤੀ ਤੇ ਉਚ ਸਦਾਚਾਰ ਦਾ ਪ੍ਰਚਾਰ ਕੀਤਾ ਇਸ ਪਿਛੋਂ ਉਹ ਬਗਦਾਦ ਗਏ ਜਿੱਥੇ ਉਹਨਾਂ ਨੇ 'ਅਬਦੁਲ ਕਾਦਰ ਜੀਲਾਨੀ`, 'ਸ਼ੇਖ ਸ਼ਿਰਾਬੁਦੀਨ ਸੁਹਰਾਵਰਦੀ`, 'ਖਵਾਜ਼ਾ ਮੁਅਈਉਨਦੀਨ ਚਿਸ਼ਤੀ` ਤੇ 'ਸ਼ੇਖ ਕਿਰਸਾਨੀਂ` ਆਦਿ ਦੀ ਸੰਗਤ ਵਿਚ ਰਹਿ ਬਹੁਤ ਕੁਝ ਸਿਖਿਆ ।" ਸੂਫ਼ੀਵਾਦ ਦੇ ਪ੍ਰਸਿੱਧ ਸਮਕਾਲੀ ਪਾਕਿਸਤਾਨੀ ਵਿਦਵਾਨ ਕਾਜ਼ੀ ਜਾਵੇਦ ਨੇ ਆਪਣੀ ਪੁਸਤਕ ਪੰਜਾਬ ਦੀ ਸੂਫ਼ੀਆਨਾ ਰਵਾਇਤ ਵਿਚ

ਲਿਖਿਆ ਹੈ ਕਿ ਸੂਫੀਆਂ ਵਿਚੋਂ ਮੁਹੱਬਤ, ਇਨਸਾਨ-ਦੋਸਤੀ, ਉਦਾਰਤਾ, ਸੰਗੀਤ ਅਤੇ ਹੋਰਨਾਂ ਕੋਮਲ ਕਲਾਵਾਂ ਨਾਲ ਲਗਾਉ ਚਿਸ਼ਤੀ ਬਜ਼ੁਰਗਾਂ ਦੇ ਨਿੱਖੜਵੇਂ ਗੁਣ ਹਨ!

ਇਨ੍ਹਾਂ ਨੇ ਆਪਣੇ ਪ੍ਰਚਾਰ ਦਾ ਕੇਂਦਰ ਅਜੋਧਨ (ਪਾਕਪਟਨ) ਨੂੰ ਬਣਾਇਆ। ਇਨ੍ਹਾਂ ਨੇ ਆਪਣੇ ਪੀਰਾਂ ਅਤੇ ਮੁਰਸ਼ਦਾਂ ਦੇ ਕਹਿਣ ਉੱਤੇ 18 ਸਾਲਾਂ ਤਕ ਗ਼ਜ਼ਨੀ, ਬਗ਼ਦਾਦ, ਸੀਰੀਆ, ਈਰਾਨ ਆਦਿ ਇਸਲਾਮੀ ਮੁਲਕਾਂ ਦਾ ਸਫ਼ਰ ਕੀਤਾ ਅਤੇ ਆਪਣੇ ਵੇਲੇ ਦੇ ਪ੍ਰਸਿੱਧ ਸੂਫ਼ੀ ਫ਼ਕੀਰਾਂ ਨੂੰ ਮਿਲੇ।.ਇਨ੍ਹਾਂ ਨੂੰ ਆਪਣੇ ਜੀਵਨ-ਕਾਲ ਵਿਚ ਹੀ ਇੰਨੀ ਪ੍ਰਸਿੱਧੀ ਹਾਸਿਲ ਹੋ ਗਈ ਸੀ ਕਿ 'ਸੀਅਰੁਲ ਔਲੀਆ' ਪੁਸਤਕ ਦੇ ਲੇਖਕ ਹਜ਼ਰਤ ਕ੍ਰਿਮਾਨੀ ਨੇ ਇਨ੍ਹਾਂ ਨੂੰ 'ਪੀਰਾਂ ਦਾ ਪੀਰ' ਆਖਿਆ ਹੈ।

ਮਕੇ ਦੀ ਯਾਤਰਾ ਕਰਨ ਤੋਂ ਬਾਅਦ ਵਾਪਸ ਪੰਜਾਬ ਵਿਚ ਆਉਣ ਤੇ ਜਦ ਉਹ ਮੁਲਤਾਨ ਵਿਚ ਉਸ ਵੇਲੇ ਦੇ ਪ੍ਰਸਿਧ ਸੂਫ਼ੀ ਫਕੀਰ ਖਵਾਜਾ ਬ੍ਖਤੀਅਰ ਕਾਕੀ ਨੂੰ ਮਿਲੇ ਤਾ ਇਤਨੇ ਪਰਭਾਵਿਤ ਹੋਏ ਕੀ ਉਨ੍ਹਾ ਦੇ ਹੋ ਕੇ ਰਹਿ ਗਏ ਤੇ ਉਨ੍ਹਾ ਨਾਲ ਹੀ ਦਿਲੀ ਆ ਗਏ । ਕਾਕੀ ਜੀ ਨੇ ਫ਼ਰੀਦ ਨੂੰ ਗਿਆਨ ਬਖ਼ਸ ਕੇ ਹਰ ਇੱਕ ਗੁਣਾ ਪੱਖੋਂ ਪਰਪੱਕ ਕਰ ਦਿੱਤਾ। ਲੰਮੇ ਫ਼ਾਕੇ ਕੱਟਣ, ਮਨ ਦੀ ਗ਼ਰੀਬੀ ਧਾਰਨ, ਰੋਜੇ ਨਮਾਜ਼ ਵਾਲਾ ਸ਼ਰੱਈ ਜੀਵਨ ਬਿਤਾਉਣ ਤੇ ਸਬਰ ਸੰਤੋਖ ਨਾਲ ਰਹਿਣ ਵਿਚੋਂ ਫ਼ਰੀਦ ਜੀ ਉਤਨੇ ਹੀ ਸਿਰਕੱਢ ਸਨ ਜਿਤਨੇ ਕਾਕੀ ਜੀ | ਇਸ ਸਾਧਨਾਂ ਦਾ ਫ਼ਲ ਇਹ ਹੋਇਆ ਕਿ ਕਾਕੀ ਜੀ ਦੇ ਅਕਾਲ ਚਲਾਣੇ ਸਮੇਂ ਫ਼ਰੀਦ ਜੀ ਨੂੰ ਆਪਣਾ ਖ਼ਲੀਫਾ ਥਾਪ ਗਏ ਤੇ ਬਾਅਦ ਵਿਚ ਚਿਸ਼ਤੀ ਸੰਪ੍ਰਦਾਇ ਦੇ ਪ੍ਰਸਿਧ ਮੁਖੀ ਬਣੇ। ਸ਼ੇਖ਼ ਫ਼ਰੀਦ ਨੇ ਬਾਰਾਂ ਸਾਲ ਇੱਥੇ ਰਹੇ ਤੇ ਫਿਰ ਵਾਪਸ ਪਾਕਪਟਨ ਚਲੇ ਗਏ ਹਾਂਸੀ ਨੂੰ ਸੂਫ਼ੀਆਂ ਦੇ ਗੜ੍ਹ ਵਜੋਂ ਸਥਾਪਿਤ ਤੇ ਵਿਕਸਿਤ ਕਰਨ ਦਾ ਸਿਹਰਾ ਸ਼ੇਖ਼ ਫ਼ਰੀਦ ਸ਼ਕਰਗੰਜ ਦੇ ਸਿਰ ਬੱਝਦਾ ਹੈ। "ਜਦੋਂ ਫ਼ਰੀਦ ਜੀ ਨੇ ਚਿਸ਼ਤੀ ਪੰਥ ਦੀ ਵਾਗ ਡੋਰ ਸੰਭਾਲੀ ਉਦੋ ਹਿੰਦੁਸਤਾਨ ਵਿੱਚ ਸੂਫ਼ੀਆਂ ਦੇ ਦੋ ਹੋਰ ਵੱਡੇ ਫ਼ਿਰਕੇ, ਕਾਦਰੀ ਤੇ ਸੁਹਰਾਵਰਦੀ ਵੀ ਧਰਮ ਪ੍ਰਚਾਰ ਦੇ ਖੇਤਰ ਵਿੱਚ ਕੰਮ ਕਰ ਰਹੇ ਸਨ। ਬਾਬਾ ਫ਼ਰੀਦ ਜੀ ਤੇ ਅੱਗੋਂ ਉਹਨਾਂ ਦੇ ਖਲੀਫ਼ੇ ਸ਼ੇਖ ਨਿਜਾਮੁੱਦ-ਦੀਨ ਔਲੀਆਂ ਨੇ ਚਿਸ਼ਤੀ ਸੰਪ੍ਰਦਾਇ ਨੂੰ ਐਸੀ ਟੀਸੀ ਉੱਤੇ ਪਹੁੰਚਾਇਆ ਕਿ ਸੁਹਰਾਵਰਦੀ ਤਾਂ ਬੱਸ ਮੁਲਤਾਨ ਜੋਗੇ ਹੀ ਰਹਿ ਗਏ ਤੇ ਕਾਦਰੀ ਵੀ ਕੋਈ ਬਹੁਤੀ ਤਰੱਕੀ ਨਾ ਕਰ ਸਕੇ। ਇਸ ਵੇਲੇ ਸੂਫ਼ੀ ਸਿਲਸਿਲਆ ਵਿਚੋਂ ਚਿਸ਼ਤੀ ਸਿਲਸਿਲਾ ਹਿੰਦੁਸਤਾਨ ਤੇ ਪਾਕਿਤਸਾਨ ਵਿੱਚ ਸਭ ਤੋਂ ਵੱਡਾ ਸਿਲਸਿਲਾ ਹੈ।"

ਚਿਸ਼ਤੀ ਸੰਪ੍ਰਦਾਇ ਦਾ ਸਿਲਸਲਾ ਖਵਾਜਾ ਹਸਨ ਬਸਰੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ ਕਹਿੰਦੇ ਹਨ ਕਿ ਉਨ੍ਹਾ ਨੇ ਫ਼ਕੀਰੀ ਦੀ ਗੋਦੜੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ ਤੇ ਆਪਣੀਆ ਤੇਰਾਂ ਪੁਸ਼ਤਾਂ ਤਕ ਇਸ ਪਿੰਡ 'ਚਿਸ਼ਤ` ਨੂੰ ਹੀ ਆਪਣਾ ਟਿਕਾਣਾ ਬਣਾਈ ਰੱਖਿਆ। ਇਨ੍ਹਾ ਦੀ 14 ਵੀ ਪੁਸ਼ਤ ਖਵਾਜਾ ਮੁਈਨੱਦਦੀਨ ਨੇ ਚਿਸ਼ਤੀ ਸੰਪ੍ਰਦਾਇ ਦੀ ਨੀਂਹ ਰੱਖੀ, ਜਿਨ੍ਹਾ ਨੇ ਮੁਲਤਾਨ ਆਕੇ ਆਪਣੀ ਗੱਦੀ ਖਵਾਜਾ ਕੁਤਬੁੱਦ-ਦੀਨ ਬਖ਼ਤਯਾਰ ਕਾਕੀ ਚਿਸ਼ਤੀ ਨੂੰ ਬਖ਼ਸੀ । ਉਸ ਵੇਲੇ 'ਮੁਲਤਾਨ` ਉੱਤਰ ਪੱਛਮੀ ਹਿੰਦੁਸਤਾਨ ਦੇ ਵਪਾਰ, ਸੱਭਿਆਚਾਰ ਤੇ ਰਾਜਨੀਤੀ ਦਾ ਇੱਕ ਬਹੁਤ ਵੱਡਾ ਇਸਲਾਮੀ ਕੇਂਦਰ ਸੀ | ਹੋਰ ਦੇਸ਼ਾਂ ਵਿਚੋਂ ਮੌਲਵੀ ਤੇ ਸੂਫ਼ੀ ਹੁੰਮ ਹੁੰਮਾ ਕੇ ਮੁਲਤਾਨ ਪਹੁੰਚਿਆ ਕਰਦੇ ਸਨ। ਇਸ ਥਾਂ ਦੀਆਂ ਸ਼ਾਨਦਾਰ ਮਸੀਤਾਂ, ਵਿਦਿਆਲੇ ਸਨ ਅਤੇ ਉੱਚ ਇਸਲਾਮੀ ਸਿੱਖਿਆ ਲਈ ਇਹ ਥਾਂ ਬਹੁਤ ਮਸ਼ਹੂਰ ਸੀ। ਇਸੇ ਸਥਾਨ ਤੇ ਹੀ ਇੱਕ ਦਿਨ ਕਾਕੀ ਜੀ ਵੀ ਆਏ ਅਤੇ ਉਨ੍ਹਾ ਦਾ ਫ਼ਰੀਦ ਜੀ ਨਾਲ ਇੱਕ ਮਸੀਤ ਵਿੱਚ ਮਿਲਾਪ ਹੋਇਆ ਦਿੱਲੀ ਵਿਚ ਉਨ੍ਹਾਂ ਦੀ ਬਹੁਤ ਆਉ-ਭਗਤ ਹੋਈ। ਦਿੱਲੀ ਦਾ ਸੁਲਤਾਨ ਬਲਬਨ ਵੀ ਉਨ੍ਹਾਂ ਦੀ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਆਪਣੀ ਧੀ ਦਾ ਰਿਸ਼ਤਾ ਬਾਬਾ ਫਰੀਦ ਨਾਲ ਕਰਨਾ ਚਾਹਿਆ। ਫਰੀਦ ਨੇ ਇਹ ਰਿਸ਼ਤਾ ਤਾਂ ਪ੍ਰਵਾਨ ਕਰ ਲਿਆ ਪਰ ਉਨ੍ਹਾਂ ਵਲੋਂ ਦਿਤੇ ਕੀਮਤੀ ਤੁਹਫ਼ੇ ਪ੍ਰਵਾਨ ਨਹੀਂ ਕੀਤੇ । ਬਾਬਾ ਫਰੀਦ ਦਾ ਨਾਮ ਗੰਜਿ-ਸ਼ੱਕਰ ਕਿਉਂ ਪਿਆ ਇਸ ਬਾਰੇ ਕਈ ਰਵਾਇਤਾਂ ਪ੍ਰਚੱਲਤ ਹਨ। ਡਾ. ਗੁਰਦੇਵ ਸਿੰਘ ਨੇ ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ ਵਿਚ ਇਸ ਬਾਰੇ ਲਿਖਿਆ ਹੈ ਕਿ "ਅਸਲ ਵਿਚ ਆਪ ਦੀ ਸ਼ੀਰੀਂ ਬਿਆਨੀ (ਮਧੁਰ-ਕਥਨੀ) ਕਰਕੇ ਹੀ ਆਪ ਨੂੰ ਗੰਜਿ-ਸ਼ੱਕਰ (ਜਾਂ ਮਿਠਾਸ ਦਾ ਖ਼ਜ਼ਾਨਾ) ਕਿਹਾ ਹੋਵੇਗਾ ਇਕ ਕਾਰਨ ਇਨ੍ਹਾ ਦਾ ਨਾਂ ਵੀ ਹੋ ਸਕਦਾ "ਫਰੀਦ ਮਤਲਬ ਅਦੁਤੀ ,ਇੱਕਲਾ, ਸਭ ਤੋਂ ਭਿੰਨ ਇਸਦਾ ਦਾ ਕਾਰਨ ਮਾਤਾ

ਮਰੀਅਮ ਵੀ ਹੋ ਸਕਦੀ ਹੈ ਜੋ ਬਚਪਨ ਵਿਚ ਲਾਲਚ ਵਜੋਂ ਉਨ੍ਹਾ ਦੇ ਸਰਹਾਣੇ ਹੇਠ ਰੋਜ਼ ਸ਼ਕਰ ਦੀਆਂ ਪੁੜੀਆਂ ਬਣਾ ਕੇ ਰਖ ਦਿੰਦੇ ਸਨ ਕਿ "ਇਹ ਅਲ੍ਹਾ-ਪਾਕ ਖੁਸ਼ ਹੋਕੇ ਰਖਦਾ ਹੈ ਕਿਓਂਕਿ ਆਪ ਹਰ ਰੋਜ਼ ਨਮਾਜ਼ ਪੜਨ ਲਈ ਮਸਜਿਦ ਜਾਂਦੇ ਹੋ ।

ਬਾਬਾ ਫਰੀਦ ਬਹੁਤ ਹੀ ਸਬਰ ਸੰਤੋਖ ਵਾਲੇ ਇਨਸਾਨ ਸਨ। ਇਕ ਵਾਰ ਜਦੋਂ ਸ਼ਮਸੁੱਦੀਨ ਉੱਚ ਸ਼ਰੀਫ਼ ਅਤੇ ਮੁਲਤਾਨ ਉੱਤੇ ਹਮਲਾ ਕਰਨ ਲਈ ਆਇਆ ਤਾਂ ਆਪ ਦੇ ਦਰਸ਼ਨਾਂ ਲਈ ਅਜੋਧਨ ਵੀ ਆਇਆ। ਉਹ ਆਪ ਦੇ ਦਰਸ਼ਨ ਕਰਕੇ ਇਤਨਾ ਪ੍ਰਸੰਨ ਹੋਇਆ ਕਿ ਆਪਣੇ ਵਜ਼ੀਰ ਅਲਿਫ਼ ਖਾਂ ਦੇ ਹਥ ਬਾਬਾ ਫਰੀਦ ਲਈ ਬਹੁਤ ਸਾਰੀ ਦੌਲਤ ਅਤੇ ਚਾਰ ਪਿੰਡਾਂ ਦੀ ਜਾਗੀਰ ਦਾ ਪਰਵਾਨਾ ਭੇਜਿਆ । ਆਪ ਨੇ ਸਾਰੀ ਦੌਲਤ ਤਾਂ ਗ਼ਰੀਬਾਂ ਵਿਚ ਵੰਡ ਦਿੱਤੀ ਤੇ ਪ੍ਰਵਾਨਾ ਇਹ ਕਹਿ ਕੇ ਮੋੜ ਦਿੱਤਾ ਕਿ, ਇਹ ਲੋੜਵੰਦਾਂ ਨੂੰ ਦੇ ਦੇਵੋ ।' ਬਾਦ ਵਿਚ ਇਹੀ ਸੁਲਤਾਨ ਗ਼ਿਆਸੁੱਦੀਨ ਬਲਬਨ ਦੇ ਨਾਮ ਨਾਲ ਪ੍ਰਸਿੱਧ ਹੋਇਆ ।

ਬਾਬਾ ਫਰੀਦ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ, ਸਾਦਗੀ, ਸੱਚਾਈ ਅਤੇ ਨੇਕੀ ਦੇ ਲਾ-ਮਿਸਾਲ ਇਨਸਾਨ ਸਨ। ਇਸ ਗੱਲ ਦੀ ਇਕ ਮਿਸਾਲ ਉਨ੍ਹਾਂ ਦੇ ਜੀਵਨ ਦੀ ਇਕ ਘਟਨਾ ਰਾਹੀਂ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ। ਕਹਿੰਦੇ ਹਨ ਕਿ ਇਕ ਵਾਰੀ ਕਿਸੇ ਲੋੜਵੰਦ ਨੇ ਇਨ੍ਹਾਂ ਨੂੰ ਸੁਲਤਾਨ ਬਲਬਨ ਕੋਲ ਉਸਦੀ ਸਿਫਾਰਿਸ਼ ਕਰਨ ਲਈ ਬੇਨਤੀ ਕੀਤੀ ਜੋ ਕਿ ਜਾਇਜ਼ ਸੀ ।' ਫਰੀਦ ਜੀ ਨੇ ਬਾਦਸ਼ਾਹ ਦੇ ਨਾਮ ਇਕ ਚਿੱਠੀ ਲਿਖ ਦਿੱਤੀ ਜਿਸ ਵਿਚ ਉਨ੍ਹਾਂ ਨੇ ਇਹ ਲਿਖਿਆ, " ਮੈਂ ਇਹ ਕੰਮ ਅੱਲਾਹ ਦੇ ਹਵਾਲੇ ਕੀਤਾ ਹੈ ਤੇ ਜ਼ਾਹਰਾ ਤੌਰ ਤੇ ਤੁਹਾਡੇ ਪਾਸ ਭੇਜਿਆ ਹੈ। ਜੇ ਤੁਸੀਂ ਇਸ ਨੂੰ ਕੁਝ ਦੇ ਦਿਓਗੇ ਤਾਂ ਅਸਲ ਵਿਚ ਦੇਣ ਵਾਲਾ ਅੱਲਾਹ ਹੋਵੇਗਾ ਅਤੇ ਤੁਹਾਡਾ ਧੰਨਵਾਦ ਹੋਵੇਗਾ। ਜੇ ਤੁਸੀਂ ਇਸ ਲੋੜਵੰਦ ਨੂੰ ਕੁਝ ਨਹੀਂ ਦੇਵੋਗੇ ਤਾਂ ਨਾਂਹ ਕਰਨ ਵਾਲਾ ਅੱਲਾਹ ਹੋਵੇਗਾ ਤੇ ਤੁਸੀਂ ਮਜਬੂਰ ਹੋਵੋਗੇ।" ਇਸ ਤਰ੍ਹਾਂ ਬਾਬਾ ਫਰੀਦ ਹੁਕਮ ਅਤੇ ਰਜ਼ਾ ਦਾ ਜੀਵਨ ਜਿਉਣ ਵਿਚ ਸਦਾ ਜਤਨਸ਼ੀਲ ਰਹੇ।

ਬਾਬਾ ਫਰੀਦ ਨੇ ਪਾਕ ਪਟਨ ਨੂੰ ਰੂਹਾਨੀਅਤ ਦਾ ਕੇਂਦਰ ਬਣਾ ਦਿੱਤਾ ਅਤੇ ਦੂਰੋਂ ਦੂਰੋਂ ਲੋਕ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਨ ਅਤੇ ਸਿਖਿਆ ਹਾਸਿਲ ਕਰਨ ਆਉਂਦੇ ਸਨ। ਭਾਵੇਂ ਉਨ੍ਹਾਂ ਨੇ ਅਰਬੀ ਅਤੇ ਫ਼ਾਰਸੀ ਦੀ ਤਾਲੀਮ ਹਾਸਿਲ ਕੀਤੀ ਸੀ ਪਰ ਆਮ ਲੋਕਾਂ ਨਾਲ ਉਹ ਆਪਣੀ ਮਾਂ ਬੋਲੀ ਪੰਜਾਬੀ ਵਿਚ ਹੀ ਗੱਲ ਕਰਦੇ ਸਨ। ਇਸੇ ਭਾਸ਼ਾ ਵਿਚ ਹੀ ਉਨ੍ਹਾਂ ਨੇ ਆਪਣਾ ਸ਼ਾਇਰਾਨਾ ਕਲਾਮ ਵੀ ਰਚਿਆ ਹੈ।ਇਕ ਵਾਰੀ ਕਿਸੇ ਜਿਗਿਆਸੂ ਨੇ ਇਨ੍ਹਾਂ ਨੂੰ ਚਾਰ ਸਵਾਲ ਕੀਤੇ ਜਿਨ੍ਹਾ ਦਾ ਜਵਾਬ ਉਨ੍ਹਾਂ ਦੀ ਜੀਵਨ ਦ੍ਰਿਸ਼ਟੀ ਦਾ ਭਲੀ ਭਾਂਤ ਪ੍ਰਗਟਾਵਾ ਕਰਦੇ ਹਨ।(1) ਸੱਭ ਨਾਲੋਂ ਸਿਆਣਾ ਕੌਣ ਹੈ? ਜਿਹੜਾ ਗੁਨਾਹਾਂ ਤੋਂ ਦੂਰ ਰਹਿੰਦਾ ਹੈ(2) ਅਕ੍ਲਮੰਦ? ਜੋ ਕਿਸੇ ਹਾਲਤ ਵਿਚ ਡੋਲਦਾ ਨਹੀਂ (3) ਅਜਾਦ? ਜਿਹੜਾ ਸਬਰ ਸੰਤੋਖ ਦਾ ਜੀਵਨ ਜਿਓਂਦਾ ਹੈ । ਤੇ ਜਰੂਰਮੰਦ? ਉਹ ਹੈ ਜਿਹੜਾ ਇਨ੍ਹਾ ਤੇ ਅਮਲ ਨਹੀਂ ਕਰਦਾ ।

ਬਾਬਾ ਫ਼ਰੀਦ ਜੀ ਪਾਕਪਟਨ ਵਿਚ 1266 ਈਸਵੀ ਨੂੰ ਦੇਹਾਂਤ ਹੋਇਆ। ਬਾਬਾ ਫਰੀਦ ਨੇ ਆਪਣੀ ਰੂਹਾਨੀ ਵਿਰਾਸਤ ਆਪਣੇ ਮੁਰੀਦਾਂ ਨੂੰ ਸੌਂਪ ਦਿੱਤੀ ਜਿਨ੍ਹਾਂ ਨੇ ਇਸ ਰੂਹਾਨੀ ਮਿਸ਼ਨ ਨੂੰ ਪੂਰਾ ਕਰਨ ਦਾ ਪੂਰਾ ਜਤਨ ਵੀ ਕੀਤਾ। ਇਸ ਮਹਾਨ ਸੂਫ਼ੀ ਦਰਵੇਸ਼ ਦੀ ਰਚਨਾ ਕਈ ਭਾਸ਼ਾਵਾਂ ਵਿਚ ਮਿਲਦੀ ਹੈ। ਮਿਸਾਲ ਵਜੋਂ ਇਨ੍ਹਾਂ ਦੀ ਇਕ ਰਚਨਾ ਫ਼ਵਾਇਦ-ਉੱਸਾਲਿਕੈਨ ਅਰਥਾਤ ਸਲੂਕ ਵਾਲਿਆ ਜਾਂ ਧਰਮ ਦੇ ਰਾਹ ਤੁਰਨ ਵਾਲਿਆਂ ਦੇ ਲਾਭ (ਹਿਤ)। ਇਸ ਪੁਸਤਕ ਵਿਚ ਖ਼ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੇ ਬਚਨ ਹਨ ਜਿਨ੍ਹਾਂ ਨੂੰ ਬਾਬਾ ਫਰੀਦ ਨੇ ਇਕੱਤਰ ਅਤੇ ਸੰਪਾਦਿਤ ਕੀਤਾ ਹੈ। ਇਸੇ ਤਰ੍ਹਾਂ ਫ਼ਾਰਸੀ ਜ਼ੁਬਾਨ ਵਿਚ ਦੋ ਪੁਸਤਕਾਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਇਨ੍ਹਾਂ ਦੇ ਬਚਨ ਜਾਂ ਆਦੇਸ਼ ਇਕੱਤਰ ਕੀਤੇ ਗਏ ਹਨ। ਇਹ ਹਨ -1. ਰਾਹਤ-ਅਲ-ਕਲੂਬ ਹੈ। ਇਹ ਰਚਨਾ ਫਾਰਸੀ ਜ਼ੁਬਾਨ ਵਿਚ ਹੈ ਅਤੇ ਇਸ ਵਿਚ ਇਨ੍ਹਾਂ ਦੇ ਉਹ ਆਦੇਸ਼ ਹਨ ਜਿਹੜੇ ਇਨ੍ਹਾਂ ਦੇ ਸ਼ਿੱਸ਼ ਖ਼ਵਾਜਾ ਨਿਜ਼ਾਮੁੱਦੀਨ ਔਲੀਆ ਨੇ ਇਕੱਤਰ ਕੀਤੇ ਹਨ।2. ਸਿਰਾਜ-ਉਲ-ਔਲੀਆ ਇਸ ਪੁਸਤਕ ਵਿਚ ਵੀ ਆਪ ਦੇ ਆਦੇਸ਼ ਸੰਗ੍ਰਹਿ ਕੀਤੇ ਗਏ ਹਨ। ਇਨ੍ਹਾਂ ਦੇ ਸੰਗ੍ਰਹਿ-ਕਰਤਾ ਆਪ ਦੇ ਸੁਪੁੱਤਰ ਸ਼ਾਹ ਬਦਰ ਦੀਵਾਨ ਹਨ।

ਇਸ ਤੋਂ ਇਲਾਵਾ ਹਿੰਦੀ ਵਿਚ ਵੀ ਆਪ ਦੇ ਕੁਝ ਕਥਨ ਮਿਲਦੇ ਹਨ ਜਿਨ੍ਹਾਂ ਦੀ ਰਚਨਾ ਆਪ ਨੇ ਹਾਂਸੀ (ਜ਼ਿਲਾ ਹਿਸਾਰ) ਵਿਚ ਰਹਿੰਦਿਆਂ ਕੀਤੀ। ਉਪਰੋਕਤ ਰਚਨਾ ਤੋਂ ਇਲਾਵਾ ਬਾਬਾ ਫਰੀਦ ਦੀ ਰਚਨਾ ਪੰਜਾਬੀ ਜਾਂ ਲਹਿੰਦੀ ਵਿਚ ਵੀ ਮਿਲਦੀ ਹੈ। ਇਹ ਰਚਨਾ ਸਿੱਖ ਧਰਮ ਦੇ ਪਾਵਨ ਗ੍ਰੰਥ ਅਰਥਾਤ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ ਜੋ ਸ਼ਬਦਾਂ ਅਤੇ ਸ਼ਲੋਕਾਂ ਦੇ ਰੂਪ ਵਿਚ ਹੈ।

ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀ, ਪਰ ਕਾਵਿ ਗੁਣਾਂ ਕਰ ਕੇ, ਵਿਸ਼ੇ ਦੀ ਸ੍ਰੇਸ਼ਟਤਾ ਵਿੱਚ ਉੱਤਮ ਤੇ ਸਦੀਵੀਂ ਯੋਗਦਾਨ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤ ਹੋਈ ਰਚਨਾ ਕਰ ਕੇ ਉਹਨਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਪੰਜਾਬੀ ਸਾਹਿੱਤ ਵਿੱਚ ਸਭ ਤੋਂ ਵੱਡਮੁੱਲਾ ਯੋਗਦਾਨ ਉਸ ਸਮੇਂ ਪੰਜਾਬੀ ਵਿੱਚ ਸ਼ਲੋਕਾਂ ਤੇ ਸ਼ਬਦਾਂ ਦੀ ਰਚਨਾ ਕਰ ਕੇ ਦਿੱਤਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਦੀ ਉੱਚਤਾ ਹੋਣ ਕਾਰਨ ਹੀ 'ਗੁਰੂ ਅਰਜਨ ਦੇਵ` ਜੀ ਨੇ ਉਹਨਾਂ ਦੀ ਬਾਣੀ ਨੂੰ ਇੱਕਤਰ ਕਰ ਕੇ 'ਆਦਿ ਸ੍ਰੀ ਗੁਰੂ ਗ੍ਰੰਥ` ਸਾਹਿਬ ਵਿੱਚ ਦਰਜ ਕਰ ਕੇ ਇਸ ਬਾਣੀ ਨੂੰ ਅਹਿਮ ਸਥਾਨ ਦਿੱਤਾ ਅਤੇ ਇਸ ਦੀ ਸੰਭਾਲ ਕੀਤੀ।'ਆਦਿ ਸ੍ਰੀ ਗੁਰੂ ਗ੍ਰੰਥ` ਸਾਹਿਬ ਵਿੱਚ ਬਾਬਾ ਫ਼ਰੀਦ ਜੀ ਦੇ 4 ਸ਼ਬਦ (ਦੋ ਸ਼ਬਦ ਆਸਾ ਰਾਗ ਵਿੱਚ ਦੋ ਸੂਹੀ ਰਾਗ ਵਿਚ) ਅਤੇ 112 ਸਲੋਕ ਦਰਜ ਕੀਤੇ ਗਏ ।

"ਇਸ ਰਚਨਾਂ ਤੋਂ ਇਲਾਵਾ 'ਮੀਆਂ ਮੌਲਾ ਬਖ਼ਸ਼ ਕੁਸ਼ਤਾ` ਨੇ ਬਾਬਾ ਫ਼ਰੀਦ ਦੀਆਂ ਲਿਖੀਆਂ ਚਾਰ ਪੁਸਤਕਾਂ ਦੀ ਦੱਸ ਇਉਂ ਪਾਈ ਹੈ, ਆਪ ਦੀਆਂ ਚਾਰ ਕਿਤਾਬਾਂ, ਤਿੰਨ ਨਸਰ (ਵਾਰਤਕ) ਦੀਆਂ ਤੇ ਇੱਕ ਨਜ਼ਮ ਦੀ (ਸਲੋਕ) ਹਨ। ਮੁਹਰਮ ਦੇ ਪੰਜਵੇਂ ਦਿਨ , ਸੰਨ 1266 ਵਿਚ ਬਾਬਾ ਫਰੀਦ " ਨਮੋਨੀਆਂ ਹੋਣ ਕਰਕੇ ਪ੍ਰਲੋਕ ਸਿਧਾਰ ਗਏ ਪਾਕਪਟਨ ਦੇ ਬਾਹਰ ਮਾਰਚਰ ਗਰੇਵ ਉਨ੍ਹਾ ਦੀ ਸਮਾਧੀ ਬਣਾਈ ਗਈ । ਬਾਬਾ ਫ਼ਰੀਦ ਦੀ ਬਾਣੀ ਜਾਂ ਕਲਾਮ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬੀ ਦੀ ਸੂਫ਼ੀ ਸ਼ਾਇਰੀ ਲਈ ਵੀ ਸਾਹਿਤਕ ਅਤੇ ਸਿੱਧਾਂਤਕ ਰੂੜ੍ਹੀਆਂ ਪ੍ਰਦਾਨ ਕਰਦੀ ਹੈ। ਬਾਬਾ ਫ਼ਰੀਦ ਦੁਆਰਾ ਸਥਾਪਿਤ ਇਨ੍ਹਾਂ ਕਾਵਿ-ਰੂੜ੍ਹੀਆਂ ਨੂੰ ਬਾਦ ਦੇ ਸੂਫ਼ੀ ਸ਼ਾਇਰਾਂ ਨੇ ਆਪਣੀ ਸਿਰਜਣਾ ਦਾ ਆਧਾਰ ਬਣਾਇਆ ਜਿਸਦੇ ਸਿੱਟੇ ਵਜੋਂ ਪੰਜਾਬੀ ਦੀ ਇਕ ਗੌਰਵਮਈ ਕਾਵਿ-ਪ੍ਰਵਿਰਤੀ ਹੋਂਦ ਵਿਚ ਆਈ। ਫਰੀਦ ਦੀ ਰਚਨਾ ਵਿਚ ਜਿਹੜੇ ਦੋ ਕਾਵਿ-ਰੂਪ ਵਰਤੇ ਗਏ ਹਨ ਉਹ ਦੋਵੇਂ ਹੀ ਭਾਰਤੀ ਪਰੰਪਰਾ ਨਾਲ ਸੰਬੰਧ ਰੱਖਦੇ ਹਨ। ਸ਼ਲੋਕਾਂ ਦੀ ਰਚਨਾ ਤਾਂ ਭਾਰਤ ਵਿਚ ਬਹੁਤ ਪੁਰਾਣੇ ਸਮੇਂ ਤੋਂ ਅਰਥਾਤ ਵੈਦਿਕ ਕਾਲ ਤੋਂ ਹੀ ਹੁੰਦੀ ਰਹੀ ਹੈ। ਇਹ ਇਕ ਅਜਿਹਾ ਕਾਵਿ-ਰੂਪ ਹੈ ਜਿਸ ਵਿਚ ਸੰਜਮ ਅਤੇ ਸੰਖੇਪਤਾ ਹੁੰਦੀ ਹੈ। ਇਸ ਵਿਚ ਕਵੀ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਇਸ ਢੰਗ ਨਾਲ ਪ੍ਰਸਤੁਤ ਕਰਦਾ ਹੈ ਕਿ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਬੱਝਵਾਂ ਪ੍ਰਭਾਵ ਪੈਂਦਾ ਹੈ। ਮਿਸਾਲ ਦੇ ਤੌਰ ਤੇ ਫਰੀਦ ਬਾਣੀ ਦੇ ਕੁਝ ਸ਼ਲੋਕ ਪੇਸ਼ ਕੀਤੇ ਜਾਂਦੇ ਹਨ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾਂ ਨ ਮਾਰੇ ਘੁੰਮਿ ॥

ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ ॥7॥

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥9॥

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥

ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ॥ (ਗੁਰੂ ਗ੍ਰੰਥ ਸਾਹਿਬ, ਪੰਨਾ – 1778)

ਇਨ੍ਹਾਂ ਸ਼ਲੋਕਾਂ ਵਿਚ ਉਹ ਆਪਣਾ ਵਿਚਾਰ ਬੜੇ ਹੀ ਸੰਜਮ ਅਤੇ ਅਸਰਦਾਰ ਢੰਗ ਨਾਲ ਪੇਸ਼ ਕਰਦੇ ਹਨ । ਮਨੁਖ ਨੂੰ ਅਹਿੰਸਾ ਵਲ ਪ੍ਰੇਰਦੇ ਹਨ । ਉਨ੍ਹਾ ਦਾ ਕਥਨ ਹੈਕਿ ਸਾਨੂੰ ਹਿੰਸਾ ਦਾ ਜਵਾਬ ਹਿੰਸਾ ਨਾਲ ਨਹੀਂ ਸਗੋਂ ਅਹਿੰਸਾ ਤੇ ਹਲੀਮੀ ਨਾਲ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ 9ਵਾਂ ਅਤੇ 10ਵਾਂ ਸ਼ਲੋਕ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਵਲ ਸੰਕੇਤ ਕਰਕੇ ਜੀਵਨ ਦੀ ਸਾਰਥਕਤਾ ਨੂੰ ਪਛਾਨਣ ਉੱਤੇ ਬਲ ਦਿੰਦੇ ਹਨ।

ਫਰੀਦ ਬਾਣੀ ਵਿਚ ਜਿਹੜਾ ਦੂਸਰਾ ਕਾਵਿ-ਰੂਪ ਵਰਤਿਆ ਗਿਆ ਹੈ ਉਹ ਹੈ ਸ਼ਬਦ। ਇਹ ਕਾਵਿ-ਰੂਪ ਭਾਰਤ ਦੇ ਕਲਾਸੀਕਲ ਦੌਰ ਵਿਚ ਨਹੀਂ ਸਗੋਂ ਮੱਧਕਾਲ ਵਿਚ ਹੀ ਵਿਕਸਿਤ ਹੋਇਆ ਹੈ। ਇਸਦੀ ਵਰਤੋਂ ਵਧੇਰੇ ਭਗਤ ਕਵੀਆਂ ਨੇ ਕੀਤੀ ਹੈ। ਇਸ ਵਿਚ ਸ਼ਲੋਕ ਨਾਲੋਂ ਕੁਝ ਲਮੇਰੇ ਆਕਾਰ ਦੀ ਰਚਨਾ ਕੀਤੀ ਜਾਂਦੀ ਹੈ ਅਤੇ ਨੈਤਿਕ ਸਿਖਿਆ ਨਾਲੋਂ ਭਗਤੀ ਜਾਂ ਪ੍ਰੇਮ ਦੀ ਭਾਵਨਾ ਨੂੰ ਵਧੇਰੇ ਵਿਅਕਤ ਕੀਤਾ ਜਾਂਦਾ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥

ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥

ਇਸ ਸ਼ਬਦ ਵਿਚ ਕਵੀ ਨੇ ਰੱਬੀ ਪਿਆਰ ਦੀ ਭਾਵਨਾ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਪੇਸ਼ ਕੀਤਾ ਹੈ ਜਿਸ ਨਾਲ ਪਾਠਕ ਜਾਂ ਸਰੋਤੇ ਦੇ ਮਨ ਉੱਤੇ ਇਕ ਖ਼ਾਸ ਕਿਸਮ ਦਾ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੇ 4 ਸ਼ਬਦ ਫਰੀਦ ਬਾਣੀ ਵਿਚ ਮਿਲਦੇ ਹਨ।

ਬਾਬਾ ਫ਼ਰੀਦ ਦੀ ਬਾਣੀ ਵਿਚ ਇਕ ਵਿਸ਼ੇਸ਼ ਭਾਂਤ ਦੀ ਕਾਵਿ-ਸੰਵੇਦਨਾ ਦ੍ਰਿਸ਼ਟੀ ਗੋਚਰ ਹੁੰਦੀ ਹੈ ਜਿਸਦੇ ਪਿਛੋਕੜ ਵਿਚ ਤਸੱਵੁਫ਼ ਅਤੇ ਇਸ਼ਕ-ਹਕੀਕੀ ਦੇ ਲਖਾਇਕ ਸੂਫ਼ੀ ਸੰਕਲਪ ਨਜ਼ਰ ਆਉਂਦੇ ਹਨ। ਇਹ ਵਿਸ਼ੇਸ਼ ਭਾਂਤ ਦੀ ਧਾਰਮਿਕ ਚੇਤਨਾ 'ਬਿਰਹਾ',

'ਨੇਹੁ', ਅਤੇ 'ਇਸ਼ਕ' ਦੇ ਸੰਕਲਪਾਂ ਰਾਹੀਂ ਮੂਰਤੀਮਾਨ ਹੁੰਦੀ ਹੈ। ਮਿਸਾਲ ਵਜੋਂ ਬਾਬਾ ਫ਼ਰੀਦ ਦੀ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥

ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥24॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀਂ ਨੇਹੁ ॥"(ਗੁਰੂ ਗ੍ਰੰਥ ਸਾਹਿਬ, ਪੰਨਾ – 1379.)

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥

ਪਰਵਦਗਾਰ ਅਪਾਰ ਅਗਮ ਬੇਅੰਤ ਤੂੰ ॥

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥

ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ (ਆਦਿ ਗ੍ਰੰਥ, ਪੰਨਾ – 488.)

ਇਸ ਤਰ੍ਹਾਂ ਫ਼ਰੀਦ ਬਾਣੀ ਦਾ ਨਿਚੋੜ ਸੂਫ਼ੀ ਸ਼ਾਇਰੀ ਦੇ ਨਾਲ ਨਾਲ ਗੁਰਬਾਣੀ ਜਾਂ ਗੁਰਮਤਿ ਕਾਵਿ ਨਾਲ ਵੀ ਸਹਿਜੇ ਹੀ ਮੇਲ ਖਾ ਜਾਂਦੇ ਹਨ। ਭਾਵੇਂ ਮਨੁੱਖ ਦੀ ਰੂਹਾਨੀ ਇਕੱਲਤਾ ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਅਹਿਸਾਸ ਫ਼ਰੀਦ ਬਾਣੀ ਦੀ ਵਿਸ਼ੇਗਤ ਉਸਾਰੀ ਮੂਲ ਆਧਾਰ ਹੈ ਪਰ ਇਨ੍ਹਾਂ ਸਰੋਕਾਰਾਂ ਨੂੰ ਸਮਕਾਲੀ ਸਾਮਾਜਿਕ ਅਤੇ ਸਭਿਆਚਾਰਕ ਸੰਦਰਭ ਨਾਲ ਜੋੜ ਕੇ ਵੀ ਵਾਚਿਆ ਜਾ ਸਕਦਾ ਹੈ। ਪੰਜਾਬੀ ਦੇ ਸੁਪ੍ਰਸਿੱਧ ਆਲੋਚਕ ਨਜਮ ਹੁਸੈਨ ਸੱਯਦ ਨੇ ਫ਼ਰੀਦ ਬਾਣੀ ਦਾ ਇਸੇ ਕਿਸਮ ਦਾ ਅਧਿਐਨ ਆਪਣੀ ਪੁਸਤਕ ਫ਼ਰੀਦੋਂ ਨਾਨਕ, ਨਾਨਕੋਂ ਫ਼ਰੀਦ ਵਿਚ ਪੇਸ਼ ਕੀਤਾ ਹੈ ਜਿਸ ਵਿਚ ਇਸ ਰਚਨਾ ਦਾ ਲੋਕ ਪੱਖੀ ਚਰਿਤਰ ਮੂਰਤੀਮਾਨ ਹੁੰਦਾ ਹੈ। ਨਜਮ ਹੁਸੈਨ ਸੱਯਦ ਨੇ ਫ਼ਰੀਦ ਬਾਣੀ ਦੀਆਂ ਗੁਝੀਆਂ ਰਮਜ਼ਾਂ ਅਤੇ ਸੈਨਤਾਂ ਦੀ ਵਿਆਖਿਆ ਕਰਦਿਆਂ ਉਸਨੂੰ ਤਤਕਾਲੀ ਯਥਾਰਥ ਦੀ ਰੌਸ਼ਨੀ ਵਿਚ ਪੜ੍ਹਨ ਦੀ ਚੇਸ਼ਟਾ ਕੀਤੀ ਹੈ।

ਇਸ ਤੋਂ ਇਲਾਵ ਫ਼ਰੀਦ ਬਾਣੀ ਆਪਣੇ ਪ੍ਰਗਟਾਵੇ ਲਈ ਵਧੇਰੇ ਲੋਕ-ਕਾਵਿ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਆਧਾਰ ਬਣਾਉਂਦੀ ਹੈ। ਇਹ ਪੰਜਾਬ ਦੇ ਪ੍ਰਕਿਰਤਕ ਵਾਯੂਮੰਡਲ ਅਤੇ ਸਭਿਆਚਾਰਕ ਮਾਹੌਲ ਨਾਲ ਸੰਬੰਧਿਤ ਸਾਮਗ੍ਰੀ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਬਣਾਉਂਦੀ ਹੈ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ :

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

ਪੰਜਾਬੀ ਸੂਫ਼ੀ ਸ਼ਾਇਰਾਂ ਨੇ ਹਰ ਦੌਰ ਵਿਚ ਇਸ਼ਕ ਹਕੀਕੀ ਮਤਲਬ ਰਬੀ ਪਿਆਰ ਨਾਲ ਵਫ਼ਾ ਪਾਲੀ ਹੈ। ਸੂਫ਼ੀਵਾਦ ਅਸਲ ਵਿਚ ਇਸਲਾਮ ਦਾ ਰਹੱਸਵਾਦੀ ਮਾਰਗ ਹੈ ਜੋ ਕੁਰਾਨ ਸ਼ਰੀਫ਼ ਦੇ ਬਾਹਰਮੁਖੀ ਅਰਥਾਂ ਨਾਲੋਂ ਉਸਦੇ ਅੰਤਰਮੁਖੀ ਅਧਿਆਤਮਕ ਅਰਥਾਂ ਉੱਤੇ ਜਿਆਦਾ ਬਲ ਦਿੰਦਾ ਹੈ। ਇਹੀ ਕਾਰਣ ਹੈ ਕਿ ਸੂਫ਼ੀ ਲਹਿਰ ਧਾਰਮਿਕ ਕਰਮ-ਕਾਂਡ ਅਤੇ ਦਿਖਾਵੇ ਦੇ ਵਿਰੋਧ ਵਿਚ ਸਾਮ੍ਹਣੇ ਆਈ ਹੈ। ਇਨ੍ਹਾਂ ਪੜਾਵਾਂ ਦੀ ਰੌਸ਼ਨੀ ਵਿਚ ਜਦੋਂ ਅਸੀਂ ਬਾਬਾ ਫਰੀਦ ਦੇ ਕਲਾਮ ਦਾ ਅੀਧਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਉਹ ਸ਼ਰ੍ਹੀਅਤ ਦੇ ਪੜਾਉ ਦੀ ਗੱਲ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਹਨ।

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥71॥

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥72॥

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥

ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥70॥

ਇਹ ਗੱਲ ਠੀਕ ਹੈ ਕਿ ਬਾਬਾ ਫਰੀਦ ਸ਼ਰ੍ਹਾ ਦੇ ਨੇਮਾਂ ਦੀ ਪਾਲਨਾ ਕਰਨ ਉੱਤੇ ਜ਼ੋਰ ਦਿੰਦੇ ਹਨ ਪਰ ਉਹ ਨਿਰੋਲ ਸ਼ਰ੍ਹਾ ਦੇ ਕਵੀ ਨਹੀਂ ਮੰਨੇ ਜਾ ਸਕਦੇ। ਸ਼ਰ੍ਹਾ ਦੇ ਨਾਲ ਨਾਲ ਉਨ੍ਹਾਂ ਦੀ ਸ਼ਾਇਰੀ ਵਿਚ ਸੂਫ਼ੀ ਸਿੱਧਾਂਤਾਂ ਦਾ ਪ੍ਰਗਟਾਵਾ ਵੀ ਉਤਨੀ ਹੀ ਸ਼ਿੱਦਤ ਨਾਲ ਹੈ , ਜਿੰਨੀ ਸ਼ਿੱਦਤ ਨਾਲ ਸ਼ਰ੍ਹਾ ਦਾ। ਜੇ ਉਹ 'ਜੋ ਸਿਰੁ ਸਾਂਈ ਨਾ ਨਿਵੈ' ਨੂੰ 'ਕਪਿ ਉਤਾਰਿ' ਦੇਣ ਦੀ ਗੱਲ ਕਰਦੇ ਹਨ ਤਾਂ ਇਸਦੇ ਨਾਲ ਹੀ ਉਹ ਰੱਬੀ ਪਿਆਰ ਅਤੇ ਖ਼ੁਦਾ ਦੇ ਇਸ਼ਕ ਵਿਚ ਰੱਤੇ ਹੋਏ ਬੰਦਿਆਂ ਦੀ ਗੱਲ ਵੀ ਕਰਦੇ ਹਨ।

ਬਾਬਾ ਫ਼ਰੀਦ ਜੀ ਦੀ ਰਚਨਾ ਭਾਵੇਂ ਆਕਾਰ ਵਿੱਚ ਬਹੁਤੀ ਨਹੀ, ਪਰ ਕਾਵਿ ਗੁਣਾਂ ਕਰ ਕੇ, ਵਿਸ਼ੇ ਦੀ ਸ੍ਰੇਸ਼ਟਤਾ ਵਿੱਚ ਉੱਤਮ ਤੇ ਸਦੀਵੀਂ ਯੋਗਦਾਨ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਬਾਬਾ ਫ਼ਰੀਦ ਜੀ ਦੀ ਪ੍ਰਾਪਤ ਹੋਈ ਰਚਨਾ ਕਰ ਕੇ ਉਹਨਾਂ ਨੂੰ ਪੰਜਾਬੀ ਦਾ ਪਹਿਲਾ ਕਵੀ ਜਾ ਸ਼ਾਇਰ ਮੰਨ ਲਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਨੇ ਪੰਜਾਬੀ ਸਾਹਿੱਤ ਵਿੱਚ ਸਭ ਤੋਂ ਵੱਡਮੁੱਲਾ ਯੋਗਦਾਨ ਉਸ ਸਮੇਂ ਪੰਜਾਬੀ ਵਿੱਚ ਸ਼ਲੋਕਾਂ ਤੇ ਸ਼ਬਦਾਂ ਦੀ ਰਚਨਾ ਕਰ ਕੇ ਦਿੱਤਾ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਦੀ ਉੱਚਤਾ ਹੋਣ ਕਾਰਨ ਹੀ 'ਪਹਿਲੇ ਚਾਰ ਗੁਰੂਆਂ ਨੇ ਉਨ੍ਹਾ ਦੀ ਬਾਣੀ ਨੂੰ ਸੰਭਾਲਿਆ ਤੇ ਪੰਜੇ ਪਾਤਸ਼ਾਹ ਗੁਰੂ ਅਰਜਨ ਦੇਵ` ਜੀ ਨੇ ਉਹਨਾਂ ਦੀ ਬਾਣੀ ਨੂੰ ਇੱਕਤਰ ਕਰ ਕੇ 'ਆਦਿ ਸ੍ਰੀ ਗੁਰੂ ਗ੍ਰੰਥ` ਸਾਹਿਬ ਵਿੱਚ ਦਰਜ ਕਰ ਕੇ ਇਸ ਬਾਣੀ ਨੂੰ ਅਹਿਮ ਸਥਾਨ ਦਿਤਾ "ਇਸ ਰਚਨਾਂ ਤੋਂ ਇਲਾਵਾ 'ਮੀਆਂ ਮੌਲਾ ਬਖ਼ਸ਼ ਕੁਸ਼ਤਾ` ਨੇ ਬਾਬਾ ਫ਼ਰੀਦ ਦੀਆਂ ਲਿਖੀਆਂ ਚਾਰ ਪੁਸਤਕਾਂ ਦੀ ਦੱਸ ਇਉਂ ਪਾਈ ਹੈ, ਆਪ ਦੀਆਂ ਚਾਰ ਕਿਤਾਬਾਂ, ਤਿੰਨ ਨਸਰ (ਵਾਰਤਕ) ਦੀਆਂ ਤੇ ਇੱਕ ਨਜ਼ਮ ਦੀ (ਸਲੋਕ) ਹਨ, ਕੁਸ਼ਤਾ ਜੀ ਨੇ ਇੱਕ ਗੱਲ ਇਹ ਵੀ ਸਾਬਤ ਕੀਤੀ ਹੈ ਕਿ ਪਾਕਪਟਨ ਦੇ ਵਾਸ ਵੇਲੇ ਲੋਕ ਭਾਸ਼ਾ ਪੰਜਾਬੀ ਵਿੱਚ ਉਹਨਾਂ ਨੇ ਰਚਨਾ ਕੀਤੀ।